TAJ INSURANCE SERVICES

*Local or Long Haul Trucking (48 States) *Personal or Commercial Lines *Standard or Non Satandard Market *Auto and Home package Available



To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
ਨੌਂਵੀਂ ਸਰਕਟ ਕੋਰਟ ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
ਇਮੀਗ੍ਰੇਸ਼ਨ ਕੋਰਟ ਦੇ ਕੇਸ ਫੈਮਿਲੀ ਪਟੀਸ਼ਨਾਂ ਲੇਬਰ ਦੇ ਕੇਸ
ਡਿਪੋਰਟੇਸ਼ਨ ਦੇ ਕੇਸ ਅਮੈਰਿਕਨ ਅੰਬੈਸੀ ਦੇ ਕੇਸ ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192



ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 14, April 3, 2010
20451 N Plum Grove Rd. Palatine, IL 60074
Ph:847-359-0746, Fax:847-705-9388


## ਅਡਵਾਨੀ ਤੇ ਮੋਦੀ ਦਾ ਪਿੱਛਾ ਨਹੀਂ ਛੱਡ ਰਿਹਾ ਫਿਰਕੂ ਹਿੰਸਾ ਦਾ ਭੂਤ

**ਬਿੰਦਰ ਬਸਰਾ**

ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਨੇਤਾ ਲਾਲ ਕ੍ਰਿਸ਼ਨ ਅਡਵਾਨੀ ਅਤੇ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਹਿੰਸਾ ਦੇ ਵੱਖ-ਵੱਖ ਮਾਮਲਿਆਂ ਕਾਰਨ ਚਰਚਾ 'ਚ ਹਨ। ਦੋਹਾਂ 'ਤੇ ਫਿਰਕੂ ਭਾਵਨਾਵਾਂ ਭੜਕਾਉਣ ਦਾ ਦੋਸ਼ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਭੜਕਾਹਟ ਦੇ ਸਿੱਟੇ ਵਜੋਂ ਲੋਕਾਂ ਨੇ 6 ਦਸੰਬਰ 1992 ਨੂੰ ਅਯੁੱਧਿਆ 'ਚ ਬਾਬਰੀ ਮਸਜਿਦ ਢਹਿ ਢੇਰੀ ਕੀਤੀ ਅਤੇ ਗੁਜਰਾਤ ਦੀ ਗੁਲਬਰਗ ਹਾਊਸਿੰਗ ਸੁਸਾਇਟੀ 'ਚ 2002 'ਚ ਫਸਾਦੀਆਂ ਨੇ ਕਾਂਗਰਸ ਦੇ ਸਾਬਕਾ ਐਮ.ਪੀ. ਅਹਿਸਾਨ ਜਾਫਰੀ ਅਤੇ 68 ਹੋਰ ਲੋਕਾਂ ਨੂੰ ਕਤਲ ਕਰ ਦਿੱਤਾ ਸੀ।

1990 ਬੈਚ ਦੀ ਇਕ ਸੀਨੀਅਰ ਆਈ.ਪੀ.ਐਸ. ਅਧਿਕਾਰੀ ਅੰਜੂ ਗੁਪਤਾ ਨੇ ਸੀ.ਬੀ.ਆਈ. ਅਦਾਲਤ 'ਚ ਮੁੱਖ ਜੁਡੀਸ਼ੀਅਲ ਮੈਜਿਸਟਰੇਟ ਗੁਲਾਬ ਸਿੰਘ ਦੀ ਅਦਾਲਤ 'ਚ ਆਪਣੇ ਬਿਆਨ 'ਚ ਕਿਹਾ ਕਿ ਅਡਵਾਨੀ ਨੇ ਅਯੁੱਧਿਆ ਵਿਖੇ ਬੇਹੱਦ ਭੜਕਾਊ ਤਕਰੀਰ ਕੀਤੀ, ਜਿਸ ਮਗਰੋਂ ਸੰਘ ਪਰਿਵਾਰ ਦੇ ਵਰਕਰਾਂ ਨੇ ਬਾਬਰੀ ਮਸਜਿਦ ਨੂੰ ਢਹਿ ਢੇਰੀ ਕਰ ਦਿੱਤਾ।

ਗੁਜਰਾਤ ਦੰਗਿਆਂ 'ਚ ਮਾਰੇ ਗਏ ਸਾਬਕਾ ਕਾਂਗਰਸੀ ਐਮ.ਪੀ. ਅਹਿਸਾਨ ਜਾਫਰੀ ਦੀ ਪਤਨੀ ਜਕੀਆ ਜਾਫਰੀ ਨੇ ਦਾਇਰ ਆਪਣੀ ਪਟੀਸ਼ਨ 'ਚ ਨਰਿੰਦਰ ਮੋਦੀ 'ਤੇ ਫਸਾਦੀਆਂ ਨੂੰ ਉਕਸਾਉਣ ਦੇ ਨਾਲ-ਨਾਲ ਅਧਿਕਾਰੀਆਂ ਨੂੰ ਫਸਾਦ ਰੋਕਣ ਲਈ ਨਾ ਜਾਣ ਦੀਆਂ ਹਦਾਇਤਾਂ ਦੇਣ ਦੇ ਦੋਸ਼ ਲਾਏ ਹਨ। ਜਿਸ ਤਹਿਤ ਸੁਪਰੀਮ ਕੋਰਟ ਵਲੋਂ ਬਣਾਈ ਗਈ ਵਿਸ਼ੇਸ਼ ਜਾਂਚ ਟੀਮ ਵਲੋਂ ਨਰਿੰਦਰ ਮੋਦੀ ਤੋਂ 9 ਘੰਟੇ ਪੁੱਛਗਿੱਛ ਕੀਤੀ ਗਈ।

*(ਬਾਕੀ ਸਫਾ 3 'ਤੇ)*



*ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ ਦੇ ਸਿਲਸਿਲੇ ਵਿਚ 27 ਮਾਰਚ ਨੂੰ ਕਰਵਾਈ ਗਈ ਪੰਜਾਬ ਟਾਈਮਜ਼ ਨਾਈਟ-2010 ਨੂੰ ਪਾਠਕਾਂ, ਪ੍ਰਸ਼ੰਸਕਾਂ ਅਤੇ ਧਾਰਮਕ ਤੇ ਸਭਿਆਚਾਰਕ ਸੰਸਥਾਵਾਂ ਤੋਂ ਭਰਵਾਂ ਹੁੰਗਾਰਾ ਮਿਲਿਆ। ਇਸ ਮੌਕੇ ਲੋਕ ਗਾਇਕ ਬੱਬੂ ਗੁਰਪਾਲ, ਰਾਜੇਸ਼ ਰਾਜੂ ਅਤੇ ਸੁਖਵੀਰ ਸੁਖ, ਨਿਰਮਲ ਨਿੰਮਾ, ਰਾਜ ਅਤੇ ਪੂਜਾ ਧਾਲੀਵਾਲ ਨੇ ਆਪਣੀ ਗਾਇਕੀ ਦਾ ਜ਼ੋਰਦਾਰ ਸਿੱਕਾ ਜਮਾਇਆ। ਤਸਵੀਰ ਵਿਚ ਬੱਬੂ, ਰਾਜੂ ਤੇ ਸੁੱਖ ਕਲੀ ਪੇਸ਼ ਕਰਦੇ ਹੋਏ। (ਵਿਸਤ੍ਰਿਤ ਰਿਪੋਰਟ ਅਤੇ ਤਸਵੀਰਾਂ ਅਗਲੇ ਅੰਕ ਵਿਚ)*

# ਬੇਅੰਤ ਸਿੰਘ ਕਤਲ ਕੇਸ:ਭਿਓਰਾ ਨੂੰ ਉਮਰ ਕੈਦ

**ਚੰਡੀਗੜ੍ਹ :** ਬੁੜੈਲ ਜੇਲ੍ਹ 'ਚ ਲੱਗੀ ਵਿਸ਼ੇਸ਼ ਅਦਾਲਤ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ 15 ਸਾਲ ਪਹਿਲਾਂ ਮਨੁੱਖੀ ਬੰਬ ਰਾਹੀਂ ਕੀਤੀ ਹੱਤਿਆ ਦੇ ਮਾਮਲੇ ਵਿਚ ਬੱਬਰ ਖਾਲਸਾ ਦੇ ਦਹਿਸ਼ਤਗਰਦ ਪਰਮਜੀਤ ਸਿੰਘ ਭਿਓਰਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਬੀਤੇ ਸੋਮਵਾਰ ਜੇਲ੍ਹ 'ਚ ਲੱਗੀ ਵਿਸ਼ੇਸ਼ ਅਦਾਲਤ ਦੇ ਐਡੀਸ਼ਨਲ ਜ਼ਿਲ੍ਹਾ ਤੇ ਸੈਸ਼ਨ ਜੱਜ ਰਵੀ ਕੁਮਾਰ ਸੌਂਧੀ ਨੇ ਭਿਓਰਾ ਨੂੰ ਦੋਸ਼ੀ ਕਰਾਰ ਦੇ ਦਿੱਤਾ ਸੀ। 31 ਅਗਸਤ, 1995 ਨੂੰ ਹੋਏ ਇਸ ਹੱਤਿਆਕਾਂਡ ਵਿਚ ਸੁਰੱਖਿਆ ਅਮਲੇ ਦੇ ਤਿੰਨ ਕਰਮਚਾਰੀਆਂ ਸਣੇ 11 ਵਿਅਕਤੀ ਮਾਰੇ ਗਏ ਸਨ। ਪਰਮਜੀਤ ਸਿੰਘ ਭਿਓਰਾ ਨੂੰ ਪੁਲਿਸ ਨੇ ਸੱਤ ਹੋਰ ਖਾੜਕੂਆਂ ਨਾਲ ਜੰਮੂ ਦੇ ਆਰ ਐਸ ਪੁਰਾ ਇਲਾਕੇ ਤੋਂ ਅਗਸਤ 1997 ਵਿਚ ਗ੍ਰਿਫ਼ਤਾਰ ਕੀਤਾ ਸੀ।



ਪਰਮਜੀਤ ਸਿੰਘ ਭਿਓਰਾ

ਪੁਲਿਸ ਤੋਂ ਬਚਣ ਲਈ ਉਸਨੇ ਜ਼ਹਿਰੀਲਾ ਪਦਾਰਥ ਖਾ ਕੇ ਖੁਦਕੁਸ਼ੀ ਕਰਨ ਦੀ ਵੀ ਕੋਸ਼ਿਸ਼ ਕੀਤੀ ਸੀ, ਪਰ ਪੁਲਿਸ ਨੇ ਉਸ ਨੂੰ ਬਚਾ ਕੇ ਗ੍ਰਿਫ਼ਤਾਰ ਕਰ ਲਿਆ ਸੀ।

ਤਫ਼ਤੀਸ਼ ਤੋਂ ਬਾਅਦ ਪਹਿਲੀ ਵਾਰ 13 ਸਤੰਬਰ 1995 ਨੂੰ ਇਹ ਗੱਲ ਸਾਹਮਣੇ ਆਈ ਸੀ ਕਿ ਬੇਅੰਤ ਸਿੰਘ ਤੇ ਹੋਰਨਾਂ ਦੀ ਹੱਤਿਆ ਵਿਚ ਭਿਓਰਾ ਨੇ ਅਹਿਮ ਭੂਮਿਕਾ ਨਿਭਾਈ ਸੀ। ਭਿਓਰਾ 'ਤੇ ਇਹ ਦੋਸ਼ ਲੱਗਾ ਸੀ ਕਿ ਉਸ ਨੇ ਬੱਬਰ ਖਾਲਸਾ ਦੇ ਖਾੜਕੂਆਂ ਜਗਤਾਰ ਸਿੰਘ ਹਵਾਰਾ ਅਤੇ ਜਗਤਾਰ ਸਿੰਘ ਤਾਰਾ ਨਾਲ ਮਿਲ ਕੇ ਬੇਅੰਤ ਸਿੰਘ ਦੀ ਹੱਤਿਆ ਕਰਨ ਦੀ ਸਾਜ਼ਿਸ਼ ਰਚੀ ਸੀ। ਭਿਓਰਾ ਦੇ ਖ਼ਿਲਾਫ਼ ਮੁਕੱਦਮਾ ਬਾਅਦ

*(ਬਾਕੀ ਸਫਾ 6 'ਤੇ)*

## ਅਖ਼ਬਾਰੀ ਸ਼ਰੀਕੇ ਨੇ ਸਿਖਰ ਛੋਹੀ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਬੀਤੀ 16 ਮਾਰਚ ਨੂੰ 'ਸਪੋਕਸਮੈਨ' ਅਖ਼ਬਾਰ ਵਲੋਂ ਲਿਖੀ ਇਕ ਸੰਪਾਦਕੀ ਬਾਰੇ ਵਿਵਾਦ ਸਿਖਰਾਂ ਨੂੰ ਜਾ ਪੁੱਜਾ ਹੈ। ਇਹ ਹੁਣ ਇਕ ਦੂਜੇ ਦਾ ਫਾਹਾ ਵੱਢਣ ਦੀ ਤਮੰਨਾ ਤੱਕ ਜਾ ਪੁੱਜਾ ਹੈ। ਜ਼ਿਕਰ ਅਧੀਨ ਸੰਪਾਦਕੀ ਬਾਰੇ ਇਕ ਸੀਨੀਅਰ ਪੱਤਰਕਾਰ ਨੇ ਪਿਛਲੇ ਦਿਨੀਂ ਜਲੰਧਰੋਂ ਛਪਦੀ ਇਕ ਅਖ਼ਬਾਰ ਵਿਚ ਆਲੋਚਨਾਤਮਕ ਟਿੱਪਣੀ ਲਿਖੀ ਸੀ। ਇਸ ਪਿੱਛੋਂ ਇਹ ਵਿਵਾਦ ਪੂਰੀ ਤਰ੍ਹਾਂ ਜ਼ੋਰ ਫੜ ਗਿਆ।

ਕੁਝ ਦਿਨ ਪਹਿਲਾਂ ਅੰਮ੍ਰਿਤਸਰ ਵਿਖੇ ਹੋਈ ਜਥੇਦਾਰ ਸਾਹਿਬਾਨ ਦੀ ਮੀਟਿੰਗ ਵਿਚ ਵੀ ਇਹ ਮੁੱਦਾ ਵਿਚਾਰਿਆ ਗਿਆ ਅਤੇ ਜਥੇਦਾਰ ਸਾਹਿਬਾਨ ਨੇ ਮੋਹਾਲੀ ਤੋਂ ਛਪਦੇ ਅਖ਼ਬਾਰ ਨੂੰ ਮੂੰਹ ਨਾ ਲਾਉਣ ਲਈ ਕਿਹਾ। ਦੋਹਾਂ ਅਖ਼ਬਾਰਾਂ ਦੇ ਸੰਪਾਦਕਾਂ ਵਲੋਂ ਨਾ ਸਿਰਫ ਆਪੋ-ਆਪਣੇ ਅਖ਼ਬਾਰਾਂ ਦੇ ਪਹਿਲੇ ਪੰਨਿਆਂ 'ਤੇ ਸੰਪਾਦਕੀ ਲਿਖੇ ਜਾ ਰਹੇ ਹਨ, ਸਗੋਂ ਆਪਣੇ ਹੱਕ ਵਿਚਲੇ ਵਿਦਵਾਨਾਂ ਕੋਲੋਂ ਮਹਿਮਾਨ ਸੰਪਾਦਕੀ ਅਤੇ ਲੇਖ ਵੀ ਲਿਖਵਾਏ ਜਾ ਰਹੇ ਹਨ। ਇਸ ਤੋਂ ਇਲਾਵਾ ਇਕ-ਦੂਜੇ ਨੂੰ ਨੀਵਾਂ ਵਿਖਾਉਣ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਸਪੋਕਸਮੈਨ ਵਲੋਂ ਕਾਫੀ ਸਮੇਂ ਤੋਂ ਸਿੱਖ ਸਿਧਾਂਤ ਵਿਚ ਬ੍ਰਾਹਮਣਵਾਦੀ ਰਲਾਵਟ ਬਾਰੇ ਕਈ ਕੁਝ ਲਿਖਿਆ ਜਾ ਰਿਹਾ ਹੈ। ਦਸਮ ਗ੍ਰੰਥ ਖਿਲਾਫ਼ ਤਾਂ ਵੱਡੇ ਪੱਧਰ ਉਤੇ ਇਸ ਅਖ਼ਬਾਰ ਵਲੋਂ ਮੁਹਿੰਮ ਚਲਾਈ ਗਈ ਹੈ। ਅਲੋਚਕਾਂ ਅਨੁਸਾਰ ਸਪੋਕਸਮੈਨ ਦੇ ਸੰਪਾਦਕ ਨੇ ਆਪਣੇ ਸੰਪਾਦਕੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਭਗਤ ਸਾਹਿਬਾਨ ਦੀ ਬਾਣੀ ਉਪਰ ਵੀ ਸਵਾਲੀਆ ਚਿੰਨ੍ਹ ਲਗਾਏ ਸਨ। ਇਸ ਤੋਂ ਇਲਾਵਾ ਅਖ਼ਬਾਰ ਵਲੋਂ ਸ੍ਰੀਚੰਦੀਆਂ, ਨਿਰਮਲਿਆਂ

*(ਬਾਕੀ ਸਫਾ 6 'ਤੇ)*


Delo
Mobil Delvac
GILL EXPRESS
WASH, TIRE & REPAIR



CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO PILOT
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Raja Indian Cuisine & Bar
Ph: 510-264-9300
1275 W Winton Ave
Hayward, CA 94545
Wholesale and Retail
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra



Manpreet S.Gahra
Attorney At Law
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ਮਨੋਜ-ਬਬਲੀ ਕਤਲ ਕਾਂਡ 'ਚ 5 ਨੂੰ ਫਾਂਸੀ

**ਅੰਬਾਲਾ:** ਹਰਿਆਣਾ 'ਚ ਚੱਲਦੀਆਂ ਖਾਪ ਪੰਚਾਇਤਾਂ ਦੇ ਤੁਗ਼ਲਕੀ ਫੁਰਮਾਨਾਂ ਵਿਰੁਧ ਇਤਿਹਾਸਕ ਫ਼ੈਸਲਾ ਸੁਣਾਉਂਦਿਆਂ ਕਰਨਾਲ ਜ਼ਿਲ੍ਹਾ ਅਦਾਲਤ ਨੇ ਚਰਚਿਤ ਮਨੋਜ-ਬਬਲੀ ਕਤਲ ਕਾਂਡ 'ਚ 5 ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਅਤੇ ਪੰਚਾਇਤ ਮੁਖੀ ਨੂੰ ਉਮਰ ਕੈਦ ਸੁਣਾਈ ਹੈ। ਇਸ ਦੇ ਨਾਲ ਹੀ ਅਦਾਲਤ ਨੇ ਅਪਰਾਧ 'ਚ ਵਰਤੇ ਗਏ ਵਾਹਨ ਦੇ ਡਰਾਈਵਰ ਮਨਦੀਪ ਸਿੰਘ ਨੂੰ ਵੀ 7 ਸਾਲ ਦੀ ਸਜ਼ਾ ਸੁਣਾਈ, ਜਦਕਿ ਅਗਵਾ ਕਰਨ ਵੇਲੇ ਮੌਕੇ 'ਤੇ ਮੌਜੂਦ 2 ਪੁਲਿਸ ਮੁਲਾਜ਼ਮਾਂ ਵਿਰੁੱਧ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ।

ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਕਿਹਾ ਕਿ ਇਹ ਖਾਪ ਪੰਚਾਇਤਾਂ ਪਿਛਲੇ 60 ਸਾਲਾਂ ਤੋਂ ਭਾਰਤੀ ਸੰਵਿਧਾਨ ਦੇ ਮੁਕਾਬਲੇ ਆਪਣਾ ਸਾਸ਼ਨ ਚਲਾ ਰਹੀਆਂ ਹਨ, ਜਿਨ੍ਹਾਂ ਬਾਰੇ ਸਿਆਸੀ ਆਗੂਆਂ ਨੇ ਅੱਖਾਂ ਮੀਟ ਰੱਖੀਆਂ ਹਨ। ਉਨ੍ਹਾਂ ਕਿਹਾ ਕਿ ਕੋਈ ਵੀ ਪੰਚਾਇਤ ਕਿਸੇ ਵਿਅਕਤੀ ਤੋਂ ਜਿਊਣ ਦਾ ਅਧਿਕਾਰ ਨਹੀਂ ਖੋਹ ਸਕਦੀ ਅਤੇ ਇਨ੍ਹਾਂ ਖਾਪ ਪੰਚਾਇਤਾਂ ਦੇ ਹੁਕਮਾਂ ਤਹਿਤ ਮਨੋਜ ਤੇ ਬਬਲੀ ਨੂੰ ਕਤਲ ਕਰਨਾ ਸਰਾਸਰ ਭਾਰਤੀ ਸੰਵਿਧਾਨ ਦੀ ਉਲੰਘਣਾ ਹੈ।

ਦੱਸਣਾ ਬਣਦਾ ਹੈ ਕਿ ਕੈਥਲ ਜ਼ਿਲ੍ਹੇ ਦੇ ਪਿੰਡ ਕਰੋੜਾ ਦੇ ਰਹਿਣ ਵਾਲੇ ਮਨੋਜ ਤੇ ਬਬਲੀ ਜੋ ਇਕੋ ਗੋਤ ਦੇ ਸਨ, ਨੇ ਆਪਣੇ ਘਰ ਵਾਲਿਆਂ ਦੀ ਇੱਛਾ ਤੋਂ ਬਗੈਰ 7 ਅਪਰੈਲ 2007 'ਚ ਪੰਚਕੂਲਾ ਦੇ ਇਕ ਮੰਦਿਰ 'ਚ ਵਿਆਹ ਕਰਵਾ ਲਿਆ ਸੀ। ਇਸ ਵਿਆਹ ਦਾ ਪਿੰਡ ਵਾਸੀਆਂ ਨੇ ਵਿਰੋਧ ਕਰਦਿਆਂ ਮਨੋਜ ਦੇ ਪਰਿਵਾਰ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਸੀ। ਖਾਪ ਪੰਚਾਇਤ ਨੇ ਜਿੱਥੇ ਮਨੋਜ ਦੇ ਪਰਿਵਾਰ ਦਾ ਹੁੱਕਾ ਪਾਣੀ ਬੰਦ ਕੀਤਾ ਸੀ, ਉਥੇ ਇਸ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਕਿਸੇ ਵੀ ਵਿਅਕਤੀ ਨੂੰ 25 ਹਜ਼ਾਰ ਰੁਪਿਆ ਜੁਰਮਾਨਾ ਲਗਾਉਣ ਦਾ ਹੁਕਮ ਵੀ ਚਾੜ੍ਹਿਆ ਸੀ। ਵਿਆਹ ਤੋਂ ਬਾਅਦ ਪ੍ਰੇਮੀ ਜੋੜਾ ਲੁਕ ਛਿਪ ਕੇ ਦਿਨ ਕੱਟ ਰਿਹਾ ਸੀ। ਇਹ ਮਾਮਲਾ ਉਸ ਸਮੇਂ ਨਵਾਂ ਮੋੜ ਕੱਟ ਗਿਆ ਸੀ, ਜਦੋਂ 15 ਜੂਨ 2007 ਨੂੰ ਕਰਨਾਲ ਜ਼ਿਲ੍ਹੇ ਦੇ ਪਿੰਡ ਆਰਜਾਹੇੜੀ ਤੋਂ ਦੋਹਾਂ ਨੂੰ ਅਗਵਾ ਕਰ ਲਿਆ ਗਿਆ ਸੀ। ਇਸ ਉਪਰੰਤ ਉਨ੍ਹਾਂ ਦੀਆਂ ਲਾਸ਼ਾਂ ਇਕ ਨਹਿਰ ਵਿਚੋਂ ਮਿਲੀਆਂ ਸਨ, ਜਿਨ੍ਹਾਂ ਦੀਆਂ ਲੱਤਾਂ ਤੇ ਬਾਹਾਂ ਰੱਸੀਆਂ ਨਾਲ ਬੰਨ੍ਹੀਆਂ ਹੋਈਆਂ ਸਨ। ਲਾਸ਼ਾਂ ਦੇ ਪੋਸਟ ਮਾਰਟਮ ਉਪਰੰਤ ਸਾਹਮਣੇ ਆਇਆ ਸੀ ਕਿ ਬਬਲੀ ਨੂੰ ਜ਼ਹਿਰ ਦੇ ਕੇ ਮਾਰਿਆ ਗਿਆ, ਜਦਕਿ ਮਨੋਜ ਦਾ ਗਲਾ ਘੁੱਟਿਆ ਗਿਆ ਸੀ।










# ਅਖਬਾਰ ਸਪੋਕਸਮੈਨ ਦੀਆਂ ਕਾਪੀਆਂ ਸਾੜੀਆਂ

**ਮਾਡੈਸਟੋ, ਕੈਲੀਫੋਰਨੀਆ:** ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਕਈ ਹੋਰ ਪੰਥਕ ਜਥੇਬੰਦੀਆਂ ਨੇ ਅਖਬਾਰ ਸਪੋਕਸਮੈਨ ਅਤੇ ਸ੍ਰੀ ਅਕਾਲ ਤਖ਼ਤ ਅਤੇ ਗੁਰੂ ਸਾਹਿਬਾਨ ਵਿਰੁਧ ਅਨਾਦਰ ਭਰੀ ਸ਼ਬਦਾਵਲੀ ਵਰਤਣ ਵਾਲਿਆਂ ਨੂੰ ਸਖਤ ਤਾੜਨਾ ਕਰਦਿਆਂ ਆਖਿਆ ਹੈ ਕਿ ਸ੍ਰੀ ਅਕਾਲ ਤਖ਼ਤ ਨਾਲ ਮੱਥਾ ਲਾਉਣ ਵਾਲਿਆਂ ਦਾ ਹਮੇਸ਼ਾ ਬੁਰਾ ਹਾਲ ਹੋਇਆ ਹੈ।

ਇਨ੍ਹਾਂ ਜਥੇਬੰਦੀਆਂ ਵਲੋਂ ਕੈਲੀਫੋਰਨੀਆ ਦੇ ਸ਼ਹਿਰ ਯੂਬਾ ਸਿਟੀ, ਯੂਨੀਅਨ ਸਿਟੀ, ਸੈਕਰਾਮੈਂਟੋ, ਮਾਡੈਸਟੋ, ਫਰਿਜ਼ਨੋ, ਬੇਕਰਜ਼ਫੀਲਡ ਅਤੇ ਲਾਸ ਏਂਜਲਸ 'ਚ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਦੀਆਂ ਕਾਪੀਆਂ ਵੀ ਸਾੜੀਆਂ ਗਈਆਂ।

ਅਕਾਲੀ ਦਲ (ਬਾਦਲ) ਦੇ ਸੀਨੀਅਰ ਆਗੂ ਸੁਖਵਿੰਦਰ ਸਿੰਘ ਅਬਲੋਵਾਲ ਅਤੇ ਸ. ਬਿਕਰਮਜੀਤ ਸਿੰਘ ਦੇ ਸੱਦੇ 'ਤੇ ਬੁਲਾਈ ਗਈ ਇਸ ਮੀਟਿੰਗ ਵਿਚ ਪਾਰਟੀ ਅਤੇ ਧੜੇਬੰਦੀ ਤੋਂ ਉਪਰ ਉਠ ਕੇ ਕਈ ਜਥੇਬੰਦੀਆਂ ਨੇ ਸ਼ਿਰਕਤ ਕੀਤੀ ਜਿਨ੍ਹਾਂ ਵਿਚ ਦਮਦਮੀ ਟਕਸਾਲ, ਅਖੰਡ ਕੀਰਤਨੀ ਜਥਾ, ਨਾਨਕਸਰ ਸੰਪਰਦਾ, ਸ਼੍ਰੋਮਣੀ ਅਕਾਲੀ ਦਲ (ਬਾਦਲ), ਨਾਰਦਰਨ ਕੈਲੀਫੋਰਨੀਆ ਸਪੋਰਟਸ ਕਲੱਬ ਅਤੇ ਬੇ-ਏਰੀਆ ਸਪੋਰਟਸ ਕਲੱਬ ਤੋਂ ਇਲਾਵਾ ਲੋਕਲ ਸਿੱਖ ਸੰਗਤ ਨੇ ਭਾਗ ਲਿਆ।



ਮੀਟਿੰਗ ਅਰੰਭ ਕਰਦਿਆਂ ਸ. ਅਬਲੋਵਾਲ ਨੇ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਰੋਜ਼ਾਨਾ ਸਪੋਕਸਮੈਨ ਅਕਾਲ ਤਖ਼ਤ ਦੀ ਸਰਵਉਚਤਾ ਨੂੰ ਢਾਹ ਲਾਉਣ ਅਤੇ ਸਿੱਖਾਂ ਵਿਚ ਭੰਬਲਭੂਸੇ ਪੈਦਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜਿਨ੍ਹਾਂ ਨੂੰ ਬਰਦਾਸਤ ਨਹੀਂ ਕੀਤਾ ਜਾਵੇਗਾ। ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਉਘੇ ਸਿੱਖ ਆਗੂ ਸ. ਦੀਦਾਰ ਸਿੰਘ ਬੈਂਸ ਨੇ ਪੰਥ ਵਿਰੋਧੀ ਤਾਕਤਾਂ ਨੂੰ ਤਾੜਨਾ ਕੀਤੀ ਕਿ ਅਕਾਲ ਤਖ਼ਤ, ਸਿੰਘ ਸਾਹਿਬਾਨ ਅਤੇ ਹੋਰ ਪੰਥ ਹਿਤੈਸ਼ੀ ਜਥੇਬੰਦੀਆਂ ਵਿਰੁਧ ਮੰਦੀ ਭਾਸ਼ਾ ਲਿਖਣ ਤੋਂ ਗੁਰੇਜ ਕੀਤਾ ਜਾਵੇ। ਅਕਾਲੀ ਦਲ ਦੇ ਸੀਨੀਅਰ ਆਗੂ ਸ. ਗੁਰਨਾਮ ਸਿੰਘ ਪੰਮਾ ਨੇ ਕਿਹਾ ਕਿ ਸਪੋਕਸਮੈਨ ਅਖ਼ਬਾਰ ਨੇ ਸਾਰੀਆਂ ਹੱਦਾਂ ਟੱਪ ਕੇ ਗੁਰੂ ਨਾਨਕ ਸਾਹਿਬ ਦੀ ਬਾਣੀ ਬਾਰੇ ਵੀ ਕਿੰਤੂ ਪ੍ਰੰਤੂ ਕੀਤਾ। ਸ. ਪੰਮਾ ਨੇ ਅਜਿਹੀਆਂ ਪੰਥ ਵਿਰੋਧੀ ਤਾਕਤਾਂ ਨੂੰ ਤਾੜਨਾ ਕਰਦਿਆਂ ਸਿੱਖ ਸੰਗਤ ਨੂੰ ਇਸ ਅਖ਼ਬਾਰ ਦੇ ਬਾਈਕਾਟ ਦਾ ਸੱਦਾ ਦਿੱਤਾ। ਸ. ਬਿਕਰਮਜੀਤ ਸਿੰਘ ਨੇ ਕਾਂਗਰਸ ਦੀ ਸ਼ਹਿ 'ਤੇ ਪੰਥ ਵਿਚ ਫੁੱਟ ਪਾ ਰਹੇ ਪਰਮਜੀਤ ਸਿੰਘ ਸਰਨਾ ਨੂੰ ਤਾੜਨਾ ਕੀਤੀ ਕਿ ਪ੍ਰੋ. ਦਰਸ਼ਨ ਸਿੰਘ ਨੂੰ ਅਕਾਲ ਤਖ਼ਤ ਦੇ ਵਿਰੋਧ ਵਿਚ ਖੜਾ ਕਰਨਾ ਅਤੇ ਸਪੋਕਸਮੈਨ ਅਖ਼ਬਾਰ ਨੂੰ ਪੰਥ ਵਿਰੋਧੀ ਮਦਦ ਦੇਣਾ ਕਾਂਗਰਸ ਦੇ ਹਮਾਇਤੀ ਹੋਣ ਦਾ ਪ੍ਰਤੱਖ ਸਬੂਤ ਹੈ।

ਐਡਵੋਕੇਟ ਪ੍ਰਿਤਪਾਲ ਸਿੰਘ ਪਟਿਆਲਾ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਨਾਲ ਮੱਥਾ ਲਾਉਣ ਵਾਲਿਆਂ ਦਾ ਹਸ਼ਰ ਦੁਨੀਆਂ ਦੇ ਸਾਹਮਣੇ ਹੈ ਅਤੇ ਪੰਥਕ ਤਾਕਤਾਂ ਦੀ ਹਮੇਸ਼ਾ ਹੀ ਜਿੱਤ ਹੋਈ ਹੈ। ਇਸ ਮੀਟਿੰਗ ਨੂੰ ਪ੍ਰੀਤਮ ਸਿੰਘ ਗਰੇਵਾਲ, ਰੌਣਕ ਸਿੰਘ ਲਾਸ ਏਂਜਲਸ, ਜਸਵੰਤ ਸਿੰਘ ਸਰਾਂ, ਹਰਜਿੰਦਰ ਸਿੰਘ ਗਿੱਲ, ਸੰਤੋਖ ਸਿੰਘ ਤੱਖਰ ਅਤੇ ਸਤਨਾਮ ਸਿੰਘ ਸਟਾਕਟਨ ਨੇ ਵੀ ਸੰਬੋਧਨ ਕੀਤਾ ਤੇ ਕਿਹਾ ਕਿ ਸਪੋਕਸਮੈਨ ਅਖ਼ਬਾਰ, ਪਰਮਜੀਤ ਸਿੰਘ ਸਰਨਾ, ਪ੍ਰੋ. ਦਰਸ਼ਨ ਸਿੰਘ ਅਤੇ ਇਨ੍ਹਾਂ ਦੇ ਪੰਥ ਵਿਰੋਧੀ ਸਹਿਯੋਗੀ ਬਾਹਰਲੇ ਸਿੱਖਾਂ ਦਾ ਵਿਰੋਧ ਝੱਲਣ ਲਈ ਤਿਆਰ ਰਹਿਣ। ਮੀਟਿੰਗ ਵਿਚ ਗੁਰਦਿਆਲ ਸਿੰਘ ਢਿੱਲੋਂ, ਰਘਵੀਰ ਸਿੰਘ ਘੋਲੀਆ, ਜੋਗਿੰਦਰ ਸਿੰਘ ਗਿੱਲ, ਸ਼ਮਸ਼ੇਰ ਸਿੰਘ, ਸੰਜੀਵ ਸਿੰਘ ਤੂਰ, ਜਸਵੰਤ ਸਿੰਘ ਮਾਣਕ, ਅਜੀਤ ਸਿੰਘ ਕਲੇਰ, ਲਾਲੀ ਗਰੇਵਾਲ, ਕਸ਼ਮੀਰ ਸਿੰਘ ਧੁੱਗਾ, ਗੁਰਨੇਕ ਸਿੰਘ, ਮਹਿੰਦਰ ਸਿੰਘ ਕੰਡਾ, ਲਾਭ ਸਿੰਘ ਅਤੇ ਕਈ ਹੋਰ ਸ਼ਖ਼ਸੀਅਤਾਂ ਨੇ ਭਾਗ ਲਿਆ।

# ਸ਼ਾਇਰ ਡਾ. ਜਗਤਾਰ ਨਹੀਂ ਰਹੇ

**ਜਲੰਧਰ:** ਜਿਵੇਂ-ਜਿਵੇਂ ਸਮਾਂ ਆਪਣੀ ਚਾਲ ਚੱਲਦਾ ਰਿਹਾ, ਇਸ ਦੇ ਨਾਲ-ਨਾਲ ਪੰਜਾਬੀ ਸਾਹਿਤ ਜਗਤ ਦੇ ਕਿੰਨੇ ਹੀ ਸੂਰਜ ਡੁੱਬ ਗਏ। ਪਿਛਲੇ ਦਿਨੀਂ ਜੋਗਿੰਦਰ ਰਾਹੀ, ਟੀ ਆਰ ਵਿਨੋਦ, ਸੰਤੋਖ ਸਿੰਘ ਧੀਰ, ਰਾਮ ਸਰੂਪ ਅਣਖੀ ਤੇ ਹਰਿੰਦਰ ਮਹਿਬੂਬ ਵਰਗੇ ਸ਼ਾਹਕਾਰਾਂ ਦੀ ਮੌਤ ਤੋਂ ਬਾਅਦ ਪੰਜਾਬੀ ਕਵਿਤਾ ਦਾ ਇਕ ਹੋਰ ਸੂਰਜ ਉਸ ਸਮੇਂ ਡੁੱਬ ਗਿਆ, ਜਦੋਂ ਕਵੀ ਡਾ. ਜਗਤਾਰ (74) ਦਿਲ ਦਾ ਦੌਰਾ ਪੈਣ ਕਾਰਨ ਸੋਮਵਾਰ ਸਾਥੋਂ ਵਿਛੜ ਗਏ।



**ਡਾ. ਜਗਤਾਰ ਦੀ ਇਹ ਤਸਵੀਰ ਜਨਮੇਜਾ ਸਿੰਘ ਜੌਹਲ ਨੇ 28 ਮਾਰਚ, 2010 ਨੂੰ ਉਨ੍ਹਾਂ ਦੇ ਘਰ ਦੁਪਹਿਰ ਡੇਢ ਵਜੇ ਖਿੱਚੀ ਅਤੇ 30 ਮਾਰਚ, 2010 ਨੂੰ ਸ਼ਾਮੀ 4 ਵਜੇ ਉਹ ਚਲਾਣਾ ਕਰ ਗਏ। ਡਾ. ਜਗਤਾਰ ਦੇ ਪਿਛੇ ਦੀਵਾਰ ਉਤੇ ਉਨ੍ਹਾਂ ਦੀ ਇਕ ਪੁਰਾਣੀ ਤਸਵੀਰ ਨਜ਼ਰ ਆ ਰਹੀ ਹੈ।**

ਡਾ. ਜਗਤਾਰ ਪੰਜਾਬੀ ਕਵਿਤਾ ਦਾ ਇਕ ਜੁਝਾਰਵਾਦੀ ਕਵੀ ਸੀ। ਨਕਸਲਬਾੜੀ ਲਹਿਰ ਨੇ ਜਦੋਂ ਦੇਸ਼ ਦੇ ਨੌਜਵਾਨ ਕਵੀਆਂ ਪਾਸ਼, ਅਮਰਜੀਤ ਚੰਦਰ, ਦਰਸ਼ਨ ਖਟਕੜ, ਸੰਤ ਰਾਮ ਉਦਾਸੀ ਤੇ ਲਾਲ ਸਿੰਘ ਦਿਲ ਵਰਗਿਆਂ ਦੇ ਸੰਵੇਦਨਸ਼ੀਲ ਦਿਲਾਂ ਨੂੰ ਟੁੰਬਿਆ ਤਾਂ ਉਸੇ ਦੌਰ ਵਿਚ ਡਾ. ਜਗਤਾਰ ਵੀ ਇਸੇ ਲਹਿਰ ਦਾ ਹਿੱਸਾ ਬਣੇ। ਡਾ. ਜਗਤਾਰ ਨੇ ਪੰਜਾਬੀ ਸਾਹਿਤ ਦੀ ਝੋਲੀ ਕਈ ਮਹਾਨ ਰਚਨਾਵਾਂ ਪਾਈਆਂ ਹਨ। ਉਨ੍ਹਾਂ ਦੀਆਂ ਮਸ਼ਹੂਰ ਪੁਸਤਕਾਂ ਦੁੱਧ ਪਥਰੀ, ਮੋਮ ਦੇ ਲੋਕ, ਲਹੂ ਦੇ ਨਕਸ਼, ਜੁਗਨੂੰ ਦੀਵਾ ਤੇ ਦਰਿਆ, ਜਜ਼ੀਰਿਆਂ 'ਚ ਘਿਰਿਆ ਸਮੁੰਦਰ, ਅਧੂਰਾ ਆਦਮੀ, ਚਨੁਕਰੀ ਸ਼ਾਮ, ਸ਼ੀਸ਼ੇ ਦਾ ਜੰਗਲ, ਛਾਂਗਿਆ ਰੁੱਖ, ਤਲਖ਼ੀਆਂ ਰੰਗੀਨੀਆਂ, ਰੁੱਤਾਂ ਰਾਂਗਲੀਆਂ, ਅੱਖਾਂ ਵਾਲੀਆਂ ਪੈੜਾਂ ਤੇ ਮੇਰੇ ਅੰਦਰ ਇਕ ਸਮੁੰਦਰ ਹਨ। ਇਸ ਤੋਂ ਇਲਾਵਾ ਉਨ੍ਹਾਂ ਹੀਰ ਦਮੋਦਰ 'ਤੇ ਖੋਜ ਕਾਰਜ ਤੇ 'ਰਾਤ ਦੀ ਰਾਤ' ਫੈਜ਼ ਦੀ ਚੋਣਵੀ ਕਵਿਤਾ, 'ਰਾਤ' ਅਬਦੁੱਲਾ ਹੁਸੈਨ ਦਾ ਨਾਵਲ ਤੇ ਕੁਰਾਤਲ ਐਨ ਹੈਦਰ ਦੀਆਂ ਚੋਣਵੀਆਂ ਕਹਾਣੀਆਂ ਦਾ ਅਨੁਵਾਦ ਵੀ ਕੀਤਾ। ਚੜ੍ਹਦੀ ਜਵਾਨੀ ਵਿਚ ਡਾ. ਜਗਤਾਰ ਦੀ ਕਵਿਤਾ ਸਰਬਹਾਰੇ ਲੋਕਾਂ ਦੀ ਗੱਲ ਕਰਦੀ ਹੈ। ਇਕ ਨਮੂਨਾ:

ਮੈਂ ਉਨ੍ਹਾਂ ਵਿਚ ਸ਼ਾਮਲ ਹਾਂ<br>
ਜਿਨ੍ਹਾਂ ਲੋਕਾਂ ਦੇ ਘਰਾਂ ਵਿਚ,<br>
ਸੱਖਣੇ ਭਾਂਡੇ, ਬੁਝੇ ਚੁੱਲ੍ਹੇ<br>
ਸਦਾ ਹੀ ਦਾਣਿਆਂ ਦੀ ਮੁੱਠ ਨੂੰ,<br>
ਤੇ ਅੱਗ ਨੂੰ ਤਰਸਦੇ ਰਹਿੰਦੇ<br>
ਇਹ ਗੁਲਮੋਹਰ ਦੇ<br>
ਫੁੱਲਾਂ ਵਰਗੀਆਂ ਕੁੜੀਆਂ<br>
ਜੋ ਗ਼ਮ ਨਾਲ, ਅਮਲਤਾਸ ਹੋ ਗਈਆਂ।

ਡਾ. ਜਗਤਾਰ ਦੀ ਮੌਤ 'ਤੇ ਸੀ ਪੀ ਆਈ (ਐਮ) ਦੇ ਸੂਬਾ ਸਕੱਤਰ ਕਾਮਰੇਡ ਚਰਨ ਸਿੰਘ ਵਿਰਦੀ, ਸੀਟੂ ਪੰਜਾਬ ਦੇ ਪ੍ਰਧਾਨ ਕਾਮਰੇਡ ਵਿਜੇ ਮਿਸ਼ਰਾ, ਸੀ ਪੀ ਐਮ ਜ਼ਿਲ੍ਹਾ ਜਲੰਧਰ ਦੇ ਸਕੱਤਰ ਗੁਰਮੀਤ ਸਿੰਘ ਢੱਡਾ, ਸਾਧੂ ਸਿੰਘ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਇਸ ਦੌਰਾਨ ਪ੍ਰੇਮ ਪ੍ਰਕਾਸ਼, ਡਾ. ਰਜਨੀਸ਼ ਬਹਾਦਰ, ਕਰਨੈਲ ਸਿੰਘ ਨਿੱਝਰ, ਬਲਬੀਰ ਪਰਵਾਨਾ ਨੇ ਦੁੱਖ ਪ੍ਰਗਟ ਕੀਤਾ ਹੈ। ਚੰਡੀਗੜ੍ਹ ਤੋਂ ਲੋਕ ਗੀਤ ਪ੍ਰਕਾਸ਼ਨ ਦੇ ਮਾਲਕ ਰਜਨੀਸ਼ ਜੈਨ ਨੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਮੈਨੂੰ ਦੁੱਖ ਹੈ ਕਿ ਉਨ੍ਹਾਂ ਦੀ ਆਖਰੀ ਪੁਸਤਕ 'ਪੇਸ਼ਾਵਰ ਤੋਂ ਸਿੰਧ ਤੱਕ' ਛਪ ਤਾਂ ਗਈ ਪਰ ਜਾਣ ਤੋਂ ਪਹਿਲਾਂ ਡਾ. ਜਗਤਾਰ ਦੇਖ ਨਹੀਂ ਸਕੇ। ਮੋਹਨ ਭੰਡਾਰੀ, ਡਾ. ਜਸਪਾਲ ਸਿੰਘ ਸੰਪਾਦਕ ਦੇਸ਼ ਸੇਵਕ, ਡਾ. ਦਲੀਪ ਕੌਰ ਟਿਵਾਣਾ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਸੁਸ਼ੀਲ ਦੋਸਾਂਝ ਤੇ ਪ੍ਰੇਮ ਗੋਰਖੀ ਅਤੇ ਸੈਨ ਹੋਜ਼ੇ ਤੋਂ ਚਰਨਜੀਤ ਸਿੰਘ ਪੰਨੂ ਨੇ ਡਾ. ਜਗਤਾਰ ਦੀ ਮੌਤ 'ਤੇ ਗਹਿਰਾ ਦੁੱਖ ਪ੍ਰਗਟ ਕੀਤਾ ਹੈ।

# ਅਡਵਾਨੀ ਤੇ ਮੋਦੀ ਦਾ ਪਿੱਛਾ ਨਹੀਂ ਛੱਡ ਰਿਹਾ ਫਿਰਕੂ ਹਿੰਸਾ ਦਾ ਭੂਤ

ਉਧਰ ਬਾਬਰੀ ਮਸਜਿਦ ਡੇਗੇ ਜਾਣ ਦੇ ਮਾਮਲੇ 'ਚ ਅੰਜੂ ਗੁਪਤਾ ਵਲੋਂ ਅਡਵਾਨੀ ਵਿਰੁੱਧ ਗਵਾਹੀ ਦਿੱਤੇ ਜਾਣ ਪਿਛੋਂ ਸਿਆਸੀ ਪਾਰਟੀਆਂ ਅਤੇ ਮੁਸਲਿਮ ਜਥੇਬੰਦੀਆਂ ਨੇ ਅਡਵਾਨੀ ਦੀ ਤਿੱਖੀ ਆਲੋਚਨਾ ਕੀਤੀ ਹੈ। ਕਾਂਗਰਸ ਨੇ ਤਾਂ ਇਥੋਂ ਤਕ ਕਿਹਾ ਹੈ ਕਿ ਅਡਵਾਨੀ ਨੂੰ ਸਿਆਸਤ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਪਰ ਭਾਜਪਾ ਨੇ ਇਸ ਮਾਮਲੇ 'ਤੇ ਕਿਸੇ ਕਿਸਮ ਦੀ ਕੋਈ ਪ੍ਰਤੀਕਿਰਿਆ ਕਰਨ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਇਹ ਮਾਮਲਾ ਅਦਾਲਤ ਦੇ ਵਿਚਾਰ ਅਧੀਨ ਹੈ।

ਅੰਜੂ ਗੁਪਤਾ ਨੇ ਆਪਣੇ ਬਿਆਨ 'ਚ ਕਿਹਾ ਕਿ 6 ਦਸੰਬਰ 1992 ਨੂੰ ਅਡਵਾਨੀ ਸਮੇਤ ਸਾਰੇ ਆਗੂਆਂ ਨੇ ਵਿਵਾਦਤ ਢਾਂਚੇ ਤੋਂ ਡੇਢ-ਦੋ ਮੀਟਰ ਦੂਰ ਬਣੇ ਮੰਚ ਤੋਂ ਲੋਕਾਂ ਨੂੰ ਭੜਕਾਇਆ ਅਤੇ ਮਸਜਿਦ ਢਾਹ ਦੇਣ ਲਈ ਹੱਲਾਸ਼ੇਰੀ ਦਿੱਤੀ। ਉਨ੍ਹਾਂ ਕਿਹਾ ਜਿਸ ਵੇਲੇ ਮਸਜਿਦ ਨੂੰ ਢਾਹਿਆ ਜਾ ਰਿਹਾ ਸੀ, ਉਸ ਸਮੇਂ ਭਾਜਪਾ ਆਗੂ ਬਹੁਤ ਖੁਸ਼ ਨਜ਼ਰ ਆ ਰਹੇ ਸਨ ਅਤੇ ਉਨ੍ਹਾਂ ਨੇ ਇਕ ਦੂਜੇ ਨੂੰ ਵਧਾਈਆਂ ਦਿੱਤੀਆਂ ਅਤੇ ਮਠਿਆਈਆਂ ਵੰਡੀਆਂ। ਅੰਜੂ ਗੁਪਤਾ ਨੇ ਬਿਆਨ 'ਚ ਅੱਗੇ ਕਿਹਾ ਕਿ ਉਸ ਦਿਨ ਭਾਜਪਾ ਨੇਤਾ ਮੁਰਲੀ ਮਨੋਹਰ ਜੋਸ਼ੀ, ਪ੍ਰਮੋਦ ਮਹਾਜਨ, ਅਸ਼ੋਕ ਸਿੰਘਲ, ਗਿਰੀਰਾਜ ਕਿਸ਼ੋਰ, ਉਮਾ ਭਾਰਤੀ ਅਤੇ ਹੋਰ ਆਗੂ ਵੀ ਸ੍ਰੀ ਅਡਵਾਨੀ ਨਾਲ ਸਨ।

ਉਨ੍ਹਾਂ ਕਿਹਾ ਕਿ ਵਿਨੈ ਕਟਿਆਰ, ਉਮਾ ਭਾਰਤੀ ਅਤੇ ਸਾਧਵੀ ਰਿਤੰਭਰਾ ਨੇ ਵੀ ਭੜਕਾਊ ਤਕਰੀਰਾਂ ਕੀਤੀਆਂ ਅਤੇ ਲੋਕਾਂ ਨੂੰ ਮਸਜਿਦ ਤੋੜਨ ਲਈ ਉਕਸਾਇਆ। ਜ਼ਿਕਰਯੋਗ ਹੈ ਕਿ ਇਸ ਸਮੇਂ ਰਾਅ 'ਚ ਤਾਇਨਾਤ ਗੁਪਤਾ ਪਹਿਲਾਂ ਵੀ ਸੀ.ਬੀ.ਆਈ. ਕੋਲ ਆਪਣਾ ਬਿਆਨ ਦਰਜ ਕਰਵਾ ਚੁੱਕੇ ਹਨ, ਜਿਸ ਪਿਛੋਂ 16ਵੀਂ ਸਦੀ ਦੀ ਮਸਜਿਦ ਨੂੰ ਡੇਗੇ ਜਾਣ ਦੇ ਮਾਮਲੇ ਦੀ ਜਾਂਚ ਕੀਤੀ ਗਈ। ਆਪਣੇ ਬਿਆਨ 'ਚ ਉਨ੍ਹਾਂ ਨੇ ਅਡਵਾਨੀ ਸਮੇਤ ਭਾਜਪਾ ਅਤੇ ਸੰਘ ਦੇ ਦੂਜੇ ਆਗੂਆਂ ਦੀਆਂ 6 ਦਸੰਬਰ, 1992 ਵਾਲੇ ਦਿਨ ਦੀਆਂ ਸਰਗਰਮੀਆਂ ਬਾਰੇ ਵੇਰਵੇ ਸਹਿਤ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਆਗੂ ਨੇ ਭੀੜ ਨੂੰ ਬਾਬਰੀ ਮਸਜਿਦ ਨਾ ਤੋੜੇ ਜਾਣ ਦੀ ਅਪੀਲ ਨਹੀਂ ਕੀਤੀ। ਅੰਜੂ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਉਸੇ ਦਿਨ ਢਾਈ ਵਜੇ ਦੇ ਕਰੀਬ ਨਾਲ ਲੱਗਦੇ ਇਲਾਕਿਆਂ 'ਚੋਂ ਧੂੰਆਂ ਉਡਦਾ ਦਿਸਿਆ। ਪਰ ਉਮਾ ਭਾਰਤੀ ਨੇ ਮੰਚ ਤੋਂ ਕਿਹਾ ਕਿ ਮੁਸਲਮਾਨ ਆਪ ਹੀ ਆਪਣੇ ਘਰਾਂ ਨੂੰ ਅੱਗ ਲਾ ਰਹੇ ਹਨ। ਆਪਣੀ ਗਵਾਹੀ 'ਚ ਉਨ੍ਹਾਂ ਕਿਹਾ ਕਿ ਉਸ ਥਾਂ 'ਤੇ ਸੁਰੱਖਿਆ ਦੇ ਪ੍ਰਬੰਧ ਨਾਕਾਫੀ ਸਨ ਪਰ ਯੂ.ਪੀ. ਦੇ ਤਤਕਾਲੀ ਡੀ.ਜੀ.ਪੀ. ਐਸ ਦੀਕਸ਼ਤ ਨੇ ਵਧੀਆ ਡਿਊਟੀ ਲਈ ਸੁਰੱਖਿਆ ਅਮਲੇ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਮਾਮਲੇ 'ਚ ਪੂਰੀ ਤਰ੍ਹਾਂ ਸਹਿਯੋਗ ਦੇਣ ਲਈ ਉਨ੍ਹਾਂ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਦਰਜ ਹੋਵੇਗਾ।



**ਗਵਾਹੀ ਦੇ ਕੇ ਅਦਾਲਤ 'ਚੋਂ ਬਾਹਰ ਆਉਂਦੀ ਹੋਈ ਅੰਜੂ ਗੁਪਤਾ**

ਚੇਤੇ ਰਹੇ ਕਿ ਇਸ ਮਾਮਲੇ 'ਚ ਸੰਘ ਅਤੇ ਭਾਜਪਾ ਦੇ 8 ਆਗੂਆਂ 'ਤੇ ਭੜਕਾਊ ਭਾਸ਼ਣ ਦੇਣ, ਲੋਕਾਂ ਨੂੰ ਹਿੰਸਾ ਲਈ ਉਕਸਾਉਣ ਅਤੇ ਬਾਬਰੀ ਮਸਜਿਦ ਡੇਗਣ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦੇ ਦੋਸ਼ ਲਾਏ ਗਏ ਸਨ। ਮਗਰੋਂ ਸਾਜ਼ਿਸ਼ ਦਾ ਦੋਸ਼ ਵਾਪਸ ਲੈ ਲਿਆ ਗਿਆ ਅਤੇ 2003 'ਚ ਅਡਵਾਨੀ ਨੂੰ ਬਰੀ ਕਰ ਦਿੱਤਾ ਗਿਆ, ਪਰ ਜੁਲਾਈ 2005 'ਚ ਇਲਾਹਾਬਾਦ ਹਾਈਕੋਰਟ ਦੇ ਲਖਨਊ ਬੈਂਚ ਨੇ ਅਡਵਾਨੀ ਵਿਰੁੱਧ ਕੁਝ ਦੋਸ਼ ਮੁੜ ਤੋਂ ਲਾਉਣ ਦਾ ਹੁਕਮ ਦਿੱਤਾ।

ਸ੍ਰੀ ਅਡਵਾਨੀ ਦੀ ਸਾਬਕਾ ਸੁਰੱਖਿਆ ਅਧਿਕਾਰੀ ਅੰਜੂ ਗੁਪਤਾ ਦੇ ਅਦਾਲਤੀ ਬਿਆਨ ਪਿਛੋਂ ਕਾਂਗਰਸੀ ਆਗੂ ਰਾਸ਼ਿਦ ਅਲਵੀ ਨੇ ਕਿਹਾ ਕਿ ਅਡਵਾਨੀ ਨੂੰ ਸਿਆਸਤ ਤੋਂ ਲਾਂਭੇ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਇਕ ਧਰਮ ਨਿਰਪੱਖ ਦੇਸ਼ ਹੈ ਅਤੇ ਇਥੇ ਅਜਿਹੇ ਲੋਕਾਂ ਲਈ ਕੋਈ ਥਾਂ ਨਹੀਂ। ਕਾਂਗਰਸ ਬੁਲਾਰੇ ਮੁਨੀਸ਼ ਤਿਵਾੜੀ ਦਾ ਮੰਨਣਾ ਹੈ ਕਿ ਅਜਿਹੇ ਦੋਸ਼ੀਆਂ ਨੂੰ ਕਾਨੂੰਨ ਦੇ ਕਟਹਿਰੇ 'ਚ ਲਿਆਉਣਾ ਨਿਆਂ ਅਤੇ ਭਾਰਤੀ ਧਰਮ ਨਿਰਪੱਖਤਾ ਦੇ ਹਿੱਤ 'ਚ ਹੈ। ਸੀ.ਪੀ.ਆਈ. ਨੇਤਾ ਡੀ. ਰਾਜਾ ਨੇ ਕਿਹਾ ਕਿ ਅੰਜੂ ਗੁਪਤਾ ਦੀ ਗਵਾਹੀ ਨਾਲ ਉਨ੍ਹਾਂ ਦੀ ਪਾਰਟੀ ਦੇ ਇਸ ਸਟੈਂਡ ਦੀ ਪੁਸ਼ਟੀ ਹੋ ਗਈ ਹੈ ਕਿ ਬਾਬਰੀ ਮਸਜਿਦ ਡੇਗਣ ਲਈ ਅਡਵਾਨੀ ਅਤੇ ਦੂਜੇ ਭਾਜਪਾ ਆਗੂ ਜ਼ਿੰਮੇਵਾਰ ਸਨ। ਇਹੋ ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਦੇ ਜਫਰਯਾਬ ਜਿਲਾਨੀ ਦਾ ਮੰਨਣਾ ਹੈ ਕਿ ਬਾਬਰੀ ਦੁਖਾਂਤ ਲਈ ਅਡਵਾਨੀ ਪੂਰੀ ਤਰ੍ਹਾਂ ਕਸੂਰਵਾਰ ਸੀ।

ਇਸੇ ਦੌਰਾਨ 2002 ਦੇ ਗੁਜਰਾਤ ਦੰਗਿਆਂ ਦੇ ਸੰਬੰਧ 'ਚ ਸੁਪਰੀਮ ਕੋਰਟ ਵਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵਲੋਂ ਮੁੱਖ ਮੰਤਰੀ ਨਰਿੰਦਰ ਮੋਦੀ ਤੋਂ ਕਰੀਬ 9 ਘੰਟੇ ਪੁੱਛਗਿੱਛ ਕਰਨ ਪਿਛੋਂ ਦੂਜੇ ਦਿਨ ਟੀਮ ਦੇ ਮੁਖੀ ਆਰ.ਕੇ. ਰਾਘਵਨ ਨੇ ਕਿਹਾ ਕਿ ਗੁਲਬਰਗ ਸੁਸਾਇਟੀ ਦੰਗਾ ਮਾਮਲੇ ਵਿਚ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਅਤੇ ਹੋਰਾਂ ਦੀ ਕਥਿਤ ਭੂਮਿਕਾ ਸੰਬੰਧੀ ਰਿਪੋਰਟ 30 ਅਪ੍ਰੈਲ ਜਾਂ ਉਸ ਤੋਂ ਪਹਿਲਾਂ ਸੁਪਰੀਮ ਕੋਰਟ ਨੂੰ ਪੇਸ਼ ਕਰ ਦੇਣਗੇ। ਐਸ.ਆਈ.ਟੀ. ਮੁਖੀ ਸ੍ਰੀ ਰਾਘਵਨ ਨੇ ਕਿਹਾ ਕਿ ਮੋਦੀ ਤੋਂ 63 ਸਵਾਲ ਪੁੱਛੇ ਗਏ ਸਨ। ਪੁੱਛਗਿੱਛ 'ਤੇ ਸੰਤੁਸ਼ਟੀ ਪ੍ਰਗਟਾਉਂਦੇ ਹੋਏ ਰਾਘਵਨ ਨੇ ਕਿਹਾ ਕਿ ਜ਼ਰੂਰਤ ਪਈ ਤਾਂ ਮੋਦੀ ਨੂੰ ਪੁੱਛਗਿੱਛ ਲਈ ਫਿਰ ਬੁਲਾਇਆ ਜਾਵੇਗਾ। ਜ਼ਿਕਰਯੋਗ ਹੈ ਕਿ ਮੋਦੀ ਤੋਂ ਬੀਤੇ ਸਨਿਚਰਵਾਰ ਨੂੰ ਦੋ ਦੌਰ ਵਿਚ ਕੁਲ ਮਿਲਾ ਕੇ 9 ਘੰਟੇ ਪੁੱਛਗਿੱਛ ਹੋਈ।

ਚੇਤੇ ਰਹੇ ਕਿ ਕਾਂਗਰਸੀ ਸੰਸਦ ਮੈਂਬਰ ਅਹਿਸਾਨ ਜਾਫਰੀ ਦੀ ਪਤਨੀ ਜ਼ਕੀਆ ਜਾਫਰੀ ਵਲੋਂ ਸੁਪਰੀਮ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਐਸ.ਆਈ.ਟੀ. ਦੇ ਮੁਖੀ ਕੇ. ਰਾਘਵਨ ਨੇ ਮੋਦੀ ਨੂੰ ਸੰਮਨ ਜਾਰੀ ਕੀਤਾ ਸੀ। ਸ੍ਰੀ ਰਾਘਵਨ ਨੇ ਪੱਤਰਕਾਰਾਂ ਦੇ ਇਸ ਸਵਾਲ 'ਤੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਕਿ ਕੀ ਜਾਂਚ ਟੀਮ ਵਲੋਂ ਗੁਲਬਰਗ ਮਾਮਲੇ 'ਚ ਮੋਦੀ ਵਲੋਂ ਦਿੱਤੀ ਗਈ ਜਾਣਕਾਰੀ ਦੇ ਆਧਾਰ 'ਤੇ ਐਫ.ਆਈ.ਆਰ. ਦਰਜ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ ਪਹਿਲਾਂ ਮੋਦੀ ਵਲੋਂ ਦਿੱਤੇ ਗਏ ਜਵਾਬਾਂ ਦਾ ਅਧਿਐਨ ਕਰਨਗੇ। ਸ੍ਰੀ ਰਾਘਵਨ ਨੇ ਮੋਦੀ ਤੋਂ ਪੁੱਛਗਿੱਛ ਨੂੰ ਬੇਹੱਦ ਅਹਿਮ ਦੱਸਦਿਆਂ ਕਿਹਾ ਕਿ ਗੁਲਬਰਗ ਸੁਸਾਇਟੀ 'ਚ ਫਸਾਦਾਂ ਦੌਰਾਨ ਜੋ ਕੁਝ ਹੋਇਆ ਅਤੇ ਮਾਮਲੇ ਦੇ ਕੁਝ ਭੇਦਾਂ ਨੂੰ ਉਹ ਸਮਝਣ 'ਚ ਸਫਲ ਰਹੇ ਹਨ। ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ ਉਨ੍ਹਾਂ ਅਤੇ ਸੀ.ਬੀ.ਆਈ. ਦੇ ਡੀ ਆਈ.ਜੀ. ਏ ਕੇ ਮਲਹੋਤਰਾ ਨੇ ਮਿਲ ਕੇ ਮੋਦੀ ਤੋਂ ਪੁੱਛੇ ਜਾਣ ਵਾਲੇ ਸਵਾਲ ਤਿਆਰ ਕੀਤੇ ਸਨ, ਪਰ ਉਸ ਵੱਲੋਂ ਦਿੱਤੇ ਜਵਾਬਾਂ ਬਾਰੇ ਅਜੇ ਕੋਈ ਜਾਣਕਾਰੀ ਨਹੀਂ।

## ਸਮੁੰਦਰੀ ਲੁਟੇਰਿਆਂ ਵਲੋਂ 120 ਭਾਰਤੀ ਅਗਵਾ

**ਨਵੀਂ ਦਿੱਲੀ:** ਸੋਮਾਲੀਆਈ ਸਮੁੰਦਰੀ ਲੁਟੇਰਿਆਂ ਨੇ ਅਗਵਾ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਘਟਨਾ ਨੂੰ ਅੰਜ਼ਾਮ ਦਿੰਦਿਆਂ 8 ਕਿਸ਼ਤੀਆਂ 'ਤੇ ਸਵਾਰ 120 ਭਾਰਤੀ ਮਲਾਹਾਂ ਨੂੰ ਬੰਧਕ ਬਣਾ ਲਿਆ ਹੈ। ਇਹ ਮਲਾਹ ਸੋਮਾਲੀਆ ਤੋਂ ਦੁਬਈ ਪਰਤ ਰਹੇ ਸਨ। ਦੂਜੇ ਪਾਸੇ ਮਲਾਹਾਂ ਦੇ ਪਰਿਵਾਰਕ ਮੈਂਬਰਾਂ ਵਲੋਂ ਸਰਕਾਰ ਨੂੰ ਇਸ ਮਾਮਲੇ 'ਚ ਦਖਲ ਦੇਣ ਦੀ ਮੰਗ ਕੀਤੀ ਗਈ ਹੈ, ਜਿਸ ਉਪਰੰਤ ਕੇਂਦਰ ਸਰਕਾਰ ਨੇ ਇਸ ਮਾਮਲੇ ਦੀ ਰਿਪੋਰਟ ਮੰਗ ਲਈ ਹੈ।

ਰਿਪੋਰਟ ਮੁਤਾਬਕ ਬੰਧਕ ਭਾਰਤੀ ਸੂਬੇ ਗੁਜਰਾਤ ਦੇ ਸੌਰਾਸ਼ਟਰ ਤੇ ਕੱਛ ਦੇ ਦੱਸੇ ਗਏ ਹਨ, ਜਿਨ੍ਹਾਂ ਆਖਰੀ ਵਾਰ ਸੋਮਾਲੀਆ ਦੇ ਕਸਿਆਊ 'ਚ ਡੇਰਾ ਲਾਇਆ ਹੋਇਆ। ਇਸ ਉਪਰੰਤ ਜਦੋਂ ਇਹ ਇਥੋਂ ਆਪਣੀਆਂ ਕਿਸ਼ਤੀਆਂ 'ਤੇ ਸਾਮਾਨ ਲੱਦ ਕੇ ਰਵਾਨਾ ਹੋਏ ਤਾਂ ਸਮੁੰਦਰੀ ਲੁਟੇਰਿਆਂ ਨੇ ਇਨ੍ਹਾਂ ਨੂੰ ਅਗਵਾ ਕਰ ਲਿਆ। ਖ਼ਬਰ ਛਪਣ ਵੇਲੇ ਤੱਕ ਲੁਟੇਰਿਆਂ ਨੇ ਕਿਸੇ ਕਿਸਮ ਦੀ ਫਿਰੌਤੀ ਵਗੈਰਾ ਨਹੀਂ ਮੰਗੀ ਸੀ। ਅਗਵਾ ਦੀਆਂ ਖ਼ਬਰਾਂ ਸਾਹਮਣੇ ਆਉਣ ਤੋਂ ਬਾਅਦ ਭਾਰਤੀ ਜਲ ਸੈਨਾ ਤੇ ਸ਼ਹਿਰੀ ਹਵਾਬਾਜ਼ੀ ਡਾਇਰੈਕਟੋਰੇਟ ਦੇ ਅਧਿਕਾਰੀਆਂ ਨੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਜਲਦ ਹੀ ਸਮੂਹ ਭਾਰਤੀਆਂ ਨੂੰ ਸੁਰੱਖਿਅਤ ਛੁਡਵਾ ਲਿਆ ਜਾਵੇਗਾ। ਦੱਸਣਾ ਬਣਦਾ ਹੈ ਕਿ ਭਾਵੇਂ ਇਸ ਤੋਂ ਪਹਿਲਾਂ ਵੀ ਕਈ ਦਫ਼ਾ ਮਲਾਹਾਂ ਨੂੰ ਅਗਵਾ ਕੀਤਾ ਜਾ ਚੁੱਕਿਆ ਹੈ ਪਰ ਐਨੀ ਵੱਡੀ ਗਿਣਤੀ 'ਚ ਨਹੀਂ।

# ਸਿੱਖਸ ਫਾਰ ਜਸਟਿਸ ਵਲੋਂ ਸੀ.ਬੀ.ਆਈ. 'ਤੇ ਜਗਦੀਸ਼ ਟਾਈਟਲਰ ਨੂੰ ਬਚਾਉਣ ਦਾ ਦੋਸ਼

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਕਰ ਰਹੀ ਕੌਮਾਂਤਰੀ ਮਨੁੱਖੀ ਅਧਿਕਾਰ ਸੰਸਥਾ 'ਸਿੱਖਸ ਫਾਰ ਜਸਟਿਸ' ਦੀ ਤਰਫੋਂ ਐਡਵੋਕੇਟ ਰਿਬੈਕਾ ਐਮ ਜੌਨ ਨੇ ਪੀੜਿਤ ਲਖਵਿੰਦਰ ਕੌਰ ਦੇ ਕੇਸ ਵਿਚ ਐਡੀਸ਼ਨਲ ਚੀਫ ਜੁਡੀਸ਼ੀਅਲ ਮੈਜਿਸਟਰੇਟ ਰਾਕੇਸ਼ ਪੰਡਿਤ ਨੂੰ ਕਿਹਾ ਕਿ ਇਸ ਮਾਮਲੇ ਵਿਚ ਸੀ.ਬੀ.ਆਈ. ਇਕ ਵਾਰ ਫਿਰ ਨਾਕਾਮ ਰਹੀ ਹੈ ਤੇ ਜੋ ਕੁਝ ਵੀ ਉਸ ਨੇ ਕੀਤਾ ਉਹ ਸਿਰਫ ਦੋਸ਼ੀ ਜਗਦੀਸ਼ ਟਾਈਟਲਰ ਨੂੰ ਬਚਾਉਣ ਲਈ ਹੀ ਕੀਤਾ ਹੈ। ਉਨ੍ਹਾਂ ਨੇ ਅਦਾਲਤ ਨੂੰ ਹੋਰ ਕਿਹਾ ਕਿ ਗਵਾਹਾਂ ਨੂੰ ਸੁਰੱਖਿਆ ਦੇਣ ਦੀ ਬਜਾਏ ਸੀ.ਬੀ.ਆਈ. ਇਹੀ ਕਹਿੰਦੀ ਰਹੀ ਕਿ ਉਹ ਵਿਸ਼ਵਾਸਯੋਗ ਨਹੀ ਹਨ।

ਇਸੇ ਦੌਰਾਨ ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪਨੂੰ ਨੇ ਕਿਹਾ ਕਿ ਜਗਦੀਸ਼ ਟਾਈਟਲਰ 'ਤੇ ਮੁਕੱਦਮਾ ਚਲਾਉਣ ਤੇ ਉਸ ਦੀ ਜਾਂਚ ਪੜਤਾਲ ਕਰਨ ਵਿਚ ਸੀ.ਬੀ.ਆਈ. ਦੀ ਭੂਮਿਕਾ ਸ਼ੁਰੂ ਤੋਂ ਹੀ ਸ਼ੱਕੀ ਰਹੀ ਹੈ। ਜਦਕਿ ਇਹ ਸੱਚਾਈ ਹੈ ਕਿ ਨਵੰਬਰ 1984 ਵਿਚ ਸਿੱਖਾਂ ਦਾ ਕਤਲ ਕਰਨ ਤੇ ਭੀੜ ਨੂੰ ਸਿੱਖਾਂ ਵਿਰੁੱਧ ਭੜਕਾਉਂਦਿਆਂ ਟਾਈਟਲਰ ਨੂੰ ਕਈ ਚਸ਼ਮਦੀਦ ਗਵਾਹਾਂ ਨੇ ਆਪਣੇ ਅਖੀਂ ਵੇਖਿਆ ਸੀ ਤੇ ਇੱਥੋਂ ਤੱਕ ਕਿ ਨਾਨਾਵਤੀ ਕਮਿਸ਼ਨ ਨੇ ਵੀ ਟਾਈਟਲਰ ਦੇ ਸਿੱਖਾਂ ਦੇ ਕਤਲ ਵਿਚ ਸ਼ਾਮਿਲ ਹੋਣ ਦੇ ਪੁਖਤਾ ਸਬੂਤ ਪਾਏ ਸਨ।

ਅਟਾਰਨੀ ਪੰਨੂ ਨੇ ਕਿਹਾ ਕਿ ਜੇ ਸੀ.ਬੀ.ਆਈ. ਟਾਈਟਲਰ ਦੀ ਭੂਮਿਕਾ ਦੀ ਜਾਂਚ ਕਰਨ ਲਈ ਸੱਚਮੁਚ ਗੰਭੀਰ ਹੁੰਦੀ ਤਾਂ ਉਸ ਨੇ ਖੁਦ ਅੱਗੇ ਆਏ ਗਵਾਹਾਂ ਨੂੰ ਨਿਰਉਤਸ਼ਾਹਿਤ ਕਰਨ ਦੀ ਬਜਾਏ ਹੋਰ ਗਵਾਹਾਂ ਦੀ ਭਾਲ ਕਰਨੀ ਸੀ। ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸੀ.ਬੀ.ਆਈ. ਵਲੋਂ ਕਲੋਜ਼ਰ ਰਿਪੋਰਟ ਜਿਨ੍ਹਾਂ ਆਧਾਰਾਂ 'ਤੇ ਬਣਾਈ ਸੀ ਉਹ ਵਿਸ਼ਵਾਸਯੋਗ ਨਹੀਂ ਹੈ। ਉਦਾਹਰਣ ਵਜੋਂ ਸੀ.ਬੀ.ਆਈ. ਨੇ ਇਸ ਗੱਲ ਨੂੰ ਮੰਨ ਲਿਆ ਕਿ ਜਗਦੀਸ਼ ਟਾਈਟਲਰ ਕੋਲ ਨਵੰਬਰ 1984 ਵਿਚ ਅੰਬੈਸਡਰ ਕਾਰ ਨਹੀਂ ਸੀ ਇਸ ਲਈ ਗਵਾਹ ਦਾ ਬਿਆਨ ਕਿ ਉਸ ਨੇ ਟਾਈਟਲਰ ਨੂੰ ਅੰਬੈਸਡਰ ਕਾਰ 'ਚੋਂ ਉਤਰਦਿਆਂ ਵੇਖਿਆ ਭਰੋਸੇਯੋਗ ਨਹੀਂ ਸੀ।

ਅਟਾਰਨੀ ਪਨੂੰ ਨੇ ਕਿਹਾ ਇਸ ਕੇਸ ਦੇ ਗਵਾਹ ਮਰਹੂਮ ਸੁਰਿੰਦਰ ਸਿੰਘ ਨੂੰ ਬੇਯਕੀਨੀ ਕਰਾਰ ਦੇਣ ਲਈ ਸੀ.ਬੀ.ਆਈ. ਨੇ ਸੁਰਿੰਦਰ ਸਿੰਘ ਦੇ ਪੁੱਤਰ ਦੇ ਬਿਆਨ 'ਤੇ ਵਿਸ਼ਵਾਸ ਕੀਤਾ ਜੋ ਕਿ ਨਵੰਬਰ 84 ਛੋਟਾ ਜਿਹਾ ਬੱਚਾ ਸੀ। ਇੱਥੇ ਦੱਸਣਯੋਗ ਹੈ ਕਿ ਸੁਰਿੰਦਰ ਸਿੰਘ ਦੀ ਜੁਲਾਈ 2009 ਵਿਚ ਭੇਦ ਭਰੀ ਹਾਲਤ ਵਿਚ ਇਕ ਹਸਪਤਾਲ ਵਿਚ ਮੌਤ ਹੋ ਗਈ ਸੀ ਜਦ ਕਿ ਉਹ ਖੁਲ੍ਹੇਆਮ ਆਪਣੀ ਜਾਨ ਨੂੰ ਖਤਰੇ ਦਾ ਡਰ ਪ੍ਰਗਟਾ ਰਿਹਾ ਸੀ।

## ਮਲਿਕ ਨਾਲ ਨਿਕਾਹ ਕਰੇਗੀ ਸਾਨੀਆ ਮਿਰਜ਼ਾ

**ਇਸਲਾਮਾਬਾਦ :** ਭਾਰਤੀ ਟੈਨਿਸ ਸਟਾਰ ਸਾਨੀਆ ਮਿਰਜ਼ਾ ਨੇ ਸਾਬਕਾ ਪਾਕਿਸਤਾਨੀ ਕ੍ਰਿਕਟ ਕਪਤਾਨ ਸ਼ੋਇਬ ਮਲਿਕ ਨਾਲ ਕੁੜਮਾਈ ਕਰ ਲਈ ਹੈ ਅਤੇ ਪਾਕਿਸਤਾਨੀ ਟੀ.ਵੀ. ਚੈਨਲ ਨੇ ਦਾਅਵਾ ਕੀਤਾ ਹੈ ਕਿ ਇਹ ਦੋਵੇਂ ਅਪ੍ਰੈਲ ਵਿਚ ਨਿਕਾਹ ਕਰ ਲੈਣਗੇ।

ਜੀਓ ਟੀ.ਵੀ. ਦੀ ਇਕ ਰਿਪੋਰਟ ਵਿਚ ਸੋਮਵਾਰ ਨੂੰ ਕਿਹਾ ਗਿਆ ਕਿ ਖੇਡ ਜਗਤ ਦੀਆਂ ਦੋਹਾਂ ਹਸਤੀਆਂ ਦੀ ਕੁੜਮਾਈ ਹੋ ਗਈ ਹੈ ਤੇ ਵਿਆਹ ਹੋਵੇਗਾ ਅਗਲੇ ਮਹੀਨੇ। ਸੰਯੋਗ ਨਾਲ ਸ਼ੋਇਬ 'ਤੇ ਇਸ ਤੋਂ ਪਹਿਲਾਂ ਹੈਦਰਾਬਾਦ ਦੀ ਇਕ ਹੋਰ ਕੁੜੀ ਆਇਸ਼ਾ ਨਾਲ 2002 ਵਿਚ ਫੋਨ 'ਤੇ ਨਿਕਾਹ ਕਰਨ ਦਾ ਦੋਸ਼ ਲੱਗਾ ਸੀ ਹਾਲਾਂਕਿ ਸ਼ੋਇਬ ਨੇ ਕਿਹਾ ਸੀ ਕਿ ਸਿਰਫ ਕੁੜਮਾਈ ਹੋਈ ਹੈ। ਚੈਨਲ ਮੁਤਾਬਕ ਸ਼ੋਇਬ ਮਲਿਕ ਤੇ ਸਾਨੀਆ ਮਿਰਜ਼ਾ ਦੇ ਨਿਕਾਹ ਦੀ ਦਾਅਵਤ ਲਾਹੌਰ ਵਿਚ 16 ਜਾਂ 17 ਅਪ੍ਰੈਲ ਨੂੰ ਹੋ ਸਕਦੀ ਹੈ। ਦੋਵੇਂ ਪਿਛਲੇ 6 ਮਹੀਨਿਆਂ ਤੋਂ ਇਕ-ਦੂਜੇ ਨੂੰ ਪਿਆਰ ਕਰਦੇ ਆ ਰਹੇ ਹਨ।

# ਬੱਚਿਆਂ ਦੇ ਗੁਰਮਤਿ ਕੈਂਪ ਨੂੰ ਭਰਵਾਂ ਹੁੰਗਾਰਾ

**ਫੇਅਰਫੀਲਡ, ਕੈਲੀਫੋਰਨੀਆ:** ਗੁਰਦੁਆਰਾ ਗੁਰੂ ਨਾਨਕ ਸਿੱਖ ਸੈਂਟਰ ਫੇਅਰਫੀਲਡ ਵਿਚ ਪਿਛਲੇ 4 ਹਫਤਿਆਂ ਤੋਂ ਚੱਲ ਰਹੇ ਬੱਚਿਆਂ ਦੇ ਵਿਸ਼ੇਸ਼ ਗੁਰਮਤਿ ਕੈਂਪ ਨੂੰ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਵਲੋਂ ਭਰਵਾਂ ਹੁੰਗਰਾ ਮਿਲ ਰਿਹਾ ਹੈ। ਇਹ ਜਾਣਕਾਰੀ ਦਿੰਦਿਆਂ ਗੁਰੂ ਘਰ ਦੇ ਪ੍ਰਧਾਨ ਭਾਈ ਸਤਿੰਦਰਪਾਲ ਸਿੰਘ ਹੇਅਰ ਅਤੇ ਮੀਤ ਪ੍ਰਧਾਨ ਭਾਈ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਇਸ ਕੈਂਪ ਵਿਚ ਸੌ ਤੋਂ ਵੱਧ ਬੱਚੇ ਹਿੱਸਾ ਲੈ ਰਹੇ ਹਨ। ਗੁਰੂ ਘਰ ਦੇ ਗ੍ਰੰਥੀ ਭਾਈ ਜਤਿੰਦਰਪਾਲ ਸਿੰਘ ਇਨ੍ਹਾਂ ਬੱਚਿਆਂ ਨੂੰ ਹਰ ਸਨਿਚਰਵਾਰ ਸ਼ਾਮ 3 ਤੋਂ 6 ਵਜੇ ਤੱਕ ਅੰਗਰੇਜ਼ੀ ਅਤੇ ਪੰਜਾਬੀ ਵਿਚ ਗੁਰਮਤਿ ਸਿਧਾਂਤਾਂ ਅਤੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੰਦੇ ਹਨ।

ਬੱਚਿਆਂ ਦੀਆਂ ਮਾਂਵਾਂ ਇਸ ਕੈਂਪ ਨੂੰ ਚਲਾਉਣ ਵਾਸਤੇ ਸਭ ਜ਼ਰੂਰੀ ਚੀਜ਼ਾਂ ਦਾ ਬੰਦੋਬਸਤ ਕਰਦੀਆਂ ਹਨ। ਇਸ ਕੈਂਪ ਦੀ ਖੁਸ਼ੀ ਵਿਚ ਲੰਘੇ ਐਤਵਾਰ ਬੀਬੀਆਂ ਵਲੋਂ ਲੰਗਰ ਦੀ ਵਿਸ਼ੇਸ਼ ਸੇਵਾ ਕੀਤੀ ਗਈ।

ਭਾਈ ਹੇਅਰ ਅਤੇ ਭਾਈ ਧਾਮੀ ਵਲੋਂ ਦਿੱਤੀ ਜਾਣਕਾਰੀ ਅਨੁਸਾਰ ਇਹ ਗੁਰਮਤਿ ਕੈਂਪ ਸਨਿਚਰਵਾਰ 17 ਅਪਰੈਲ ਨੂੰ ਸਾਰਾ ਦਿਨ ਚੱਲੇਗਾ ਅਤੇ ਸ਼ਾਮ ਨੂੰ 6 ਤੋਂ 9 ਵਜੇ ਤੱਕ ਗੁਰਮਤਿ ਮੁਕਾਬਲੇ ਹੋਣਗੇ। ਇਹ ਦਿਨ ਯੰਗ ਖਾਲਸਾ ਡੇ ਦੇ ਤੌਰ 'ਤੇ ਮਨਾਇਆ ਜਾਏਗਾ। ਗੁਰੂ ਘਰ ਵਲੋਂ ਇਸ ਤਰ੍ਹਾਂ ਦੇ ਕੈਂਪ ਸਾਲ ਵਿਚ ਤਿੰਨ ਵਾਰ ਲਾਏ ਜਾਂਦੇ ਹਨ।





## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਭ੍ਰਿਸ਼ਟਾਚਾਰ ਦੇ ਮਾਮਲੇ ਖਤਮ ਕਰਨ ਦੀ ਤਜਵੀਜ਼ ਮਾੜੀ-ਰਾਜਿੰਦਰ ਕੌਰ ਭੱਠਲ**

-ਤੁਸੀਂ ਤੇ ਮਾੜੀ ਨਾ ਕਹੋ, ਅਕਾਲੀਆਂ ਨੇ ਸ਼ੁਰੂਆਤ ਤੁਹਾਡੇ ਤੋਂ ਈ ਕੀਤੀ ਐ।

***ਰੱਬ ਨਾਲ ਠੱਗੀਆਂ ਨਾਲ ਮਾਰ ਬੰਦਿਆ**

-ਬੰਦਿਆਂ ਨਾਲ ਭਾਵੇਂ ਮਾਰੀ ਜਾਹ!

***ਕਿੰਨੀ ਕੁ ਸਹੀ ਹੈ ਭੰਗ ਦੇ ਹੱਕ ਵਿਚ ਉਠ ਰਹੀ ਲਹਿਰ?**

-ਅਮਲੀਆਂ ਨੂੰ ਪੁੱਛੋ।

***ਸਿੱਖ ਤਿਓਹਾਰ ਜਥੇਦਾਰ ਨੰਦਗੜ੍ਹ ਦੀ ਮਰਜ਼ੀ ਨਾਲ ਨਹੀਂ ਮਨਾਏ ਜਾਣਗੇ-ਜਥੇਦਾਰ ਮੱਕੜ**

-ਬਲਕਿ ਆਰ ਐਸ ਐਸ ਦੀ ਮਰਜ਼ੀ ਨਾਲ ਮਨਾਏ ਜਾਣਗੇ।

***ਜਨਰਲ ਜ਼ਿਆ-ਉਲ-ਹੱਕ ਤੋਂ ਹੁਣ ਖੋਹ ਲਿਆ ਜਾਵੇਗਾ ਰਾਸ਼ਟਰਪਤੀ ਦਾ ਅਹੁਦਾ।**

-ਭਾਵੇਂ ਜਨਰਲ ਦਾ ਵੀ ਖੋਹ ਲਵੋ, ਉਹ ਕਿਹੜਾ ਥੋਡੇ 'ਤੇ ਕੇਸ ਕਰਨ ਲੱਗਾ।

***ਕੈਨੇਡਾ 'ਚ ਡੋਡਿਆਂ ਦੀ ਵਰਤੋਂ ਵਧੀ**

-ਫੈਮਿਲੀ ਪਟੀਸ਼ਨਾਂ ਰਾਹੀਂ ਪੰਜਾਬੋਂ ਆਉਣ ਵਾਲੇ ਅਮਲੀਆਂ ਦੀ ਗਿਣਤੀ ਜੋ ਵਧੀ ਐ।

***ਕਿੰਗਫਿਸ਼ਰ ਕੰਪਨੀ ਦੇ ਜਹਾਜ਼ 'ਚੋਂ ਦੇਸੀ ਬੰਬ ਮਿਲਣ ਤੋਂ ਬਾਅਦ ਸੁਰੱਖਿਆ ਏਜੰਸੀਆਂ ਨੂੰ ਕੀਤਾ ਚੌਕਸ**

-ਮੇਰਾ ਭਾਰਤ ਮਹਾਨ! ਜਿਥੇ ਬੰਬ ਮਿਲਣ ਤੋਂ ਬਾਦ ਵੀ ਸੌਂ ਰਹੀਆਂ ਸੁਰੱਖਿਆ ਏਜੰਸੀਆਂ ਨੂੰ ਜਗਾ ਕੇ ਚੌਕਸ ਕਰਨਾ ਪੈਂਦਾ ਐ।

*Visit us on the web:*
***punjabtimesusa.com***

# ਸਿੰਘ ਸਾਹਿਬਾਨ ਦੀ ਮੀਟਿੰਗ ਵਿਚ ਭਖਦੇ ਮਸਲੇ ਵਿਚਾਰੇ

**ਅੰਮ੍ਰਿਤਸਰ :** ਸਿੱਖ ਹਲਕਿਆਂ 'ਚ ਚਰਚਾ ਦਾ ਵਿਸ਼ਾ ਬਣੇ ਆ ਰਹੇ ਕੁਝ ਵਿਵਾਦਤ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨ ਲਈ ਬੀਤੀ 24 ਮਾਰਚ ਨੂੰ ਬਾਅਦ ਦੁਪਹਿਰ ਸ੍ਰੀ



ਅਕਾਲ ਤਖ਼ਤ ਸਾਹਿਬ ਦੀ ਸਕੱਤਰੇਤ ਵਿਖੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਹੋਈ। ਮੀਟਿੰਗ ਦੌਰਾਨ ਕਈ ਅਹਿਮ ਮੁੱਦਿਆਂ 'ਤੇ ਵਿਚਾਰਾਂ ਹੋਈਆਂ। ਇਸ ਮੌਕੇ ਲਏ ਗਏ ਫ਼ੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਲੋਂ ਦਿੱਲੀ ਵਿਖੇ ਲੱਖੀ ਸ਼ਾਹ ਵਣਜਾਰਾ ਹਾਲ ਨੂੰ ਪੈਲੇਸ ਬਣਾਏ ਜਾਣ ਦੇ ਆਏ ਲਿਖ਼ਤੀ ਸ਼ਕਾਇਤ ਪੱਤਰ 'ਤੇ ਹਾਲ ਦੀ ਘੜੀ ਕੋਈ ਕਾਰਵਾਈ ਨਾ ਕਰਨ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਇਹ ਮਾਮਲਾ ਭਵਿੱਖ 'ਚ ਵਿਚਾਰਿਆ ਜਾਵੇਗਾ।

ਪ੍ਰੋ. ਦਰਸ਼ਨ ਸਿੰਘ ਦੇ ਸਮਰਥਕਾਂ ਖ਼ਿਲਾਫ਼ ਸਖ਼ਤ ਰੁਖ਼ ਅਪਣਾਉਂਦਿਆਂ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸੰਕੇਤ ਦਿੱਤਾ ਕਿ ਰਾਗੀ ਦਰਸ਼ਨ ਸਿੰਘ ਦੇ ਹੱਕ 'ਚ ਉਤਰੇ ਲੋਕਾਂ ਦੀ ਸੂਚੀ ਤਿਆਰ ਕੀਤੀ ਜਾ ਰਹੀ ਹੈ, ਜਿਸ ਅਨੁਸਾਰ ਅਕਾਲ ਤਖ਼ਤ ਦੀ ਮਰਿਆਦਾ ਦੇ ਉਲਟ ਜਾਣ ਵਾਲਿਆਂ ਵਿਰੁਧ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ। ਇਸੇ ਤਰ੍ਹਾਂ ਇਕ ਪੰਜਾਬੀ ਅਖ਼ਬਾਰ ਦੇ ਐਡੀਟਰ ਵਲੋਂ ਲਿਖੀ ਗਈ ਸੰਪਾਦਕੀ ਦੇ ਮਾਮਲੇ ਦੀ ਪੜਚੋਲ ਲਈ ਇਕ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਕੇ ਇਸ ਮਾਮਲੇ ਨੂੰ ਹੱਲ ਕਰਨ ਦਾ ਸੰਕੇਤ ਦਿੱਤਾ ਗਿਆ ਹੈ। ਇਸ ਕਮੇਟੀ 'ਚ ਐਸ ਜੀ ਪੀ ਸੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ, ਦਮਦਮੀ ਟਕਸਾਲ ਮਹਿਤਾ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਤੇ ਮੈਂਬਰ ਸ਼੍ਰੋਮਣੀ ਕਮੇਟੀ ਆਦਿ ਦੇ ਨਾਂ ਸ਼ਾਮਲ ਹਨ। ਪੜਤਾਲੀਆ ਰਿਪੋਰਟ ਦੀ ਕੋਈ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ। ਸਿੰਘ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਇਕ ਅਹਿਮ ਫ਼ੈਸਲਾ ਲੈਂਦਿਆਂ ਹਦਾਇਤ ਜਾਰੀ ਕੀਤੀ ਹੈ ਕਿ ਜਠੇਰਿਆਂ 'ਤੇ ਵੀ ਹੁਣ ਗੁਰੂ ਗ੍ਰੰਥ ਸਾਹਿਬ ਲਿਜਾਣ ਦੀ ਮਨਾਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਖ਼ਰੀਦ ਕਰਨ ਦੇ ਤਰੀਕੇ 'ਚ ਫੇਰ ਬਦਲ ਕਰਦਿਆਂ ਜਥੇਦਾਰ ਅਕਾਲ ਤਖ਼ਤ ਨੇ ਇਹ ਯਕੀਨੀ ਬਣਾ ਦਿੱਤਾ ਹੈ ਕਿ ਜਿੰਨੀ ਦੇਰ ਤੱਕ ਸ਼੍ਰੋਮਣੀ ਕਮੇਟੀ ਮੈਂਬਰ, ਪਿੰਡ ਦਾ ਸਰਪੰਚ ਜਾਂ ਧਰਮ ਪ੍ਰਚਾਰ ਕਮੇਟੀ ਦਾ ਮੈਂਬਰ ਲਿਖਤੀ ਤੌਰ 'ਤੇ ਸਿਫਾਰਸ਼ੀ ਪੱਤਰ ਨਹੀਂ ਦੇਣਗੇ, ਉਦੋਂ ਤੱਕ ਕੋਈ ਵੀ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਨਹੀਂ ਖਰੀਦ ਸਕੇਗਾ। ਬਿਰਧ ਹੋ ਚੁੱਕੇ ਸਰੂਪਾਂ ਬਦਲੇ ਨਵਾਂ ਸਰੂਪ ਦਿੱਤੇ ਜਾਣ ਦੀ ਵਿਵਸਥਾ ਦੀ ਹਾਮੀ ਭਰਦਿਆਂ ਉਨ੍ਹਾਂ ਕਿਹਾ ਕਿ ਅਜਿਹਾ ਫੈਸਲਾ ਲੈਣ ਨਾਲ ਸਰੂਪ ਦੇ ਸਤਿਕਾਰ ਵਿਚ ਕੋਈ ਚੂਕ ਨਹੀਂ ਹੋਵੇਗੀ। ਇਸ ਮੌਕੇ ਸਿੰਘ ਸਾਹਿਬਾਨ ਨੇ ਮੋਹਾਲੀ ਦੇ ਇੱਕ ਗੁਰਦੁਆਰਾ ਸਾਹਿਬ ਦੇ ਮਾਮਲੇ ਨੂੰ ਵੀ ਸੁਲਝਾਇਆ। ਅੱਜ ਦੀ ਮੀਟਿੰਗ ਦੌਰਾਨ ਗਿਆਨੀ ਜੋਤਇੰਦਰ ਸਿੰਘ, ਗਿਆਨੀ ਇਕਬਾਲ ਸਿੰਘ, ਗਿਆਨੀ ਬਲਵੰਤ ਸਿੰਘ, ਗਿਆਨੀ ਤਰਲੋਚਨ ਸਿੰਘ ਅਤੇ ਗਿਆਨੀ ਗੁਰਬਚਨ ਸਿੰਘ ਆਦਿ ਸ਼ਾਮਲ ਸਨ।

## ਗਿਆਨੀ ਗੁਲਸ਼ਨ ਸੈਨ ਹੋਜ਼ੇ ਗੁਰੂ ਘਰ 'ਚ ਕਥਾ ਕਰਨਗੇ

**ਸੈਨ ਹੋਜ਼ੇ:** ਪੰਥ ਪ੍ਰਸਿਧ ਕਥਾਵਾਚਕ ਗਿਆਨੀ



ਗੁਰਬਖਸ਼ ਸਿੰਘ ਗੁਲਸ਼ਨ ਪਹਿਲੀ ਅਪਰੈਲ ਤੋਂ 30 ਅਪਰੈਲ ਤੱਕ ਗੁਰਦੁਆਰਾ ਸੈਨ ਹੋਜ਼ੇ ਵਿਚ ਅੰਮ੍ਰਿਤਮਈ ਗੁਰਬਾਣੀ ਦੀ ਕਥਾ ਕਰਨਗੇ।

ਇਸੇ ਤਰ੍ਹਾਂ ਸੋਮਵਾਰ ਸ਼ਾਮ 4 ਤੋਂ ਸਾਢੇ ਪੰਜ ਵਜੇ ਤੱਕ ਬੀਬੀਆਂ ਸੁਖਮਨੀ ਸਾਹਿਬ ਦਾ ਪਾਠ ਅਤੇ ਨਾਮ ਸਿਮਰਨ ਕਰਿਆ ਕਰਨਗੀਆਂ।


**Reliable and Experienced Real Estate Professional**

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ ਫੋਨ: 209-815-1869

*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay

We Specialize in Bankowned, Foreclosure and Short Sale Homes

ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।

We Do Loan Modification and Credit Repair to Save Your Home From Forclosure

Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ

Right Time To Buy For Investers And First Time Home Buyers



Gurbans Singh Gill
Realtor
12 Years Experiance in Real Estate
e-mail: gurbans@gotracy.com

REALTY WORLD Millennium

Fax: 209-836-0706
www.gotracy.com

**Gurbans Gill 209-815-1869**

# ਹਰਿਆਣਾ ’ਚ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਹੁਡਾ ਦੇ ਵਾਅਦੇ

## ਪੰਜਾਬੀ ਲਈ ਹਰ ਸੰਭਵ ਕਦਮ ਚੁੱਕਣ ਦਾ ਭਰੋਸਾ

**ਪੰਜਾਬ ਟਾਈਮਜ਼ ਬਿਊਰੋ**

**ਕੁਰੂਕਸ਼ੇਤਰ:** ਹਰਿਆਣਾ ‘ਚ ਪੰਜਾਬੀ ਭਾਸ਼ਾ ਨੂੰ ਦੂਜਾ ਦਰਜਾ ਦੇ ਕੇ ਨਵਾਜਣ ਵਾਲੇ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਇੱਕ ਵਾਰ ਫ਼ਿਰ ਪੰਜਾਬੀਆਂ ਨੂੰ ਮਾਣ ਬਖਸ਼ਿਆ ਹੈ। ਤਾਜ਼ਾ ਐਲਾਨ ਵਿਚ ਸ੍ਰੀ ਹੁੱਡਾ ਨੇ ਕਿਹਾ ਕਿ ਜੇਕਰ ਹਰਿਆਣਾ ਵਿਚ ਕਿਸੇ ਸਕੂਲ ਅੰਦਰ ਪੰਜਾਬੀ ਪੜ੍ਹਨ ਵਾਲੇ 10 ਵਿਦਿਆਰਥੀ ਹੋਣਗੇ ਤਾਂ ਅਸੀਂ ਉਥੇ ਪੰਜਾਬੀ ਮਾਸਟਰ ਲਗਾ ਦਿਆਂਗੇ। ਸ੍ਰੀ ਹੁੱਡਾ ਨੇ ਇਹ ਐਲਾਨ ਪਿੱਪਲੀ (ਕੁਰੂਕਸ਼ੇਤਰ) ਦੀ ਅਨਾਜ ਮੰਡੀ ਵਿਚ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਵਲੋਂ ਕਰਵਾਏ ਸਮਾਰੋਹ ਵਿਚ ਕੀਤਾ।

ਇਸ ਮੌਕੇ ਸ੍ਰੀ ਹੁੱਡਾ ਨੇ ਕਿਹਾ ਕਿ ਹਰਿਆਣਾ ਵਿਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਉਨ੍ਹਾਂ ਨੂੰ ਯੂਪੀਏ ਚੇਅਰਪਰਸਨ ਸੋਨੀਆ ਗਾਂਧੀ ਤੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਹੀ ਪ੍ਰੇਰਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਇਕ ਅਜਿਹੀ ਭਾਸ਼ਾ ਹੈ, ਜਿਸ ਦਾ ਜਨਮ ਹਰਿਆਣਾ ਦੇ ਪਾਣੀਪਤ ਸ਼ਹਿਰ ਵਿਚ 1142 ਵਿਚ ਬੂ ਅਲੀ ਸ਼ਾਹ ਕਲੰਦਰ ਦੀ ਮਜਾਰ ‘ਤੇ ਹੋਇਆ ਸੀ। ਪੰਜਾਬੀ ਭਾਸ਼ਾ ਬਾਰੇ ਹੋਰ ਗੱਲ ਕਰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬੀ ਦੇ ਪਹਿਲੇ ਕਵੀ ਜਿਨ੍ਹਾਂ “ਪੰਜਾਬੀ ਕਾਵਿ” ਦੀ ਰਚਨਾ ਕੀਤੀ ਸੀ, ਉਹ ਹਾਂਸੀ ਦੇ ਰਹਿਣ ਵਾਲੇ ਸਨ। ਸੂਬੇ ਵਿਚ ਪੰਜਾਬੀ ਦਾ ਹੋਰ ਵਿਸਥਾਰ ਕਰਨ ਲਈ ਸਰਕਾਰ ਵਲੋਂ ਚੁੱਕੇ ਕਦਮਾਂ ਦੀ ਜਾਣਕਾਰੀ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਿੱਥੇ ਅਸੀਂ ਹਰਿਆਣਾ ਵਿਚ ਪੰਜਾਬੀ ਸਾਹਿਤ ਅਕਾਦਮੀ ਦਾ ਨਵਾਂ ਭਵਨ ਉਸਾਰਿਆ ਹੈ, ਉਥੇ ਪੰਜਾਬੀ ਲੇਖਕਾਂ ਨੂੰ ਦਿੱਤੇ ਜਾਣ ਵਾਲੇ ਇਨਾਮ ਦੀ ਰਾਸ਼ੀ ਵਿਚ ਵੀ ਵਾਧਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਹਿਲਾਂ ਪੰਜਾਬੀ ਲੇਖਕ ਨੂੰ ਸਾਹਿਤ ਅਕਾਦਮੀ ਵਲੋਂ ਸਿਰਫ਼ 21 ਹਜ਼ਾਰ ਰੁਪਏ ਦਾ ਇਨਾਮ ਦਿੱਤਾ ਜਾਂਦਾ ਸੀ, ਜਦਕਿ ਹੁਣ ਇਹ ਰਾਸ਼ੀ ਵਧਾ ਕੇ 1 ਲੱਖ 25 ਹਜ਼ਾਰ ਰੁਪਏ ਕਰ ਦਿੱਤੀ ਗਈ ਹੈ। ਇਸ ਤੋਂ ਇਲਾਵਾ ਭਾਈ ਸੰਤੋਖ ਸਿੰਘ ਪੁਰਸਕਾਰ ਦੀ ਰਾਸ਼ੀ ਵੀ 21 ਹਜ਼ਾਰ ਤੋਂ ਵਧਾ ਕੇ 1 ਲੱਖ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਹਰਿਆਣਾ ਵਿਧਾਨ ਸਭਾ ਵਿਚ ਵਿਧਾਇਕ ਪੰਜਾਬੀ ਵਿਚ ਸਵਾਲ ਜਵਾਬ ਕਰ ਸਕਦੇ ਹਨ ਤੇ ਉਹ ਖ਼ੁਦ ਪੰਜਾਬੀ ਬੋਲਣ ਤੇ ਪੜ੍ਹਨ ਦੇ ਨਾਲ-ਨਾਲ ਲਿਖਣਾ ਵੀ ਸਿੱਖ ਰਹੇ ਹਨ। ਇਸ ਮੌਕੇ ਸ੍ਰੀ ਹੁੱਡਾ ਨੇ ਸਿੱਖ ਗੁਰੂਆਂ ਦਾ ਸਨਮਾਨ ਕਰਦਿਆਂ ਉਨ੍ਹਾਂ ਦੇ ਰਾਹ ‘ਤੇ ਚੱਲਣ ਦੀ ਪ੍ਰੇਰਨਾ ਵੀ ਦਿੱਤੀ।



ਇਸ ਮੌਕੇ ਜਗਦੀਸ਼ ਸਿੰਘ ਝੀਂਡਾ, ਕਮਲਜੀਤ ਸਿੰਘ ਅਜਰਾਣਾ, ਬੀਬੀ ਰਵਿੰਦਰ ਕੌਰ, ਤਰਸੇਮ ਸਿੰਘ, ਸੁਰਜੀਤ ਕੌਰ, ਅਵਤਾਰ ਸਿੰਘ ਚੱਕ, ਦੀਦਾਰ ਸਿੰਘ ਨਲਵੀ, ਬਲਦੇਵ ਸਿੰਘ ਖਾਲਸਾ, ਜਸਵੀਰ ਸਿੰਘ, ਖੁਸ਼ਪਾਲ ਸਿੰਘ ਤੇ ਹਰਚਰਨ ਧਾਮੂ ਆਦਿ ਪੰਜਾਬੀ ਆਗੂਆਂ ਨੇ ਮੁੱਖ ਮੰਤਰੀ ਨੂੰ ਸਿਰੋਪਾਓ ਭੇਟ ਕੀਤਾ। ਸਮਾਰੋਹ ਵਿਚ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਮੈਂਬਰ ਐਚਐਸ ਹੰਸਪਾਲ ਨੇ ਹਰਿਆਣਾ ‘ਚ ਪੰਜਾਬੀ ਨੂੰ ਮਾਣ ਦੇਣ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਸੂਬੇ ਵਿਚ ਸਥਿਤ ਸਰਕਾਰੀ ਦਫ਼ਤਰਾਂ ਤੇ ਰੇਲਵੇ ਸਟੇਸ਼ਨਾਂ ‘ਤੇ ਵੀ ਪੰਜਾਬੀ ਭਾਸ਼ਾ ਦੀ ਵਰਤੋਂ ਯਕੀਨੀ ਬਣਾਉਣ ਲਈ ਪ੍ਰਧਾਨ ਮੰਤਰੀ ਤੇ ਹੋਰਨਾਂ ਮੰਤਰੀਆਂ ਨਾਲ ਗੱਲਬਾਤ ਕਰਨਗੇ।

ਇਸ ਮੌਕੇ ਹਰਿਆਣਾ ਵਿਧਾਨ ਸਭਾ ਦੇ ਸਪੀਕਰ ਹਰਮੋਹਿੰਦਰ ਸਿੰਘ ਚੱਠਾ, ਸੂਬਾ ਕਾਂਗਰਸ ਕਮੇਟੀ ਦੇ ਪ੍ਰਧਾਨ ਫੂਲ ਚੰਦ ਮੌਲਾਣਾ, ਸੀਨੀਅਰ ਕਾਂਗਰਸੀ ਆਗੂ ਬਿਰੇਂਦਰ ਸਿੰਘ ਆਦਿ ਨੇ ਵੀ ਮੁੱਖ ਮੰਤਰੀ ਦਾ ਧੰਨਵਾਦ ਕੀਤਾ।

ਯਾਦ ਰਹੇ ਹਰਿਆਣਾ ਦੀ ਸਿੱਖ ਵਸੋਂ ਦਾ ਨਿਗੂਣਾ ਜਿਹਾ ਹਿੱਸਾ 8-10 ਫ਼ੀ ਸਦੀ ਵੀ ਗੁਰਮੁਖੀ ਅੱਖਰ ਗਿਆਨ ਵਾਲਾ ਨਹੀਂ ਹੈ, ਇਸ ਲਈ 90 ਫ਼ੀ ਸਦੀ ਤੋਂ ਵਧ ਪ੍ਰਾਣੀ ਗੁਰਬਾਣੀ ਦੇ ਲੜ ਲੱਗਣ ਤੋਂ ਵਾਂਝੇ ਰਹਿ ਗਏ ਹਨ। ਚੌਧਰੀ ਬੰਸੀ ਲਾਲ ਜੋ ਮਈ 1968 ਵਿਚ ਹਰਿਆਣਾ ਦੇ ਮੁੱਖ ਮੰਤਰੀ ਬਣੇ ਸਨ, ਨੇ ਹਰਿਆਣਾ ਵਿਚ ਪੰਜਾਬੀ ਦੀ ਪੜ੍ਹਾਈ ਬੰਦ ਕਰ ਦਿਤੀ ਸੀ। ਹਾਲਾਂਕਿ ਪੰਜਾਬ ਪੁਨਰ-ਗਠਨ ਭਾਵ 31-1-1966 ਤਕ ਕਿਸੇ ਵੀ ਸਰਕਾਰੀ ਨੌਕਰੀ ਲਈ ਦਸਵੀਂ ਜਮਾਤ ਵਿਚ ਪੰਜਾਬੀ ਵਿਸ਼ੇ ਨਾਲ ਪਾਸ ਹੋਣਾ ਜ਼ਰੂਰੀ ਸੀ। ਹਰਿਆਣਾ ਸਰਕਾਰ ਦੇ ਹਰ ਵਰਗ ਦੇ ਹਰਿਆਣਾ ਦੇ, ਹਰ ਹਿੱਸੇ ਵਿਚ, ਕਈ ਪੈਨਸ਼ਨਰ ਪੰਜਾਬੀ ਪੜ੍ਹੇ ਹੋਏ ਅਜੇ ਵੀ ਮਿਲਦੇ ਹਨ ਪਰ 1968 ਤੋਂ ਬਾਅਦ ਸਕੂਲ ਦਾਖ਼ਲ ਹੋਇਆ ਕੋਈ ਪੰਜਾਬੀ ਜ਼ੁਬਾਨ ਵਾਲਾ ਵੀ ਪੰਜਾਬੀ ਪੜ੍ਹਿਆ ਨਹੀਂ ਮਿਲਦਾ। ਹਰਿਆਣਾ ਵਿਚ ਪੰਜਾਬੀ ਦੀ ਥਾਂ ‘ਤੇ ਤੇਲਗੂ ਭਾਸ਼ਾ ਨੂੰ ਦੂਜੀ ਭਾਸ਼ਾ ਦਾ ਦਰਜਾ ਦੇ ਦਿਤਾ। ਸਰਕਾਰੀ ਖ਼ਜ਼ਾਨੇ ਉਤੇ ਵਾਧੂ ਭਾਰ ਪਾ ਕੇ ਤੇਲਗੂ ਦੀ ਪੜ੍ਹਾਈ ਲਈ ਅਧਿਆਪਕਾਂ ਨੂੰ ਟਰੇਂਡ ਕੀਤਾ ਗਿਆ। ਸਰਕਾਰ ਦਾ ਖ਼ਰਚ ਵਧਿਆ। ਹਰਿਆਣਾ ਵਿਚ ਤੇਲਗੂ ਭਾਸ਼ਾ ਦਾ ਨਾ ਕੋਈ ਆਧਾਰ ਸੀ ਅਤੇ ਨਾ ਹੀ ਭਵਿੱਖ। ਇਸ ਤਰ੍ਹਾਂ ਦੇ ਹਾਲਾਤ ਪੈਦਾ ਕਰਨ ਵਿਚ ਅਕਾਲੀ ਲੀਡਰਸ਼ਿਪ ਦਾ ਵਿਸ਼ੇਸ਼ ਯੋਗਦਾਨ ਰਿਹਾ। ਸਕੂਲਾਂ ਵਿਚ ਬੱਚੇ ਪੰਜਾਬੀ ਪੜ੍ਹਨ ਵਾਲੇ ਸਨ ਪਰ ਸਰਕਾਰ ਪੜ੍ਹਾਉਣਾ ਨਹੀਂ ਸੀ ਚਾਹੁੰਦੀ। ਪਛਮੀ ਪੰਜਾਬ ਤੋਂ 1947 ਵਿਚ ਆਏ ਪੰਜਾਬੀਆਂ/ ਸਿੱਖਾਂ ਨੇ ਅੱਧੀ ਕੁ ਦਰਜਨ ਖ਼ਾਲਸਾ ਸਕੂਲ ਕਾਇਮ ਕੀਤੇ, ਜੋ ਨਵੇਂ ਬਣੇ ਹਰਿਆਣਾ ਦੇ ਇਲਾਕੇ ਵਿਚ ਰਹਿ ਗਏ ਸਨ,ਉਹ ਵਿਦਿਆ ਦੇ ਖੇਤਰ ਵਿਚ ਉਦੋਂ ਨਾਮਣਾ ਖੱਟ ਰਹੇ ਸਨ। ਇਨ੍ਹਾਂ ਵਿਚ ਪੰਜਾਬੀ ਮੀਡੀਅਮ ਸੀ। ਪੰਜਾਬੀ ਮੀਡੀਅਮ ਵਾਲਿਆਂ ਦੇ ਨਤੀਜਿਆਂ ਵਿਚ ਬੇਨਿਯਮੀਆਂ ਕਾਰਨ, ਨੰਬਰ ਘੱਟ ਦਿਤੇ ਜਾਣ ਕਰ ਕੇ, ਉਹ ਮੈਰਿਟ ਵਿਚ ਨਹੀਂ ਸਨ ਅੱਪੜਦੇ। ਇਸ ਲਈ ਪੰਜਾਬੀ ਦੀ ਪੜ੍ਹਾਈ ਕੁਦਰਤੀ ਤੌਰ ‘ਤੇ ਬੰਦ ਹੋਣੀ ਹੀ ਸੀ। ਅਪਣੀ ਇਸ ਬੱਜਰ ਭੁੱਲ ਦਾ ਅਹਿਸਾਸ, ਜੋ ਚੌਧਰੀ ਬੰਸੀ ਲਾਲ ਨੇ 1968 ਵਿਚ ਕੀਤਾ, ਦਾ ਸੁਧਾਰ ਵੀ ਖ਼ੁਦ ਹੀ 1996 ਵਿਚ ਵਿਖਾਵੇ ਵਜੋਂ ਸ਼ੁਰੂ ਕੀਤਾ। 1996 ਦੀਆਂ ਅਸੈਂਬਲੀ ਚੋਣਾਂ ਵਿਚ ਉਸ ਨੇ ਅਪਣੀ, ਹਰਿਆਣਾ ਵਿਕਾਸ ਪਾਰਟੀ ਦੇ ਹੱਕ ਵਿਚ ਸਿੱਖ ਵੋਟਰਾਂ ਨੂੰ ਭਰਮਾਉਣ ਲਈ ਪੰਜਾਬੀ ਨੂੰ ਹਰਿਆਣਾ ਵਿਚ ਦੂਜੀ ਭਾਸ਼ਾ ਬਨਾਉਣ ਦਾ ਵਾਅਦਾ ਕੀਤਾ। ਅਪਣੀ ਸਰਕਾਰ ਬਣਦਿਆਂ ਸਾਰ ਉਸ ਨੇ 500 ਪੰਜਾਬੀ ਅਧਿਆਪਕ ਭਰਤੀ ਕਰਨ ਦਾ ਐਲਾਨ ਕਰਦਿਆਂ ਕਿਹਾ ਕਿ ਸੂਬੇ ਵਿਚ ਪੰਜਾਬੀ ਦੂਜੀ ਭਾਸ਼ਾ ਹੋਵੇਗੀ। ਇਸ ਐਲਾਨ ਦੇ ਬਾਵਜੂਦ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਕੋਈ ਕਾਨੂੰਨੀ ਪ੍ਰਕਿਰਿਆ ਸ਼ੁਰੂ ਨਾ ਕੀਤੀ ਗਈ। ਪੰਜਾਬੀ ਅਧਿਆਪਕਾਂ ਦੀ ਭਰਤੀ ਦੀ ਪ੍ਰਕਿਰਿਆ ਵੀ ਅਜਿਹੀ ਬਣਾਈ ਗਈ ਕਿ ਐਲਾਨ ਤੇ ਐਲਾਨ ਹੁੰਦੇ ਰਹੇ ਪਰ ਅਧਿਆਪਕਾਂ ਦੀ ਭਰਤੀ ਟਲਦੀ ਰਹੀ। ਪੰਜਾਬੀ ਅਧਿਆਪਕਾਂ ਲਈ ਯੋਗਤਾ ਗਿਆਨੀ ਸਣੇ ਓ.ਟੀ. ਪੰਜਾਬੀ ਰੱਖੀ ਗਈ ਜਦਕਿ ਹਰਿਆਣਾ ਵਿਚ ਗਿਆਨੀ ਸਣੇ ਓ.ਟੀ. ਪੰਜਾਬੀ, ਘਟੋ-ਘੱਟ ਜ਼ਰੂਰੀ ਵਿਦਿਅਕ ਯੋਗਤਾ ਵਾਲਾ ਕੋਈ ਹੈ ਹੀ ਨਹੀਂ ਸੀ, ਭਰਤੀ ਕਿਵੇਂ ਹੋਣੀ ਸੀ? ਜ਼ਰੂਰੀ ਯੋਗਤਾ ਬਾਰੇ ਤਰਮੀਮਾਂ ਭਰਤੀ ਨੂੰ ਲਟਕਾਈ ਰੱਖਣ ਦੇ ਇਰਾਦੇ ਨਾਲ ਕੀਤੀਆਂ ਗਈਆਂ। ਸਪੱਸ਼ਟ ਤੌਰ ‘ਤੇ ਸਰਕਾਰ ਦਾ ਟੀਚਾ ਪੰਜਾਬੀ ਭਾਸ਼ਾ ਨਹੀਂ ਸੀ, ਪੰਜਾਬੀ ਭਾਸ਼ਾ ਲਾਗੂ ਕਰਨ ਦਾ ਭੁਲੇਖਾ ਪੈਦਾ ਕਰਨਾ ਸੀ। ਇਸ ਪਾਜ ਦੇ ਬਖੀਏ ਉਧੇੜਨ ਲਈ ਹਾਈ ਕੋਰਟ ਅੱਗੇ ਦੁਹਾਈ ਵੀ ਦਿਤੀ ਗਈ। ਮੁੱਖ ਮੰਤਰੀ ਹਿੰਦੂ ਪੰਜਾਬੀਆਂ ਵਿਚ ਵੱਧ ਸਤਿਕਾਰੇ ਜਾਂਦੇ ਚੌਧਰੀ ਭਜਨ ਲਾਲ ਨੂੰ ਵਿਸ਼ਵਾਸ ਸੀ ਕਿ ਹਿੰਦੂ ਪੰਜਾਬੀ ਸੂਬੇ ਵਿਚ ਪੰਜਾਬੀ ਲਾਗੂ ਕੀਤੇ ਜਾਣ ਦਾ ਹਮਾਇਤੀ ਨਹੀਂ ਹੈ। ਚਾਹੇ ਇਹ ਪੰਜਾਬ ਵਿਚਲੇ ਹਿੰਦੀ ਵਿਰੋਧ ਦਾ ਪ੍ਰਤਿਕਰਮ ਕਿਹਾ ਜਾਵੇ, ਜਾਂ ਕਾਂਗਰਸ ਪਾਰਟੀ ਦੇ ਆਜ਼ਾਦੀ ਦੇ ਸੰਗਰਾਮ ਵੇਲੇ ਦੀਆਂ ਨੀਤੀਆਂ ਦੇ ਸਬੱਬ, ਪੰਜਾਬੀ ਹਿੰਦੂ ਇਸ ਹਕੀਕਤ ਦੇ ਬਾਵਜੂਦ ਕਿ ਆਮ ਬੋਲ-ਚਾਲ ਪੰਜਾਬੀ ਬੋਲਦਾ ਹੈ, ਉਹ ਵਧੇਰੇ ਕਰ ਕੇ ਪੰਜਾਬੀ ਦੀ ਉਲਟ ਧਾਰਾ ਬਣ ਕੇ ਵਹਿੰਦੇ ਰਹੇ। ਪੰਜਾਬੀ ਲਾਗੂ ਨਾ ਕਰਨ ਦਾ ਸਾਰਾ ਕਸੂਰ ਹੁਣ ਤਕ ਬਣੀਆਂ ਸਰਕਾਰਾਂ ਦਾ ਹੀ ਨਹੀਂ, ਇਸ ਲਈ ਪੰਜਾਬ ਦੀ ਸਿੱਖ ਲੀਡਰਸ਼ਿਪ ਦੀ ਵੀ ਬਹੁਤ ਜ਼ਿਆਦਾ ਭਾਈਵਾਲੀ ਹੈ। ਜਿਸ ਵੇਲੇ ਵੀ ਹਰਿਆਣਾ ਵਿਚ ਪੰਜਾਬੀ ਲਾਗੂ ਕਰਨ ਬਾਰੇ ਮਾਹੌਲ ਸਿਰਜਿਆ ਜਾਂਦਾ ਹੈ, ਉਸੇ ਵੇਲੇ ਪੰਜਾਬ ਦੀ ਕਿਸੇ ਨਾ ਕਿਸੇ ਛੋਟੀ ਵੱਡੀ, ਅਸਲੀ ਜਾਂ ਫ਼ਰਜ਼ੀ ਕਾਗ਼ਜ਼ੀ ਪਾਰਟੀ ਦੇ ਕਿਸੇ ਕਾਰਕੁਨ ਜਾਂ ਲੀਡਰ ਦਾ,ਕਿਸੇ ਗਲੀ ਮੁਹਲੇ ਜਾਂ ਮੰਚ ਤੋਂ ਪੰਜਾਬੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਮਿਲਾਏ ਜਾਣ ਦੀ ਮੰਗ ਬਾਰੇ ਬਿਆਨ ਆ ਜਾਂਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਜਿਨ੍ਹਾਂ ਇਲਾਕਿਆਂ ਵਿਚ ਪੰਜਾਬੀ ਦੀ ਪੜ੍ਹਾਈ ਦੇ ਵਿਦਿਆਰਥੀ ਹਨ, ਉਹ ਕਲ ਨੂੰ ਪੰਜਾਬੀ ਬੋਲਦੇ ਵੀ ਆਖੇ ਜਾ ਸਕਦੇ ਹਨ। ਕਲ ਨੂੰ ਇਨ੍ਹਾਂ ਨੂੰ ਪੰਜਾਬ ਵਿਚ ਮਿਲਾਏ ਜਾਣ ਦੀ ਮੰਗ ਵੀ ਪੈਦਾ ਹੋ ਸਕਦੀ ਹੈ। ਇਸ ਕਾਰਨ ਵੀ ਇਹ ਮਸਲਾ ਸੁਲਝਾਇਆ ਨਹੀਂ ਸੀ ਜਾ ਸਕਿਆ। ਪੰਜਾਬ ਦੀਆਂ ਰਾਜਨੀਤਕ ਮੰਗਾਂ ਦੇ ਪੰਗੇ ਅਤੇ ਸਿੱਖ ਲੀਡਰਸ਼ਿੱਪ ਦਾ ਅੱਖਾਂ ਬੰਦ ਕਰ ਕੇ ਪਿਛਲਗ ਬਣੇ ਰਹਿਣ ਸਦਕਾ ਹੀ, ਸਿੱਖ ਅਜੋਕੀ ਨਿਘਰ ਗਈ ਹਾਲਤ ਵਿਚ ਪਹੁੰਚਿਆ ਹੈ। ਸਿੱਖਾਂ ਦਾ ਸੰਗਠਤ ਹੋਣਾ ਬੇਹੱਦ ਕਠਿਨ ਹੋ ਗਿਆ ਹੈ। ਸਿੱਖਾਂ ਨੇ ਲੰਬੇ ਸੰਘਰਸ਼ ਮਗਰੋਂ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਹਿਯੋਗ ਨਾਲ ਹਰਿਆਣਾ ਸਰਕਾਰ ਨੂੰ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਰਾਜ਼ੀ ਕੀਤਾ ਹੈ। ਇਸ ਪ੍ਰਾਪਤੀ ਦਾ ਮਾਣ ਉਹ ਇਹ ਕਹਿ ਕੇ ਕਰ ਸਕਦੇ ਹਨ ਕਿ ਹਰਿਆਣੇ ਵਿਚ ਇਹ ਉਨ੍ਹਾਂ ਦੀ ਕਈ ਦਹਾਕਿਆਂ ਵਿਚ ਇਕੋ-ਇਕ ਮਹੱਤਵਪੂਰਨ ਪ੍ਰਾਪਤੀ ਹੈ।


Wraich Transport LLS
North American Truck Stop
14320 Slover Ave., Fontana, CA 92337



ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838

**Punjab Times**
**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੋਨੀਆ ਫੇਰੀ ਦੇ ਮੱਦੇਨਜ਼ਰ ਪੰਜਾਬ ਕਾਂਗਰਸ 'ਚ ਧੜੇਬੰਦੀ ਫਿਰ ਉਭਰੀ

**ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ:** ਕਾਂਗਰਸ ਪਾਰਟੀ ਨੇ ਆਪਣੀ ਵਰ੍ਹੇਗੰਢ ਇਸ ਵਾਰ ਅੰਮ੍ਰਿਤਸਰ ਵਿਚ ਮਨਾਉਣ ਦਾ ਫੈਸਲਾ ਕੀਤਾ ਹੈ ਅਤੇ ਕੁਝ ਧਿਰਾਂ ਨੇ ਕਾਂਗਰਸ ਪਾਰਟੀ ਦੇ ਇਸ ਫੈਸਲੇ ਵਿਰੁਧ ਸਿੱਖ ਜਥੇਬੰਦੀਆਂ ਵਿਚ ਪ੍ਰਤੀਕਰਮ ਉਪਜਣ ਦੀ ਸ਼ੰਕਾ ਪ੍ਰਗਟਾਈ ਹੈ। ਉਂਜ ਇਸ ਦਰਮਿਆਨ ਇਸ ਪ੍ਰੋਗਰਾਮ ਨੂੰ ਲੈ ਕੇ ਕਾਂਗਰਸ ਪਾਰਟੀ ਦੇ ਆਪਣੇ ਅੰਦਰ ਹੀ ਸੰਘਰਸ਼ ਤੁਰ ਪਿਆ ਹੈ।

ਕਾਂਗਰਸ ਪ੍ਰਧਾਨ ਅਤੇ ਯੂ.ਪੀ.ਏ. ਦੀ ਚੇਅਰਪਰਸਨ ਸ੍ਰੀਮਤੀ ਸੋਨੀਆ ਗਾਂਧੀ ਦੀ ਪੰਜਾਬ ਫੇਰੀ ਮੌਕੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਧੜੇ ਵਲੋਂ ਕੀਤੇ ਜਾ ਰਹੇ ਸ਼ਕਤੀ ਪ੍ਰਦਰਸ਼ਨ ਨੇ ਪਾਰਟੀ ਦੇ ਸੂਬਾਈ ਆਗੂਆਂ ਵਿਚਲੀ ਧੜੇਬੰਦੀ ਨੂੰ ਇਕ ਵਾਰ ਫਿਰ ਚੌਰਾਹੇ 'ਤੇ ਲਿਆ ਖੜ੍ਹਾ ਕੀਤਾ ਹੈ। ਸ੍ਰੀਮਤੀ ਗਾਂਧੀ 13 ਅਪਰੈਲ ਨੂੰ ਅੰਮ੍ਰਿਤਸਰ ਆ ਰਹੇ ਹਨ। ਇਸ ਦਿਨ ਉਹ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਜਲ੍ਹਿਆਂਵਾਲਾ ਬਾਗ ਜਾਣਗੇ ਅਤੇ ਪਾਰਟੀ ਦੀ 125ਵੀਂ ਵਰ੍ਹੇਗੰਢ ਨੂੰ ਸਮਰਪਿਤ ਰੈਲੀ ਨੂੰ ਸੰਬੋਧਨ ਵੀ ਕਰਨਗੇ।

ਕਾਂਗਰਸ ਪਾਰਟੀ ਆਪਣਾ 125ਵਾਂ ਸਥਾਪਨਾ ਦਿਵਸ ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਰਣਜੀਤ ਐਵੀਨਿਊ ਵਿਖੇ ਮਨਾਏਗੀ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਇਹ ਸਮਾਰੋਹ ਇਸ ਸ਼ਹਿਰ ਵਿਚ ਹੋ ਰਿਹਾ ਹੈ। ਯਾਦ ਰਹੇ ਕਿ ਪਹਿਲਾ ਸਥਾਪਨਾ ਦਿਵਸ ਆਜ਼ਾਦੀ ਤੋਂ ਪਹਿਲਾਂ ਪੰਡਤ ਮੋਤੀ ਲਾਲ ਨਹਿਰੂ ਦੀ ਮੌਜੂਦਗੀ ਵਿਚ ਗੋਲ ਬਾਗ ਵਿਖੇ 1920 ਵਿਚ ਮਨਾਇਆ ਗਿਆ ਸੀ। ਇਸ ਵਾਰ ਇਹ 13 ਅਪਰੈਲ 2010 ਵਿਸਾਖੀ ਵਾਲੇ ਦਿਨ ਮਨਾਇਆ ਜਾ ਰਿਹਾ ਹੈ। ਇਸ ਸਮਾਰੋਹ ਦੇ ਕੋਆਰਡੀਨੇਟਰ ਕੇਂਦਰੀ ਮੰਤਰੀ ਅਨੰਦ ਸ਼ਰਮਾ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਇਸ ਸਮਾਰੋਹ ਦੀ ਪ੍ਰਧਾਨਗੀ ਕਾਂਗਰਸ ਪ੍ਰਧਾਨ ਸ੍ਰੀਮਤੀ ਸੋਨੀਆ ਗਾਂਧੀ ਕਰਨਗੇ। ਉਨ੍ਹਾਂ ਦੇ ਨਾਲ ਪ੍ਰਧਾਨ ਮੰਤਰੀ ਮਨਮੋਹਨ ਸਿੰਘ, ਕਈ ਕੇਂਦਰੀ ਮੰਤਰੀ ਅਤੇ ਸਿਰਕੱਢ ਲੀਡਰ ਵੀ ਪਹੁੰਚਣਗੇ। ਇਸ ਸਮਾਰੋਹ ਦੀਆਂ ਤਿਆਰੀਆਂ ਸਬੰਧੀ ਪੰਜਾਬ ਕਾਂਗਰਸ ਪ੍ਰਧਾਨ ਮਹਿੰਦਰ ਸਿੰਘ ਕੇਪੀ ਪਹਿਲੀ ਅਪਰੈਲ ਨੂੰ ਪਹੁੰਚ ਰਹੇ ਹਨ ਜਦਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 5 ਅਪਰੈਲ ਨੂੰ ਕਾਂਗਰਸੀ ਵਰਕਰਾਂ ਨੂੰ ਲਾਮਬੰਦ ਕਰਨ ਲਈ ਅੰਮ੍ਰਿਤਸਰ ਪਹੁੰਚਣਗੇ। ਕੈਪਟਨ ਅਮਰਿੰਦਰ ਸਿੰਘ ਦੇ ਸਮਰਥਕਾਂ ਦੀ ਮਾਝੇ 'ਚ ਕਾਫੀ ਗਿਣਤੀ ਹੈ ਇਸ ਲਈ ਉਨ੍ਹਾਂ ਦੇ ਆਉਣ ਨਾਲ ਸਿਆਸੀ ਸਰਗਰਮੀਆਂ ਕਾਫ਼ੀ ਤੇਜ਼ ਹੋਣ ਦੀ ਸੰਭਾਵਨਾ ਹੈ।

ਕੁਝ ਪਾਰਟੀ ਹਲਕਿਆਂ ਮੁਤਾਬਕ ਸ੍ਰੀਮਤੀ ਸੋਨੀਆ ਗਾਂਧੀ ਦੀ ਪੰਜਾਬ ਫੇਰੀ ਦੌਰਾਨ ਅੰਮ੍ਰਿਤਸਰ ਵਿਚ ਹੋਣ ਵਾਲੀ ਰੈਲੀ ਨੂੰ ਸਫਲ ਕਰਨ ਲਈ ਸਾਬਕਾ ਮੁੱਖ ਮੰਤਰੀ ਨੇ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰੋਗਰਾਮ ਨੂੰ ਨਜ਼ਰਅੰਦਾਜ਼ ਕਰਦਿਆਂ ਪੂਰੀ ਤਰ੍ਹਾਂ ਕਮਾਂਡ ਸੰਭਾਲ ਲਈ ਹੈ। ਦਿਲਚਸਪ ਤੱਥ ਇਹ ਹੈ ਕਿ ਬੀਤੇ ਸਨਿਚਰਵਾਰ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇਪੀ ਨੇ ਪਾਰਟੀ ਦੇ ਸੂਬਾਈ ਆਗੂਆਂ ਦੀ ਚੰਡੀਗੜ੍ਹ ਵਿਚ ਮੀਟਿੰਗ ਬੁਲਾ ਕੇ ਸ੍ਰੀਮਤੀ ਗਾਂਧੀ ਦੀ ਪੰਜਾਬ ਫੇਰੀ ਦੀਆਂ ਤਿਆਰੀਆਂ ਦੀ ਚਰਚਾ ਕੀਤੀ ਸੀ ਤੇ ਸੀਨੀਅਰ ਪਾਰਟੀ ਆਗੂਆਂ ਦੀਆਂ ਡਿਊਟੀਆਂ ਲਗਾਈਆਂ ਸਨ। ਕੇਪੀ ਵਲੋਂ ਕੀਤੀ ਗਈ ਇਸ ਮੀਟਿੰਗ ਵਿਚ ਕੈਪਟਨ ਅਮਰਿੰਦਰ ਸਿੰਘ ਗੈਰ ਹਾਜ਼ਰ ਸਨ। ਉਨ੍ਹਾਂ ਦਾ ਕਹਿਣਾ ਹੈ ਕਿ ਲੁਧਿਆਣਾ ਵਿਚ ਤਰੀਕ ਹੋਣ ਕਾਰਨ ਉਹ ਪ੍ਰਦੇਸ਼ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਮੀਟਿੰਗ ਦੇ ਮਹਿਜ਼ ਇਕ ਦਿਨ ਬਾਅਦ ਹੀ ਕੇਂਦਰੀ ਮੰਤਰੀ ਅੰਬਿਕਾ ਸੋਨੀ ਅਤੇ ਅਮਰਿੰਦਰ ਸਿੰਘ ਨੇ ਮੁਹਾਲੀ ਵਿਚ ਸੁਖਜਿੰਦਰ ਸਿੰਘ ਰੰਧਾਵਾ ਦੇ ਘਰ ਮਾਝੇ ਨਾਲ ਸਬੰਧਤ ਕਾਂਗਰਸੀ ਆਗੂਆਂ ਦੀ ਮੀਟਿੰਗ ਵੀ ਕੀਤੀ। ਇਸ ਮੀਟਿੰਗ ਦੌਰਾਨ ਇਨ੍ਹਾਂ ਕਾਂਗਰਸੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ ਤੇ ਸਾਬਕਾ ਮੁੱਖ ਮੰਤਰੀ ਨੇ ਮਾਝੇ ਵਿਚ 3 ਰੈਲੀਆਂ ਕਰਨ ਦਾ ਵੀ ਐਲਾਨ ਕੀਤਾ। ਕੇਂਦਰੀ ਮੰਤਰੀ ਵਲੋਂ ਸਾਬਕਾ ਮੁੱਖ ਮੰਤਰੀ ਦੀ ਮੀਟਿੰਗ ਵਿਚ ਸ਼ਮੂਲੀਅਤ ਕਾਰਨ ਇਹ ਵੀ ਕਿਹਾ ਜਾ ਰਿਹਾ ਹੈ ਕਿ ਸਾਬਕਾ ਮੁੱਖ ਮੰਤਰੀ ਨੂੰ ਹਾਈ ਕਮਾਂਡ ਦਾ ਅਸਿੱਧਾ ਥਾਪੜਾ ਹੈ। ਮਹੱਤਵਪੂਰਨ ਤੱਥ ਇਹ ਹੈ ਕਿ ਪਾਰਟੀ ਦੀ ਸੂਬਾ ਕਮੇਟੀ ਦੇ ਪ੍ਰਧਾਨ ਮਹਿੰਦਰ ਸਿੰਘ ਕੇਪੀ ਅਤੇ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਸਮੇਤ ਮਾਝੇ ਦੇ ਸਰਗਰਮ ਆਗੂ ਪ੍ਰਤਾਪ ਸਿੰਘ ਬਾਜਵਾ ਤੇ ਮਾਲਵੇ ਦੇ ਲੀਡਰ ਜਗਮੀਤ ਸਿੰਘ ਬਰਾੜ ਆਦਿ ਕੈਪਟਨ ਵਲੋਂ ਸੱਦੀ ਮੀਟਿੰਗ 'ਚੋਂ ਗੈਰ ਹਾਜ਼ਰ ਸਨ।

ਅੰਬਿਕਾ ਸੋਨੀ ਅਤੇ ਅਮਰਿੰਦਰ ਸਿੰਘ ਵਲੋਂ ਕੀਤੀ ਗਈ ਇਸ ਮੀਟਿੰਗ ਦੌਰਾਨ ਸ੍ਰੀ ਅਸ਼ਵਨੀ ਸੇਖੜੀ ਨੂੰ ਸੋਨੀਆ ਗਾਂਧੀ ਦੀ ਪੰਜਾਬ ਫੇਰੀ ਦੌਰਾਨ ਹੋਣ ਵਾਲੇ ਸਮਾਗਮਾਂ ਦਾ ਕੋਆਰਡੀਨੇਟਰ ਨਿਯੁਕਤ ਕਰ ਦਿੱਤਾ ਹੈ। ਇਸ ਨਿਯੁਕਤੀ ਸਬੰਧੀ ਪੁੱਛੇ ਜਾਣ 'ਤੇ ਸ੍ਰੀ ਸੇਖੜੀ ਨੇ ਕਿਹਾ, "ਮੈਨੂੰ ਤਾਂ ਕੈਪਟਨ ਸਾਹਿਬ ਨੇ ਕੋਆਰਡੀਨੇਟਰ ਨਿਯੁਕਤ ਕੀਤਾ ਹੈ।" ਖਡੂਰ ਸਾਹਿਬ ਇਲਾਕੇ ਦਾ ਇੰਚਾਰਜ ਸਾਬਕਾ ਸੰਸਦ ਮੈਂਬਰ ਰਾਣਾ ਗੁਰਜੀਤ ਸਿੰਘ, ਅੰਮ੍ਰਿਤਸਰ (ਸ਼ਹਿਰੀ) ਲਈ ਜਗਜੀਤ ਸਿੰਘ ਸਹਿਦੇਵ, ਅੰਮ੍ਰਿਤਸਰ (ਦਿਹਾਤੀ) ਲਈ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਅਤੇ ਗੁਰਦਾਸਪੁਰ ਲਈ ਸੁਖਜਿੰਦਰ ਸਿੰਘ ਰੰਧਾਵਾ ਨੂੰ ਪ੍ਰਬੰਧਾਂ ਲਈ ਮੁਖੀ ਨਿਯੁਕਤ ਕੀਤਾ ਹੈ। ਸੂਤਰਾਂ ਮੁਤਾਬਕ ਮਾਝੇ ਦੇ ਬਹੁ-ਗਿਣਤੀ ਕਾਂਗਰਸੀ ਆਗੂਆਂ ਨੇ ਸਮਾਗਮਾਂ ਦੀ ਕਮਾਂਡ ਸਾਬਕਾ ਮੁੱਖ ਮੰਤਰੀ ਨੂੰ ਸੰਭਾਲਣ ਲਈ ਪਾਰਟੀ 'ਤੇ ਦਬਾਅ ਪਾਇਆ।

ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਰੈਲੀ ਨੂੰ ਸਫਲ ਬਣਾਉਣ ਲਈ ਅਮਰਿੰਦਰ ਸਿੰਘ ਨੂੰ ਅੱਗੇ ਲਾਇਆ ਜਾਣਾ ਜ਼ਰੂਰੀ ਹੈ ਕਿਉਂਕਿ ਉਹੀ (ਅਮਰਿੰਦਰ) ਲੋਕਾਂ ਦਾ ਭਾਰੀ ਇਕੱਠ ਜੁਟਾਉਣ ਦੇ ਸਮਰੱਥ ਹਨ। ਇਸ ਮੀਟਿੰਗ ਦੌਰਾਨ ਇਹ ਵੀ ਤੈਅ ਕੀਤਾ ਗਿਆ ਕਿ ਕੈਪਟਨ ਰੈਲੀ ਤੋਂ ਪਹਿਲਾਂ ਲੋਕਾਂ ਨੂੰ ਲਾਮਬੰਦ ਕਰਨ ਲਈ 5, 6, 7 ਅਪਰੈਲ ਨੂੰ ਮਾਝੇ ਦੇ ਤਿੰਨਾਂ ਜ਼ਿਲ੍ਹਿਆਂ ਵਿਚ ਚੇਤਨਾ ਰੈਲੀਆਂ ਕਰਨਗੇ। ਮਹਿੰਦਰ ਸਿੰਘ ਕੇਪੀ ਨੇ ਕੇਂਦਰੀ ਮੰਤਰੀ ਅਤੇ ਸਾਬਕਾ ਮੁੱਖ ਮੰਤਰੀ ਵਲੋਂ ਕੀਤੀ ਮੀਟਿੰਗ ਪ੍ਰਤੀ ਅਣਜਾਣਤਾ ਪ੍ਰਗਟ ਕਰਦਿਆਂ ਕਿਹਾ ਕਿ ਸ੍ਰੀਮਤੀ ਸੋਨੀਆ ਗਾਂਧੀ ਦੀ ਪੰਜਾਬ ਫੇਰੀ ਸਬੰਧੀ ਪ੍ਰੋਗਰਾਮ ਸਰਬ ਭਾਰਤ ਕਾਂਗਰਸ ਕਮੇਟੀ ਵਲੋਂ ਤਿਆਰ ਕੀਤਾ ਜਾਣਾ ਹੈ ਤੇ ਪਾਰਟੀ ਹਾਈ ਕਮਾਂਡ ਇਹ ਪ੍ਰੋਗਰਾਮ ਪ੍ਰਦੇਸ਼ ਕਮੇਟੀ ਰਾਹੀਂ ਲਾਗੂ ਕਰੇਗੀ।

ਉਨ੍ਹਾਂ ਕਿਹਾ ਕਿ ਕਮੇਟੀ ਦਾ ਗਠਨ ਵੀ ਹਾਈ ਕਮਾਂਡ ਨਾਲ ਮਸ਼ਵਰੇ ਤੋਂ ਬਾਅਦ ਹੀ ਕੀਤਾ ਜਾਵੇਗਾ। ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਵੀ ਅੰਬਿਕਾ-ਅਮਰਿੰਦਰ ਮੀਟਿੰਗ 'ਤੇ ਕੋਈ ਟਿੱਪਣੀ ਕਰਨ ਤੋਂ ਨਾਂਹ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਇਸ ਮੀਟਿੰਗ ਬਾਰੇ ਕੋਈ ਜਾਣਕਾਰੀ ਹੀ ਨਹੀਂ ਹੈ। ਅੰਬਿਕਾ-ਅਮਰਿੰਦਰ ਵਲੋਂ ਕੀਤੀ ਗਈ ਇਸ ਮੀਟਿੰਗ ਵਿਚ ਰਾਣਾ ਗੁਰਜੀਤ ਸਿੰਘ, ਸੁਖਬਿੰਦਰ ਸਿੰਘ ਸੁੱਖ ਸਰਕਾਰੀਆ, ਜੀਤਮਹਿੰਦਰ ਸਿੰਘ, ਓਮ ਪ੍ਰਕਾਸ਼ ਸੋਨੀ, ਬਲਬੀਰ ਸਿੰਘ ਸਿੱਧੂ (ਸਾਰੇ ਵਿਧਾਇਕ), ਸੁਰਿੰਦਰ ਸਿੰਗਲਾ, ਅਰਵਿੰਦ ਖੰਨਾ, ਸ਼ਵਿੰਦਰ ਸਿੰਘ ਕੱਥੂਨੰਗਲ, ਜੁਗਲ ਕਿਸ਼ੋਰ, ਹਰਪ੍ਰਤਾਪ ਸਿੰਘ ਅਜਨਾਲਾ, ਤ੍ਰਿਪਤ ਰਾਜਿੰਦਰ ਸਿੰਘ ਬਾਜਵਾ, ਨਸੀਬ ਸਿੰਘ ਗਿੱਲ, ਕੰਵਲਜੀਤ ਸਿੰਘ ਲਾਲੀ, ਰਣਜੀਤ ਸਿੰਘ ਛੱਜਲਵੱਡੀ ਤੇ ਗੁਰਚੇਤ ਭੁੱਲਰ ਹਾਜ਼ਰ ਸਨ।

ਇਸ ਦੌਰਾਨ ਇਹ ਵੀ ਪਤਾ ਲੱਗਾ ਹੈ ਕਿ ਕੁਝ ਪੰਥਕ ਜਥੇਬੰਦੀਆਂ ਕਾਂਗਰਸ ਵਲੋਂ ਅੰਮ੍ਰਿਤਸਰ ਵਿਚ ਕੀਤੇ ਜਾਣ ਵਾਲੇ ਇਸ ਸਮਾਗਮ ਦਾ ਵਿਰੋਧ ਕਰਨ ਲਈ ਕਮਰਕੱਸੇ ਕਰ ਰਹੀਆਂ ਹਨ। ਇਨ੍ਹਾਂ ਜਥੇਬੰਦੀਆਂ ਦਾ ਆਖਣਾ ਹੈ ਕਿ ਇਹ ਪ੍ਰੋਗਰਾਮ ਕਾਂਗਰਸ ਵਲੋਂ ਸਿੱਖਾਂ ਨੂੰ ਚਿੜਾਉਣ ਲਈ ਰੱਖਿਆ ਗਿਆ ਹੈ।

# ਭਿਓਰਾ ਨੂੰ ਉਮਰ ਕੈਦ

ਵਿਚ ਚੱਲਿਆ, ਕਿਉਂਕਿ ਉਸਦੀ ਗ੍ਰਿਫ਼ਤਾਰੀ ਬਾਅਦ ਵਿਚ ਹੋਈ ਸੀ। ਇਸ ਤੋਂ ਬਾਅਦ ਬੁੜੈਲ ਜੇਲ੍ਹ ਵਿਚ ਬੰਦ ਭਿਓਰਾ, ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ ਤੇ ਇਕ ਹੋਰ ਜੇਲ੍ਹ ਮੁਲਾਜ਼ਮ ਦੇਵੀ ਸਿੰਘ ਜੇਲ੍ਹ ਵਿਚ 100 ਫੁੱਟ ਲੰਮੀ ਸੁਰੰਗ ਪੁੱਟ ਕੇ 21 ਅਤੇ 22 ਜਨਵਰੀ 2004 ਦੀ ਦਰਮਿਆਨੀ ਰਾਤ ਨੂੰ ਫ਼ਰਾਰ ਹੋ ਗਏ ਸਨ। ਜਗਤਾਰ ਸਿੰਘ ਹਵਾਰਾ ਨੂੰ ਬਾਅਦ ਵਿਚ ਪੁਲਿਸ ਨੇ ਪਟਿਆਲਾ ਤੋਂ ਅਤੇ ਪਰਮਜੀਤ ਸਿੰਘ ਭਿਓਰਾ ਨੂੰ ਦਿੱਲੀ ਤੋਂ ਤਿੰਨ ਸਾਲ ਬਾਅਦ 2006 ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਪਰ ਇਨ੍ਹਾਂ ਦੇ ਸਾਥੀ ਜਗਤਾਰ ਸਿੰਘ ਤਾਰਾ ਅਤੇ ਦੇਵੀ ਸਿੰਘ ਅਜੇ ਤੱਕ ਪੁਲਿਸ ਦੇ ਹੱਥ ਨਹੀਂ ਆਏ।

ਸਰਕਾਰੀ ਪੱਖ ਅਨੁਸਾਰ ਭਿਓਰਾ ਬੰਬ ਧਮਾਕੇ ਲਈ ਵਰਤੀ ਗਈ ਅੰਬੈਸਡਰ ਕਾਰ ਦਿੱਲੀ ਤੋਂ ਖ਼ਰੀਦ ਕੇ ਲਿਆਇਆ ਸੀ ਤੇ ਉਸਨੇ ਸੈਕਟਰ 7 ਵਿਚ ਇਕ ਪੇਂਟਰ ਤੋਂ ਕਾਰ ਦਾ ਰੰਗ ਰੋਗਨ ਕਰਵਾਇਆ। ਜਦੋਂ ਕਾਰ ਦੀ ਫ਼ੋਟੋ ਅਖ਼ਬਾਰਾਂ ਵਿਚ ਛਪੀ ਤਾਂ ਪੇਂਟਰ ਨੇ ਕਾਰ ਪਛਾਣ ਕੇ ਸੈਕਟਰ 3 ਦੇ ਥਾਣੇ ਵਿਚ ਇਸ ਸਬੰਧੀ ਇਤਲਾਹ ਕੀਤੀ। ਇਹੋ ਹੀ ਪੇਂਟਰ ਬਾਅਦ ਵਿਚ ਸਰਕਾਰੀ ਗਵਾਹ ਬਣਿਆ ਤੇ ਉਸ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ। ਕਾਰ ਨੂੰ ਸਰਕਾਰੀ ਗੱਡੀ ਵਾਂਗ ਰੂਪ ਦਿੱਤਾ ਗਿਆ ਸੀ ਤਾਂ ਕਿ ਕਿਸੇ ਨੂੰ ਸ਼ੱਕ ਨਾ ਹੋਵੇ ਅਤੇ ਕਾਰ ਪੰਜਾਬ ਸਕੱਤਰੇਤ ਦੀ ਪਾਰਕਿੰਗ ਵਿਚ ਸੁਰੱਖਿਅਤ ਪਹੁੰਚਾ ਦਿੱਤੀ ਗਈ।

31 ਅਗਸਤ 1995 ਨੂੰ ਜਿਵੇਂ ਹੀ ਉਸ ਸਮੇਂ ਦੇ ਮੁੱਖ ਮੰਤਰੀ ਬੇਅੰਤ ਸਿੰਘ ਕਾਰ ਵਿਚ ਬੈਠਣ ਲੱਗੇ ਤਾਂ ਮਨੁੱਖੀ ਬੰਬ ਬਣੇ ਦਿਲਾਵਰ ਸਿੰਘ ਨੇ ਬੇਅੰਤ ਸਿੰਘ ਦੀ ਕਾਰ ਨੂੰ ਧਮਾਕੇ ਨਾਲ ਉਡਾ ਦਿੱਤਾ ਸੀ। ਇਸ ਧਮਾਕੇ 'ਚ ਪੁਲਿਸ ਦੇ ਕਮਾਂਡੋਆਂ ਸਣੇ 11 ਹੋਰ ਵਿਅਕਤੀ ਮਾਰੇ ਗਏ ਸਨ। ਇਸ ਵਾਰਦਾਤ ਦੀ ਜ਼ਿੰਮੇਵਾਰੀ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਆਪਣੇ ਸਿਰ ਲਈ ਸੀ। ਇਸ ਤੋਂ ਪਹਿਲਾਂ ਇਸ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ ਅਤੇ ਬਲਵੰਤ ਸਿੰਘ ਨੂੰ ਅਦਾਲਤ 31 ਜੁਲਾਈ 2007 ਨੂੰ ਫਾਂਸੀ ਦੀ ਸਜ਼ਾ ਸੁਣਾ ਚੁੱਕੀ ਹੈ। ਬਲਵੰਤ ਸਿੰਘ ਨੇ ਇਸ ਸਜ਼ਾ ਦੇ ਖ਼ਿਲਾਫ ਅਪੀਲ ਵੀ ਨਹੀਂ ਕੀਤੀ।

ਇਨ੍ਹਾਂ ਤੋਂ ਇਲਾਵਾ ਸ਼ਮਸ਼ੇਰ ਸਿੰਘ, ਗੁਰਮੀਤ ਸਿੰਘ, ਲਖਵਿੰਦਰ ਸਿੰਘ ਨੂੰ ਉਮਰ ਕੈਦ ਅਤੇ ਨਸੀਬ ਸਿੰਘ ਨੂੰ ਇਸ ਮਾਮਲੇ 'ਚ 10 ਸਾਲ ਦੀ ਸਜ਼ਾ ਹੋਈ ਸੀ। ਜ਼ਮਾਨਤ ਨਾ ਹੋਣ 'ਤੇ 12 ਸਾਲ ਜੇਲ੍ਹ ਵਿਚ ਬਿਤਾਉਣ 'ਤੇ ਨਸੀਬ ਸਿੰਘ ਦੀ ਸਜ਼ਾ ਖ਼ਤਮ ਹੋ ਗਈ ਸੀ। ਇਕ ਹੋਰ ਦੋਸ਼ੀ ਨਵਜੋਤ ਸਿੰਘ ਨੂੰ 27 ਅਗਸਤ 2007 ਨੂੰ ਅਦਾਲਤ ਨੇ ਬਰੀ ਕਰ ਦਿੱਤਾ ਸੀ।

# ਅਖ਼ਬਾਰੀ ਸ਼ਰੀਕਾ ਯੁੱਧ ਨੇ ਸਿਖਰ ਛੂਹੀ

ਅਤੇ ਉਦਾਸੀਆਂ ਬਾਰੇ ਤਿੱਖੀਆਂ ਟਿੱਪਣੀਆਂ ਕੀਤੀਆਂ ਗਈਆਂ ਹਨ। ਸਪੋਕਸਮੈਨ ਦੇ ਸੰਪਾਦਕ ਅਨੁਸਾਰ "ਸ੍ਰੀਚੰਦੀਆਂ, ਨਿਰਮਲਿਆਂ ਤੇ ਉਦਾਸੀਆਂ ਨੇ ਹੀ ਬਾਬੇ ਨਾਨਕ ਦੀ ਹੱਥ ਲਿਖਤ 'ਪੋਥੀ ਸਾਹਿਬ' ਤਬਾਹ ਕੀਤੀ ਜਾਂ ਸਾੜੀ ਅਤੇ ਬਾਅਦ ਵਿਚ ਲਿਖ ਦਿੱਤਾ ਕਿ ਜੰਗਾਂ, ਯੁੱਧਾਂ ਦੌਰਾਨ ਇਹ ਪੋਥੀ ਤਬਾਹ ਹੋ ਗਈ ਹੈ।" ਸੰਪਾਦਕ ਨੇ ਅੱਗੇ ਲਿਖਿਆ ਹੈ ਕਿ "ਬਾਬੇ ਨਾਨਕ ਦਾ ਸੁੱਟਿਆ ਹੋਇਆ ਚੋਲਾ ਤਾਂ ਤਬਾਹ ਨਾ ਹੋਇਆ, ਖੜਾਵਾਂ ਤਾਂ ਬਚ ਗਈਆਂ, ਬਾਕੀ ਗੁਰੂਆਂ ਦੀ ਹਰ ਲਿਖਤ ਤੇ ਯਾਦਗਾਰ ਤੇ 35 ਭਗਤਾਂ ਦੀ ਹਰ ਲਿਖਤ ਤੇ ਯਾਦਗਾਰ ਤਾਂ ਬਚ ਗਈ ਪਰ ਯੁੱਧਾਂ ਨੇ ਕੇਵਲ ਬਾਬੇ ਨਾਨਕ ਦੀ ਹੱਥਲਿਖਤ ਬਾਣੀ ਹੀ ਤਬਾਹ ਕੀਤੀ।"

ਅਖ਼ਬਾਰ ਨੇ ਆਪਣੇ ਸੰਪਾਦਕੀ ਵਿਚ ਇਥੋਂ ਤਕ ਲਿਖਿਆ ਕਿ ਨਿਰਮਲਿਆਂ, ਉਦਾਸੀਆਂ ਸ੍ਰੀਚੰਦੀਆਂ ਵਲੋਂ ਬਾਬੇ ਨਾਨਕ ਦੀ ਪਿੱਠ ਵਿਚ ਇਕ ਤੋਂ ਬਾਅਦ ਦੂਜਾ ਛੁਰਾ ਮਾਰਿਆ ਗਿਆ ਹੈ ਅਤੇ ਉਨ੍ਹਾਂ ਵਲੋਂ ਸਿੱਖਾਂ ਨੂੰ ਮੂਰਖ ਬਣਾਇਆ ਗਿਆ ਹੈ। ਉਂਜ ਭਾਵੇਂ ਸਪੋਕਸਮੈਨ ਦੇ ਸੰਪਾਦਕ ਨੇ ਵਿਵਾਦ ਉਠਣ ਤੋਂ ਬਾਅਦ ਇਸ ਸੰਪਾਦਕੀ ਸੰਬੰਧੀ ਮੁਆਫ਼ੀ ਮੰਗ ਲਈ ਸੀ ਪਰ ਕੁਝ ਵਿਦਵਾਨਾਂ ਅਤੇ ਪੱਤਰਕਾਰਾਂ ਵਲੋਂ ਮੁੱਦਾ ਉਠਾਏ ਜਾਣ ਤੋਂ ਪਿਛੋਂ ਜਲੰਧਰੋਂ ਛਪਦੀ ਅਖ਼ਬਾਰ 'ਰੋਜ਼ਾਨਾ ਅਜੀਤ' ਨੇ ਇਸ ਵਿਵਾਦ ਨੂੰ ਤੂਲ ਦੇ ਦਿੱਤੀ ਹੈ। 'ਅਜੀਤ' ਨੇ ਪਿਛਲੇ ਦਿਨੀਂ ਇਸ ਮੁੱਦੇ ਨੂੰ ਲੈ ਕੇ ਆਪਣੇ ਪਹਿਲੇ ਪੰਨੇ ਉਪਰ ਸੰਪਾਦਕੀ ਲਿਖਿਆ ਅਤੇ ਸਪੋਕਸਮੈਨ ਦੇ ਸੰਪਾਦਕ ਨੂੰ ਗੁਰੂ ਨਿੰਦਕ ਆਖਿਆ। ਅਜੀਤ ਦੇ ਮੁੱਖ ਸੰਪਾਦਕ ਬਰਜਿੰਦਰ ਸਿੰਘ ਨੇ ਆਪਣੇ ਸੰਪਾਦਕੀ ਵਿਚ ਕਿਹਾ ਹੈ, "ਸਪੋਕਸਮੈਨ ਦੇ ਸੰਪਾਦਕ ਜੋਗਿੰਦਰ ਸਿੰਘ ਨੇ ਕਿਸੇ ਖਾਸ ਮਨਸ਼ਾ ਅਧੀਨ ਸਿੱਖ ਧਰਮ ਦੀਆਂ ਪਰੰਪਰਾਵਾਂ, ਸਿੱਖ ਰਹਿਤ ਮਰਿਆਦਾ, ਸਿੱਖ ਸੱਭਿਆਚਾਰ ਅਤੇ ਸਿੱਖ ਸਿਧਾਂਤਾਂ ਦਾ ਘਾਣ ਕਰਨ 'ਤੇ ਲੱਕ ਬੰਨ੍ਹਿਆ ਹੋਇਆ ਹੈ। ਕਿਹੜੀ ਨੀਵੀਂ ਪੱਧਰ ਦੀ ਅਤੇ ਘਟੀਆ ਤੋਂ ਘਟੀਆ ਸ਼ਬਦਾਵਲੀ ਇਸ ਵਿਅਕਤੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬਾਨ ਸੰਤ ਮਹਾਪੁਰਸ਼ਾਂ ਅਤੇ ਧਾਰਮਿਕ ਸੰਪਰਦਾਵਾਂ ਵਿਰੁੱਧ ਨਹੀਂ ਵਰਤੀ? ਆਪਣੀਆਂ ਬੇਥਵੀਆਂ ਕਾਰਨ ਹੁਣ ਤਕ ਇਸ ਨੇ ਅਨੇਕਾਂ ਵਾਰ ਮੁਆਫ਼ੀਆਂ ਵੀ ਮੰਗੀਆਂ ਹਨ, ਪਰ ਜਦੋਂ ਬੰਦੇ ਦੀ ਬੁੱਧੀ ਭ੍ਰਿਸ਼ਟ ਹੋ ਜਾਵੇ ਤਾਂ ਉਸ ਦਾ ਇਲਾਜ ਕੋਈ ਕੀ ਕਰੇ? ਇਸ ਨੇ ਨਿਤ ਦਿਨ ਸਿੱਖ ਸਿਧਾਂਤਾਂ ਦਾ ਮੂੰਹ-ਮੱਥਾ ਵਿਗਾੜਨ ਦੇ ਯਤਨ ਦੀਆਂ ਸ਼ਾਤਰਾਨਾ ਚਾਲਾਂ ਚੱਲੀਆਂ ਹਨ।"

ਕੁਝ ਹੋਰ ਲੇਖ ਵੀ ਸਪੋਕਸਮੈਨ ਦੇ ਵਿਰੁੱਧ ਛਪੇ ਹਨ, ਜਿਨ੍ਹਾਂ ਵਿਚ ਇਹੋ ਜਿਹੇ ਹੀ ਦੋਸ਼ ਲਗਾਏ ਗਏ ਹਨ। ਦੂਜੇ ਪਾਸੇ ਸਪੋਕਸਮੈਨ ਦੇ ਸੰਪਾਦਕ ਨੇ ਆਪਣੇ ਹੱਕ ਵਿਚ ਡਾ. ਹਰਜਿੰਦਰ ਸਿੰਘ ਦਿਲਗੀਰ ਸਮੇਤ ਕੁਝ ਵਿਦਵਾਨਾਂ ਨੂੰ ਭੁਗਤਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਆਪਣੇ ਆਪ ਨੂੰ ਸਹੀ ਠਹਿਰਾਇਆ ਹੈ। ਉਸਨੇ ਬਰਜਿੰਦਰ ਸਿੰਘ ਨੂੰ, "ਫੱਫੇਕੁੱਟਣੀਆਂ ਵਾਲਾ ਰੋਲ ਨਿਭਾ ਰਿਹਾ ਜਲੰਧਰੀ ਕਾਮਰੇਡ ਆਖਿਆ ਹੈ" ਜਿਹੜਾ ਸਿੱਖ ਸਿਧਾਂਤ ਦੇ ਕਥਿਤ ਹਨਨ ਉਪਰ ਮਗਰਮੱਛ ਦੇ ਹੰਝੂ ਵਹਾ ਰਿਹਾ ਹੈ।

ਸਪੋਕਸਮੈਨ ਨੇ ਆਪਣੀਆਂ ਰਿਪੋਰਟਾਂ ਵਿਚ ਇਹ ਸਵਾਲ ਵੀ ਉਠਾਏ ਹਨ ਕਿ ਅਜੀਤ ਦੇ ਸੰਪਾਦਕ ਨੂੰ ਅੱਜ ਅਕਾਲ ਤਖ਼ਤ ਦੀ ਮਰਿਆਦਾ ਯਾਦ ਆ ਗਈ ਹੈ ਜਦੋਂਕਿ ਉਹ ਭਾਈ ਰਣਜੀਤ ਸਿੰਘ ਦੀ ਜਥੇਦਾਰੀ ਵੇਲੇ ਬਿਲਕੁਲ ਇਹੋ ਕੁਝ ਕਰਦਾ ਰਿਹਾ ਹੈ ਅਤੇ ਸ੍ਰੀ ਅਕਾਲ ਤਖ਼ਤ ਦੀ ਹੀ ਮਰਿਆਦਾ ਦੀਆਂ ਆਪ ਧੱਜੀਆਂ ਉਡਾਉਂਦਾ ਰਿਹਾ ਹੈ।

ਅਜੀਤ ਨੇ ਇਸ ਤੋਂ ਅੱਗੇ ਵਧਦਿਆਂ ਸਪੋਕਸਮੈਨ ਦੀਆਂ ਕਾਪੀਆਂ ਸਾੜੇ ਜਾਣ ਦੀਆਂ ਫ਼ੋਟੋਆਂ ਵੀ ਵਧਾ-ਚੜ੍ਹਾ ਕੇ ਲਾਈਆਂ ਹਨ ਅਤੇ ਆਪਣੇ ਹੱਕ ਵਿਚ ਦਮਦਮੀ ਟਕਸਾਲ, ਸੰਤ ਸਮਾਜ, ਸ੍ਰੀਚੰਦੀਆਂ ਤੇ ਨਿਰਮਲੇ ਪੰਥ ਦੇ ਬਿਆਨਾਂ ਦੀ ਝੜੀ ਵੀ ਲਗਾਈ ਹੈ। ਇਥੋਂ ਤੱਕ ਕਿ ਇਕ-ਦੂਜੇ ਦੀ ਹੋਂਦ-ਹਸਤੀ ਮਿਟਾਉਣ ਦੀਆਂ ਗੱਲਾਂ ਵੀ ਹਵਾ ਵਿਚ ਤੁਰ ਰਹੀਆਂ ਹਨ। ਅਸਲ ਵਿਚ ਗੁਰੂ ਗ੍ਰੰਥ ਸਾਹਿਬ ਦੀ ਜਾਂ ਸਿੱਖ ਸਿਧਾਂਤ ਦੀ ਉਲੰਘਣਾ ਦੀ ਆੜ ਵਿਚ ਇਹ ਦੋ ਅਖ਼ਬਾਰਾਂ ਦਾ ਸ਼ਰੀਕਾ ਸੰਘਰਸ਼ ਬਣ ਗਿਆ ਹੈ। ਅਖ਼ਬਾਰਾਂ ਲਈ ਅੱਜ ਕਿਸੇ ਵੀ ਧਰਮ ਜਾਂ ਧਾਰਮਿਕ ਸਿਧਾਂਤ ਨਾਲੋਂ ਬਿਜ਼ਨਸ ਵਧੇਰੇ ਅਹਿਮ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿੱਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਪੰਜਾਬ ਦੇ 13 ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਪਾਜ਼ੇਟਿਵ

**ਪੰਜਾਬ ਟਾਈਮਜ਼ ਬਿਊਰੋ**

**ਲੁਧਿਆਣਾ:** ਪਿਛਲੇ ਕਈ ਸਾਲਾਂ ਤੋਂ ਕੁਝ ਕਬੱਡੀ ਖਿਡਾਰੀਆਂ ਉਪਰ ਤਾਕਤ ਵਧਾਊ ਦਵਾਈਆਂ ਦੀ ਵਰਤੋਂ ਦੇ ਲੱਗ ਰਹੇ ਦੋਸ਼ ਬੀਤੀ 28 ਮਾਰਚ ਨੂੰ ਜੱਗ ਜਾਹਿਰ ਹੋ ਗਏ। ਪੰਜਾਬ ਖੇਡ ਵਿਭਾਗ ਦੁਆਰਾ ਅਪ੍ਰੈਲ ਦੇ ਪਹਿਲੇ ਹਫਤੇ ਕਰਵਾਏ ਜਾ ਰਹੇ ਵਿਸ਼ਵ ਕਬੱਡੀ ਕੱਪ ਲਈ ਭਾਰਤੀ ਟੀਮ ਦੇ ਪਹਿਲੇ ਗੇੜ ਦੇ ਟ੍ਰਾਇਲਾਂ ਦੌਰਾਨ ਚੁਣੇ ਗਏ 29 ਸੰਭਾਵੀ ਖਿਡਾਰੀਆਂ ਵਿਚੋਂ 13 ਖਿਡਾਰੀਆਂ ਦੇ ਡੋਪ ਟੈਸਟ ਪਾਜ਼ੇਟਿਵ ਆਏ ਹਨ। ਇਸ ਤੋਂ ਇਲਾਵਾ ਪੰਜ ਉਹ ਖਿਡਾਰੀ ਵੀ ਡੋਪ ਵਿਵਾਦ ਵਿਚ ਫਸ ਗਏ ਹਨ ਜਿਨ੍ਹਾਂ ਨੇ 20 ਮਾਰਚ ਨੂੰ ਲੁਧਿਆਣਾ ਵਿਚ ਹੋਏ ਟ੍ਰਾਇਲਾਂ ਤੋਂ ਬਾਅਦ ਆਪਣੇ ਪਿਸ਼ਾਬ ਦੇ ਨਮੂਨੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਇਥੋਂ ਦੇ ਗੁਰੂ ਨਾਨਕ ਸਟੇਡੀਅਮ ਵਿਖੇ ਡੋਪ ਟੈਸਟ ਪੈਨਲ ਦੇ ਚੇਅਰਮੈਨ ਡਾਕਟਰ ਮਨਮੋਹਨ ਸਿੰਘ ਅਤੇ ਪੰਜਾਬ ਖੇਡ ਵਿਭਾਗ ਦੇ ਡਾਇਰੈਕਟਰ ਪ੍ਰਗਟ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਨੈਸ਼ਨਲ ਐਂਟੀ ਡੋਪਿੰਗ ਏਜੰਸੀ (ਨਾਡਾ) ਦੁਆਰਾ 20 ਮਾਰਚ ਨੂੰ 29 ਖਿਡਾਰੀਆਂ ਦੇ ਡੋਪ ਟੈਸਟ ਲਈ ਨਮੂਨੇ ਲਏ ਗਏ ਸਨ ਜਿਹਨਾਂ ਵਿਚੋਂ ਲਖਵਿੰਦਰ ਸਿੰਘ (ਦਿਓਲ), ਸੰਦੀਪ ਕੁਮਾਰ ਹਰਿਆਣਾ, ਤਲਵਿੰਦਰ ਸਿੰਘ, ਬਚਿੱਤਰ ਸਿੰਘ ਤਰਨਤਾਰਨ, ਹਰਪ੍ਰੀਤ ਸਿੰਘ ਨੋਨਾ ਰੌਣੀ, ਹਰਵਿੰਦਰ ਸਿੰਘ, ਕੇਵਲ ਸਿੰਘ ਭਾਊ ਜੋਤੇਵਾਲਾ, ਹਰਪ੍ਰੀਤ ਸਿੰਘ, ਬਜਿੰਦਰ ਸਿੰਘ ਹਰਿਆਣਾ, ਸੀਲੂ ਹਰਿਆਣਾ, ਅਨਿਲ ਕੁਮਾਰ ਹਰਿਆਣਾ, ਆਤਮਾ ਸਿੰਘ ਹਨ। ਇਨ੍ਹਾਂ ਖਿਡਾਰੀਆਂ ਨੂੰ ਕੋਚਿੰਗ ਕੈਂਪ ਵਿਚੋਂ ਕੱਢ ਦਿੱਤਾ ਗਿਆ ਹੈ। ਇਸਤੋਂ ਇਲਾਵਾ ਪੰਜ ਹੋਰ ਖਿਡਾਰੀ ਪ੍ਰਤਾਪ ਸਿੰਘ, ਗੁਰਪ੍ਰੀਤ ਸਿੰਘ ਜਰਗੜੀ, ਅਮ੍ਰਿਤਪਾਲ ਸਿੰਘ, ਗੁਰਦੀਪ ਸਿੰਘ, ਬਲਰਾਜ ਸਿੰਘ ਬਾਜੀ ਜੰਡ ਜਿਨ੍ਹਾਂ ਨੇ ਡੋਪ ਟੈਸਟ ਨਹੀਂ ਕਰਵਾਇਆ ਸੀ, ਉਹ ਵੀ ਕੈਂਪ ਤੋਂ ਬਾਹਰ ਕਰ ਦਿੱਤੇ ਹਨ। ਇਸ ਤਰ੍ਹਾਂ ਕੁਲ 18 ਖਿਡਾਰੀ ਡੋਪ ਟੈਸਟ ਦੀ ਮਾਰ ਹੇਠ ਆ ਗਏ ਹਨ ਜਿਨ੍ਹਾਂ ਨੂੰ ਭਵਿੱਖ ਵਿਚ ਦੋ ਸਾਲ ਖੇਡਣ ਦੀ ਪਾਬੰਦੀ ਦਾ ਸਾਹਮਣਾ ਕਰਨਾ ਪਵੇਗਾ।

ਜੋ ਖਿਡਾਰੀ ਡੋਪ ਟੈਸਟ ਵਿਚੋਂ ਪਾਸ ਹੋਏ ਹਨ, ਉਨ੍ਹਾਂ ਵਿਚ ਅਜੀਤਪਾਲ ਸਿੰਘ ਲਾਲੀ ਬੁਟਾਹਰੀ, ਜਤਿੰਦਰ ਸਿੰਘ ਬੈਂਸ, ਗੁਰਦਰਸ਼ਨ ਸਿੰਘ ਗੋਲੂ ਗੰਜਣਵਾਲਾ, ਹਰਦੀਪ ਸਿੰਘ ਪੱਡੋਰੀ, ਨਰਮਿੰਦਰ ਸਿੰਘ ਢੰਡਰੀਆ, ਖੁਸ਼ਦੀਪ ਸਿੰਘ ਦਿੜਬਾ, ਮਨਜਿੰਦਰ ਸਿੰਘ ਅਲੀਪੁਰ, ਹਰਮੀਤ ਸਿੰਘ ਗੋਗੀ ਜਰਗੜੀ, ਲਖਵਿੰਦਰ ਸਿੰਘ ਲਾਡੀ ਉਟਾਲਾ, ਗੁਲਜ਼ਾਰ ਸਿੰਘ ਮੂਣਕ, ਮਨਿੰਦਰਜੀਤ ਸਿੰਘ ਵਿੱਕੀ ਘਨੌਰ, ਮਹਿੰਦਰ ਸਿੰਘ ਬਿਦੇਸ਼ਾ, ਮਨਜੋਤ ਸਿੰਘ ਮਾਛੀਵਾੜਾ, ਕਰਤਾਰ ਸਿੰਘ ਨੂੰ ਖੇਡਣ ਯੋਗ ਮੰਨਿਆ ਗਿਆ ਹੈ। ਡਾਕਟਰ ਮਨਮੋਹਨ ਸਿੰਘ ਨੇ ਦੱਸਿਆ ਕਿ 27 ਮਾਰਚ ਨੂੰ ਦੂਜੇ ਗੇੜ ਦੇ ਟ੍ਰਾਇਲਾਂ ਦੌਰਾਨ ਚੁਣੇ ਗਏ 16 ਖਿਡਾਰੀਆਂ ਦੇ ਡੋਪ ਟੈਸਟ ਵੀ ਕੀਤੇ ਗਏ ਹਨ ਜਿਸ ਦੀ ਰਿਪੋਰਟ ਆਉਂਦੇ ਦਿਨਾਂ ਵਿਚ ਆ ਜਾਵੇਗੀ। ਉਨ੍ਹਾਂ ਆਖਿਆ ਡੋਪ ਟੈਸਟ ਦੇ ਦੋਸ਼ੀ ਪਾਏ ਗਏ ਖਿਡਾਰੀ ਜੇਕਰ ਅਜੇ ਵੀ ਕੋਈ ਸ਼ੱਕ ਹੈ ਤਾਂ ਉਹ 180 ਡਾਲਰ ਦੀ ਫੀਸ ਜਮ੍ਹਾਂ ਕਰਵਾਕੇ ਆਪਣਾ ਡੋਪ ਟੈਸਟ ਦੁਬਾਰਾ ਕਰਵਾ ਸਕਦੇ ਹਨ। ਪ੍ਰਗਟ ਸਿੰਘ ਨੇ ਆਖਿਆ ਕਿ ਵਿਸ਼ਵ ਕਬੱਡੀ ਕੱਪ ਵਿਚ ਵੀ ਮੈਚਾਂ ਦੌਰਾਨ ਖਿਡਾਰੀ ਦੇ ਡੋਪ ਟੈਸਟ ਲਏ ਜਾਣਗੇ ਇਸ ਸਬੰਧੀ ਕੇਂਦਰੀ ਖੇਡ ਮੰਤਰੀ ਡਾ. ਐਮ.ਐਸ.ਗਿੱਲ ਵੀ ਪੂਰਾ ਸਹਿਯੋਗ ਦੇ ਰਹੇ ਹਨ। ਦੱਸਣਯੋਗ ਹੈ ਕਿ 20 ਮਾਰਚ ਨੂੰ ਲਏ ਗਏ ਟ੍ਰਾਇਲਾਂ ਤੋਂ ਬਾਅਦ ਨਾਡਾ ਪੂਰੀ ਤਰ੍ਹਾਂ ਸੁਚੇਤ ਹੋ ਗਈ ਸੀ ਅਤੇ ਇਸ ਸੰਸਥਾ ਦੁਆਰਾ ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਪੰਜਾਬ ਦੇ ਪ੍ਰਮੁੱਖ ਕਬੱਡੀ ਦੌਰਾਨ ਖਿਡਾਰੀਆਂ ਦੇ ਅਚਨਚੇਤ ਡੋਪ ਟੈਸਟ ਕਰਨ ਦਾ ਐਲਾਨ ਵੀ ਕੀਤਾ ਸੀ।

ਡੋਪਿੰਗ ਟੈਸਟ ਵਿਚ ਪਾਜ਼ੇਟਿਵ ਪਾਏ ਜਾਣ ਵਾਲੇ ਖਿਡਾਰੀਆਂ ਨੂੰ ਹਰਗਿਜ਼ ਖੇਡਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਇਹ ਗੱਲ ਵਿਸ਼ਵ ਕਬੱਡੀ ਕੱਪ ਦੀ ਆਰਗੇਨਾਈਜ਼ਿੰਗ ਕਮੇਟੀ ਸੀਨੀਅਰ ਵਾਈਸ ਚੇਅਰਮੈਨ ਬਿਕਰਮ ਸਿੰਘ ਮਜੀਠੀਆ ਨੇ ਇਥੇ ਵਿਸ਼ਵ ਕਬੱਡੀ ਕੱਪ ਦੇ ਸਬੰਧ ਵਿਚ ਕਰਵਾਈ ਗਈ ਪ੍ਰੈੱਸ ਮਿਲਣੀ ਦੌਰਾਨ ਕਹੀ। ਕਿਸੇ ਵੀ ਟੈਸਟ 'ਚ ਫੇਲ੍ਹ ਖਿਡਾਰੀ ਨੂੰ ਟੂਰਨਾਮੈਂਟ 'ਚ ਸ਼ਾਮਲ ਨਹੀਂ ਕੀਤਾ ਜਾਵੇਗਾ।

ਬਿਕਰਮ ਸਿੰਘ ਮਜੀਠੀਆ ਅਤੇ ਵਾਈਸ ਚੇਅਰਮੈਨ ਸਿਕੰਦਰ ਸਿੰਘ ਮਲੂਕਾ ਨੇ ਦੱਸਿਆ ਕਿ ਬਰਤਾਨੀਆ (ਯੂ.ਕੇ.) ਯੂਨਾਈਟਿਡ ਸਟੇਟ ਆਫ ਅਮਰੀਕਾ, ਕੈਨੇਡਾ, ਪਾਕਿਸਤਾਨ, ਇਰਾਨ, ਇਟਲੀ, ਸਪੇਨ, ਨਾਰਵੇ ਅਤੇ ਮੇਜ਼ਬਾਨ ਭਾਰਤ ਦੀਆਂ 10 ਟੀਮਾਂ ਵਲੋਂ ਇਸ ਟੂਰਨਾਮੈਂਟ ਵਿਚ ਹਿੱਸਾ ਲਿਆ ਜਾ ਰਿਹਾ ਹੈ।

ਇਨਾਮਾਂ ਦਾ ਐਲਾਨ ਕਰਦੇ ਹੋਏ ਸ੍ਰੀ ਮਜੀਠੀਆ ਨੇ ਕਿਹਾ ਕਿ ਜੇਤੂ ਟੀਮ ਨੂੰ ਇਕ ਕਰੋੜ ਰੁਪਇਆ ਦਿੱਤਾ ਜਾਵੇਗਾ, ਜਦਕਿ ਦੂਜੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ 51 ਲੱਖ



ਰੁਪਏ, ਤੀਜੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ 25 ਲੱਖ ਰੁਪਏ ਅਤੇ ਚੌਥੇ ਸਥਾਨ ਲਈ 10 ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਹਿੱਸਾ ਲੈਣ ਵਾਲੀਆਂ ਹੋਰ ਟੀਮਾਂ ਨੂੰ 5-5 ਲੱਖ ਰੁਪਏ ਦਿੱਤੇ ਜਾਣਗੇ। ਸੈਮੀਫਾਈਨਲ 'ਚ ਜਾਣ ਵਾਲੀਆਂ ਟੀਮਾਂ ਦੇ ਸਭ ਤੋਂ ਵਧੀਆ ਧਾਵੀਆਂ ਅਤੇ ਜਾਫੀਆਂ ਨੂੰ ਟਰੈਕਟਰ ਦਿੱਤੇ ਜਾਣ ਦਾ ਫੈਸਲਾ ਕੀਤਾ ਗਿਆ। ਇਸਤੋਂ ਇਲਾਵਾ ਹਰੇਕ ਮੈਚ ਵਿਚ ਸਾਰੀਆਂ ਟੀਮਾਂ ਦੇ ਵਧੀਆ ਧਾਵੀਆਂ ਅਤੇ ਜਾਫੀਆਂ ਨੂੰ ਮੋਟਰਸਾਈਕਲ ਦਿੱਤੇ ਜਾਣਗੇ। ਉਨ੍ਹਾਂ ਖੇਡ ਟੂਰਨਾਮੈਂਟ ਹਰ ਸਾਲ ਕਰਾਉਣ ਦਾ ਐਲਾਨ ਕੀਤਾ।

ਸ੍ਰੀ ਮਜੀਠੀਆ ਨੇ ਕਿਹਾ ਕਿ ਵਿਸ਼ਵ ਕੱਪ ਕਬੱਡੀ ਪੰਜਾਬ 2010 ਡਰੱਗ ਮੁਕਤ ਉੱਚ ਕੋਟੀ ਦਾ ਅੰਤਰਰਾਸ਼ਟਰੀ ਟੂਰਨਾਮੈਂਟ ਹੋਵੇਗਾ ਅਤੇ ਡਾ. ਮਨਮੋਹਨ ਸਿੰਘ ਅਤੇ ਡਾ. ਮਨੀਸ਼ ਚੰਦਰਾ ਨੇ ਅਗਵਾਈ ਹੇਠ ਮੈਡੀਕਲ ਐਂਟੀਡੋਪਿੰਗ ਕਮੇਟੀ ਨੇ ਪਹਿਲਾਂ ਹੀ ਕਾਰਜ ਕਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ 3 ਅਪ੍ਰੈਲ ਨੂੰ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਵਿਖੇ ਇਸ ਦਾ ਉਦਘਾਟਨ ਹੋਵੇਗਾ, ਜਦਕਿ 12 ਅਪ੍ਰੈਲ ਨੂੰ ਗੁਰੂ ਨਾਨਕ ਸਟੇਡੀਅਮ ਲੁਧਿਆਣਾ ਵਿਖੇ ਖੇਡਾਂ ਦਾ ਸਮਾਪਤੀ ਸਮਾਰੋਹ ਹੋਵੇਗਾ। ਸਕੱਤਰ ਖੇਡਾਂ ਪੀ.ਐਸ. ਔਜਲਾ ਅਨੁਸਾਰ ਇਹ ਮੈਚ ਸਪੋਰਟਸ ਸਟੇਡੀਅਮ ਸੰਗਰੂਰ, ਬਠਿੰਡਾ, ਗੁਰੂ ਨਾਨਕ ਸਟੇਡੀਅਮ ਅੰਮ੍ਰਿਤਸਰ, ਗੁਰੂ ਗੋਬਿੰਦ ਸਿੰਘ ਸਟੇਡੀਅਮ ਜਲੰਧਰ, ਗੌਰਮਿੰਟ ਕਾਲਜ ਸਟੇਡੀਅਮ ਗੁਰਦਾਸਪੁਰ ਤੇ ਹੁਸ਼ਿਆਰਪੁਰ ਵਿਖੇ ਹੋਣਗੇ।

ਸ੍ਰੀ ਔਜਲਾ ਨੇ ਕਿਹਾ ਕਿ ਸਾਰੇ ਮੈਚਾਂ ਦਾ ਪੀ.ਟੀ.ਸੀ. 'ਤੇ ਸਿੱਧਾ ਪ੍ਰਸਾਰਨ ਹੋਵੇਗਾ। ਕਾਮੇਡੀਅਨ ਭਗਵੰਤ ਮਾਨ ਅਤੇ ਮਾਸਟਰ ਸਲੀਮ, ਸਤਵਿੰਦਰ ਬਿੱਟੀ, ਮਨਪ੍ਰੀਤ ਅਖ਼ਤਰ ਅਤੇ ਜਸਵੀਰ ਜੱਸੀ ਸਮੇਤ ਹੋਰ ਕਲਾਕਾਰ ਮੈਚਾਂ ਵਾਲੀਆਂ ਸਾਰੀਆਂ ਥਾਵਾਂ 'ਤੇ ਦਰਸ਼ਕਾਂ ਦਾ ਮਨੋਰੰਜਨ ਕਰਨਗੇ। ਜਥੇਬੰਦਕ ਸਕੱਤਰ ਪ੍ਰਗਟ ਸਿੰਘ ਨੇ ਦੱਸਿਆ ਕਿ ਪੰਜਾਬ ਖੇਡ ਵਿਭਾਗ ਨੇ ਲਾਇਜ਼ਨ ਅਫਸਰ ਨਿਯੁਕਤ ਕੀਤੇ ਹਨ, ਜੋ ਹਿੱਸਾ ਲੈ ਰਹੀ ਹਰੇਕ ਟੀਮ ਨਾਲ ਲਾਏ ਜਾਣਗੇ।

ਰਾਸ਼ਟਰੀ ਕੋਚ ਅਤੇ ਆਪਣੇ ਸਮੇਂ ਦੇ ਉਘੇ ਕਬੱਡੀ ਖਿਡਾਰੀ ਦੇਵੀ ਦਿਆਲ ਨੂੰ ਵਿਸ਼ਵ ਕਬੱਡੀ ਕੱਪ ਦਾ ਤਕਨੀਕੀ ਡਾਇਰੈਕਟਰ ਬਣਾਇਆ ਗਿਆ ਹੈ ਜਦੋਂਕਿ ਭਾਰਤੀ ਕਬੱਡੀ ਟੀਮ ਦੇ ਸੀਨੀਅਰ ਕੋਚ ਵਜੋਂ ਹਰਪ੍ਰੀਤ ਸਿੰਘ ਬਾਬਾ ਬਠਿੰਡਾ, ਬਲਵੀਰ ਸਿੰਘ ਬਿੱਟੂ ਅਤੇ ਜਸਪਾਲ ਬਾਂਗਰ ਨੂੰ ਨਿਯੁਕਤ ਕੀਤਾ ਗਿਆ ਹੈ। ਇਸਤੋਂ ਇਲਾਵਾ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਜਨਰਲ ਸਕੱਤਰ ਗੁਰਦੀਪ ਸਿੰਘ ਮੱਲੀ ਭਾਰਤੀ ਟੀਮ ਦੇ ਮੈਨੇਜਰ ਹੋਣਗੇ। ਪਹਿਲਵਾਨ ਗੁਰਮੇਲ ਸਿੰਘ, ਸੀਨੀਅਰ ਮੀਤ ਪ੍ਰਧਾਨ ਪੰਜਾਬ ਕਬੱਡੀ ਐਸੋਸੀਏਸ਼ਨ ਅਤੇ ਸੁਰਿੰਦਰਪਾਲ ਸਿੰਘ, ਪ੍ਰਧਾਨ ਪੰਜਾਬ ਕਬੱਡੀ ਅਕੈਡਮੀਜ਼ ਐਸੋਸੀਏਸ਼ਨ, ਨੂੰ ਵਿਸ਼ਵ ਕੱਪ ਦੀ ਕਮੇਟੀ ਦਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਪੰਜਾਬ ਸਰਕਾਰ ਨੇ ਇਸ ਕਬੱਡੀ ਕੱਪ ਨੂੰ ਪੂਰੀ ਤਰ੍ਹਾਂ ਡਰੱਗਸ ਤੋਂ ਮੁਕਤ ਕਰਨ ਦਾ ਫੈਸਲਾ ਕੀਤਾ ਹੈ। ਕਈ ਧਿਰਾਂ ਵਲੋਂ ਸਰਕਾਰ ਦੀ ਕਬੱਡੀ 'ਤੇ ਏਨਾ ਪੈਸਾ ਖਰਚਣ ਲਈ ਅਲੋਚਨਾ ਕੀਤੀ ਜਾ ਰਹੀ ਹੈ।

## ਰੁੜਕੇ ਦੇ ਜਵਾਨਾਂ ਡਰਬਨ 'ਚ ਇਤਿਹਾਸ ਰਚਿਆ

**ਜਲੰਧਰ:** ਡਰਬਨ (ਦੱਖਣੀ ਅਫਰੀਕਾ) ਵਿਖੇ 27 ਮਾਰਚ ਨੂੰ ਡੈਲੋਇਟ ਸਟਰੀਟ ਚਾਈਲਡ ਵਰਲਡ ਕੱਪ ਫੁਟਬਾਲ ਟੂਰਨਾਮੈਂਟ 'ਚ ਯੂਥ ਫੁਟਬਾਲ ਕਲੱਬ ਰੁੜਕਾ ਕਲਾਂ ਦੀ ਟੀਮ ਨੇ ਸ਼ਾਨਦਾਰ ਜਿੱਤ ਹਾਸਲ ਕਰਦੇ ਹੋਏ ਇਸ ਕੱਪ 'ਤੇ ਕਬਜ਼ਾ ਜਮਾ ਲਿਆ। ਖਾਲਸਾ ਫੁਟਬਾਲ ਅਕੈਡਮੀ ਦੇ ਸਹਿਯੋਗ ਨਾਲ ਗਈ ਯੂਥ ਫੁਟਬਾਲ ਅਕੈਡਮੀ ਰੁੜਕਾਂ ਕਲਾਂ ਦੀ ਟੀਮ ਨੇ 8 ਦੇਸ਼ਾਂ ਦੇ ਇਸ ਵੱਕਾਰੀ ਫੁਟਬਾਲ ਟੂਰਨਾਮੈਂਟ ਨੂੰ ਜਿੱਤ ਕੇ ਇਤਿਹਾਸ ਰਚਦਿਆਂ ਭਾਰਤ ਦਾ ਨਾਂ ਰੌਸ਼ਨ ਕੀਤਾ ਹੈ।

ਫੁਟਬਾਲ ਖੇਡ ਨੂੰ ਪ੍ਰਫੁੱਲਤ ਕਰਨ ਵਿਚ ਆਪਣਾ ਯੋਗਦਾਨ ਪਾ ਰਹੀ ਇਸ ਕਲੱਬ ਨੇ ਭਾਰਤ ਦੀ ਫੁਟਬਾਲ ਟੀਮ ਨੂੰ ਅਨਵਰ ਅਲੀ ਵਰਗਾ ਤੇਜ਼ ਡਿਫੈਂਡਰ ਦਿੱਤਾ ਹੈ ਅਤੇ ਰਾਸ਼ਟਰੀ ਟੂਰਨਾਮੈਂਟ ਵਿਚ ਵੀ ਪੰਜਾਬ ਦਾ ਨਾਂ ਰੌਸ਼ਨ ਕੀਤਾ ਹੈ। ਕਲੱਬ ਦੇ ਪ੍ਰਧਾਨ ਗੁਰਮੰਗਲ ਦਾਸ ਨੇ ਦੱਸਿਆ ਕਿ ਇਸ ਕੱਪ ਦੇ ਫਾਈਨਲ ਮੈਚ ਵਿਚ ਕਲੱਬ ਦੀ ਟੀਮ ਨੇ ਤਰਜਾਨੀਆ ਦੀ ਟੀਮ ਨੂੰ ਫਸਵੇਂ ਮੁਕਾਬਲੇ ਵਿਚ ਹਰਾਇਆ। ਖੇਡ ਦੇ 28ਵੇਂ ਮਿੰਟ ਵਿਚ ਟੀਮ ਦੇ ਖਿਡਾਰੀ ਮਨਪ੍ਰੀਤ ਸਿੰਘ ਨੇ ਗੋਲ ਕਰਕੇ ਇਤਿਹਾਸ ਰਚ ਦਿੱਤਾ। ਉਨ੍ਹਾਂ ਦੱਸਿਆ ਕਿ ਇਸ ਅਕੈਡਮੀ ਦੀ ਸ਼ੁਰੂਆਤ ਕਲੱਬ ਦੇ ਵਲੰਟੀਅਰਾਂ ਨੇ ਟੂਰਨਾਮੈਂਟ ਤੋਂ ਜਿੱਤੇ ਹੋਏ ਪੈਸਿਆਂ ਨਾਲ ਕੀਤੀ ਸੀ ਅਤੇ ਇਹ ਸੰਸਥਾ ਵਿਸ਼ਵ ਪੱਧਰ ਦਾ ਸਟੇਡੀਅਮ ਤੇ ਹੋਸਟਲ ਬਣਾ ਕੇ 13 ਸਟਾਫ ਮੈਂਬਰਾਂ ਤੇ 200 ਖਿਡਾਰੀਆਂ ਨੂੰ ਸੰਭਾਲ ਰਹੀ ਹੈ। ਅਕੈਡਮੀ ਨੂੰ ਚਲਾਉਣ ਲਈ ਸਾਲ ਦੌਰਾਨ 24 ਲੱਖ ਰੁਪਏ ਖਰਚ ਆਉਂਦਾ ਹੈ ਜਿਸ ਵਿਚੋਂ ਸਾਢੇ ਤਿੰਨ ਲੱਖ ਰੁਪਏ ਖੇਡ ਵਿਭਾਗ ਪੰਜਾਬ ਵਲੋਂ ਕੁਝ ਪਰਵਾਸੀ ਭਾਰਤੀਆਂ ਵਲੋਂ ਤੇ 6 ਲੱਖ ਰੁਪਏ ਜੇ.ਸੀ.ਟੀ. ਵਲੋਂ ਦਿੱਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਅਕੈਡਮੀ ਵਿਚ ਰਹਿ ਰਹੇ ਖਿਡਾਰੀਆਂ ਨੂੰ ਟ੍ਰੇਨਿੰਗ ਦੇਣ ਲਈ 6 ਕੋਚ, 3 ਅਧਿਆਪਕ ਅਤੇ ਹੋਰ ਮੁਲਾਜਮ ਰੱਖੇ ਗਏ ਹਨ। ਉਨ੍ਹਾਂ ਮੁੱਖ ਮੰਤਰੀ ਪੰਜਾਬ ਅਤੇ ਕੇਂਦਰੀ ਖੇਡ ਮੰਤਰਾਲੇ ਤੋਂ ਮੰਗ ਕੀਤੀ ਕਿ ਪੇਂਡੂ ਖੇਤਰ ਦੀ ਇਸ ਸੰਸਥਾ ਦੀ ਵੱਧ ਤੋਂ ਵੱਧ ਮਦਦ ਕੀਤੀ ਜਾਵੇ।

# ਪੈਲਾਟਾਈਨ ਗੁਰੂ ਘਰ ਚੋਣਾਂ: ਬੈਲਟ ਪੇਪਰ ਦਾ ਰੇੜਕਾ ਆਪਸੀ ਸਹਿਮਤੀ ਨਾਲ ਹੱਲ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਦੀ ਸੰਗਤ ਨੇ ਐਤਵਾਰ ਨੂੰ ਉਸ ਸਮੇਂ ਵਾਹਿਗੁਰੂ ਦਾ ਸ਼ੁਕਰ ਮਨਾਇਆ ਜਦੋਂ ਗੁਰੂਘਰ ਦੇ ਪ੍ਰਬੰਧਕੀ ਬੋਰਡ ਦੀ ਚੋਣ ਲੜ ਰਹੀਆਂ ਦੋਹਾਂ ਧਿਰਾਂ ਵਿਚਾਲੇ 4 ਅਪਰੈਲ ਨੂੰ ਹੋ ਰਹੀਆਂ ਚੋਣਾਂ ਦੇ ਬੈਲਟ ਪੇਪਰ ਨੂੰ ਲੈ ਕੇ ਚਲ ਰਿਹਾ ਰੇੜਕਾ ਆਪਸੀ ਸਹਿਮਤੀ ਨਾਲ ਹੱਲ ਕਰ ਲਿਆ ਗਿਆ। ਗੁਰੂ ਦਰਬਾਰ ਵਿਚ ਦੋਹਾਂ ਧਿਰਾਂ ਦੀ ਮੀਟਿੰਗ ਤੋਂ ਬਾਅਦ ਹੋਏ ਫੈਸਲੇ ਅਨੁਸਾਰ ਬੈਲਟ ਪੇਪਰ ਉਸੇ ਤਰ੍ਹਾਂ ਰੱਖਿਆ ਜਾਏਗਾ ਪਰ ਇਸ ਵਿਚ ਦਰਜ ਦੋ ਰਾਖਵੀਆਂ ਸੀਟਾਂ ਨੂੰ ਕੱਢ ਦਿਤਾ ਜਾਏਗਾ। ਬੈਲਟ ਪੇਪਰ ਉਪਰ ਖੱਬੇ ਪਾਸੇ ਵਾਲੇ ਨਾਂ ਹਟਾ ਦਿਤੇ ਜਾਣਗੇ, ਜਦੋਂਕਿ ਸੱਜੇ ਪਾਸੇ ਸਾਰੇ 12 ਉਮੀਦਵਾਰਾਂ ਦੇ ਨਾਂ ਹੋਣਗੇ ਅਤੇ ਬੋਰਡ ਲਈ ਚੋਣ ਲੜ ਰਹੇ 10 ਉਮੀਦਵਾਰਾਂ ਵਿਚੋਂ ਸਭ ਤੋਂ ਵੱਧ ਵੋਟਾਂ ਲੈਣ ਵਾਲੇ ਉਪਰਲੇ 5 ਉਮੀਦਵਾਰ ਜੇਤੂ ਗਿਣੇ ਜਾਣਗੇ। ਇਸੇ ਤਰ੍ਹਾਂ ਸੀ ਆਈ ਸੀ ਦੀ ਇਕ ਸੀਟ ਲਈ 2 ਉਮੀਦਵਾਰਾਂ ਵਿਚੋਂ ਵੱਧ ਵੋਟਾਂ ਲੈਣ ਵਾਲਾ ਉਮੀਦਵਾਰ ਜੇਤੂ ਹੋਵੇਗਾ।

ਬੈਲਟ ਪੇਪਰ ਨੂੰ ਲੈ ਕੇ ਪੈਦਾ ਹੋਏ ਰੇੜਕੇ ਨੂੰ ਹੱਲ ਕਰਨ ਲਈ ਐਤਵਾਰ ਨੂੰ ਦੋਹਾਂ ਧਿਰਾਂ ਦੇ ਨੁਮਾਇੰਦਿਆਂ ਦੀ ਇਕ ਸੰਗਤੀ ਮੀਟਿੰਗ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਈ, ਜਿਸ ਵਿਚ ਸ. ਹਰਵਿੰਦਰਪਾਲ ਸਿੰਘ ਲੈਲ, ਹਰਬੀਰ ਸਿੰਘ ਵਿਰਕ, ਜਤਿੰਦਰ ਸਿੰਘ ਗਰੇਵਾਲ, ਬੀਬੀ ਸੁਖਦੇਵ ਕੌਰ ਘੁਮਾਣ, ਜੈਰਾਮ ਸਿੰਘ ਕਾਹਲੋਂ, ਸਨੀ ਸਿੰਘ ਕੁਲਾਰ, ਹਿੰਮਤ ਸਿੰਘ, ਹਰਦਿਆਲ ਸਿੰਘ ਦਿਓਲ, ਰਸ਼ਪਾਲ ਸਿੰਘ ਬਾਜਵਾ ਅਤੇ ਸੁਖਵੰਤ ਸਿੰਘ ਖੁਨਜ਼ਾ ਸ਼ਾਮਲ ਹੋਏ।

ਇਥੇ ਜ਼ਿਕਰਯੋਗ ਹੈ ਕਿ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਸਿੱਖ ਰਿਲੀਜੀਅਸ ਸੁਸਾਇਟੀ ਦੀ ਚੋਣ ਲੜ ਰਹੀਆਂ ਪੰਥਕ ਸਲੇਟ ਅਤੇ ਅਜ਼ਾਦ ਸਿੱਖ ਸੰਗਤ ਸਲੇਟ ਵਿਚਾਲੇ ਬੈਲਟ ਪੇਪਰ ਨੂੰ ਲੈ ਕੇ ਵਡੀ ਕਸ਼ਮਕਸ਼ ਚਲ ਰਹੀ ਸੀ। ਬੈਲਟ ਪੇਪਰ ਉਪਰ 2 ਸੀਟਾਂ-ਇਕ 65 ਸਾਲ ਤੋਂ ਉਪਰ ਬਜੁਰਗ ਲਈ ਅਤੇ ਦੂਜੀ 18 ਤੋਂ 30 ਸਾਲ ਦੀ ਉਮਰ ਦੇ ਨੌਜਵਾਨ ਲਈ ਰਾਖਵੀਂ ਕੀਤੀ ਗਈ ਸੀ। ਇਸ ਅਨੁਸਾਰ ਪੰਥਕ ਸਲੇਟ ਦੇ ਦੋ ਉਮੀਦਵਾਰ ਸਿੱਧਿਆਂ ਜੇਤੂ ਬਣਦੇ ਸਨ। ਅਜ਼ਾਦ ਸਿੱਖ ਸੰਗਤ ਸਲੇਟ ਵਾਲਿਆਂ ਦਾ ਕਹਿਣਾ ਸੀ ਕਿ ਇਹ ਬੈਲਟ ਪੇਪਰ ਸਿੱਖ ਰਿਲੀਜੀਅਸ ਸੁਸਾਇਟੀ ਦੇ ਸੰਵਿਧਾਨ ਦੀ ਉਲੰਘਣਾ ਕਰ ਕੇ ਬਣਾਇਆ ਗਿਆ ਹੈ ਜਦੋਂਕਿ ਪੰਥਕ ਸਲੇਟ ਦੀ ਅਗਵਾਈ ਹੇਠਲੇ ਪ੍ਰਬੰਧਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੇ ਉਹੋ ਕੁਝ ਕੀਤਾ ਹੈ ਜੋ ਸੰਵਿਧਾਨ ਵਿਚ ਲਿਖਿਆ ਹੈ। ਜੇ ਪਹਿਲੇ ਪ੍ਰਬੰਧਕਾਂ ਨੇ ਆਪੇ ਬਣਾਏ ਸੰਵਿਧਾਨ ਨੂੰ ਪੂਰੀ ਤਰ੍ਹਾਂ ਨਹੀਂ ਵਾਚਿਆ ਅਤੇ ਇਸ 'ਤੇ ਪੂਰੀ ਤਰ੍ਹਾਂ ਅਮਲ ਨਹੀਂ ਕੀਤਾ ਤਾਂ ਇਸ ਕਸੂਰ ਉਨ੍ਹਾਂ ਦਾ ਹੈ, ਸਾਡਾ ਨਹੀਂ ਜਦੋਂ ਅਸੀਂ ਤਾਂ 2006 ਤੋਂ ਇਹ ਰਾਖਵੀਆਂ ਸੀਟਾਂ ਰੱਖਣ ਲਈ ਜ਼ੋਰ ਪਾਉਂਦੇ ਆ ਰਹੇ ਹਾਂ। ਉਨ੍ਹਾਂ ਦਾ ਇਹ ਵੀ ਕਹਿਣਾ ਹੈ ਕਿ ਜਦੋਂ ਕੋਈ ਉਮੀਦਵਾਰ ਨਾਮਜ਼ਦਗੀ ਫਾਰਮ ਭਰਦਾ ਹੈ ਤਾਂ ਸਭ ਤੋਂ ਪਹਿਲਾਂ ਉਸਨੂੰ ਸੰਵਿਧਾਨ ਦੀ ਜਾਣਕਾਰੀ ਹੋਣੀ ਚਾਹੀਦੀ ਹੈ।

ਆਜ਼ਾਦ ਸਿੱਖ ਸੰਗਤ ਅਤੇ ਇਸਦੇ ਹਮਾਇਤੀ ਉਪਰੋਕਤ ਫੈਸਲੇ ਨੂੰ ਆਪਣੀ ਜਿੱਤ ਕਰਾਰ ਦੇ ਰਹੇ ਹਨ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸਹੀ ਗੱਲ ਸੰਗਤ ਦੇ ਜੋਰ ਦੇਣ 'ਤੇ ਮੰਨੀ ਗਈ ਹੈ। ਦੂਜੇ ਪਾਸੇ ਸਿੱਖ ਰਿਲੀਜੀਅਸ ਸੁਸਾਇਟੀ ਦੇ ਪ੍ਰਧਾਨ ਜਸਪ੍ਰੀਤ ਸਿੰਘ ਅਟਵਾਲ ਅਤੇ ਕਾਰਜਕਾਰੀ ਸਕੱਤਰ ਜਤਿੰਦਰ ਸਿੰਘ ਗਰੇਵਾਲ ਦਾ ਕਹਿਣਾ ਹੈ ਕਿ ਪ੍ਰਬੰਧਕਾਂ ਨੇ ਇਹ ਫੈਸਲਾ ਸਿਰਫ ਤੇ ਸਿਰਫ ਗੁਰੂਘਰ ਅਤੇ ਸੰਗਤ ਦੇ ਵਡੇਰੇ ਹਿਤਾਂ ਨੂੰ ਮੁਖ ਰਖ ਕੇ ਲਿਆ ਹੈ, ਕਿਉਂਕਿ ਉਹ ਨਹੀਂ ਸਨ ਚਾਹੁੰਦੇ ਕਿ ਗੁਰੂਘਰ ਦਾ ਮਾਮਲਾ ਅਦਾਲਤ ਵਿਚ ਜਾਵੇ, ਜਿਸ ਦੀ ਕਿ ਵਿਰੋਧੀ ਧਿਰ ਵਲੋਂ ਲਗਾਤਾਰ ਧਮਕੀ ਦਿਤੀ ਜਾ ਰਹੀ ਸੀ। ਅਸੀਂ ਨਹੀਂ ਸੀ ਚਾਹੁੰਦੇ ਕਿ ਗੁਰੂਘਰ ਅਤੇ ਸੰਗਤ ਦਾ ਪੈਸਾ ਅਜਾਈਂ ਕੋਰਟ-ਕਚਹਿਰੀਆਂ ਦੇ ਲੇਖੇ ਲੱਗੇ, ਜਦੋਂਕਿ ਇਹ ਪੈਸਾ ਗੁਰੂਘਰ ਦੇ ਪ੍ਰਾਜੈਕਟ ਨੇਪਰੇ ਚਾੜ੍ਹਨ 'ਤੇ ਲੱਗ ਸਕਦਾ ਹੈ।

ਭਾਈ ਗਰੇਵਾਲ ਨੇ ਕਿਹਾ ਕਿ ਉਨ੍ਹਾਂ ਤਾਂ ਐਤਵਾਰ ਨੂੰ ਹੋਈ ਸੰਗਤੀ ਮੀਟਿੰਗ ਵਿਚ ਵੀ ਸੰਵਿਧਾਨ ਦੀ ਇਹ ਧਾਰਾ ਪੜ੍ਹ ਕੇ ਸੁਣਾਈ ਸੀ ਅਤੇ ਵਿਆਖਿਆ ਕੀਤੀ ਸੀ, ਜਿਸ ਵਿਚ ਰਾਖਵੀਆਂ ਸੀਟਾਂ ਬਾਰੇ ਸਾਫ ਸਾਫ ਲਿਖਿਆ ਹੋਇਆ ਹੈ। ਵਿਰੋਧੀ ਧਿਰ ਦਾ ਕੋਈ ਵੀ ਮੈਂਬਰ ਇਹ ਨਹੀਂ ਸੀ ਆਖ ਸਕਿਆ ਕਿ ਇਸ ਧਾਰਾ ਦੀ ਗਲਤ ਵਿਆਖਿਆ ਕੀਤੀ ਜਾ ਰਹੀ ਹੈ। ਅਜ਼ਾਦ ਸਿੱਖ ਸੰਗਤ ਵਾਲੇ ਸਿਰਫ ਇਕ ਗੱਲ 'ਤੇ ਅੜੇ ਹੋਏ ਸਨ ਕਿ ਬੈਲਟ ਪੇਪਰ ਉਪਰੋਂ ਰਾਖਵੀਆਂ ਸੀਟਾਂ ਦੀ ਗੱਲ ਹਟਾਈ ਜਾਵੇ, ਨਹੀਂ ਤਾਂ ਉਹ ਅਦਾਲਤ ਵਿਚ ਜਾਣਗੇ। ਇਸ ਸਬੰਧੀ ਵਕੀਲ ਦੇ ਨੋਟਿਸ ਉਹ ਪਹਿਲਾਂ ਹੀ ਭਿਜਵਾ ਚੁਕੇ ਸਨ।

ਭਾਈ ਗਰੇਵਾਲ ਨੇ ਇਹ ਵੀ ਆਖਿਆ ਕਿ ਇਸ ਸੰਗਤੀ ਮੀਟਿੰਗ ਵਿਚ ਸੀ ਆਈ ਸੀ ਮੈਂਬਰ ਹਰਵਿੰਦਰਪਾਲ ਸਿੰਘ ਲੈਲ ਨੇ ਤਾਂ ਇਹ ਵੀ ਸੁਝਾਅ ਦਿਤਾ ਸੀ ਕਿ ਜੇ ਦੋਵੇਂ ਧਿਰਾਂ ਸਹਿਮਤ ਹੋਣ ਤਾਂ ਚੋਣ ਲੜ ਰਹੇ 12 ਉਮੀਦਵਾਰਾਂ ਵਿਚੋਂ ਪਰਚੀ ਪਾ ਕੇ 5 ਬੋਰਡ ਮੈਂਬਰ ਅਤੇ ਇਕ ਸੀ ਆਈ ਸੀ ਮੈਂਬਰ ਚੁਣਿਆ ਜਾ ਸਕਦਾ ਹੈ, ਪਰ ਵਿਰੋਧੀ ਧਿਰ ਨੇ ਇਹ ਸੁਝਾਅ ਨਾਮਨਜ਼ੂਰ ਕਰ ਦਿਤਾ।


Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public

e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਅਫਸਰਾਂ ਦੀ ਅੱਯਾਸ਼ੀ 'ਚ ਡੁੱਬੀ ਪੰਜਾਬ ਦੀ ਫਸਲੀ ਵੰਨ-ਸੁਵੰਨਤਾ

**–ਇਹ ਕੋਈ ਸੋਚ ਵੀ ਨਹੀਂ ਸਕਦਾ ਕਿ ਜਨਤਾ ਵਲੋਂ ਦਿੱਤੇ ਗਏ ਟੈਕਸ ਨਾਲ ਕੋਈ ਅਫ਼ਸਰ 1425 ਰੁਪਏ ਦੀ ਕੀਮਤ ਵਾਲਾ ਬਰਾਂਡਡ ਪੈਨ ਵੀ ਖਰੀਦ ਸਕਦਾ ਹੈ, ਪਰ ਇਹ ਹਕੀਕਤ ਹੈ। –ਚੀਫ ਐਗਜ਼ੈਕਟਿਵ ਅਫ਼ਸਰ ਜਦ ਅਮਰੀਕਾ ਦੀ ਯਾਤਰਾ 'ਤੇ ਗਿਆ ਤਾਂ ਖ਼ੁਦ 3.25 ਲੱਖ ਦੀ ਬਿਜ਼ਨੈਸ ਕਲਾਸ ਟਿਕਟ ਖਰੀਦੀ ਅਤੇ ਆਪਣੇ 4 ਸਹਿਯੋਗੀਆਂ ਨੂੰ 1.10 ਲੱਖ ਰੁਪਏ ਵਾਲੀ ਇਕਾਨਮੀ ਕਲਾਸ ਦੀ ਯਾਤਰਾ ਕਰਵਾਈ। ਇਥੇ ਸਵਾਲ ਉਠਦਾ ਹੈ ਕਿ ਕੀ ਚਿਮਨੀ ਸਾਹਿਬ ਇਕਾਨਮੀ ਕਲਾਸ ਵਿਚ ਯਾਤਰਾ ਨਹੀਂ ਸਨ ਕਰ ਸਕਦੇ।**

**ਪੰਜਾਬ ਟਾਈਮਜ਼ ਬਿਊਰੋ**

ਪੰਜਾਬ ਵਿਚ ਦੂਜੀ ਹਰੀ ਕ੍ਰਾਂਤੀ ਦਾ ਸੁਪਨਾ ਵਿਚਕਾਰ ਹੀ ਟੁੱਟ ਗਿਆ ਹੈ। ਜਿਨ੍ਹਾਂ ਅਧਿਕਾਰੀਆਂ ਉੱਤੇ ਪੰਜਾਬ ਦੀ ਖੇਤੀ ਨੂੰ ਖੁਸ਼ਹਾਲ ਬਨਾਉਣ ਦਾ ਦਾਰੋਮਦਾਰ ਸੀ ਉਨ੍ਹਾਂ ਨੇ ਸਰਕਾਰੀ ਪੈਸੇ ਨੂੰ ਮੌਜ ਮੇਲੇ ਵਿਚ ਉਡਾ ਦਿਤਾ ਹੈ। ਖੇਤੀ ਵੰਨ-ਸੁਵੰਨਤਾ ਪ੍ਰਾਜੈਕਟ ਦੇ ਲਈ ਬਣਾਈ ਗਈ ਕੌਂਸਲ ਦੇ ਅਧਿਕਾਰੀਆਂ ਨੇ ਫਾਈਵ ਸਟਾਰ ਹੋਟਲਾਂ ਵਿਚ ਮੌਜ ਮਸਤੀ ਕੀਤੀ। ਕਿਸਾਨਾਂ ਦੇ ਪੈਸੇ ਉੱਪਰ ਵਿਦੇਸ਼ੀ ਸ਼ਰਾਬ ਦਾ ਲੁਤਫ ਲਿਆ। ਵਿਦੇਸ਼ਾਂ ਦੇ ਦੌਰੇ ਕੀਤੇ। ਇਹ ਰਕਮ ਹਜ਼ਾਰਾਂ ਲੱਖਾਂ ਵਿਚ ਨਹੀਂ ਸਗੋਂ ਕਰੋੜਾਂ ਵਿਚ ਹੈ। ਸਰਕਾਰੀ ਖਜ਼ਾਨੇ ਦੇ 81.74 ਕਰੋੜ ਰੁਪਏ ਦੇਖਦੇ ਹੀ ਦੇਖਦੇ ਖੁਰਦ ਬੁਰਦ ਹੋ ਗਏ। ਐਗਰੀਕਲਚਰ ਡਾਈਵਰਸੀਫਿਕੇਸ਼ਨ ਪ੍ਰਾਜੈਕਟ ਅਫਸਰਾਂ ਦੀ ਅੱਯਾਸ਼ੀ ਹੇਠਾਂ ਦਮ ਤੋੜ ਗਿਆ ਹੈ। ਉਸ 3810.19 ਏਕੜ ਜ਼ਮੀਨ ਦਾ ਅਜ ਕੋਈ ਵਾਰਸ ਨਹੀਂ ਹੈ। ਜੋ ਪ੍ਰਾਜੈਕਟ ਦੇ ਝਾਂਸੇ ਵਿਚ ਕਾਉਂਸਲ ਨੇ ਕਿਸਾਨਾਂ ਤੋਂ ਲਈ ਸੀ। ਇਹੋ ਨਹੀਂ ਸੈਂਕੜੇ ਕਿਸਾਨਾਂ ਦੀ ਜ਼ਮੀਨ ਦੇ ਬਦਲੇ ਹਾਲੇ ਤੱਕ ਕਰੋੜਾਂ ਦੀ ਲੀਜ਼ ਮਨੀ ਵੀ ਨਹੀਂ ਮਿਲੀ। ਦੇਸ਼ ਦੇ ਇਕ ਕੌਮੀ ਪੱਧਰ ਦੇ ਅਖ਼ਬਾਰ ਨੇ ਪੰਜਾਬ ਦੇ ਦੋ ਐਨਜੀਓ ਰਿਸਰਜਨਸ ਇੰਡੀਆ ਐਂਡ ਪੀਪਲ ਫਾਰ ਟ੍ਰਾਂਸਪੇਰੇਂਸੀ ਅਤੇ ਪ੍ਰੋਗਰੈਸਿਵ ਡਿਵੈਲਪਮੈਂਟ ਫੈਸੀਲਿਟੇਟ ਦੇ ਨਾਲ ਮਿਲ ਕੇ ਪੰਜਾਬ ਦੇ ਡ੍ਰੀਮ ਪ੍ਰਾਜੈਕਟ ਐਗਰੀਕਲਚਰ ਡਾਈਵਰਸੀਫਿਕੇਸ਼ਨ ਪ੍ਰਾਜੈਕਟ ਵਿਚ ਚਲ ਰਹੀ ਲੁੱਟ ਦਾ ਖੁਲਾਸਾ ਕੀਤਾ ਹੈ। ਸੂਚਨਾ ਦੇ ਅਧਿਕਾਰ ਇਸਤੇਮਾਲ ਕਰਦੇ ਹੋਏ ਇਨਵੈਸਟੀਗੇਸ਼ਨ ਟੀਮ ਨੇ 20 ਹਜ਼ਾਰ ਪੇਜਾਂ ਦਾ ਦਸਤਾਵੇਜ ਹਾਸਿਲ ਕੀਤਾ ਹੈ। ਦੋ ਸਾਲ ਤੱਕ ਚੱਲੀ ਇਸ ਡੂੰਘੀ ਮੁਹਿੰਮ ਵਿਚ ਕਿਸਾਨਾਂ ਨਾਲ ਹੋਏ ਧੋਖੇ ਅਤੇ ਭ੍ਰਿਸ਼ਟਾਚਾਰ ਵਿਚ ਲਿਪਤ ਅਫਸਰਾਂ ਦਾ ਪਰਦਾਫਾਸ਼ ਹੋਇਆ ਹੈ। ਪੰਜਾਬ ਦੀ ਖੇਤੀ ਨੂੰ ਝੋਨੇ ਅਤੇ ਕਣਕ ਦੇ ਚੱਕਰ ਤੋਂ ਬਾਹਰ ਕੱਢਣ ਦੇ ਲਈ ਕੈ. ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ 2006 ਵਿਚ ਚਾਰ ਕਾਉਂਸਲਾਂ ਗਠਿਤ ਕੀਤੀਆਂ ਸਨ। ਜਿਨਾਂ ਵਿਚ ਕਾਊਂਸਲ ਫਾਰ ਸਿਟਰਸ ਐਂਡ ਐਗਰੀਜੂਸਿੰਗ, ਕਾਊਂਸਲ ਫਾਰ ਵੈਲੀਊਐਡਿਡ ਹਾਰਟੀਕਲਚਰ ਇਨ ਪੰਜਾਬ, ਆਰਗੈਨਿਕ ਫਾਰਮਿੰਗ ਕਾਉਂਸਲ ਆਫ ਪੰਜਾਬ ਅਤੇ ਬੀਟੀ ਕਲਚਰ ਕਾਉਂਸਲ ਆਫ ਪੰਜਾਬ ਬਣਾਈਆਂ ਗਈਆਂ ਸਨ। ਇਹ ਕਵਾਇਦ ਇਸ ਲਈ ਕੀਤੀ ਗਈ ਸੀ ਕਿ ਕਿਸਾਨ ਜਿਆਦਾ ਮੁਨਾਫਾ ਕਮਾ ਸਕਣ ਅਤੇ ਪੰਜਾਬ ਦੇ ਪਾਣੀ ਦੇ ਡਿਗਦੇ ਹੋਏ ਪੱਧਰ ਨੂੰ ਵੀ ਘੱਟ ਕੀਤਾ ਜਾ ਸਕੇ। ਇਸਨੂੰ ਨਾਮ ਦਿੱਤਾ ਗਿਆ ਸੀ ਐਗਰੀਕਲਚਰ ਡਾਈਵਰਸੀਫਿਕੇਸ਼ਨ ਪ੍ਰਾਜੈਕਟ। ਕਾਊਂਸਲ ਦੇ ਖਰਚ ਦੀ ਪੜਤਾਲ ਤੋਂ ਜਾਹਿਰ ਹੋਇਆ ਹੈ ਕਿ ਅਫਸਰਾਂ ਨੇ 5.39 ਲੱਖ ਰੁਪਏ ਯਾਤਰਾ, ਇੰਟਰਟੇਨਮੈਂਟ, ਇੰਟਰਨੈਟ ਅਤੇ ਟੈਲੀਫੋਨ ਉਤੇ ਉਡਾਅ ਦਿੱਤੇ। ਇਸ ਵਿਚ ਜਿਆਦਾਤਰ ਖਰਚੇ ਉਸ ਵਕਤ ਦੇ ਹਨ ਜਦ ਹਿੰਮਤ ਸਿੰਘ ਲਗਾਤਾਰ ਦੋ ਸਾਲ ਤੱਕ ਛੁੱਟੀ ਉੱਤੇ ਰਹੇ। ਪਰ ਛੁੱਟੀ ਉੱਤੇ ਰਹਿੰਦੇ ਹੋਏ ਵੀ ਹਿੰਮਤ ਸਿੰਘ ਆਪਣੇ ਤਰੀਕੇ ਨਾਲ ਪੰਜਾਬ ਦੀ ਖੇਤੀ ਲਈ ਕਥਿਤ ਰੂਪ ਵਿਚ ਕੰਮ ਕਰਦੇ ਰਹੇ ਅਤੇ ਉਨ੍ਹਾਂ ਨੇ ਸਰਕਾਰੀ ਖਰਚੇ ਬਕਾਇਦਾ ਕਲੇਮ ਕੀਤੇ।

ਯਾਦ ਰਹੇ ਆਈਪੀਐਸ ਹਿੰਮਤ ਸਿੰਘ ਉਪ੍ਰੋਕਤ ਚਾਰਾਂ ਕਾਉਂਸਲਾਂ ਦੇ ਵਾਈਸ ਪ੍ਰੈਜੀਡੈਂਟ ਹਨ। ਉਨ੍ਹਾਂ ਨੇ ਕਾਊਂਸਲ ਦੇ ਪੈਸੇ ਦੀ ਸਭ ਤੋਂ ਵਧੇਰੇ ਲੁੱਟ ਮਚਾਈ। ਪੜਤਾਲੀਆਂ ਟੀਮ ਨੂੰ ਹਿੰਮਤ ਸਿੰਘ ਦੇ ਸੱਤ ਅਜਿਹੇ ਬਿੱਲ ਪ੍ਰਾਪਤ ਹੋਏ ਹਨ ਜਿਸ ਵਿਚ ਉਨ੍ਹਾਂ ਨੇ ਕਾਉਂਸਲ ਦੇ ਪੈਸੇ ਨਾਲ ਬਕਾਰਡੀ, ਬਲੈਕ ਲੈਬਲ, ਰਾਇਲ ਚੈਲੰਜ, ਫਾਸਟਰਸ ਜਿਹੀਆਂ ਮਹਿੰਗੀਆਂ ਸ਼ਰਾਬਾਂ ਉਡਾਈਆਂ। ਸਿਰਫ ਸਰਕਾਰੀ ਪੈਸੇ ਦਾ ਗਲਤ ਇਸਤੇਮਾਲ ਹੀ ਨਹੀਂ ਬਲਕਿ ਆਲ ਇੰਡੀਆ ਸਰਵਿਸਿਜ਼ ਰੂਲਜ਼ ਦਾ ਮਜ਼ਾਕ ਉਡਾਉਂਦਿਆਂ ਜਨਤਕ ਥਾਵਾਂ ਉੱਤੇ ਵੀ ਸ਼ਰਾਬ ਪੀਤੀ ਗਈ। ਇਸ ਵਿਚ ਦਿੱਲੀ ਦੇ ਉੱਪਲ ਆਰਚੇਡ, ਚੰਡੀਗੜ੍ਹ ਦੇ ਤਾਜ ਦੇ ਇਲਾਵਾ ਬਾਰਵੇਕਿਊ ਹੋਟਲ ਓਬਰਾਏ ਦਿੱਲੀ, ਓਪੀਅਮ ਡੈਨ ਹੋਟਲ ਓਬਰਾਏ ਮੁੰਬਈ, ਟਰਾਈਡੈਂਟ ਹੋਟਲ ਮੁੰਬਈ, ਬੰਬੇ ਹਾਈ ਮਰਾਠਾ ਹੋਟਲ, ਮੁੰਬਈ ਅਤੇ ਰੈਸਟੋਰੈਂਟ ਲਾਂਜ ਜਿਹੇ ਨਾਮੀ ਗ੍ਰਾਮੀ ਹੋਟਲ ਸ਼ਾਮਿਲ ਹਨ। ਨਿਯਮਾਂ ਦੇ ਮੁਤਾਬਕ ਸਰਕਾਰੀ ਅਧਿਕਾਰੀਆਂ ਲਈ ਲਾਂਜ, ਪੂਲ ਅਤੇ ਬਾਰ ਤੋਂ ਇਲਾਵਾ ਜਨਤਕ ਥਾਵਾਂ ਉੱਪਰ ਸ਼ਰਾਬ ਪੀਣਾ ਵਰਜਿਤ ਹੈ।

**ਡਾਈਵਰਸੀਫਿਕੇਸ਼ਨ ਕਾਊਂਸਲਾਂ ਨੂੰ ਆਪਣਿਆਂ ਨੇ ਹੀ ਰੱਜ ਕੇ ਲੁੱਟਿਆ :** ਕਾਊਂਸਿਲਾ ਦਾ ਕਿੱਸਾ ਇਹ ਹੈ ਕਿ ਇਨਾਂ ਦਾ ਵੀ ਆਪਣਿਆਂ ਨੇ ਹੀ ਚੀਰ ਹਰਣ ਕੀਤਾ। ਬੇਰਹਿਮ ਲੁੱਟ ਮਚਾਈ। ਬਿਕ੍ਰਮਜੀਤ ਸਿੰਘ ਚਿਮਨੀ ਨੂੰ ਚਾਰਾਂ ਕਾਊਂਸਿਲਾ ਨੂੰ ਚਲਾਉਣ ਲਈ 24 ਅਪ੍ਰੈਲ 2006 ਨੂੰ ਚੀਫ ਐਗ਼ਜੈਕਟਿਵ ਆਫਿਸਰ ਨਿਯੁਕਤ ਕੀਤਾ ਗਿਆ ਸੀ। ਇਹ ਨਿਯੁਕਤੀ 24 ਅਪ੍ਰੈਲ 2006 ਨੂੰ ਹੋਈ ਸੀ। ਕਾਊਂਸਿਲਾਂ ਦੇ ਖਾਤੇ ਵਿਚ ਚਿਮਨੀ ਦੁਆਰਾ ਪਾਏ ਗਏ ਬੇਤਹਾਸ਼ਾ ਖਰਚਿਆਂ ਨੂੰ ਵੇਖ ਕੇ ਇਹੀ ਕਿਹਾ ਜਾ ਸਕਦਾ ਹੈ ਕਿ ਵਾੜ ਨੇ ਖੇਤ ਉਜਾੜ ਛੱਡਿਆ ਹੈ। ਚਿਮਨੀ ਨੇ ਦੇਸੀ ਵਿਦੇਸ਼ੀ ਸ਼ਰਾਬ ਦੇ ਭਾਰੀ ਭਰਕਮ ਖਰਚਿਆਂ ਦੇ ਬਿੱਲ ਸਿਟੀਜਨ ਇਨਵੈਸਟੀਗੇਸ਼ਨ ਟੀਮ ਦੇ ਹੱਥ ਲੱਗੇ ਹਨ। ਉਨਾਂ ਨੇ ਨਾ ਕੇਵਲ ਭਾਰੀ ਮਾਤਰਾ ਵਿਚ ਸ਼ਰਾਬ ਪੀਤੀ ਬਲਕਿ ਇਸਦਾ ਸੇਵਨ ਸਵੇਰੇ 8 ਵਜ ਕੇ 57 ਮਿੰਟ ਤੇ, 9.03 ਵਜੇ ਅਤੇ ਦੁਪਹਿਰ 2.30 ਵਜੇ ਤੇ 3.44 ਤੇ ਵੀ ਕੀਤਾ। ਹੈਰਾਨੀ ਇਹ ਹੈ ਕਿ ਜੇ ਦਿਨ ਦੀ ਸ਼ੁਰੂਆਤ ਇਸ ਤਰ੍ਹਾਂ ਹੁੰਦੀ ਸੀ ਤਾਂ ਉਹ ਕੰਮ ਕਿਸ ਤਰ੍ਹਾਂ ਕਰਦੇ ਹੋਣਗੇ? ਇਨਾਂ ਬਿਲਾਂ ਦੇ ਮੁਤਾਬਕ ਇਕ ਦਿਨ ਵਿਚ 6 ਹਜ਼ਾਰ ਰੁਪਏ ਦੀ ਸ਼ਰਾਬ ਪੀਤੀ ਗਈ। ਚਿਮਨੀ ਨੇ ਦੁਨੀਆਂ ਦੀ ਮਹਿੰਗੀ ਸ਼ਰਾਬ ਦੇ ਬ੍ਰਾਂਡ ਦਾ ਲੁਤਫ ਸਰਕਾਰੀ ਖਰਚੇ ਉਪਰ ਲਿਆ। ਇਨਵੈਸਟੀਗੇਸ਼ਨ ਟੀਮ ਦੇ ਹੱਥ 8412 ਰੁਪਏ ਦੇ ਤਿੰਨ ਅਜਿਹੇ ਟੈਕਸੀ ਬਿੱਲ ਲੱਗੇ ਹਨ ਜੋ ਚੀਫ ਐਗਜੈਕਟਿਵ ਅਫਸਰ ਚਿਮਨੀ ਦੀ ਬੇਟੀ ਦੀ ਯਾਤਰਾ ਨਾਲ ਸੰਬੰਧਤ ਸਨ। ਇਨਾਂ ਦਾ ਭੁਗਤਾਨ ਕਾਉਂਸਲ ਦੇ ਫੰਡ ਤੋਂ ਕੀਤਾ ਗਿਆ। ਇਹੋ ਨਹੀਂ 225 ਰੁਪਏ ਦੀ ਆਲ ਆਊਟ (ਮੱਛਰ ਮਾਰਨ ਵਾਲੀ ਦਵਾਈ) ਦਾ ਇਨਾਂ ਦੀ ਪਤਨੀ ਦੇ ਨਾਮ ਦਾ ਬਿਲ ਵੀ ਮੈਡੀਕਲ ਰੀਇੰਬਰਸਮੈਂਟ ਦੇ ਬਿਲਾਂ ਵਿਚ ਪਾਇਆ ਗਿਆ। ਨਿਯੁਕਤੀ ਪੱਤਰ ਦੇ ਮੁਤਾਬਿਕ ਕਾਉਂਸਲ ਦੇ ਅਫਸਰ ਖੁਦ ਅਤੇ ਆਪਣੇ ਪਰਿਵਾਰ ਦੀ ਮੈਡੀਕਲ ਇੰਸੋਰੈਂਸ ਦੇ ਹੱਕਦਾਰ ਹਨ। ਜਦਕਿ ਇਸ ਪੜਤਾਲ ਵਿਚ ਪਾਇਆ ਗਿਆ ਕਿ ਇੰਸੌਰੈਂਸ ਦੇ ਇਲਾਵਾ ਰੋਜ਼ਾਨਾ ਦੇ ਹਰ ਪ੍ਰਕਾਰ ਦੇ ਮੈਡੀਕਲ ਖ਼ਰਚੇ ਵੀ ਅਫਸਰ ਕਾਉਂਸਲਾਂ ਤੋਂ ਕਲੇਮ ਕਰ ਰਹੇ ਹਨ। ਉਦਾਹਰਣ ਦੇ ਤੌਰ 'ਤੇ ਸਾਲ 2008-09 ਵਿਚ ਚੀਫ ਐਗਜੈਕਟਿਵ ਅਫਸਰ ਚਿਮਨੀ ਨੇ 48,161 ਰੁਪਏ ਮੈਡੀਕਲ ਰੀਇੰਬਰਸਮੈਂਟ ਦੇ ਨਾਮ ਉੱਪਰ ਕਲੇਮ ਕੀਤੇ। ਇਸੇ ਤਰ੍ਹਾਂ ਏਜੀਐਮ ਐਸਐਸ ਬੋਪਾਰਾਏ ਨੇ ਇਸੇ ਸਾਲ 79,655 ਰੁਪਏ ਮੈਡੀਕਲ ਦੇ ਵਸੂਲੇ। ਨਿਯੁਕਤੀ ਪੱਤਰ ਦੀਆਂ ਸ਼ਰਤਾਂ ਦੇ ਮੁਤਾਬਕ ਕਾਊਂਸਲ ਦੇ ਅਫਸਰ ਹਰ ਦੋ ਸਾਲ ਬਾਅਦ ਐਲਟੀਸੀ ਦੇ ਹੱਕਦਾਰ ਹਨ। ਸੀਈਓ ਦੇ 6 ਨਵੰਬਰ 2007 ਦੇ ਆਰਡਰ ਮੁਤਾਬਕ ਏਐਲਟੀਸੀ ਪੰਜਾਬ ਸਰਕਾਰ ਐਲਟੀਸੀ ਨਿਯਮਾਂ ਅਨੁਸਾਰ ਦਿੱਤੀ ਜਾਣੀ ਸੀ ਪਰ ਸਰਵਿਸ ਕਨਟ੍ਰੈਕਟ ਵਿਚ ਇਸ ਸ਼ਰਤ ਨੂੰ ਤੋੜ ਮਰੋੜ ਕੇ ਇਹ ਲਿਖ ਦਿੱਤਾ ਗਿਆ ਕਿ ਹਰ ਅਫਸਰ ਹਰ ਦੋ ਸਾਲ ਬਾਅਦ ਦੋ ਮਹੀਨੇ ਦੀ ਤਨਖਾਹ ਐਲਟੀਏ ਦੇ ਰੂਪ ਵਿਚ ਲੈਣ ਦਾ ਹੱਕਦਾਰ ਹੋਵੇਗਾ। ਇਸ ਤਰ੍ਹਾਂ ਚੀਫ ਐਗਜੈਕਟਿਵ ਅਫਸਰ ਹੁਣ ਹਰ ਦੋ ਸਾਲ ਬਾਅਦ 1ਲੱਖ 40 ਹਜਾਰ ਰੁਪਏ ਐਲਟੀਏ ਲੈਣ ਦਾ ਹੱਕਦਾਰ ਬਣ ਗਿਆ ਹੈ। ਸਰਵਿਸ ਕਾਂਟਰੈਕਟ ਦੇ ਮੁਤਾਬਕ ਚੀਫ ਐਗਜ਼ੈਕਟਿਵ ਅਫ਼ਸਰ ਚਿਮਨੀ ਸਾਲ 2006 ਵਿਚ 25 ਹਜ਼ਾਰ ਰੁਪਏ ਹਰ ਮਹੀਨੇ ਹਾਊਸ ਰੈਂਟ ਅਲਾਊਂਸ ਦੇ ਹੱਕਦਾਰ ਸਨ। ਇਹ ਰਾਸ਼ੀ ਹਰ ਸਾਲ 5 ਫੀਸਦੀ ਵਧਾਈ ਜਾਣੀ ਸੀ, ਪਰ ਚਿਮਨੀ 10 ਫੀਸਦੀ ਦੀ ਦਰ ਨਾਲ ਹਾਊਸ ਰੈਂਟ ਵਧਾ ਕੇ ਆਪਣੇ ਮਕਾਨ ਮਾਲਕ ਨੂੰ ਕੌਂਸਲ ਕੋਲੋਂ ਦਿਵਾਉਂਦੇ ਰਹੇ। ਨਤੀਜਾ ਇਹ ਕਿ ਕੌਂਸਲ ਨੂੰ ਹੁਣ ਤਕ 86,250 ਰੁਪਏ ਵਧੇਰੇ ਖਰਚ ਕਰਨੇ ਪਏ।

ਮਈ 2006 ਵਿਚ ਇਕ ਆਰਡਰ ਪਾਸ ਕਰਕੇ ਚਿਮਨੀ ਨੇ ਖ਼ੁਦ ਨੂੰ 15 ਰੁਪਏ ਪ੍ਰਤੀ ਕਿਲੋਮੀਟਰ ਅਤੇ ਦਰਜਾ 4 ਮੁਲਾਜ਼ਮਾਂ ਨੂੰ ਛੱਡ ਕੇ ਹੋਰ ਸਭ ਨੂੰ 10 ਰੁਪਏ ਪ੍ਰਤੀ ਕਿਲੋਮੀਟਰ ਕਾਰ ਦੇ ਖਰਚੇ ਦੇਣ ਵਾਸਤੇ ਅਧਿਕਾਰਤ ਕਰ ਦਿੱਤਾ। ਹਾਲਾਂਕਿ ਇਸ ਸਮੇਂ ਟੈਕਸੀ ਵੀ 7-8 ਰੁਪਏ ਪ੍ਰਤੀ ਕਿਲੋਮੀਟਰ ਦੇ ਹਿਸਾਬ ਮਿਲ ਜਾਇਆ ਕਰਦੀ ਸੀ। ਆਪਣੇ ਉਪਰੋਕਤ ਹੁਕਮ ਵਿਚ ਚਿਮਨੀ ਨੇ ਇਹ ਸ਼ਰਤ ਰੱਖੀ ਸੀ ਕਿ ਕਨਵੈਂਸ ਦਾ ਭੁਗਤਾਨ ਤਦ ਹੀ ਕੀਤਾ ਜਾਵੇਗਾ, ਜਦੋਂ ਲਾਗਬੁੱਕ ਦੀ ਕਾਪੀ ਕਲੇਮ ਦੇ ਨਾਲ ਅਟੈਚ ਕੀਤੀ ਜਾਵੇਗੀ। ਇਹ ਲਾਗਬੁੱਕ ਨਿੱਜੀ ਵਾਹਨਾਂ ਦੇ ਲਈ ਵੀ ਮੇਨਟੇਨ ਕਰਨਾ ਇਸ ਆਰਡਰ ਦੇ ਮੁਤਾਬਕ ਜ਼ਰੂਰੀ ਸੀ। ਆਪਣੇ ਹੀ ਹੁਕਮ ਦੀਆਂ ਧੱਜੀਆਂ ਉਡਾਉਂਦੇ ਹੋਏ ਚਿਮਨੀ ਲਾਗਬੁੱਕ ਦੇ ਬਿਨਾਂ 53,000 ਰੁਪਏ ਪ੍ਰਤੀ ਮਹੀਨਾ ਸਿਟਰਸ ਕੌਂਸਲ ਤੋਂ ਮਈ 2006 ਤੋਂ ਲੈ ਕੇ ਹੁਣ ਤਕ ਫਿਕਸਡ ਕਨਵੈਂਸ ਅਲਾਊਂਸ ਵਸੂਲਦੇ ਰਹੇ। ਇਹੋ ਨਹੀਂ, 5 ਅਫ਼ਸਰਾਂ ਨੂੰ 51,300 ਰੁਪਏ ਪ੍ਰਤੀ ਮਹੀਨਾ, 14 ਅਫ਼ਸਰਾਂ ਨੂੰ 32,000 ਰੁਪਏ ਪ੍ਰਤੀ ਮਹੀਨਾ ਅਤੇ 5 ਹੋਰ ਅਫ਼ਸਰਾਂ ਨੂੰ 8,000 ਤੇ 20,000 ਰੁਪਏ ਪ੍ਰਤੀ ਮਹੀਨਾ ਬਿਨਾਂ ਲਾਗਬੁੱਕ ਦੇ ਤੈਅ ਕਨਵੈਂਸ ਅਲਾਊਂਸ ਦਿੱਤਾ ਗਿਆ। ਕਨਵੈਂਸ ਦੀ ਇੰਨੀ ਵੱਡੀ ਤੈਅ ਰਾਸ਼ੀ ਸਰਕਾਰੀ ਵਿਵਸਥਾ ਵਿਚ ਕਦੇ ਨਹੀਂ ਸੁਣੀ। ਗੈਰਕਾਨੂੰਨੀ ਕਨਵੈਂਸ ਨੂੰ ਕਾਨੂੰਨੀ ਜਾਮਾ ਪਹਿਨਾਉਣ ਦੇ ਲਈ ਆਈ. ਏ. ਐਸ. ਹਿੰਮਤ ਸਿੰਘ ਨੇ ਚਿਮਨੀ ਦੀ ਨਿਯੁਕਤੀ ਦੇ 9 ਮਹੀਨੇ ਬਾਅਦ ਇਕ ਸਰਵਿਸ ਕਾਂਟਰੈਕਟ ਸਾਈਨ ਕੀਤਾ, ਜਿਸ ਵਿਚ ਇਹ ਲਿਖਿਆ ਗਿਆ ਕਿ ਇਹ ਮੰਨਿਆ ਜਾਵੇਗਾ ਕਿ ਚਿਮਨੀ ਕੌਂਸਲ ਦੇ ਕੰਮਾਂ ਲਈ 4,000 ਕਿਲੋਮੀਟਰ ਪ੍ਰਤੀ ਮਹੀਨਾ ਯਾਤਰਾ ਕਰੇਗਾ ਅਤੇ ਕੌਂਸਲ ਨੂੰ ਇਸਦਾ ਹਿਸਾਬ ਪੁੱਛਣ ਦਾ ਅਧਿਕਾਰ ਨਹੀਂ ਹੈ। ਯਾਦ ਰਹੇ, ਇਸ ਤਰ੍ਹਾਂ ਦਾ ਤੈਅ ਕਨਵੈਂਸ ਅਲਾਊਂਸ ਦੇਣ ਦਾ ਪ੍ਰਬੰਧ ਚਿਮਨੀ ਦੇ ਨਿਯੁਕਤੀ ਪੱਤਰ ਵਿਚ ਕਿਤੇ ਨਹੀਂ ਹੈ। ਇਸੇ ਪ੍ਰਕਾਰ ਦੇ ਸਰਵਿਸ ਕਾਂਟਰੈਕਟ ਹੋਰ ਅਧਿਕਾਰੀਆਂ ਲਈ ਵੀ ਬਣਾਏ ਗਏ।

## ਬਾਦਲ ਵਲੋਂ ਮੁੱਖ ਸਕੱਤਰ ਨੂੰ ਜਾਂਚ ਦੇ ਹੁਕਮ



**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰਾਜ ਦੇ ਮੁੱਖ ਸਕੱਤਰ ਨੂੰ ਖੇਤੀ ਵੰਨ-ਸੁਵੰਨਤਾ ਘਪਲੇ ਦੀ ਜਾਂਚ ਦਾ ਹੁਕਮ 29 ਮਾਰਚ ਨੂੰ ਦਿੱਤਾ ਹੈ। ਇਹ ਜਾਂਚ ਇਕ ਮਹੀਨੇ ਵਿਚ ਪੂਰੀ ਕਰਨ ਲਈ ਕਿਹਾ ਗਿਆ ਹੈ। ਗੌਰਤਲਬ ਹੈ ਕਿ ਪੰਜਾਬ ਵਿਧਾਨ ਸਭਾ ਦੇ ਹਾਲ ਹੀ ਵਿਚ ਖਤਮ ਹੋਏ ਬਜਟ ਸੈਸ਼ਨ ਦੌਰਾਨ ਸਰਕਾਰ ਨੇ ਸਦਨ ਵਿਚ ਭਰੋਸਾ ਦਿੱਤਾ ਸੀ ਕਿ ਵੱਖੋ-ਵੱਖ ਮਹਿਕਮਿਆਂ ਦੇ ਕੰਮਕਾਜ ਅਤੇ ਘਪਲੇਬਾਜ਼ੀਆਂ ਦੀ ਜਾਂਚ ਕਰਵਾਈ ਜਾਵੇਗੀ। ਮੁੱਖ ਸਕੱਤਰ ਐਸ.ਸੀ. ਅਗਰਵਾਲ ਨੂੰ ਕਿਹਾ ਗਿਆ ਹੈ ਕਿ ਘਪਲੇ ਦੇ ਸਾਰੇ ਪੱਖਾਂ ਦੀ ਜਾਂਚ ਕਰਕੇ ਇਕ ਮਹੀਨੇ ਦੌਰਾਨ ਰਿਪੋਰਟ ਦਿੱਤੀ ਜਾਵੇ ਤੇ ਇਸ ਘਪਲੇ ਵਿਚ ਸ਼ਾਮਲ ਅਫਸਰਾਂ ਦੀ ਜ਼ਿੰਮੇਵਾਰੀ ਵੀ ਤੈਅ ਕੀਤੀ ਜਾਵੇ। ਇਹ ਘਪਲਾ ਸਰਕਾਰ ਪ੍ਰਤੀ ਜਵਾਬਦੇਹੀ ਤੋਂ ਬਿਨਾਂ ਪੈਸੇ ਦੀ ਦੁਰਵਰਤੋਂ ਅਤੇ ਫਜ਼ੂਲਖਰਚੀ ਨਾਲ ਸਬੰਧਤ ਹੈ। ਇਹ ਘਪਲੇਬਾਜ਼ੀ ਚਾਰ ਵਿਸ਼ੇਸ਼ ਅਦਾਰਿਆਂ ਨਿੰਬੂ ਜਾਤੀ ਦੇ ਫਸਲਾਂ ਤੇ ਖੇਤੀ ਜੂਸਿੰਗ ਕੌਂਸਲਾਂ, ਵਧੀਆ ਬਾਗਬਾਨੀ, ਆਰਗੈਨਿਕ ਖੇਤੀ ਕੌਂਸਲ ਅਤੇ ਅੰਗੂਰਾਂ ਦੀ ਖੇਤੀ ਸਬੰਧੀ ਕੌਂਸਲ ਵਿਚ ਸਾਹਮਣੇ ਆਈ ਹੈ। ਹੈਰਾਨੀ ਦੀ ਗੱਲ ਹੈ ਕਿ ਇਕ ਪਾਸੇ ਜਿੱਥੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸਤਪਾਲ ਗੁਸਾਈਂ ਵਲੋਂ ਸਿਆਸੀ ਬਦਲਾਖੋਰੀ ਵਾਲੇ ਭ੍ਰਿਸ਼ਟਾਚਾਰ ਦੇ ਸਾਰੇ ਕੇਸ ਵਾਪਸ ਲੈਣ ਸਬੰਧੀ ਸਪੀਕਰ ਨਿਰਮਲ ਸਿੰਘ ਕਾਹਲੋਂ ਨੂੰ ਲਿਖੀ ਚਿੱਠੀ ਨੂੰ ਵਿਧਾਨ ਸਭਾ ਵਲੋਂ ਵਿਚਾਰੇ ਜਾਣ ਉਤੇ ਜ਼ੋਰ ਦਿੱਤਾ ਜਾ ਰਿਹਾ ਸੀ, ਐਨ ਉਸੇ ਸਮੇਂ ਵੱਖੋ-ਵੱਖ ਪ੍ਰਸ਼ਾਸਕੀ ਮਹਿਕਮਿਆਂ ਤੇ ਜਨਤਕ ਖੇਤਰ ਦੇ ਅਦਾਰਿਆਂ ਵਿਚ ਭ੍ਰਿਸ਼ਟਾਚਾਰ, ਲਿਹਾਜ਼ਦਾਰੀ ਅਤੇ ਹੇਰਾਫੇਰੀ ਸਬੰਧੀ ਜਾਂਚ ਦੀਆਂ ਮੰਗਾਂ ਨੇ ਵੱਡੇ ਪੱਧਰ 'ਤੇ ਜ਼ੋਰ ਫੜਿਆ ਹੈ। ਕੇਸਾਂ ਦੀ ਵਾਪਸੀ ਸਬੰਧੀ ਮਾਮਲੇ ਨੂੰ ਇਸ ਕਾਰਨ ਅੱਗੇ ਪਾ ਦਿੱਤਾ ਗਿਆ ਕਿ ਇਸ ਸਬੰਧੀ ਐਡਵੋਕੇਟ ਜਨਰਲ ਹਰਦੇਵ ਸਿੰਘ ਮੱਤੇਵਾਲ ਵਲੋਂ ਦਿੱਤੀ ਸਲਾਹ ਉਤੇ ਸ੍ਰੀ ਕਾਹਲੋਂ ਵਿਚਾਰ ਨਹੀਂ ਸਨ ਕਰ ਸਕੇ। ਇਸਤੋਂ ਪਹਿਲਾਂ ਸਰਕਾਰ ਨੇ ਇਸ ਤਰ੍ਹਾਂ ਕਣਕ ਬੀਜ ਘਪਲੇ ਦੀ ਜਾਂਚ ਦਾ ਹੁਕਮ ਵੀ ਦਿੱਤਾ ਹੈ। ਇਹ ਮਾਮਲਾ ਬਜਟ ਸੈਸ਼ਨ ਵਿਚ ਕਾਂਗਰਸੀ ਵਿਧਾਇਕ ਸੁਨੀਲ ਕੁਮਾਰ ਜਾਖੜ ਨੇ ਉਠਾਇਆ ਸੀ। ਇਸ ਤੋਂ ਬਿਨਾਂ ਵਿਧਾਨ ਸਭਾ ਵਿਚ ਜਿਹੜੀਆਂ ਜਾਂਚਾਂ ਦੇ ਹੁਕਮ ਦਿੱਤੇ ਗਏ ਹਨ ਉਨ੍ਹਾਂ ਵਿਚ ਰਾਜ ਵਿਚ ਆਂਗਨਵਾੜੀਆਂ ਦੇ ਕੰਮਕਾਜ ਦੀ ਡੂੰਘੀ ਤਫਤੀਸ਼ ਦਾ ਹੁਕਮ ਵੀ ਸ਼ਾਮਲ ਹੈ।


CTR
CENTRAL TRAILER REPAIR
3275 E Central Fresno, CA
Ph: 559 268 8231



We work on all makes & models of refrigeration units.

- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।

We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)

E-mail:paul@cfxfresno.com



Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Cell:510-452-7370

Notary Free

MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com

## ਬੀਜ ਸਬਸਿਡੀ ਵਿਚ 3 ਕਰੋੜ ਦਾ ਘਪਲਾ

**ਚੰਡੀਗੜ੍ਹ:** ਪੰਜਾਬ ਪੁਲੀਸ ਦੇ ਖੁਫੀਆ ਵਿੰਗ ਨੇ ਆਪਣੀ ਇੱਕ ਗੁਪਤ ਰਿਪੋਰਟ ਵਿਚ ਸੂਬੇ ਦੇ ਖੇਤੀਬਾੜੀ ਵਿਭਾਗ ਵਲੋਂ ਕੇਂਦਰ ਸਰਕਾਰ ਦੀ ਬੀਜ ਸਬਸਿਡੀ ਦੇ ਮਾਮਲੇ ਵਿਚ 3 ਕਰੋੜ ਰੁਪਏ ਦਾ ਘਪਲਾ ਹੋਣ ਦੀ ਗੱਲ ਕਹੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਕ ਸੀ.ਆਈ.ਡੀ. ਵਲੋਂ ਆਪਣੀ ਪੜਤਾਲ ਰਿਪੋਰਟ ਵਿੱਤ ਕਮਿਸ਼ਨਰ (ਵਿਕਾਸ) ਨਵਰੀਤ ਸਿੰਘ ਕੰਗ ਨੂੰ ਭੇਜ ਦਿੱਤੀ ਗਈ ਹੈ।

ਵਿੱਤ ਕਮਿਸ਼ਨ ਨੇ ਸਬੰਧਤ ਅਧਿਕਾਰੀਆਂ ਤੋਂ ਸੀ.ਆਈ.ਡੀ. ਦੀ ਰਿਪੋਰਟ ਬਾਰੇ ਟਿੱਪਣੀਆਂ ਵੀ ਮੰਗ ਲਈਆਂ ਹਨ। ਸ੍ਰੀ ਕੰਗ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਫਿਲਹਾਲ ਟਿੱਪਣੀ ਮੰਗੀ ਗਈ ਹੈ। ਉਸਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਸੂਤਰਾਂ ਮੁਤਾਬਕ ਖੁਫੀਆ ਵਿੰਗ ਦੀ ਇਹ ਰਿਪੋਰਟ ਖੇਤੀਬਾੜੀ ਵਿਭਾਗ ਅਤੇ ਪਨਸੀਡ ਦੇ ਅਧਿਕਾਰੀਆਂ ਲਈ ਸੰਕਟ ਖੜ੍ਹਾ ਕਰ ਸਕਦੀ ਹੈ ਕਿਉਂਕਿ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਹਿਲਾਂ ਹੀ ਕਾਂਗਰਸ ਦੀ ਮੰਗ 'ਤੇ ਸਦਨ ਵਿਚ ਕਥਿਤ ਬੀਜ ਘੁਟਾਲੇ ਦੀ ਜਾਂਚ ਕਰਾਉਣ ਦੇ ਹੁਕਮ ਦੇ ਚੁੱਕੇ ਹਨ। ਇਹ ਮਾਮਲਾ ਕਾਂਗਰਸ ਦੇ ਸ੍ਰੀ ਸੁਨੀਲ ਜਾਖੜ ਵਲੋਂ ਉਠਾਇਆ ਗਿਆ ਸੀ।

ਸੂਤਰਾਂ ਦਾ ਦੱਸਣਾ ਹੈ ਕਿ ਇਹ ਰਿਪੋਰਟ ਸਦਨ ਵਲੋਂ ਦਿੱਤੇ ਜਾਂਚ ਦੇ ਹੁਕਮਾਂ ਉਤੇ ਵਿੱਤ ਕਮਿਸ਼ਨਰ ਵਿਕਾਸ ਵਲੋਂ ਕੀਤੀ ਜਾਣ ਵਾਲੀ ਜਾਂਚ ਦਾ ਮੁੱਖ ਅਧਾਰ ਵੀ ਬਣ ਸਕਦੀ ਹੈ। ਸੀ.ਆਈ.ਡੀ. ਦੇ ਮੁਲਾਜ਼ਮਾਂ ਵਲੋਂ ਪੰਜਾਬ ਭਰ ਤੋਂ ਅਜਿਹੀਆਂ ਰਿਪੋਰਟਾਂ ਇਕੱਠੀਆਂ ਕੀਤੀਆਂ ਗਈਆਂ ਹਨ ਜਿਸ ਦੌਰਾਨ ਕੇਂਦਰ ਵਲੋਂ ਆਈ ਕਰੋੜਾਂ ਰੁਪਏ ਦੀ ਸਬਸਿਡੀ ਵਿਚ ਘਪਲਾ ਹੋਣ ਦੇ ਸਬੂਤ ਮਿਲੇ ਹਨ। ਇਸ ਰਿਪੋਰਟ ਮੁਤਾਬਕ ਕਿਸਾਨਾਂ ਨੂੰ ਮਿਲਣ ਵਾਲਾ 3 ਕਰੋੜ ਰੁਪਈਆ ਇਧਰ ਉਧਰ ਹੋ ਗਿਆ।

# 'ਵਰਸਿਟੀ ਕੇਂਦਰ ਦੇ ਡਾਇਰੈਕਟਰ ਦੀ ਜਵਾਬਤਲਬੀ

**ਚੰਡੀਗੜ੍ਹ :** ਪੰਜਾਬ ਯੂਨੀਵਰਸਿਟੀ ਦੇ ਖੇਤਰੀ ਕੇਂਦਰ, ਲੁਧਿਆਣਾ ਦੇ ਗਿਆਰਾਂ ਵਿਦਿਆਰਥੀਆਂ ਵਲੋਂ ਅਣ ਅਧਿਕਾਰਤ ਤੌਰ 'ਤੇ ਅਮਰੀਕਾ ਦਾ ਗੇੜਾ ਲਾ ਆਉਣ ਦਾ ਮਾਮਲਾ ਸਾਹਮਣੇ ਆਇਆ ਹੈ। ਖੇਤਰੀ ਕੇਂਦਰ ਦੇ ਇਹ ਵਿਦਿਆਰਥੀ ਪੰਜਾਬ ਯੂਨੀਵਰਸਿਟੀ ਦਾ ਨਾਂ ਵਰਤ ਕੇ ਇਕ ਸਰਕਾਰੀ ਵਫਦ ਵਿਚ ਸ਼ਾਮਲ ਹੋਣ ਵਿਚ ਕਾਮਯਾਬ ਹੋ ਗਏ। ਯੂਨੀਵਰਸਿਟੀ ਦੇ ਉੱਚ ਭਰੋਸੇਯੋਗ ਸੂਤਰਾਂ ਨੇ ਦੱਸਿਆ ਕਿ ਉਪ ਕੁਲਪਤੀ ਨੇ ਖੇਤਰੀ ਕੇਂਦਰ ਦੇ ਡਾਇਰੈਕਟਰ ਦੀ ਜੁਆਬ ਤਲਬੀ ਕਰ ਲਈ ਹੈ। ਯੂਨੀਵਰਸਿਟੀ ਵਲੋਂ ਵਿਦਿਆਰਥੀਆਂ ਦੀ ਅਮਰੀਕਾ ਫੇਰੀ ਨਾਲ ਜੁੜੇ ਹੋਰ ਵਿਵਾਦਾਂ ਬਾਰੇ ਸ਼ੁਰੂ ਕੀਤੀ ਮੁਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕੈਂਪਸ ਦੇ 30 ਵਿਦਿਆਰਥੀਆਂ ਨੇ 'ਬੋਨਾਫਾਈਡ ਸਟੂਡੈਂਟ' ਦਾ ਜਾਅਲੀ ਸਰਟੀਫਿਕੇਟ ਪੇਸ਼ ਕਰਕੇ ਅੰਬੈਸੀ ਤੋਂ ਵੀਜ਼ਾ ਲਿਆ ਸੀ।

ਦੂਜੇ ਬੰਨੇ ਪਤਾ ਲੱਗਾ ਹੈ ਕਿ ਇਸ ਫੇਰੀ ਕਾਂਡ ਨੇ ਸਿਆਸੀ ਰੰਗਤ ਲੈਣੀ ਸ਼ੁਰੂ ਕਰ ਦਿੱਤੀ ਹੈ। ਇਸ ਵਿਚ ਯੂਨੀਵਰਸਿਟੀ ਦੇ ਕਈ ਵੱਡੇ ਅਫਸਰਾਂ ਦਾ ਨਾਂ ਆਉਣ ਪਿੱਛੋਂ ਸੈਨੇਟਰਾਂ ਦਾ ਇਕ ਧੜਾ ਉਨ੍ਹਾਂ ਦੇ ਹੱਕ ਵਿਚ ਡਟ ਗਿਆ ਹੈ। ਇਸ ਧੜੇ ਨੇ ਬੋਸਟਨ ਬਲਾਤਕਾਰ ਦੇ ਦੋਸ਼ੀ ਨਿਤਿਨ ਜਿੰਦਲ ਵਿਰੁਧ ਕਾਰਵਾਈ ਕਰਨ 'ਤੇ ਜ਼ੋਰ ਦਿੰਦਿਆਂ ਅਣ ਅਧਿਕਾਰਤ ਤੌਰ 'ਤੇ ਅਮਰੀਕਾ ਗਏ ਹੋਰ ਵਿਦਿਆਰਥੀਆਂ ਨੂੰ ਬਚਾਉਣ ਲਈ ਇਕ ਮੁਹਿੰਮ ਸ਼ੁਰੂ ਕਰ ਦਿੱਤੀ ਹੈ। ਇਹ ਵੀ ਪਤਾ ਲੱਗਾ ਹੈ ਕਿ ਸੈਨੇਟਰਾਂ ਦੇ ਇਕ ਧੜੇ ਨੇ ਮਾਮਲੇ ਨੂੰ ਗੰਭੀਰ ਦੱਸਦਿਆਂ ਇਸ ਵਿਚ ਯੂਨੀਵਰਸਿਟੀ ਦੇ ਚਾਂਸਲਰ ਅਤੇ ਦੇਸ਼ ਦੇ ਉਪ ਰਾਸ਼ਟਰਪਤੀ ਦੇ ਦਖਲ ਦੀ ਮੰਗ ਕੀਤੀ ਸੀ। ਯੂਨੀਵਰਸਿਟੀ ਦੇ ਸੂਤਰ ਦੱਸਦੇ ਹਨ ਕਿ ਚਾਂਸਲਰ ਦੇ ਦਫਤਰ ਨੇ ਉਪ ਕੁਲਪਤੀ ਨੂੰ ਇਸ ਮਾਮਲੇ ਵਿਚ ਅਗਲੀ ਕਾਰਵਾਈ ਲਈ ਚੰਡੀਗੜ੍ਹ ਪ੍ਰਸ਼ਾਸਨ ਨਾਲ ਰਾਬਤਾ ਕਾਇਮ ਕਰਨ ਲਈ ਕਹਿ ਦਿੱਤਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਰਿਜਨਲ ਸੈਂਟਰ ਲੁਧਿਆਣਾ ਦੇ ਜਿਹੜੇ 11 ਵਿਦਿਆਰਥੀ ਯੂਨੀਵਰਸਿਟੀ ਦੇ ਸਰਕਾਰੀ ਵਫਦ ਨਾਲ ਅਮਰੀਕਾ ਲਈ ਵੀਜ਼ਾ ਲੈਣ ਵਿਚ ਕਾਮਯਾਬ ਹੋ ਗਏ ਸਨ, ਉਨ੍ਹਾਂ ਸੈਂਟਰ ਤੋਂ 'ਬੋਨਾਫਾਈਡ ਸਟੂਡੈਂਟ' ਸਰਟੀਫਿਕੇਟ ਪ੍ਰਾਪਤ ਕੀਤਾ, ਪਰ ਸਰਟੀਫਿਕੇਟ ਲੈਣ ਲਈ ਦਿੱਤੀ ਅਰਜ਼ੀ ਵਿਚ ਇਸ ਦੀ ਵਰਤੋਂ ਦਾ ਮਕਸਦ ਨਹੀਂ ਦੱਸਿਆ ਗਿਆ ਸੀ।

ਯੂਨੀਵਰਸਿਟੀ ਲਈ ਇਹ ਨਵੇਂ ਤੱਥ ਸਾਹਮਣੇ ਆਉਣ ਪਿੱਛੋਂ ਚਿੰਤਾ ਖੜ੍ਹੀ ਹੋ ਗਈ ਹੈ ਕਿ ਜਦੋਂ ਅਮਰੀਕਾ ਦੀ ਹਾਰਵਰਡ ਯੂਨੀਵਰਸਿਟੀ ਨੇ ਖੇਤਰੀ ਸੈਂਟਰ ਲੁਧਿਆਣਾ ਦੇ ਵਿਦਿਆਰਥੀਆਂ ਨੂੰ ਲਾਅ ਨਾਲ ਸਬੰਧਤ ਮੁਕਾਬਲੇ ਵਿਚ ਹਿੱਸਾ ਲੈਣ ਲਈ ਕੋਈ ਸੱਦਾ ਪੱਤਰ ਨਹੀਂ ਭੇਜਿਆ ਤਾਂ ਉਥੇ ਪੜ੍ਹਦੇ ਵਿਦਿਆਰਥੀਆਂ ਨੂੰ ਇਸ ਦੀ ਭਿਣਕ ਕਿਵੇਂ ਪੈ ਗਈ ਅਤੇ ਉਨ੍ਹਾਂ ਨੇ ਆਪਣੇ ਪੱਧਰ 'ਤੇ ਵੀਜ਼ਾ ਲੈਣ ਦੀ ਜੁਅਰਤ ਕਿਵੇਂ ਕਰ ਲਈ।

ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਹਰੇਕ ਰੈਗੂਲਰ ਵਿਦਿਆਰਥੀ ਨੂੰ ਵਿਦੇਸ਼ ਜਾਣ ਲਈ ਛੁੱਟੀ ਮਨਜ਼ੂਰ ਕਰਾਉਣੀ ਪੈਂਦੀ ਹੈ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਨ੍ਹਾਂ ਦੀ ਸੱਤਾਂ ਦਿਨਾਂ ਦੀ ਗੈਰ-ਹਾਜ਼ਰੀ ਪਿੱਛੋਂ ਨਾ ਕੱਟ ਦਿੱਤਾ ਜਾਂਦਾ ਹੈ ਪਰ ਸੈਂਟਰ ਵਿਚ ਅਜਿਹਾ ਕੁਝ ਨਹੀਂ ਹੋਇਆ। ਦੱਸਿਆ ਤਾਂ ਇਹ ਵੀ ਜਾਂਦਾ ਹੈ ਕਿ ਯੂਨੀਵਰਸਿਟੀ ਦੇ ਇਨ੍ਹਾਂ ਵਿਦਿਆਰਥੀਆਂ ਨੂੰ ਜਦੋਂ ਬੋਨਾਫਾਈਡ ਸਟੂਡੈਂਟ ਹੋਣ ਦੇ ਸਰਟੀਫਿਕੇਟ ਦਿੱਤੇ ਗਏ ਸਨ ਉਦੋਂ ਉਥੋਂ ਦਾ ਜਿਹੜਾ ਪ੍ਰੋਫੈਸਰ ਡਾਇਰੈਕਟਰ ਸੀ ਹੁਣ ਉਹ ਕਿਸੇ ਹੋਰ ਯੂਨੀਵਰਸਿਟੀ ਵਿਚ ਜਾ ਚੁੱਕਾ ਹੈ। ਅਜਿਹੀ ਸਥਿਤੀ ਵਿਚ ਸੈਂਟਰ ਲਈ ਜੁਆਬ ਦੇਣ ਵਿਚ ਹੋਰ ਵੀ ਦਿੱਕਤ ਆਵੇਗੀ। ਉਂਜ ਯੂਨੀਵਰਸਿਟੀ ਨੂੰ ਇਸ ਬਾਰੇ ਸੈਂਟਰ ਦੇ ਸਾਬਕਾ ਡਾਇਰੈਕਟਰ ਦੀ ਸਰਟੀਫਿਕੇਟ ਜਾਰੀ ਕਰਨ ਵਿਚ ਭੂਮਿਕਾ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਇਕ ਵੱਖਰੀ ਜਾਣਕਾਰੀ ਅਨੁਸਾਰ ਯੂਨੀਵਰਸਿਟੀ ਨੇ ਬਲਾਤਕਾਰ ਕਾਂਡ ਦੇ ਮੁਲਜ਼ਮ ਨਿਤਿਨ ਜਿੰਦਲ ਦੇ ਮਾਪਿਆਂ ਨੇ ਜਿਹੜਾ ਕਾਰਨ ਦੱਸੋ ਨੋਟਿਸ ਭੇਜਿਆ ਸੀ, ਪਰਿਵਾਰ ਨੇ ਉਸਦਾ ਜੁਆਬ ਦੇਣ ਦੀ ਕੋਈ ਲੋੜ ਨਹੀਂ ਸਮਝੀ। ਪੰਜਾਬ ਦੇ ਸਾਬਕਾ ਐਡਵੋਕੇਟ ਜਨਰਲ ਅਤੇ ਸੈਨੇਟਰ ਜੀ.ਕੇ. ਚਤਰਥ ਕਹਿੰਦੇ ਹਨ ਕਿ ਹਰੇਕ ਨਾਗਰਿਕ ਨੂੰ ਵਿਦੇਸ਼ ਜਾਣ ਦਾ ਹੱਕ ਹੈ ਅਤੇ ਜਿਹੜਾ ਵਿਦਿਆਰਥੀ ਵਫਦ ਨਾਲ ਅਣ ਅਧਿਕਾਰਤ ਤੌਰ'ਤੇ ਬਾਹਰ ਗਏ ਦੱਸੇ ਜਾਂਦੇ ਹਨ, ਉਨ੍ਹਾਂ ਨੇ ਕੋਈ ਗੈਰ-ਕਾਨੂੰਨੀ ਕੰਮ ਨਹੀਂ ਕੀਤਾ। ਇਸੇ ਦੌਰਾਨ ਯੂਨੀਵਰਸਿਟੀ ਦੇ ਮਸਲਿਆਂ ਨਾਲ ਸਬੰਧਤ ਸਭ ਤੋਂ ਉੱਚ ਅਧਿਕਾਰੀ ਨੇ ਕਿਹਾ ਕਿ ਖੇਤਰੀ ਸੈਂਟਰ ਲੁਧਿਆਣਾ ਦੀ ਜੁਆਬਤਲਬੀ ਕੀਤੀ ਗਈ ਹੈ। ਚੇਤੇ ਕਰਾਇਆ ਜਾਂਦਾ ਹੈ ਕਿ ਪੰਜਾਬ ਯੂਨੀਵਰਸਿਟੀ ਦਾ ਇਕ ਹਾਰਵਰਡ ਯੂਨੀਵਰਸਿਟੀ ਅਮਰੀਕਾ (ਫਰਵਰੀ 8 ਨੂੰ) ਗਿਆ ਸੀ।

## ਕਰੋੜਾਂ ਦੀ ਹੈਰੋਇਨ ਫੜੀ

**ਨਵਾਂ ਸ਼ਹਿਰ :** ਜ਼ਿਲ੍ਹਾ ਨਵਾਂ ਸ਼ਹਿਰ ਦੀ ਪੁਲਿਸ ਨੇ 5 ਕਰੋੜ ਰੁਪਏ ਦੀ ਹੈਰੋਇਨ ਸਮੇਤ ਚਾਰ ਸਮਗਲਰਾਂ ਨੂੰ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ।

ਐਸ ਐਸ ਪੀ ਨੇ ਦੱਸਿਆ ਕਿ ਇਨ੍ਹਾਂ ਨੇ ਪੁੱਛਗਿੱਛ ਦੌਰਾਨ ਮੰਨਿਆ ਕਿ ਜਗਜੀਤ ਸਿੰਘ ਦੇ ਸੰਬੰਧ ਇਕ ਸਮਗਲਰ ਭੋਲਾ ਵਾਸੀ ਹਵੇਲੀਆ ਨਾਲ ਸਨ, ਜਿਸ ਪਾਸੋਂ ਜਗਜੀਤ ਸਿੰਘ ਹੈਰੋਇਨ ਲੈ ਕੇ ਜਸਪ੍ਰੀਤ, ਜਨਕ ਰਾਜ ਅਤੇ ਰਵਿੰਦਰ ਨੂੰ ਦੇ ਦਿੰਦਾ, ਜੋ ਅੱਗੇ ਇਸ ਨੂੰ ਪ੍ਰਚੂਨ ਵਿਚ ਸਪਲਾਈ ਕਰਦੇ ਸਨ। ਇਨ੍ਹਾਂ ਦੋਸੀਆਂ ਖਿਲਾਫ਼ ਪੁਲਿਸ ਨੇ ਮੁਕੱਦਮਾ ਦਰਜ ਕਰ ਲਿਆ ਹੈ।

## Matrimonials



Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact-lakhwinderbrar81@yahoo.ca

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

ਸੋਹਣੇ ਸੁਨੱਖੇ ਜੱਟ ਸਿੱਖ ਕੰਗ, ਅਮਰੀਕਨ ਸਿਟੀਜ਼ਨ, 29, 5'11" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਵਿਜ਼ੀਟਰ ਵੀਜ਼ੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:530-310-6777, 530-310-3843


MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40





Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service



B & Sons Travel
➤All Airlines ➤International and Domestic
➤Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm





CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



NCP College of Nursing
Educate | Grow | Succeed
100% NCLEX-PN Pass Rate!
Affordable Payment Plans!
Start your career now!
Full Time
Part Time
Day & Evening
Start Your Nursing Career Today!





12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus
1.800.339.5145
East Bay Campus
1.800.611.4054
Choose which is right for you...
Your career is a call away. Call today!
www.ncpcollegeofnursing.com



FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com





Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪੰਜਾਬ ਦਾ ਵਿਧਾਨ ਸਭਾ ਸੈਸ਼ਨ ਸਮਾਪਤ, ਦੋ ਬਿਲ ਤੇ ਬਜਟ ਪਾਸ

**ਪੰਜਾਬ ਟਾਈਮਜ਼ ਬਿਊਰੋ**

**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਬਜਟ ਸੈਸ਼ਨ ਦੇ ਆਖਰੀ ਦਿਨ ਸਾਲ 2010-11 ਲਈ ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਅਤੇ ਪੰਜਾਬ ਨਮਿੱਤਣ ਬਿਲ, ਐਡਵੋਕੇਟ ਵੈਲਫੇਅਰ ਫੰਡ (ਸੋਧਨਾ) ਬਿਲ ਅਤੇ ਪੰਜਾਬ ਕਿਰਤ ਭਲਾਈ ਫੰਡ (ਸੋਧਨਾ) ਬਿਲ ਸਰਬਸੰਮਤੀ ਨਾਲ ਪ੍ਰਵਾਨ ਕਰਨ ਦੇ ਨਾਲ ਹੀ ਬਜਟ ਪਾਸ ਕਰਕੇ 26 ਮਾਰਚ ਨੂੰ ਅਣਮਿੱਥੇ ਸਮੇਂ ਲਈ ਉੱਠ ਗਈ।

ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਮੌਕੇ ਤੇ ਮੈਂਬਰਾਂ ਵਲੋਂ ਉਠਾਏ ਨੁਕਤਿਆਂ ਦਾ ਜੁਆਬ ਦਿੰਦੇ ਹੋਏ ਕਿਹਾ ਕਿ ਨਵੇਂ ਪ੍ਰਬੰਧ ਅਨੁਸਾਰ ਸਾਰੇ ਵਿਭਾਗਾਂ ਦਾ ਪੁਨਰਗਠਨ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਹਿਕਾਰਤਾ ਵਿਭਾਗ ਸਮੇਤ ਬਹੁਤ ਸਾਰੇ ਵਿਭਾਗਾਂ ਵਿਚ ਅਸਾਮੀਆਂ ਖਾਲੀ ਪਈਆਂ ਹਨ। ਇਨ੍ਹਾਂ ਅਸਾਮੀਆਂ ਨੂੰ ਨਵੀਂ ਤਕਨਾਲੋਜੀ ਅਤੇ ਲੋੜ ਅਨੁਸਾਰ ਭਰਿਆ ਜਾਵੇਗਾ।


ਵਾਕਆਊਟ ਉਪਰੰਤ ਸਦਨ ਦੇ ਬਾਹਰ ਨਾਅਰੇਬਾਜ਼ੀ ਕਰਦੇ ਹੋਏ ਕਾਂਗਰਸੀ ਨੇਤਾ।

ਇਸ ਦੌਰਾਨ ਪੰਜਾਬ ਵਿਧਾਨ ਸਭਾ 'ਚ ਵਿਧਾਇਕਾਂ ਦੀਆਂ ਤਨਖਾਹਾਂ ਅਤੇ ਭੱਤਿਆਂ ਵਿਚ ਵਾਧੇ ਵਾਲਾ ਬਿਲ ਫਿਰ ਪੇਸ਼ ਨਾ ਹੋਇਆ ਅਤੇ ਨਾ ਹੀ ਸਦਭਾਵਨਾ ਵਾਲਾ ਮਾਹੌਲ ਬਣਾਉਣ ਲਈ ਰਾਜਸੀ ਬਦਲੇ ਦੀ ਭਾਵਨਾ ਨਾਲ ਬਣੇ ਕੇਸ ਵਾਪਸ ਲੈਣ ਬਾਰੇ ਪੰਜਾਬ ਦੇ ਐਡਵੋਕੇਟ ਜਨਰਲ ਦੀ ਰਿਪੋਰਟ ਪੇਸ਼ ਹੋ ਸਕੀ। ਬੇਸ਼ੱਕ ਵਿਰੋਧੀ ਧਿਰ ਕਾਂਗਰਸ ਪਾਰਟੀ ਇਨ੍ਹਾਂ ਮੁੱਦਿਆਂ 'ਤੇ ਹਾਕਮ ਧਿਰ ਨਾਲੋਂ ਵੀ ਅੱਗੇ ਹੈ ਪਰ ਸਦਨ ਵਿਚ ਮਾਮਲਾ ਆਉਣ ਵੇਲੇ ਕਾਂਗਰਸ ਵਾਕਆਊਟ ਕਰ ਗਈ। ਸਪੀਕਰ ਨੇ ਸਦਨ ਦੇ ਮੈਂਬਰਾਂ ਨੂੰ ਭਰੋਸਾ ਦਿੱਤਾ ਕਿ ਕਿਸੇ ਤਕਨੀਕੀ ਕਾਰਨ ਕਰਕੇ ਭੱਤਿਆਂ ਦਾ ਮੁੱਦਾ ਸਦਨ ਵਿਚ ਨਹੀਂ ਆਇਆ, ਪਰ ਅਗਲੇ ਦਿਨਾਂ ਵਿਚ ਇਹ ਮਾਮਲਾ ਸਿਰੇ ਲੱਗ ਜਾਵੇਗਾ।

ਸਦਨ ਵਿਚ ਬਾਅਦ ਦੁਪਹਿਰ ਜਦੋਂ ਬਜਟ ਅਨੁਮਾਨਾਂ ਸਬੰਧੀ ਗ੍ਰਾਂਟਾਂ ਲਈ ਮੰਗਾਂ ਬਾਰੇ ਬਹਿਸ ਹੋ ਰਹੀ ਸੀ ਤਾਂ ਇਸਤੋਂ ਪਹਿਲਾਂ ਵਿਰੋਧੀ ਧਿਰ ਕਾਂਗਰਸ ਇਕ ਥਾਣੇਦਾਰ ਨੂੰ ਮੁਅੱਤਲ ਕਰਵਾਉਣ ਦੀ ਮੰਗ ਨੂੰ ਲੈ ਕੇ ਵਾਕਆਊਟ ਕਰ ਗਈ। ਕਾਂਗਰਸ ਪਾਰਟੀ ਨੇ ਸਵੇਰ ਵੇਲੇ ਵੀ ਇਹ ਮੁੱਦਾ ਉਠਾਇਆ ਸੀ। ਬਾਅਦ ਵਿਚ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਬਾਕੀ ਰਹਿੰਦੇ ਸਦਨ ਦਾ ਬਾਈਕਾਟ ਕੀਤਾ ਹੈ । ਉਹ ਇਸ ਮਾਮਲੇ ਨੂੰ ਪੰਜਾਬ ਦੇ ਲੋਕਾਂ ਵਿਚ ਲਿਜਾਣ ਲਈ ਭਲਕੇ ਮੀਟਿੰਗ ਵੀ ਕਰ ਰਹੇ ਹਨ। ਇਹ ਵੀ ਅਹਿਮ ਹੈ ਕਿ ਇਸਤੋਂ ਪਿਛਲੇ ਸੈਸ਼ਨ ਵਿਚ ਵੀ ਜਦੋਂ ਇਹ ਮੁੱਦਾ ਆਇਆ ਸੀ ਤਾਂ ਉਸ ਵੇਲੇ ਕਾਂਗਰਸ ਪਾਰਟੀ ਵਾਕਆਊਟ ਕਰਕੇ ਸਦਨ ਵਿਚੋਂ ਜਾ ਚੁੱਕੀ ਸੀ। ਉਸ ਵੇਲੇ ਵੀ ਹਾਕਮ ਧਿਰ ਨੇ ਇਹ ਕਿਹਾ ਸੀ ਕਿ ਵਿਰੋਧੀ ਧਿਰ ਦੇ ਵਾਕਆਊਟ ਕਰਨ ਕਰਕੇ ਇਹ ਬਿਲ ਪੇਸ਼ ਨਹੀਂ ਕੀਤਾ ਗਿਆ। ਇਹ ਵੱਖਰੀ ਗੱਲ ਹੈ ਕਿ ਇਸ ਵਾਰ ਮਾਮਲਾ ਨਾ ਆਉਣ ਲਈ ਤਕਨੀਕੀ ਕਾਰਨ ਦੱਸਿਆ ਗਿਆ ਹੈ। ਹਾਕਮ ਧਿਰ ਵਲੋਂ ਸ੍ਰੀ ਸੋਹਨ ਸਿੰਘ ਠੰਡਲ ਨੇ ਮੰਗਾਂ 'ਤੇ ਬੋਲਦੇ ਹੋਏ ਕਿਹਾ ਕਿ ਵਿਧਾਇਕਾਂ ਦੇ ਭੱਤੇ ਵਧੇ ਨਹੀਂ ਹਨ ਪਰ ਮੀਡੀਆ ਨੇ ਇਸ ਮਾਮਲੇ ਨੂੰ ਬਹੁਤ ਉਛਾਲਿਆ ਹੈ। ਉਨ੍ਹਾਂ ਕਿਹਾ ਕਿ ਵਿਧਾਇਕ ਦਾ ਰੁਤਬਾ ਮੁੱਖ ਸਕੱਤਰ ਤੋਂ ਉੱਚਾ ਮੰਨਿਆ ਜਾਂਦਾ ਹੈ ਪਰ ਵਿਧਾਇਕ ਨਾਲੋਂ ਮੁੱਖ ਸਕੱਤਰ ਦੀ ਤਨਖਾਹ ਕਿਤੇ ਵਧੇਰੇ ਹੈ। ਉਨ੍ਹਾਂ ਕਿਹਾ ਕਿ ਇਹ ਸਦਨ ਦਾ ਮਾਮਲਾ ਹੈ। ਹਾਕਮ ਧਿਰ ਦੇ ਮੈਂਬਰਾਂ ਨੇ ਮੇਜ ਥਪਥਪਾ ਕੇ ਇਸ ਦਾ ਸਵਾਗਤ ਕੀਤਾ।

ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਮਾਮਲੇ ਵਿਚ ਦਖ਼ਲ ਦਿੰਦੇ ਹੋਏ ਕਿਹਾ ਕਿ ਇਸ ਮਾਮਲੇ ਲਈ ਰਾਜਪਾਲ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੁੰਦੀ ਹੈ। ਉਨ੍ਹਾਂ ਕਿਹਾ ਕਿ ਤਕਨੀਕੀ ਕਾਰਨ ਕਰਕੇ ਇਹ ਮਾਮਲਾ ਰਹਿ ਗਿਆ ਹੈ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਅਤੇ ਮੁੱਖ ਮੰਤਰੀ ਵੀ ਇਸ ਮਾਮਲੇ ਨਾਲ ਸਹਿਮਤ ਹਨ। ਉਨ੍ਹਾਂ ਕਿਹਾ ਕਿ ਅਗਲੇ ਕੁਝ ਦਿਨਾਂ ਵਿਚ ਇਹ ਮਾਮਲਾ ਆਉਣ ਦੀ ਸੰਭਾਵਨਾ ਹੈ।

ਰਾਜਸੀ ਬਦਲੇ ਦੀ ਭਾਵਨਾ ਨਾਲ ਬਣੇ ਕੇਸ ਖ਼ਤਮ ਕਰਵਾਉਣ ਲਈ ਕਾਂਗਰਸ ਪਾਰਟੀ ਦੇ ਸ੍ਰੀ ਮੱਖਣ ਸਿੰਘ ਨੇ 18 ਮਾਰਚ ਨੂੰ ਸਦਨ ਵਿਚ ਮਾਮਲਾ ਉਠਾਇਆ ਸੀ ਅਤੇ ਸਪੀਕਰ ਨੇ ਬਾਅਦ ਵਿਚ ਡਿਪਟੀ ਸਪੀਕਰ ਵਲੋਂ ਇਸ ਮਾਮਲੇ ਬਾਰੇ ਲਿਖੀ ਚਿੱਠੀ ਪੜ੍ਹ ਕੇ ਸੁਣਾਈ ਸੀ। ਸਦਨ ਵਿਚ ਇਹ ਰਾਇ ਬਣੀ ਸੀ ਕਿ ਐਡਵੋਕੇਟ ਜਨਰਲ ਦੀ ਰਾਇ ਲਈ ਜਾਵੇ। ਇਸੇ ਦੌਰਾਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਸ ਮਾਮਲੇ ਨੂੰ ਪੂਰੀ ਤਰ੍ਹਾਂ ਰਾਜਸੀ ਰੰਗਤ ਦਿੰਦੇ ਹੋਏ ਬਿਆਨ ਦਾਗ ਦਿੱਤੇ ਕਿ ਅਦਾਲਤਾਂ ਵਿਚ ਹੀ ਕੇਸਾਂ ਦਾ ਸਾਹਮਣਾ ਕਰਨਾ ਚਾਹੀਦਾ ਹੈ।

ਇਸ ਮਾਮਲੇ ਬਾਰੇ ਬੋਲਦੇ ਹੋਏ ਸਪੀਕਰ ਨਿਰਮਲ ਸਿੰਘ ਕਾਹਲੋਂ ਨੇ ਕਿਹਾ ਕਿ ਸਾਰੇ ਸਦਨ ਨੇ ਇਸ ਮਾਮਲੇ ਵਿਚ ਖੁੱਲ੍ਹਦਿਲੀ ਵਿਖਾਈ ਸੀ। ਸਾਰਿਆਂ ਨੇ ਚੰਗੇ ਮਾਹੌਲ ਲਈ ਜੋ ਰਾਇ ਦਿੱਤੀ ਸੀ ਉਸ ਦਾ ਅਸਰ ਸਦਨ ਦੀ ਕਾਰਵਾਈ 'ਤੇ ਸਾਫ ਨਜ਼ਰ ਆ ਰਿਹਾ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਸਦਨ ਬਹੁਤ ਹੀ ਚੰਗੇ ਮਾਹੌਲ ਵਿਚ ਹੋਇਆ ਹੈ। ਉਨ੍ਹਾਂ ਕਿਹਾ ਕਿ ਇਹ ਦੁੱਖ-ਸੁੱਖ ਦੀ ਸਾਂਝ ਬਣੀ ਰਹੇ। ਉਨ੍ਹਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਸਦਨ ਵਿਚ ਨਿਭਾਈ ਵਧੀਆ ਭੂਮਿਕਾ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਐਡਵੋਕੇਟ ਜਨਰਲ ਦੀ ਰਾਇ ਆ ਗਈ ਹੈ, ਪਰ ਸਮੇਂ ਦੀ ਘਾਟ ਕਾਰਨ ਇਸ ਬਾਰੇ ਵਿਚਾਰ ਨਹੀਂ ਹੋ ਸਕਦੀ ਅਤੇ ਅੱਗੇ ਫਿਰ ਮਾਮਲਾ ਆ ਸਕਦਾ ਹੈ।

**ਵਿਧਾਇਕ ਦੀ ਹੱਤਕ ਖ਼ਿਲਾਫ਼ ਕਾਂਗਰਸ ਵਲੋਂ ਵਾਕਆਊਟ :** ਬੀਤੀ 26 ਮਾਰਚ ਨੂੰ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੇ ਆਖਰੀ ਦਿਨ ਵਿਰੋਧੀ ਧਿਰ ਕਾਂਗਰਸ ਨੇ ਸਰਕਾਰ ਵਿਰੁਧ ਨਾਅਰੇਬਾਜ਼ੀ ਕਰਦਿਆਂ ਸਦਨ ਵਿਚ ਵਾਕਆਊਟ ਕੀਤਾ। ਉਨ੍ਹਾਂ ਵਲੋਂ ਕਾਂਗਰਸੀ ਵਿਧਾਇਕ ਦੀ ਹੱਤਕ ਕਰਨ ਦੇ ਦੋਸ਼ ਹੇਠ ਇਕ ਪੁਲੀਸ ਅਧਿਕਾਰੀ ਨੂੰ ਫੌਰੀ ਮੁਅੱਤਲ ਕਰਨ ਦੀ ਮੰਗ ਕੀਤੀ ਜਾ ਰਹੀ ਸੀ।

ਸਦਨ ਵਿਚ ਸਵਾਲ-ਜੁਆਬ ਦਾ ਸਮਾਂ ਖਤਮ ਹੁੰਦੇ ਹੀ ਸਿਫਰ ਕਾਲ ਦੌਰਾਨ ਕਾਂਗਰਸ ਪਾਰਟੀ ਦੇ ਸੀਨੀਅਰ ਨੇਤਾ ਅਤੇ ਸਾਬਕਾ ਮੰਤਰੀ ਅਵਤਾਰ ਸਿੰਘ ਬਰਾੜ ਨੇ ਮਾਮਲਾ ਉਠਾਇਆ ਕਿ ਬਾਘਾਪੁਰਾਣਾ ਦੇ ਥਾਣੇਦਾਰ ਵਲੋਂ ਬੱਚਿਆਂ ਨੂੰ ਸ਼ਹੀਦ ਭਗਤ ਸਿੰਘ ਦਾ ਨਾਟਕ ਖੇਡਣ ਲਈ ਸਪੀਕਰ ਦੀ ਆਗਿਆ ਨਹੀਂ ਦਿੱਤੀ ਗਈ। ਬੇਸ਼ਕ ਨਾਟਕ ਤਾਂ ਹੋ ਗਿਆ ਪਰ ਬਾਅਦ ਵਿਚ ਇਸ ਪੁਲੀਸ ਅਧਿਕਾਰੀ ਨੇ ਪ੍ਰਬੰਧਕਾਂ ਦੀ ਖਿਚਾਈ ਕੀਤੀ। ਸ੍ਰੀ ਬਰਾੜ ਨੇ ਕਿਹਾ ਕਿ ਇਸ ਮੁੱਦੇ 'ਤੇ ਥਾਣੇਦਾਰ ਨੇ ਉਨ੍ਹਾਂ ਦੀ ਗੱਲ ਹੀ ਨਹੀਂ ਸੁਣੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਹ ਮਾਮਲਾ ਐਸ.ਐਸ.ਪੀ. ਦੇ ਧਿਆਨ ਵਿਚ ਵੀ ਲਿਆਂਦਾ ਸੀ।ਮਾਮਲੇ ਵਿਚ ਦਖਲ ਦਿੰਦੇ ਹੋਏ ਵਿਰੋਧੀ ਧਿਰ ਦੀ ਨੇਤਾ ਬੀਬੀ ਰਾਜਿੰਦਰ ਕੌਰ ਭੱਠਲ ਨੇ ਕਿਹਾ ਕਿ ਜਿਸ ਪੁਲੀਸ ਅਧਿਕਾਰੀ ਨੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧ ਦੀ ਗੱਲ ਨਹੀਂ ਸੁਣੀ, ਉਸਨੂੰ ਮੁਅੱਤਲ ਕੀਤਾ ਜਾਵੇ।

## ਡਾ. ਮਨਮੋਹਨ ਸਿੰਘ ਵਲੋਂ ਪੰਜਾਬ ਲਈ ਕੀਤੇ ਕੰਮਾਂ ਦੇ ਧਨਵਾਦ ਦਾ ਮਤਾ ਪਹਿਲੀ ਵਾਰ ਪਾਸ ਕੀਤਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਬਜਟ ਸਮਾਗਮ 'ਚ ਲੰਘੀ 25 ਮਾਰਚ ਨੂੰ ਪਹਿਲੇ ਦਿਨ ਸ਼ਮੂਲੀਅਤ ਕਰ ਕੇ ਕਾਂਗਰਸ ਅਤੇ ਅਕਾਲੀ ਦਲ ਦਰਮਿਆਨ ਸਦਭਾਵਨਾ ਦੇ ਮੁੱਦੇ ਨੂੰ ਸਿਰੇ 'ਤੇ ਲਿਜਾਂਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਅਤੇ ਕੇਂਦਰੀ ਖੇਤੀਬਾੜੀ ਮੰਤਰੀ ਸ਼ਰਦ ਪਵਾਰ ਵਲੋਂ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਅਤੇ ਗੁਰਤਾਗੱਦੀ ਸਮਾਗਮਾਂ ਵਿਚ ਪੂਰਾ ਸਹਿਯੋਗ ਦੇਣ 'ਤੇ ਧਨਵਾਦ ਦਾ ਮਤਾ ਸਰਬਸੰਮਤੀ ਨਾਲ ਵਿਧਾਨ ਸਭਾ ਵਿਚ ਪਾਸ ਕਰਵਾ ਦਿੱਤਾ।

ਲੰਬੇ ਅਰਸੇ ਬਾਅਦ ਪਹਿਲੀ ਵਾਰ ਸਦਨ ਵਿਚ ਵੇਖਿਆ ਗਿਆ ਕਿ ਅਕਾਲੀ ਦਲ ਨੇ ਵਿਧਾਨ ਸਭਾ 'ਚ ਕੇਂਦਰ ਨੂੰ ਨਿਸ਼ਾਨਾ ਬਣਾਉਣ ਦੀ ਥਾਂ ਪੰਜਾਬ ਦੇ ਹਿਤਾਂ ਦੀ ਰਾਖੀ ਕਰਨ ਅਤੇ ਪੂਰਾ ਸਹਿਯੋਗ ਦੇਣ ਸਬੰਧੀ ਪ੍ਰਧਾਨ ਮੰਤਰੀ ਅਤੇ ਕੇਂਦਰੀ ਮੰਤਰੀਆਂ ਦੀ ਪ੍ਰਸ਼ੰਸਾ ਕੀਤੀ ਅਤੇ ਉਨ੍ਹਾਂ ਦੇ ਧਨਵਾਦ 'ਚ ਮਤਾ ਵੀ ਪਾਸ ਕਰਵਾਇਆ। ਸ਼ਾਇਦ ਪੰਜਾਬ ਅਸੈਂਬਲੀ 'ਚ ਇਸ ਨੂੰ ਇਕ ਇਤਿਹਾਸਕ ਦਿਨ ਆਖਿਆ ਜਾ ਸਕਦਾ ਹੈ। ਪਿਛਲੇ ਤਿੰਨ ਦਹਾਕਿਆਂ 'ਚ ਕਦੇ ਵੀ ਇਸ ਤਰ੍ਹਾਂ ਦਾ ਮਾਹੌਲ ਵੇਖਣ ਨੂੰ ਨਹੀਂ ਮਿਲਿਆ ਜਦੋਂ ਅਕਾਲੀ ਦਲ ਦੀ ਸਰਕਾਰ ਨੇ ਕਾਂਗਰਸ ਦੇ ਪ੍ਰਧਾਨ ਮੰਤਰੀ ਅਤੇ ਮੰਤਰੀਆਂ ਦੇ ਧਨਵਾਦ ਲਈ ਮਤਾ ਪਾਸ ਕੀਤਾ ਹੋਵੇ ਸਗੋਂ ਸਦਨ ਵਿਚ ਮੁੱਖ ਮੁੱਦਾ ਇਹ ਹੀ ਹੁੰਦਾ ਸੀ ਕਿ ਕੇਂਦਰ ਨੇ ਪੰਜਾਬ ਨੂੰ ਲੁੱਟਿਆ ਅਤੇ ਬਰਬਾਦ ਕੀਤਾ। ਬੀਮਾਰੀ ਕਾਰਨ ਮੁੱਖ ਮੰਤਰੀ ਬਜਟ ਸਮਾਗਮ ਵਿਚ ਸ਼ਾਮਲ ਨਹੀਂ ਹੋ ਸਕੇ ਸਨ। 25 ਮਾਰਚ ਨੂੰ ਜਿਉਂ ਹੀ ਪ੍ਰਸ਼ਨਕਾਲ ਦਾ ਸਮਾਂ ਖ਼ਤਮ ਹੋਇਆ ਤਾਂ ਮੁੱਖ ਮੰਤਰੀ ਨੇ ਅਪਣੀ ਸੀਟ ਤੋਂ ਉਠ ਕੇ ਕਿਹਾ ਕਿ ਉਹ ਸਪੀਕਰ, ਪੰਜਾਬ ਦੇ ਰਾਜਪਾਲ ਅਤੇ ਸਾਰੇ ਸਦਨ ਤੋਂ ਮੁਆਫ਼ੀ ਮੰਗਦੇ ਹਨ ਕਿ ਉਹ ਬਜਟ ਸਮਾਗਮ ਵਿਚ ਨਾ ਆ ਸਕੇ, ਰਾਜਪਾਲ ਸ਼ਿਵਰਾਜ ਪਾਟਿਲ ਦਾ ਸਦਨ ਵਿਚ ਸਵਾਗਤ ਨਾ ਕਰ ਸਕੇ ਅਤੇ ਨਾ ਹੀ ਵਿਧਾਇਕਾਂ ਦੇ ਕੀਮਤੀ ਸੁਝਾਅ ਸੁਣ ਸਕੇ। ਸ. ਬਾਦਲ ਨੇ ਇਹ ਸਭ ਐਨਾ ਭਾਵੁਕ ਹੋ ਕੇ ਕਿਹਾ ਕਿ ਵਿਰੋਧੀ ਧਿਰ ਦੇ ਕਿਸੇ ਵਿਧਾਇਕ ਨੇ ਉਨ੍ਹਾਂ ਨੂੰ ਵਿਚੋਂ ਨਾ ਟੋਕਿਆ।

ਅਖੀਰ ਵਿਚ ਉਨ੍ਹਾਂ ਕਿਹਾ ਕਿ ਸ਼ਿਵਰਾਜ ਪਾਟਿਲ ਜਦੋਂ ਭਾਰਤ ਦੇ ਗ੍ਰਿਹ ਮੰਤਰੀ ਹੁੰਦੇ ਸਨ ਤਾਂ ਉਨ੍ਹਾਂ ਨੇ ਹਰ ਪੱਖੋਂ ਪੰਜਾਬ ਨੂੰ ਸਹਿਯੋਗ ਦਿਤਾ, ਖ਼ਾਸ ਤੌਰ 'ਤੇ ਗੁਰਤਾਗੱਦੀ ਦਿਵਸ ਸਮਾਗਮਾਂ ਮੌਕੇ ਉਨ੍ਹਾਂ ਦੇ ਸਹਿਯੋਗ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ, ਘੱਟ ਹੈ।

## ਅਕਾਲੀ ਫ਼ਿਰਕੂ ਵੰਡੀਆਂ ਪਾਉਣ ਦੀ ਕੋਸ਼ਿਸ਼ ਨਾ ਕਰਨ- ਕੈਪਟਨ ਅਮਰਿੰਦਰ ਸਿੰਘ

**ਲੁਧਿਆਣਾ :** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਲੰਘੀ 27 ਮਾਰਚ ਨੂੰ ਅਕਾਲੀ-ਭਾਜਪਾ ਸਰਕਾਰ ਨੂੰ ਚੇਤਾਵਨੀ ਦਿਤੀ ਕਿ ਉਹ ਫ਼ਿਰਕੂਵਾਦ ਨੂੰ ਸ਼ਹਿ ਨਾ ਦੇਵੇ ਜਿਸ ਨਾਲ ਸੂਬਾ ਖ਼ਤਰਨਾਕ ਹਾਲਾਤ ਵਿਚ ਜਾ ਸਕਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਰਿੰਦਰ ਸਿੰਘ ਨੇ ਸੂਬੇ ਵਿਚ ਕਾਨੂੰਨ ਅਤੇ ਵਿਵਸਥਾ ਦੀ ਹਾਲਤ 'ਤੇ ਚਿੰਤਾ ਪ੍ਰਗਟ ਕਰਦਿਆਂ ਅਕਾਲੀਆਂ ਉਤੇ ਦੋਸ਼ ਲਗਾਇਆ ਕਿ ਉਹ ਸੂਬੇ ਵਿਚ ਫ਼ਿਰਕੂ ਮਾਹੌਲ ਪੈਦਾ ਕਰਨ ਦੀਆਂ ਕੋਸ਼ਿਸ਼ਾਂ ਵਿਚ ਵਿਕਾਸ ਨੂੰ ਪੂਰੀ ਤਰ੍ਹਾਂ ਭੁੱਲ ਗਏ। ਉਨ੍ਹਾਂ ਕਿਹਾ ਕਿ ਕਦੇ ਸਿੱਖਾਂ ਨੂੰ ਡੇਰੇ ਸੌਦੇ ਵਾਲਿਆਂ ਅਤੇ ਕਦੇ ਨੂਰਮਹਿਲੀਆਂ ਨਾਲ ਲੜਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਅਕਾਲੀਆਂ ਦਾ ਮੁੱਖ ਟੀਚਾ ਲੋਕਾਂ ਨੂੰ ਵੰਡਣ ਦਾ ਹੈ ਜੋ ਪੰਜਾਬ ਨੂੰ ਕਾਲੇ ਦੌਰ ਵਿਚ ਲੈ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਅਪਨਾ ਸਟੈਂਡ ਮੁੜ ਦੁਹਰਾਉਂਦਿਆਂ ਕਿਹਾ ਕਿ ਉਹ ਅਪਣੇ ਵਿਰੁਧ ਦਰਜ ਕੇਸਾਂ ਨੂੰ ਵਾਪਸ ਲੈਣ ਲਈ ਕਿਸੇ ਸਰਕਾਰ ਦੀ ਮਿਹਰਬਾਨੀ ਨਹੀਂ ਚਾਹੁੰਦੇ। ਉਨ੍ਹਾਂ ਜ਼ੋਰ ਦੇ ਕੇ ਆਖਿਆ, ''ਮੇਰੇ ਵਿਰੁਧ ਸਾਰੇ ਕੇਸ ਸਿਆਸੀ ਬਦਲਾਖੋਰੀ ਤਹਿਤ ਦਰਜ ਕੀਤੇ ਗਏ।'' ਪੰਜਾਬ ਦੀ ਕਮਜ਼ੋਰ ਮਾਲੀ ਹਾਲਤ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸੂਬੇ ਸਿਰ ਕਰਜ਼ਾ ਵਧ ਕੇ 65 ਹਜ਼ਾਰ ਕਰੋੜ ਰੁਪਏ ਹੋ ਗਿਆ ਹੈ ਜੋ 10 ਫ਼ੀ ਸਦੀ ਦੀ ਦਰ ਨਾਲ ਵਧ ਰਿਹਾ ਹੈ। ਕੈਪਟਨ ਨੇ ਕਿਹਾ ਕਿ ਸਿਰਫ਼ ਖੇਤੀ 'ਤੇ ਨਿਰਭਰ ਰਹਿ ਕੇ ਰਾਜ ਦਾ ਪੂਰਨ ਵਿਕਾਸ ਸੰਭਵ ਨਹੀਂ।

ਉਨ੍ਹਾਂ ਕਿਹਾ ਕਿ ਸੂਬੇ 'ਚ ਜਦ ਕਾਂਗਰਸ ਸਰਕਾਰ ਆਵੇਗੀ ਤਾਂ ਮੁੱਖ ਏਜੰਡਾ ਉਦਯੋਗਿਕ ਵਿਕਾਸ ਹੀ ਹੋਵੇਗਾ। ਰਾਜ ਵਿਚ ਅਕਾਲੀ-ਭਾਜਪਾ ਸਰਕਾਰ ਦੇ ਤਿੰਨ ਸਾਲ ਦੇ ਕਾਰਜਕਾਲ ਬਾਰੇ ਉਨ੍ਹਾਂ ਕਿਹਾ ਕਿ ਸੂਬੇ ਵਿਚ ਬਿਜਲੀ, ਉਦਯੋਗ, ਸਿੱਖਿਆ, ਸਿਹਤ ਸੇਵਾਵਾਂ ਅਤੇ ਕਾਨੂੰਨ ਦੀ ਹਾਲਤ ਮੰਦੇ ਹਾਲ ਵਿਚ ਹਨ। ਜਸਬੀਰ ਸਿੰਘ ਜੱਸੀ ਖੰਗੂੜਾ ਵਿਧਾਇਕ, ਜਗਪਾਲ ਸਿੰਘ ਖੰਗੂੜਾ, ਹਰਬਖ਼ਸ਼ ਸਿੰਘ ਖੰਗੂੜਾ, ਭੁਪਿੰਦਰ ਸਿੰਘ ਸਿੱਧੂ, ਜੀਤਮਹਿੰਦਰ ਸਿੰਘ ਸਿੱਧੂ, ਸੁਰਿੰਦਰ ਡਾਵਰ, ਅਮਰਜੀਤ ਸਿੰਘ ਟਿੱਕਾ, ਹਰਮਹਿੰਦਰ ਸਿੰਘ, ਮਨਮੋਹਨ ਸਿੰਘ ਨਾਰੰਗਵਾਲ, ਪਰਮਿੰਦਰ ਲਤਾਲਾ ਵੀ ਉਨ੍ਹਾਂ ਨਾਲ ਮੌਜੂਦ ਸਨ। ਕੈਪਟਨ ਨੇ ਕਿਹਾ ਕਿ ਬਾਦਲ ਆਪਣੇ ਬਚਾਅ ਲਈ ਕੇਸ ਵਾਪਸੀ ਦੀ ਗੱਲ ਕਰ ਰਿਹਾ ਹੈ।

## ਪੰਜਾਬ 'ਚ ਵਿਧਾਇਕਾਂ ਦਾ ਯਾਤਰਾ ਭੱਤਾ ਦੁੱਗਣਾ

**ਚੰਡੀਗੜ੍ਹ :** ਪੰਜਾਬ ਵਿਧਾਨ ਸਭਾ ਦਾ ਬਜਟ ਇਜਲਾਸ ਖਤਮ ਹੁੰਦੇ ਸਾਰ ਰਾਜ ਸਰਕਾਰ ਨੇ ਵਿਧਾਇਕਾਂ ਦਾ ਯਾਤਰਾ ਭੱਤਾ ਦੁੱਗਣਾ ਕਰਨ ਦਾ ਫੈਸਲਾ ਕੀਤਾ ਹੈ। ਸਰਕਾਰੀ ਹਲਕਿਆਂ ਅਨੁਸਾਰ ਹੁਣ ਵਿਧਾਇਕਾਂ ਨੂੰ ਵਿਧਾਨ ਸਭਾ ਦਾ ਇਜਲਾਸ ਜਾਂ ਇਸ ਸਭਾ ਦੀਆਂ ਕਮੇਟੀ ਮੀਟਿੰਗਾਂ ਵਿਚ ਹਿੱਸਾ ਲੈਣ ਸਮੇਂ ਯਾਤਰਾ ਭੱਤਾ ਹੁਣ 6 ਰੁਪਏ ਦੀ ਬਜਾਏ 12 ਰੁਪਏ ਪ੍ਰਤੀ ਕਿਲੋਮੀਟਰ ਮਿਲਿਆ ਕਰੇਗਾ। ਇਸ ਤਰ੍ਹਾਂ ਪੰਜਾਬ ਵਿਚ ਵੀ ਹਰਿਆਣਾ ਦੀ ਤਰਜ਼ 'ਤੇ ਇਸ ਨੂੰ ਲਾਗੂ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਸਰਕਾਰੀ ਹਲਕਿਆਂ ਨੇ ਦੱਸਿਆ ਕਿ ਯਾਤਰਾ ਭੱਤਾ ਵਧਾਉਣ ਦੀ ਸਿਫਾਰਸ਼ ਸਪੀਕਰ ਸ.ਨਿਰਮਲ ਸਿੰਘ ਕਾਹਲੋਂ ਦੀ ਪ੍ਰਧਾਨਗੀ 'ਚ ਰਾਜ ਵਿਧਾਨ ਸਭਾ ਦੀ 'ਜਨਰਲ ਪਰਪਜ਼ ਕਮੇਟੀ' ਨੇ ਕੀਤੀ ਸੀ ਜਿਸ 'ਤੇ ਵਿਧਾਨ ਸਭਾ ਨੇ ਸਰਬ ਸੰਮਤੀ ਨਾਲ ਮੋਹਰ ਲਾ ਦਿੱਤੀ ਸੀ। ਸਰਕਾਰੀ ਹਲਕਿਆਂ ਨੇ ਦੱਸਿਆ ਕਿ ਯਾਤਰਾ ਭੱਤਾ ਵਧਾਉਣ ਲਈ ਕਿਸੇ ਕਾਨੂੰਨ ਵਿਚ ਸੋਧ ਕਰਨ ਦੀ ਲੋੜ ਨਹੀਂ।

## ਪੰਜਾਬ ਦੇ 12 ਪੀ.ਪੀ.ਐਸ. ਅਧਿਕਾਰੀ ਤਬਦੀਲ

**ਤਲਵਾੜਾ:** ਪੰਜਾਬ ਸਰਕਾਰ ਦੇ ਗ੍ਰਿਹ ਵਿਭਾਗ ਨੇ ਆਦੇਸ਼ ਜਾਰੀ ਕਰਕੇ 12 ਪੀ.ਪੀ.ਐੱਸ. ਅਧਿਕਾਰੀਆਂ ਦੇ ਤਬਾਦਲੇ ਕੀਤੇ ਹਨ, ਜਿਨ੍ਹਾਂ ਵਿਚ 4 ਅਧਿਕਾਰੀ ਅਜਿਹੇ ਹਨ ਜਿਨ੍ਹਾਂ ਨੂੰ ਮੁੜ ਪਹਿਲਾਂ ਵਾਲੇ ਸਥਾਨ 'ਤੇ ਹੀ ਰਹਿਣ ਨੂੰ ਕਿਹਾ ਗਿਆ ਹੈ।

ਇਨ੍ਹਾਂ ਅਧਿਕਾਰੀਆਂ ਵਿਚ ਜਸਕਰਨ ਸਿੰਘ ਜਿਸ ਨੂੰ ਕੁਝ ਦਿਨ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ ਪੁਲਸਟ੍ਰੈਫਿਕ ਲੁਧਿਆਣਾ ਲਗਾਇਆ ਗਿਆ ਸੀ, ਨੂੰ ਉਨ੍ਹਾਂ ਦੇ ਆਪਣੇ ਪੁਰਾਣੇ ਅਹੁਦੇ ਏ.ਆਈ.ਜੀ.ਪੀ.ਏ. ਪੀ. ਜਲੰਧਰ, ਅਮਰ ਸਿੰਘ ਚਾਹਲ ਜਿਨ੍ਹਾਂ ਨੂੰ ਕੁਝ ਦਿਨ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ ਪੁਲਸ 3 ਲੁਧਿਆਣਾ ਲਗਾਇਆ ਸੀ, ਨੂੰ ਉਨ੍ਹਾਂ ਦੇ ਪਹਿਲੇ ਸਥਾਨ ਏ.ਆਈ.ਜੀ. ਜ਼ੋਨਲ ਸੀ.ਆਈ.ਡੀ. ਜਲੰਧਰ ਦੇ ਅਹੁਦੇ 'ਤੇ, ਉਪਿੰਦਰਜੀਤ ਸਿੰਘ ਘੁੰਮਣ ਜਿਨ੍ਹਾਂ ਨੂੰ ਕੁਝ ਦਿਨ ਪਹਿਲਾਂ ਵਧੀਕ ਡਿਪਟੀ ਕਮਿ-ਸ਼ਨਰ ਪੁਲਸ ਇੰਡਸਟਰੀਅਲ ਸੁਰੱਖਿਆ ਅਤੇ ਟ੍ਰੈਫਿਕ ਜਲੰਧਰ ਲਗਾਇਆ ਸੀ, ਨੂੰ ਉਨ੍ਹਾਂ ਦੇ ਪਹਿਲੇ ਸਥਾਨ 'ਤੇ ਏ.ਆਈ.ਜੀ.ਕਾਊਂਟਰ ਇੰਟੈਲੀਜੈਂਸ ਜਲੰਧਰ, ਗੁਰਸ਼ਰਨ ਸਿੰਘ ਜਿਨ੍ਹਾਂ ਨੂੰ ਕੁਝ ਦਿਨ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ ਪੁਲਸ ਸਪੈਸ਼ਲ ਬ੍ਰਾਂਚ ਆਪ੍ਰੇਸ਼ਨ ਸੁਰੱਖਿਆ ਅੰਮ੍ਰਿਤਸਰ ਲਗਾਇਆ ਗਿਆ ਸੀ, ਨੂੰ ਆਪਣੇ ਪਹਿਲੇ ਸਥਾਨ ਕਮਾਂਡੈਂਟ ਪੀ.ਆਰ.ਸੀ.ਜਹਾਨਖੇਲਾਂ, ਹਰਜਿੰਦਰ ਸਿੰਘ ਜਿਨ੍ਹਾਂ ਦਾ ਪਹਿਲਾਂ ਐੱਸ.ਪੀ.ਸਿਟੀ-3 ਲੁਧਿਆਣਾ ਤੋਂ ਤਬਾਦਲਾ ਕਰ ਦਿੱਤਾ ਗਿਆ ਸੀ, ਨੂੰ ਹੁਣ ਵਧੀਕ ਡਿਪਟੀ ਕਮਿਸ਼ਨਰ ਪੁਲਸ-4 ਲੁਧਿਆਣਾ, ਮਨਮਿੰਦਰ ਸਿੰਘ ਜਿਨ੍ਹਾਂ ਦਾ ਤਬਾਦਲਾ ਪਹਿਲਾਂ ਏ.ਆਈ.ਜੀ. ਕਾਊਂਟਰ ਇੰਟੈਲੀਜੈਂਸ ਜਲੰਧਰ ਕੀਤਾ ਸੀ, ਨੂੰ ਏ.ਆਈ.ਜੀ. ਕਾਊਂਟਰ ਇੰਟੈਲੀਜੈਂਸ ਅੰਮ੍ਰਿਤਸਰ, ਅਜੇ ਮਲੂਜਾ ਐੱਸ.ਪੀ. (ਡੀ.) ਬਠਿੰਡਾ ਨੂੰ ਜ਼ੋਨਲ ਐੱਸ.ਪੀ.ਸੀ.ਆਈ.ਡੀ. ਬਠਿੰਡਾ, ਕੁਮਾਰੀ ਅੰਮ੍ਰਿਤ ਬਰਾੜ ਏ.ਆਈ.ਜੀ. ਟ੍ਰੈਫਿਕ ਪੰਜਾਬ, ਚੰਡੀਗੜ੍ਹ ਨੂੰ ਐੱਸ.ਪੀ. ਕ੍ਰਾਈਮ (ਔਰਤਾਂ) ਪੰਜਾਬ ਚੰਡੀਗੜ੍ਹ, ਸੰਦੀਪ ਗੋਇਲ ਅਸਿਸਟੈਂਟ ਕਮਾਂਡੈਂਟ ਤੀਜੀ ਬਟਾਲੀਅਨ ਆਈ.ਆਰ.ਬੀ. ਲੁਧਿਆਣਾ ਅਤੇ ਵਧੀਕ ਚਾਰਜ ਐੱਸ.ਪੀ.ਵਿਜੀਲੈਂਸ ਪੰਜਾਬ ਨੂੰ ਵਧੀਕ ਡਿਪਟੀ ਕਮਿਸ਼ਨਰ ਪੁਲਸ ਕੰਟਰੋਲ ਰੂਮ ਲੁਧਿਆਣਾ, ਸੁਰਿੰਦਰਪਾਲ ਸਿੰਘ ਜਿਨ੍ਹਾਂ ਦਾ ਕੁਝ ਦਿਨ ਪਹਿਲਾਂ ਕਮਾਂਡੈਂਟ 9ਵੀਂ ਬਟਾਲੀਅਨ ਪੀ.ਏ.ਪੀ. ਅੰਮ੍ਰਿਤਸਰ ਤੋਂ ਤਬਾਦਲਾ ਕਰ ਦਿੱਤਾ ਸੀ, ਨੂੰ ਹੁਣ ਏ.ਆਈ.ਜੀ. ਟ੍ਰੈਫਿਕ ਪੰਜਾਬ, ਚੰਡੀਗੜ੍ਹ ਗੁਰਦੀਪ ਸਿੰਘ ਜੋ ਕਿ ਏ.ਆਈ.ਜੀ.ਪੀ.ਆਈ.ਡੀ. ਲੁਧਿਆਣਾ ਸਨ, ਨੂੰ ਤਬਦੀਲ ਕਰਕੇ ਹੁਣ ਏ.ਆਈ.ਜੀ. ਜੀ.ਆਰ.ਪੀ.ਪੰਜਾਬ ਪਟਿਆਲਾ, ਯੁਰਿੰਦਰ ਸਿੰਘ ਡਿਪਟੀ ਡਾਇਰੈਕਟਰ (ਆਊਟਡੋਰ) ਪੀ ਪੀ ਏ ਫਿਲੌਰ ਨੂੰ ਤਬਦੀਲ ਕਰਕੇ ਏ.ਆਈ.ਜੀ.ਸੀ.ਆਈ.ਡੀ. ਲੁਧਿਆਣਾ ਲਗਾਇਆ ਗਿਆ ਹੈ।

## 23-24 ਫਾਰਮ 'ਚ ਸੋਧ 'ਤੇ ਨੇਤਾ ਗਰਮਾਏ

**ਚੰਡੀਗੜ੍ਹ :** ਕਰ ਤੇ ਆਬਕਾਰੀ ਵਿਭਾਗ ਵਲੋਂ ਇਨਪੁਟ ਟੈਕਸ ਕਰੈਡਿਟ (ਆਈ.ਟੀ.ਸੀ.) ਦੇ ਮਹੱਤਵਪੂਰਨ ਫਾਰਮ ਨੰਬਰ 23 ਅਤੇ 24 ਵਿਚ ਕੀਤੀ ਗਈ ਸੋਧ ਨੇ ਸੂਬੇ ਦੀ ਰਾਜਨੀਤੀ ਗਰਮਾ ਦਿੱਤੀ ਹੈ। ਵਿਭਾਗ ਵਲੋਂ ਜਾਰੀ ਕੀਤੇ ਤਾਜ਼ਾ ਨੋਟੀਫਿਕੇਸ਼ਨ ਮੁਤਾਬਕ ਕੋਈ ਵੀ ਵਸਤੂ ਚਾਰ ਵਾਰੀ ਤੋਂ ਵਧ ਵਾਰ ਵਿਕਣ ਤੋਂ ਬਾਅਦ ਪੰਜਵੀਂ ਵਾਰੀ ਵਿਕਣ 'ਤੇ ਕਰ ਅਦਾਇਗੀ ਦੀ ਵਸੂਲੀ ਨਵੇਂ ਸਿਰੇ ਤੋਂ ਸ਼ੁਰੂ ਹੋਵੇਗੀ। ਇਹ ਫੈਸਲਾ ਕਰਾਂ ਦੀ ਚੋਰੀ ਰੋਕਣ ਲਈ ਕੀਤਾ ਗਿਆ ਹੈ। ਸੂਤਰਾਂ ਦਾ ਦਸਣਾ ਹੈ ਕਿ ਭਾਰਤੀ ਜਨਤਾ ਪਾਰਟੀ ਵਲੋਂ ਆਪਣਾ ਵੋਟ ਬੈਂਕ ਸੁਰੱਖਿਅਤ ਰੱਖਣ ਲਈ ਇਸ ਨੋਟੀਫਿਕੇਸ਼ਨ ਨੂੰ ਲਾਗੂ ਕਰਨ ਤੋਂ ਰੋਕਣ ਲਈ ਸਰਕਾਰ 'ਤੇ ਦਬਾਅ ਪਾਇਆ ਜਾ ਰਿਹਾ ਹੈ। ਵਿਭਾਗ ਨੇ ਦੋ ਹਫ਼ਤੇ ਪਹਿਲਾਂ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਸੀ ਪਰ ਅਜੇ ਤੱਕ ਇਹ ਅਮਲ ਵਿਚ ਨਹੀਂ ਆਇਆ। ਪੰਜਾਬ ਟਰੇਡਰਜ਼ ਬੋਰਡ ਦੇ ਚੇਅਰਮੈਨ ਤੇ ਹੋਰਨਾਂ ਆਗੂਆਂ ਨਰਵੋਤਮਦੇਵ ਰੱਤੀ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਤੇ ਭਾਜਪਾ ਵਿਧਾਇਕ ਦਲ ਦੇ ਨੇਤਾ ਮਨੋਰੰਜਨ ਕਾਲੀਆ ਨਾਲ ਮੀਟਿੰਗ ਕਰਕੇ ਇਸ ਨੋਟੀਫਿਕੇਸ਼ਨ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ। ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਚਲਦਾ ਹੋਣ ਕਾਰਨ ਸਰਕਾਰ ਇਸ ਮਾਮਲੇ 'ਤੇ ਤੁਰੰਤ ਕੋਈ ਫੈਸਲਾ ਨਹੀਂ ਲੈ ਸਕੀ। ਅਧਿਕਾਰੀਆਂ ਦਾ ਦਾਅਵਾ ਹੈ ਕਿ ਟੈਕਸ ਅਦਾਇਗੀ ਅਤੇ ਅਦਾ ਕੀਤੇ ਰਿਫੰਡ ਦੀ ਵਸੂਲੀ ਵਿਚ ਪ੍ਰਾਦਰਸ਼ਤਾ ਹੀ ਨਹੀਂ ਆਵੇਗੀ ਸਗੋਂ ਕਰਚੋਰੀ ਦੀ ਵੱਡੀ ਚੋਰ ਮੋਰੀ ਬੰਦ ਹੋਣ ਨਾਲ ਵਸੂਲੀ ਵਿਚ ਵੀ ਭਾਰੀ ਵਾਧਾ ਹੋਵੇਗਾ। ਵਿਭਾਗ ਦੇ ਇਕ ਅੰਦਾਜ਼ੇ ਮੁਤਾਬਕ ਸਰਕਾਰੀ ਖਜ਼ਾਨੇ ਨੂੰ ਸਾਲਾਨਾ ਲੱਗ ਭੱਗ 100 ਕਰੋੜ ਦਾ ਲਾਭ ਹੋਵੇਗਾ। ਵਪਾਰੀਆਂ ਵਲੋਂ ਵੀ ਰਾਜ ਭਰ ਵਿਚ ਇਸ ਫੈਸਲੇ ਦਾ ਵਿਰੋਧ ਕੀਤਾ ਜਾ ਰਿਹਾ ਹੈ। ਅਰਬ ਦੇ ਕਰੀਬ ਦਾ ਨੁਕਸਾਨ ਅਖੀਰ ਵਪਾਰੀਆਂ ਨੂੰ ਹੀ ਹੋਣਾ ਹੈ। ਵਿਭਾਗ ਦੇ ਅਧਿਕਾਰੀਆਂ ਦੇ ਦੱਸਣ ਮੁਤਾਬਕ ਵਪਾਰੀਆਂ ਨੇ ਕਰ ਚੋਰੀ ਲਈ ਖੁਦ ਬ ਖੁਦ ਹੀ ਫਰਜ਼ੀ ਫਰਮਾਂ ਕਾਇਮ ਕੀਤੀਆਂ ਹੋਈਆਂ ਹਨ। ਵਿਭਾਗ ਵਲੋਂ ਕੀਤੀ ਗਈ ਤਫਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਪੰਜਾਬ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਫਰਮਾਂ ਸਿਰਫ਼ ਕਾਗਜ਼ਾਂ ਵਿਚ ਹੀ ਚਲਦੀਆਂ ਹਨ। ਇਹ ਫਰਮਾਂ ਹਰ ਸਾਲ ਅਰਬਾਂ ਰੁਪਏ ਦਾ ਸਰਕਾਰ ਦਾ ਨੁਕਸਾਨ ਕਰਦੀਆਂ ਹਨ। ਸਰਕਾਰ ਕੋਲ 40 ਹਜ਼ਾਰ ਰਜਿਸਟਰਡ ਵਪਾਰੀ ਹਨ। ਕਰ ਚੋਰੀ ਰੋਕਣ ਦੇ ਪ੍ਰੋਗਰਾਮ ਤਹਿਤ ਕਰ ਤੇ ਆਬਕਾਰੀ ਵਿਭਾਗ ਨੇ ਸਰਕਾਰ ਅੱਗੇ ਫਾਰਮ ਨੰਬਰ 23 ਅਤੇ 24 ਵਿਚ ਤਬਦੀਲੀ ਕਰਨ ਦਾ ਪ੍ਰਸਤਾਵ ਰੱਖਿਆ ਸੀ।

# ਏ ਜੀ ਪੀ ਸੀ ਅਤੇ ਸਿੱਖ ਯੂਥ ਹਿੰਦੂ ਸ਼ਾਵਨਵਾਦੀ ਘੁਸਪੈਠ ਦਾ ਵਿਰੋਧ ਕਰਨਗੇ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਯੂਥ ਆਫ ਅਮਰੀਕਾ ਹਿੰਦੂ ਸ਼ਾਵਨਵਾਦੀ ਜਥੇਬੰਦੀ ਆਰ ਐਸ ਐਸ ਵਲੋਂ ਅਕਾਲੀ ਦਲ (ਬਾਦਲ) ਰਾਹੀਂ ਸਿੱਖ ਧਰਮ ਵਿਚ ਕੀਤੀ ਜਾ ਰਹੀ ਨਿਰੰਤਰ ਘੁਸਪੈਠ ਦਾ ਡਟ ਕੇ ਵਿਰੋਧ ਕਰੇਗੀ ਅਤੇ ਇਸ ਵਲੋਂ ਆਪਣੇ ਪ੍ਰਭਾਵ ਦੀ ਵਰਤੋਂ ਕਰਕੇ ਨਾਨਕਸ਼ਾਹੀ ਕੈਲੰਡਰ ਵਿਚ ਕਰਵਾਈਆਂ ਗਈਆਂ ਤਬਦੀਲੀਆਂ ਪਰਵਾਨ ਨਹੀਂ ਕੀਤੀਆਂ ਜਾਣਗੀਆਂ ਸਗੋਂ 2003 ਵਿਚ ਪਾਸ ਹੋਇਆ ਕਲੰਡਰ ਹੀ ਲਾਗੂ ਰਹੇਗਾ।

ਦੋਹਾਂ ਜਥੇਬੰਦੀਆਂ ਵਲੋਂ ਜਾਰੀ ਇਕ ਸਾਂਝੇ ਬਿਆਨ ਵਿਚ ਆਖਿਆ ਗਿਆ ਹੈ ਕਿ ਆਰ ਐਸ ਐਸ ਦੀ ਪਕੜ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪੰਜਾਂ ਤਖਤਾਂ ਅਤੇ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਤੇ ਮਜਬੂਤ ਹੁੰਦੀ ਜਾ ਰਹੀ ਹੈ ਜਿਸ ਕਰਕੇ ਤਖਤ ਸਾਹਿਬਾਨ ਉਤੇ ਬਿਰਾਜਮਾਨ ਜਥੇਦਾਰਾਂ ਵਲੋਂ ਨਿੱਤ ਨਵੇਂ ਸਿੱਖ ਮਾਰੂ ਹੁਕਮ ਜਾਰੀ ਕੀਤੇ ਜਾ ਰਹੇ ਹਨ ਜਿਸ ਵਿਚ ਤਖਤਾਂ ਦੀ ਮਾਣ ਮਰਿਯਾਦਾ ਤੇ ਸਤਿਕਾਰ ਨੂੰ ਵੱਡੀ ਢਾਹ ਲੱਗ ਰਹੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਤੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਧਮਕੀਆਂ ਵਰਗੀ ਭਾਸ਼ਾ 'ਚ ਕੌਮ ਨੂੰ ਆਰ ਐਸ ਐਸ ਦੀ ਗੁਲਾਮੀ ਕਬੂਲਣ ਲਈ ਬਿਆਨਬਾਜ਼ੀ ਕਰ ਰਹੇ ਹਨ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਭਾਈ ਰੇਸ਼ਮ ਸਿੰਘ ਬੇਕਰਜ਼ਫੀਲਡ ਵਲੋਂ ਭਾਈ ਜਸਵੰਤ ਸਿੰਘ ਹੋਠੀ ਸੈਨ ਹੋਜ਼ੇ, ਭਾਈ ਸਤਨਾਮ ਸਿੰਘ ਪੁਰੇਵਾਲ ਸਿਆਟਲ, ਭਾਈ ਨਰਿੰਦਰ ਸਿੰਘ ਵਾਸ਼ਿੰਗਟਨ, ਭਾਈ ਗੁਰਦੇਵ ਕੈਲਮਜ਼ੂ, ਭਾਈ ਸੁਰਿੰਦਰ ਸਿੰਘ ਗਿੱਲ, ਸਿੱਖ ਯੂਥ ਆਫ ਅਮਰੀਕਾ ਦੇ ਭਾਈ ਸੰਤੋਖ ਸਿੰਘ (ਚੇਅਰਪਰਸਨ ਧਾਰਮਿਕ ਕਮੇਟੀ), ਭਾਈ ਗੁਰਮੇਲ ਸਿੰਘ ਡੈਲਸ, ਭਾਈ ਭੁਪਿੰਦਰ ਸਿੰਘ (ਇੰਡੀਆਨਐਪੋਲਿਸ), ਭਾਈ ਦਲਜੀਤ ਸਿੰਘ (ਬੇਕਰਜ਼ਫੀਲਡ), ਭਾਈ ਗਿਆਨ ਸਿੰਘ ਕੈਲਮਜ਼ੂ, ਭਾਈ ਧਿਆਨ ਸਿੰਘ ਹਿਉਸਟਨ, ਭਾਈ ਸਤਪਾਲ ਸਿੰਘ (ਮਿਸ਼ੀਗਨ ਡੈਲਸ), ਭਾਈ ਕੁਲਵੰਤ ਸਿੰਘ ਖਹਿਰਾ, ਡਾ. ਰਣਜੀਤ ਸਿੰਘ, ਨਛੱਤਰ ਸਿੰਘ ਭੁੱਲਰ ਅਤੇ ਭਾਈ ਅਵਤਾਰ ਸਿੰਘ ਐਲ ਏ ਵਲੋਂ ਜਾਰੀ ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਸ. ਪਾਲ ਸਿੰਘ ਪੁਰੇਵਾਲ ਨੇ 14 ਸਾਲ ਦੀ ਲੰਬੀ ਮੁਸ਼ੱਕਤ ਤੋਂ ਬਾਅਦ ਸਿੱਖਾਂ ਦੀ ਆਜ਼ਾਦ ਹਸਤੀ ਦਾ ਪ੍ਰਤੀਕ ਨਾਨਕਸ਼ਾਹੀ ਕਲੰਡਰ ਕੌਮ ਨੂੰ ਦਿੱਤਾ ਜੋ ਲੰਬੀ ਛਾਣਬੀਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਵਿਚ ਪਾਸ ਕਰਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਲਾਗੂ ਕੀਤਾ ਗਿਆ। ਇਸਨੂੰ ਦੇਖਦਿਆਂ ਹੀ ਸਿੱਖ ਵਿਰੋਧੀ ਸ਼ਕਤੀਆਂ ਦੀ ਨੀਂਦ ਤਾਂ ਖਰਾਬ ਹੋਈ ਸੀ ਪਰ ਡੇਰਿਆਂ, ਸਾਧਾਂ ਤੇ ਅਖੌਤੀ ਸੰਤਾਂ ਉਤੇ ਵੀ ਜਿਵੇਂ ਪਹਾੜ ਟੁੱਟ ਪਿਆ। ਬਹੁਤ ਘੱਟ ਲੋਕ ਹਨ ਜੋ ਬਿਕਰਮੀ ਜੰਤਰੀ ਤੇ ਨਾਨਕਸ਼ਾਹੀ ਕਲੰਡਰ ਦੇ ਫਰਕ ਨੂੰ ਸਮਝਦੇ ਹਨ, ਬਹੁਗਿਣਤੀ ਉਨ੍ਹਾਂ ਲੋਕਾਂ ਦੀ ਹੈ ਜੋ ਆਪਣੇ ਬਾਬਾ ਜੀ ਦੀ ਗੱਲ ਉਤੇ ਹੀ ਫੁੱਲ ਚੜ੍ਹਾ ਰਹੇ ਹਨ ਜਿਵੇਂ ਸੰਤਾਂ ਦੀ ਸ਼ਹੀਦੀ ਬਾਰੇ ਬਾਬਾ ਠਾਕੁਰ ਸਿੰਘ ਦੀ ਗੱਲ ਤੇ ਫੁਲ ਚੜ੍ਹਾਏ ਜਾਂਦੇ ਰਹੇ ਹਨ।

ਬਿਆਨ ਅਨੁਸਾਰ ਬਿਕਰਮੀ ਜੰਤਰੀ ਚੰਦਰਮਾ ਤੇ ਸੂਰਜ ਦੀਆਂ ਗ੍ਰਹਿਚਾਲਾਂ ਦੀ ਗਿਣਤੀ ਮਿਣਤੀ ਵਿਚੋਂ ਉਪਜਦੇ ਰਾਸ਼ੀਫਲ, ਸਾੜ-ਸਤੀਆਂ ਅਤੇ ਰਾਹੂ-ਕੇਤੂ ਦੇ ਚੱਕਰਵਿਊ 'ਚ ਫਸਾ ਕੇ ਜਿਵੇਂ ਬ੍ਰਾਹਮਣ ਅੱਜ ਤਕ ਸਮਾਜ ਦੀ ਲੁੱਟ ਖਸੁੱਟ ਕਰਦਾ ਰਿਹਾ ਹੈ, ਉਸੇ ਤਰ੍ਹਾਂ ਉਸੇ ਵਿਧੀ ਵਿਧਾਨ ਹੇਠ ਅੱਜ ਡੇਰਿਆਂ 'ਚ ਬੈਠੇ ਮਹੰਤ ਪੁੰਨਿਆਂ-ਮੱਸਿਆ ਤੇ ਸੰਗਰਾਂਦ ਦੇ ਨਾਂ ਥੱਲੇ ਸਿੱਖ ਸਮਾਜ ਦੀ ਲੁੱਟ-ਖਸੁੱਟ ਕਰ ਰਹੇ ਹਨ। ਇਨ੍ਹਾਂ ਬਾਬਿਆਂ, ਸ਼੍ਰੋਮਣੀ ਕਮੇਟੀ ਤੇ ਤਖਤਾਂ ਦੇ ਜਥੇਦਾਰਾਂ ਕੋਲ ਕਲੰਡਰ ਵਿਚ ਸੋਧਾਂ ਕਰਨ ਦਾ ਕੋਈ ਕਾਰਨ ਨਹੀਂ ਹੈ। ਪਹਿਲਾਂ ਪ੍ਰਕਾਸ਼ ਸਿੰਘ ਬਾਦਲ ਵਲੋਂ ਤਖਤਾਂ ਦੇ ਜਥੇਦਾਰਾਂ ਨੂੰ ਸੰਤ ਸਮਾਜ ਨਾਲ ਲੁਧਿਆਣਾ ਕਾਂਡ ਵਿਚ ਹੋਈ ਡੀਲ ਮੁਤਾਬਕ ਸੋਧਾਂ ਕਰਨ ਲਈ ਕਿਹਾ ਗਿਆ, ਜਦੋਂ ਉਨ੍ਹਾਂ ਆਪਣੀ ਬੇਬਸੀ ਦਾ ਤਰਲਾ ਪਾਇਆ ਤਾਂ ਸ਼੍ਰੋਮਣੀ ਕਮੇਟੀ ਨੂੰ ਇਹ ਕਾਰਜ ਸੌਂਪ ਦਿੱਤਾ ਗਿਆ।

ਬਿਆਨ ਵਿਚ ਦੋਸ਼ ਲਾਇਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ ਮੀਟਿੰਗ ਦੌਰਾਨ ਆਰ ਐਸ ਐਸ ਦਾ ਕੌਮੀ ਪ੍ਰਧਾਨ ਸੁਦਰਸ਼ਨ ਕੁਮਾਰ ਇਸ ਸਾਰੀ ਕਾਰਵਾਈ ਦੀ ਨਜ਼ਰਸਾਨੀ ਲਈ ਅੰਮ੍ਰਿਤਸਰ ਵਿਚ ਅਮਰਜੀਤ ਸਿੰਘ ਚਾਵਲਾ ਦੇ ਘਰ ਵਿਚ ਮੌਜੂਦ ਸੀ। ਦੋਹਾਂ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਦੀ ਇਸ ਕਾਰਵਾਈ ਨੂੰ ਕੌਮ ਨਾਲ ਧ੍ਰੋਹ ਕਰਾਰ ਦਿੱਤਾ ਹੈ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਸ. ਮੱਕੜ ਤੇ ਪੰਜਾਂ ਤਖਤਾਂ ਦੇ ਜਥੇਦਾਰਾਂ ਦੇ ਅਸਤੀਫੇ ਦੀ ਮੰਗ ਕੀਤੀ ਹੈ।

ਦੋਵਾਂ ਜਥੇਬੰਦੀਆਂ ਨੇ ਬਾਦਲ ਅਕਾਲੀ ਦਲ ਅਤੇ ਹੋਰ ਪੰਥ ਵਿਰੋਧੀ ਸ਼ਕਤੀਆਂ ਵਲੋਂ ਤਖਤਾਂ ਦੀ ਦੁਰਵਰਤੋਂ ਰੋਕਣ ਲਈ ਲਾਮਬੰਦ ਹੋਣ ਦਾ ਸੱਦਾ ਦਿੱਤਾ ਹੈ। ਸਮੂਹ ਗੁਰਦੁਆਰਾ ਕਮੇਟੀਆਂ ਧਾਰਮਿਕ ਅਦਾਰਿਆਂ ਤੇ ਪੰਥਕ ਜਥੇਬੰਦੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ 2003 ਵਿਚ ਸ੍ਰੀ ਅਕਾਲ ਤਖਤ ਤੋਂ ਜਾਰੀ ਕੈਲੰਡਰ ਮੁਤਾਬਕ ਹੀ ਗੁਰਪੁਰਬ ਮਨਾਉਣ।

ਨਾਲ ਹੀ ਦੋਵਾਂ ਜਥੇਬੰਦੀਆਂ ਨੇ ਮਤਾ ਪਾਸ ਕਰਕੇ ਕਾਂਗਰਸੀ ਤੇ ਅਕਾਲੀ ਲੀਡਰਾਂ ਸੰਤ ਸਮਾਜ ਅਤੇ ਸ਼੍ਰੋਮਣੀ ਕਮੇਟੀ ਮੈਂਬਰਾਂ ਅਤੇ ਪੰਥ ਵਿਰੋਧੀ ਕਾਰਵਾਈ ਕਰਨ ਵਾਲੇ ਲੋਕਾਂ ਨੂੰ ਪੰਥਕ ਸਟੇਜਾਂ ਤੇ ਪੰਥਕ ਇਕੱਠਾਂ ਤੋਂ ਹਰ ਹੀਲੇ ਦੂਰ ਰੱਖਣ ਦਾ ਫੈਸਲਾ ਲਿਆ ਹੈ। ਜਥੇਬੰਦੀਆਂ ਵਲੋਂ ਇਸ ਗੱਲ ਦਾ ਵੀ ਨੋਟਿਸ ਲਿਆ ਗਿਆ ਹੈ ਕਿ ਸਿੱਖ ਸਮਾਜ ਵਿਚ ਕੁਝ ਅਜਿਹੇ ਅਨਸਰ ਹਨ ਜੋ ਭਾਰਤੀ ਅੰਬੈਸੀ ਨਾਲ ਰਲ ਕੇ ਸਿੱਖ ਨੌਜੁਆਨਾਂ ਨੂੰ ਉਨ੍ਹਾਂ ਦੇ ਪਾਸਪੋਰਟ ਦੁਆਉਣ ਤੇ ਵੀਜ਼ਾ ਸਬੰਧੀ ਬਲੈਕਮੇਲ ਕਰ ਰਹੇ ਹਨ, ਉਨ੍ਹਾਂ ਨੂੰ ਸਿੱਖ ਸਮਾਜ ਵਿਚ ਬੇਨਕਾਬ ਕੀਤਾ ਜਾਵੇਗਾ। ਦੋਵਾਂ ਜਥੇਬੰਦੀਆਂ ਨੇ ਦਿੱਲੀ ਵਿਚ ਹੋ ਰਹੀ ਵਰਲਡ ਸਿੱਖ ਕਨਵੈਨਸ਼ਨ ਸਬੰਧੀ ਕਿਹਾ ਕਿ ਇਸਨੂੰ ਕੁਝ ਕੁ ਬੰਦਿਆਂ ਦੀ ਮੀਟਿੰਗ ਬਣਾ ਦਿੱਤਾ ਗਿਆ ਹੈ। ਇਸ ਵਿਚ ਹੋਰ ਰਾਜਨੀਤਕ ਪਾਰਟੀਆਂ, ਧਾਰਮਿਕ ਜਥੇਬੰਦੀਆਂ ਤੇ ਗੁਰਦੁਆਰਾ ਕਮੇਟੀਆਂ ਨੂੰ ਸੱਦਾ ਦੇ ਕੇ ਇਸ ਦਾ ਦਾਇਰਾ ਵੱਡਾ ਕੀਤਾ ਜਾਣਾ ਚਾਹੀਦਾ ਹੈ।

# ਜਸਟਿਸ ਨਿਰਮਲ ਯਾਦਵ ਦੇ ਮਾਮਲੇ 'ਚ ਹੋਰ ਤਫਤੀਸ਼ ਦਾ ਆਦੇਸ਼

**ਚੰਡੀਗੜ੍ਹ :** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੀ ਜਸਟਿਸ ਨਿਰਮਲਜੀਤ ਕੌਰ ਦੀ ਕੋਠੀ 'ਤੇ 15 ਲੱਖ ਰੁਪਏ ਪਹੁੰਚਾਉਣ ਦੇ ਮਾਮਲੇ ਵਿਚ ਲੰਘੀ 26 ਮਾਰਚ ਨੂੰ ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਆਦੇਸ਼ ਕੀਤਾ ਹੈ ਕਿ ਸੀ ਬੀ ਆਈ ਇਸ ਕੇਸ ਦੀ ਹੋਰ ਤਫ਼ਤੀਸ਼ ਕਰਕੇ 26 ਮਈ ਨੂੰ ਰਿਪੋਰਟ ਪੇਸ਼ ਕਰੇ। ਅਦਾਲਤ ਨੇ ਬੇਸ਼ੱਕ ਸੀ ਬੀ ਆਈ ਵਲੋਂ ਕੇਸ ਬੰਦ ਕਰਨ ਲਈ ਪੇਸ਼ ਕੀਤੀ ਰਿਪੋਰਟ ਮਨਜ਼ੂਰ ਨਹੀਂ ਕੀਤੀ, ਪਰ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ ਦੇ ਖ਼ਿਲਾਫ਼ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਬਾਰ ਐਸੋਸੀਏਸ਼ਨ ਵਲੋਂ ਦਾਇਰ ਪਟੀਸ਼ਨ ਜ਼ਰੂਰ ਰੱਦ ਕਰ ਦਿੱਤੀ। ਅਦਾਲਤ ਨੇ ਸੁਣਵਾਈ ਟਾਲਦੇ ਹੋਏ ਸੀ ਬੀ ਆਈ ਤੋਂ 26 ਮਈ ਨੂੰ ਰਿਪੋਰਟ ਮੰਗੀ ਹੈ।

ਪਿਛਲੀ ਤਾਰੀਕ 'ਤੇ ਸੀ ਬੀ ਆਈ ਦੀ ਕਲੋਜ਼ਰ ਰਿਪੋਰਟ 'ਤੇ ਦੋਹਾਂ ਧਿਰਾਂ ਵਿਚਾਲੇ ਬਹਿਸ ਪੂਰੀ ਹੋ ਗਈ ਸੀ। ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਦੇ ਜੱਜ ਦਰਸ਼ਨ ਸਿੰਘ ਨੇ ਸੀ ਬੀ ਆਈ ਨੂੰ ਆਦੇਸ਼ ਕੀਤਾ ਕਿ ਉਹ ਕੇਸ ਦੀ ਹੋਰ ਤਫਤੀਸ਼ ਕਰਕੇ ਰਿਪੋਰਟ 26 ਮਈ ਨੂੰ ਪੇਸ਼ ਕਰੇ।

ਦੱਸਣਯੋਗ ਹੈ ਕਿ ਜਸਟਿਸ ਨਿਰਮਲ ਯਾਦਵ ਦੇ ਖ਼ਿਲਾਫ਼ ਮੁਕੱਦਮਾ ਚਲਾਉਣ ਲਈ ਮਨਜ਼ੂਰੀ ਨਾ ਮਿਲਣ 'ਤੇ ਕੇਸ ਬੰਦ ਕਰਨ ਸਬੰਧੀ ਸੀ ਬੀ ਆਈ ਦੀ ਰਿਪੋਰਟ 'ਤੇ ਇਤਰਾਜ਼ ਕਰਦਿਆਂ ਬਾਰ ਐਸੋਸੀਏਸ਼ਨ ਨੇ ਪਟੀਸ਼ਨ ਦਾਇਰ ਕੀਤੀ ਸੀ। ਐਸੋਸੀਏਸ਼ਨ ਨੇ ਅਦਾਲਤ ਵਿਚ ਸੁਪਰੀਮ ਕੋਰਟ ਦੇ ਕਈ ਫ਼ੈਸਲਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਸ ਕੇਸ ਵਿਚ ਅਦਾਲਤ ਅਟਾਰਨੀ ਜਨਰਲ ਦੀ ਰਾਏ ਨੂੰ ਮੰਨਣ ਲਈ ਕੋਈ ਪਾਬੰਦੀ ਨਹੀਂ ਹੈ। ਇਸ ਤੋਂ ਪਹਿਲਾਂ ਵੀ ਅਦਾਲਤ ਵਿਚ ਸੁਣਵਾਈ ਦੌਰਾਨ ਬਾਰ ਐਸੋਸੀਏਸ਼ਨ ਵਲੋਂ ਅਨੁਪਮ ਗੁਪਤਾ ਨੇ ਇਹ ਕਿਹਾ ਕਿ ਸੀ ਬੀ ਆਈ ਕਿਸੇ ਦਬਾਓ ਹੇਠ ਕੰਮ ਕਰ ਰਹੀ ਹੈ ਅਤੇ ਕੇਸ ਨੂੰ ਬੰਦ ਕਰਨਾ ਚਾਹੁੰਦੀ ਹੈ।

ਸੀ ਬੀ ਆਈ ਨੇ ਆਪਣੀ 20 ਪੇਜਾਂ ਦੀ ਰਿਪੋਰਟ ਅਦਾਲਤ ਵਿਚ ਪੇਸ਼ ਕਰਕੇ ਕਿਹਾ ਸੀ, ਸੀ ਬੀ ਆਈ ਨੂੰ ਜੱਜ ਨਿਰਮਲ ਯਾਦਵ ਦੇ ਖਿਲਾਫ਼ ਮੁਕੱਦਮਾ ਚਲਾਉਣ ਦੀ ਮਨਜ਼ੂਰੀ ਨਹੀਂ ਮਿਲੀ, ਇਸ ਲਈ ਕੇਸ ਬੰਦ ਕੀਤਾ ਜਾਵੇ। ਇਸ ਮਾਮਲੇ ਵਿਚ ਸੈਕਟਰ-11 ਦੀ ਪੁਲਿਸ ਨੇ 16 ਅਗਸਤ 2008 ਨੂੰ ਮਾਮਲਾ ਦਰਜ ਕੀਤਾ ਸੀ ਅਤੇ 28 ਅਗਸਤ 2008 ਨੂੰ ਜਾਂਚ ਸੀ ਬੀ ਆਈ ਨੂੰ ਸੌਂਪ ਦਿੱਤੀ ਗਈ ਸੀ।

ਇਹ ਵੀ ਦੱਸਣਾ ਬਣਦਾ ਹੈ ਕਿ 13 ਅਗਸਤ 2008 ਨੂੰ 15 ਲੱਖ ਰੁਪਏ ਜਸਟਿਸ ਨਿਰਮਲਜੀਤ ਕੌਰ ਦੀ ਕੋਠੀ 'ਤੇ ਹਰਿਆਣਾ ਦੇ ਇੱਕ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਸੰਜੀਵ ਬਾਂਸਲ ਨੇ ਆਪਣੇ ਮੁਨਸ਼ੀ ਰਾਹੀਂ ਪਹੁੰਚਾਏ ਸਨ, ਪਰ ਬਾਅਦ ਵਿਚ ਪਤਾ ਲੱਗਾ ਕਿ ਇਹ ਰਕਮ ਤਾਂ ਜਸਟਿਸ ਨਿਰਮਲ ਯਾਦਵ ਕੋਲ ਭੇਜੀ ਜਾਣੀ ਸੀ। ਇਹ ਵੀ ਦੱਸਣਾ ਬਣਦਾ ਹੈ ਕਿ ਇਸ ਮਾਮਲੇ ਵਿਚ ਹਰਿਆਣਾ ਦੇ ਸਾਬਕਾ ਐਡੀਸ਼ਨਲ ਐਡਵੋਕੇਟ ਜਨਰਲ ਸੰਜੀਵ ਬਾਂਸਲ, ਪ੍ਰਾਪਰਟੀ ਡੀਲਰ ਰਾਜੀਵ ਗੁਪਤਾ ਅਤੇ ਦਿੱਲੀ ਦੇ ਇੱਕ ਹੋਟਲ ਮਾਲਕ ਰਵਿੰਦਰ ਸਿੰਘ ਭਸੀਨ ਤੋਂ ਇਲਾਵਾ ਬਾਂਸਲ ਦੇ ਮੁਨਸ਼ੀ ਪ੍ਰਕਾਸ਼ ਰਾਮ ਅਤੇ ਇੱਕ ਹੋਮਗਾਰਡ ਦੇ ਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ, ਜੋ ਹੁਣ ਜ਼ਮਾਨਤ 'ਤੇ ਹਨ।

# ਪ੍ਰੋ. ਬਡੂੰਗਰ ਦੀ ਕਿਤਾਬ 'ਜਿਨ੍ਹਾਂ ਧਰਮ ਨਹੀਂ ਹਾਰਿਆ' ਜਾਰੀ

**ਪਟਿਆਲਾ:** "ਸਾਨੂੰ ਆਪਣੇ ਗੁਰੂਆਂ ਵਲੋਂ ਦਰਸਾਏ ਮਾਰਗ ਅਤੇ ਸਿਧਾਂਤਾਂ 'ਤੇ ਪਹਿਰਾ ਦਿੰਦੇ ਹੋਏ ਨਸ਼ਿਆਂ ਅਤੇ ਭਰੂਣ ਹੱਤਿਆ ਵਰਗੀਆਂ ਸਮਾਜਿਕ ਲਾਹਣਤਾਂ ਦੇ ਖਾਤਮੇ ਲਈ ਸਖ਼ਤ ਕਦਮ ਚੁੱਕਣ ਦੀ ਲੋੜ ਹੈ।" ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਐਡਵੋਕੇਟ ਜਨਰਲ ਹਰਦੇਵ ਸਿੰਘ ਮੱਤੇਵਾਲ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਵਿਸ਼ਰਾਮ ਘਰ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਪੰਜਾਬ ਦੇ ਚੇਅਰਮੈਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵਲੋਂ ਲਿਖਤ ਤੀਸਰੀ ਪੁਸਤਕ 'ਜਿਨ੍ਹਾਂ ਧਰਮ ਨਹੀਂ ਹਾਰਿਆ' ਨੂੰ ਲੋਕ ਅਰਪਣ ਕਰਨ ਲਈ ਕਰਵਾਏ ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਕੀਤਾ।

ਸ. ਮੱਤੇਵਾਲ ਨੇ ਕਿਹਾ ਕਿ ਪ੍ਰੋ. ਬਡੂੰਗਰ ਵਲੋਂ ਲਿਖੀ ਇਸ ਪੁਸਤਕ ਨਾਲ ਸਾਡੇ ਬੱਚਿਆਂ ਨੂੰ ਸਹੀ ਸੇਧ ਮਿਲੇਗੀ ਤੇ ਉਹ ਸਮਾਜਿਕ ਕੁਰੀਤੀਆਂ ਤੋਂ ਦੂਰ ਹੋ ਕੇ ਸਾਡੇ ਗੁਰੂਆਂ ਵਲੋਂ ਦਰਸਾਏ ਮਾਰਗ 'ਤੇ ਚੱਲਣਗੇ। ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਜਸਪਾਲ ਸਿੰਘ ਨੇ ਇਸ ਮੌਕੇ ਕਿਹਾ ਕਿ ਪ੍ਰੋ. ਕਿਰਪਾਲ ਸਿੰਘ ਬਡੂੰਗਰ ਇਕ ਸਰਗਰਮ ਸਿਆਸਤਦਾਨ ਹਨ ਅਤੇ ਇਹ ਹਰ ਸਾਲ ਆਪਣੇ ਰੁਝੇਵਿਆਂ ਭਰੇ ਸਮੇਂ ਵਿਚੋਂ ਸਮਾਂ ਕੱਢ ਕੇ ਇਕ ਪੁਸਤਕ ਲਿਖਦੇ ਹਨ ਜੋ ਕਿ ਸ਼ਲਾਘਾਯੋਗ ਗੱਲ ਹੈ।

ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਕਿਹਾ ਕਿ ਉਨ੍ਹਾਂ ਆਪਣੀ ਇਸ ਕਿਤਾਬ ਵਿਚ ਸਿੱਖ ਕੌਮ ਦੇ ਉਨ੍ਹਾਂ ਮਹਾਨ ਸੂਰਮਿਆਂ ਬਾਰੇ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਨੂੰ ਪਹਿਲਾਂ ਇਤਿਹਾਸਕਾਰਾਂ ਨੇ ਜ਼ਿਆਦਾ ਤਵੱਜੋਂ ਨਹੀਂ ਦਿੱਤੀ ਸੀ। ਉਨ੍ਹਾਂ ਕਿਹਾ ਕਿ ਮੈਂ ਕੋਈ ਸਾਹਿਤਕਾਰ ਜਾਂ ਲੇਖਕ ਨਹੀਂ ਪਰੰਤੂ ਜੋ ਕੁਝ ਮੇਰੇ ਮਨ ਦੀਆਂ ਗਹਿਰਾਈਆਂ ਵਿਚੋਂ ਉਠਿਆ ਉਸੇ ਨੂੰ ਮੈਂ ਇਸ ਕਿਤਾਬ ਦਾ ਰੂਪ ਦਿੱਤਾ ਹੈ।


ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

Manjit Gill
President
CA Lic#0B23990
- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ
*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Attorny At Law
Law Offices Of Jaspreet Singh
37-18, 73 Street, Suite 401 (Near Subzi Mandi) Jackson Hts, NY-11372 Ph:718-533-8444 Fax: 718-533-8460
44790 S. Grimmer Blvd. #204 Fremont CA-94538 Ph:510-657-6444 Fax: 510-657-6443
2945 W. Capitol Ave, Sacramento CA-95691 Ph: 916-372-4448 Fax: 916-372-4440

# ਬੇਮੁਹਾਰ ਫੌਜਾਂ ਦੀਆਂ ਕੀਤੀਆਂ ਲੀਡਰਾਂ ਨੂੰ ਭੁਗਤਣੀਆਂ ਪੈਂਦੀਆਂ

**ਜਤਿੰਦਰ ਪਨੂੰ**

ਚਲੰਤ ਹਫ਼ਤੇ ਦੇ ਇਕ ਦਿਨ ਪੁਲਸ ਨੇ ਰਾਜ ਸਰਕਾਰ ਦੇ ਹੁਕਮ ਉਤੇ ਪੰਜਾਬ ਭਰ ਵਿਚ ਕਿਸਾਨ ਆਗੂਆਂ ਦੀ ਫੜੋ-ਫੜਾਈ ਕੀਤੀ। ਪਲਾਸੌਰ ਨਾਂਅ ਦਾ ਇਕ ਪਿੰਡ ਤਰਨ ਤਾਰਨ ਸ਼ਹਿਰ ਦੀ ਫਿਰਨੀ ਉੱਤੇ ਪੈਂਦਾ ਹੈ। ਓਥੇ ਇੱਕ ਸਥਾਨਕ ਪੱਧਰ ਦੇ ਕਾਰਕੁਨ ਨੂੰ ਫੜਨ ਗਏ ਤਾਂ ਉਸ ਦੀ ਤਬੀਅਤ ਠੀਕ ਨਹੀਂ ਸੀ। ਪੁਲਸ ਵਾਲਿਆਂ ਨੇ ਇਸਦੇ ਬਾਵਜੂਦ ਉਸ ਨਾਲ ਧੱਕਾ-ਮੁੱਕੀ ਕਰਨੀ ਸ਼ੁਰੂ ਕਰ ਦਿੱਤੀ। ਨਤੀਜੇ ਵਜੋਂ ਉਹਦੀ ਮੌਤ ਹੋ ਗਈ ਤੇ ਘਬਰਾ ਕੇ ਪੁਲਸ ਵਾਲੇ ਦੌੜ ਗਏ। ਇਹ ਗੱਲ ਕੋਈ ਨਹੀਂ ਕਹੇਗਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਾਂ ਉਸਦੇ ਡਿਪਟੀ ਮੁੱਖ ਮੰਤਰੀ ਪੁੱਤਰ ਸੁਖਬੀਰ ਸਿੰਘ ਬਾਦਲ ਨੇ ਪੁਲਸ ਨੂੰ ਕਹਿ ਕੇ ਭੇਜਿਆ ਹੋਵੇਗਾ ਕਿ ਤੁਸੀਂ ਉਸ ਕਿਸਾਨ ਨੂੰ ਮਾਰ ਦਿਓ। ਪੁਲਸ ਦੇ ਹੇਠਲੇ ਅਧਿਕਾਰੀ ਜਦੋਂ ਕਾਰਵਾਈ ਕਰਨ ਨਿਕਲਦੇ ਹਨ, ਉਹ ਨੇਮ-ਕਾਨੂੰਨ ਦੀ ਕੋਈ ਹੱਦ ਮਿਥ ਕੇ ਚੱਲਦੇ ਹੀ ਨਹੀਂ। ਇੰਜ ਵਿਹਾਰ ਕਰਦੇ ਹਨ, ਜਿਵੇਂ ਚਾਰੇ ਚੱਕ ਜਗੀਰ ਸਿਰਫ ਉਨ੍ਹਾਂ ਦੀ ਹੋਵੇ ਤੇ ਜਿਸਨੂੰ ਚਾਹੁਣ, ਮਿੱਧ ਕੇ ਜਾਂ ਮਾਰ ਕੇ ਖਿਸਕ ਜਾਣ।

ਗੱਲ ਸਿਰਫ਼ ਪੁਲਸੀਆਂ ਵਲੋਂ ਜ਼ਿਆਦਤੀਆਂ ਦੀ ਕਰਨੀ ਹੋਵੇ ਤਾਂ ਪੰਜਾਬ ਵਿਚ ਸੈਂਕੜੇ ਕੇਸ ਗਿਣਾਏ ਜਾ ਸਕਦੇ ਹਨ। ਉਨ੍ਹਾਂ ਨੇ ਪੁੱਛ-ਗਿੱਛ ਦੀ ਕਾਰਵਾਈ ਕਰਦਿਆਂ ਵੀ ਬੰਦੇ ਪਾਰ ਬੁਲਾਏ ਹੋਏ ਹਨ ਤੇ ਛਾਪੇਮਾਰੀ ਕਰਦਿਆਂ ਵੀ। ਬਹੁਤ ਘੱਟ ਕਿਸੇ ਪੁਲਸ ਵਾਲੇ ਨੂੰ ਸਜ਼ਾ ਹੁੰਦੀ ਹੈ, ਆਮ ਕਰਕੇ ਉਹ ਕਾਨੂੰਨੀ ਲੜਾਈ ਲੜ ਕੇ ਕਿਸੇ ਨਾ ਕਿਸੇ ਕਮਜ਼ੋਰੀ ਦਾ ਲਾਭ ਲੈ ਕੇ ਛੁੱਟ ਜਾਂਦੇ ਹਨ। ਇਸ ਨਾਲ ਬਾਕੀ ਪੁਲਿਸ ਵਾਲਿਆਂ ਨੂੰ ਵੀ ਜ਼ਿਆਦਤੀਆਂ ਕਰਨ ਵੇਲੇ ਕਾਨੂੰਨ ਦਾ ਡਰ ਨਹੀਂ ਰਹਿੰਦਾ।

ਏਦਾਂ ਸਾਡੇ ਪੰਜਾਬ ਵਿਚ ਹੀ ਨਹੀਂ ਹੁੰਦਾ, ਭਾਰਤ ਦੇ ਲੱਗਭੱਗ ਹਰ ਰਾਜ ਵਿਚ ਹੁੰਦਾ ਹੈ। ਹੁਣੇ-ਹੁਣੇ ਦਿੱਲੀ ਤੋਂ ਇੱਕ ਖਬਰ ਆਈ ਹੈ। ਓਥੇ ਇਕ ਆਦਮੀ ਨੇ ਚੋਰੀ ਦਾ ਬਰਾਮਦ ਹੋਇਆ ਆਪਣਾ ਮਾਲ ਲੈਣ ਲਈ ਦਰਖਾਸਤ ਦਿੱਤੀ ਸੀ, ਜਿਸਨੂੰ ਠੀਕ ਢੰਗ ਨਾਲ ਲੈ ਕੇ ਉਸ ਦਾ ਸਮਾਨ ਦੇਣ ਤੋਂ ਪੁਲਸ ਵਾਲਿਆਂ ਨੇ ਪਾਸਾ ਵੱਟ ਲਿਆ। ਦੁਖੀ ਹੋਏ ਉਸ ਬੰਦੇ ਨੇ ਪੁਲਸ ਵਾਲਿਆਂ ਦੀ ਸ਼ਿਕਾਇਤ ਕਰ ਦਿੱਤੀ। ਇਸ ਤੋਂ ਖਿਝ ਕੇ ਪੁਲਸ ਵਾਲਿਆਂ ਨੇ ਉਸਦੇ ਖਿਲਾਫ ਇਕ ਝੂਠਾ ਕੇਸ ਪਾ ਦਿੱਤਾ। ਉਹ ਇਸ ਕੇਸ ਵਿਰੁਧ ਵੀ ਅਦਾਲਤ ਚਲਾ ਗਿਆ, ਪਰ ਸਮਝੌਤਾ ਨਾ ਕੀਤਾ। ਪੁਲਸ ਵਾਲੇ ਹੋਰ ਖਿਝ ਗਏ। ਇਸ ਪਿੱਛੋਂ ਉਹ ਅਦਾਲਤਾਂ ਦੇ ਗੇੜੇ ਲਾਈ ਗਿਆ, ਪੁਲਸ ਵਾਲੇ ਇਕ ਪਿੱਛੋਂ ਦੂਜਾ ਕੇਸ ਦਰਜ ਕਰਦੇ ਗਏ ਤੇ ਪਿਛਲੇ ਸੋਲਾਂ ਸਾਲਾਂ ਦੌਰਾਨ ਉਸਦੇ ਖਿਲਾਫ਼ ਅਠਾਰਾਂ ਕੇਸ ਬਣਾ ਦਿੱਤੇ। ਹੁਣ ਜਾ ਕੇ ਇਕ ਮਾਣਯੋਗ ਜੱਜ ਨੇ ਸਾਰੀ ਕਹਾਣੀ ਸਮਝਣ ਪਿੱਛੋਂ ਏਦਾਂ ਕਰਨ ਵਾਲੇ ਪੁਲਸੀਆਂ ਨੂੰ ਬੰਦੇ ਦੀ ਖੱਜਲ-ਖੁਆਰੀ ਬਦਲੇ ਛੇ ਕੁ ਲੱਖ ਰੁਪਏ ਹਰਜਾਨਾ ਭਰਨ ਦਾ ਹੁਕਮ ਦੇ ਕੇ ਦਿੱਲੀ ਪੁਲਸ ਦੇ ਮੁਖੀ ਨੂੰ ਉਸਦੇ ਵਿਰੁਧ ਬਣੇ ਸਾਰੇ ਕੇਸਾਂ ਦੀ ਜਾਂਚ ਕਰ ਕੇ ਗਲਤ ਕੇਸ ਰੱਦ ਕਰਨ ਨੂੰ ਕਿਹਾ ਹੈ।

ਕੀ ਇਹ ਮਾਮਲਾ ਹਰਿਆਣੇ ਦੇ ਸਾਬਕਾ ਪੁਲਸ ਮੁਖੀ ਰਾਠੌਰ ਵਰਗਾ ਨਹੀਂ ਬਣਦਾ? ਫ਼ਰਕ ਹੈ ਤਾਂ ਸਿਰਫ਼ ਕੁਝ ਗੱਲਾਂ ਦਾ। ਰਾਠੌਰ ਨੇ ਇਕ ਕੁੜੀ ਨਾਲ ਛੇੜ-ਛਾੜ ਦੀ ਆਪਣੀ ਕਰਤੂਤ ਛਿਪਾਉਣ ਲਈ ਉਸਦੇ ਪਰਿਵਾਰ ਵਿਰੁਧ ਝੂਠੇ ਕੇਸ ਬਣਵਾਏ ਸਨ। ਦਿੱਲੀ ਦੇ ਪੁਲਸੀਆਂ ਨੇ ਹੜੱਪਿਆ ਹੋਇਆ ਮਾਲ ਛਕਣ ਵਿਰੁਧ ਕੀਤੀ ਗਈ ਸ਼ਿਕਾਇਤ ਤੋਂ ਖਿਝ ਕੇ ਬਣਾਏ ਸਨ। ਰਾਠੌਰ ਇਕ ਰਾਜ ਦਾ ਪੁਲਸ ਮੁਖੀ ਸੀ, ਦਿੱਲੀ ਵਾਲੇ ਛੋਟੇ ਅਫ਼ਸਰ ਸਨ। ਬਾਕੀ ਸਾਰਾ ਕੁਝ ਤਾਂ ਇੱਕੋ ਜਿਹਾ ਹੀ ਸੀ।

ਹੁਣੇ-ਹੁਣੇ ਕਿੱਸਾ ਸਾਹਮਣੇ ਆਇਆ ਹੈ ਹਰਿਆਣੇ ਦੀ ਸਪੈਸ਼ਲ ਟਾਸਕ ਫੋਰਸ ਦੇ ਮੁਖੀ ਅਤੇ ਐਸ ਪੀ ਰੈਂਕ ਦੇ ਅਫ਼ਸਰ ਸ਼ਿਉਰਾਣ ਦਾ। ਟੀਮ ਤਾਂ ਬਣਾਈ ਗਈ ਸੀ ਅਪਰਾਧਾਂ ਨੂੰ ਘਟਾਉਣ ਲਈ, ਕੰਮ ਉਹਦਾ ਇਹ ਬਣ ਗਿਆ ਕਿ ਜਿੱਥੇ ਮਾਲਦਾਰ ਅਸਾਮੀ ਦਿਸੇ, ਲੁੱਟ ਲਵੋ। ਇਕ ਸੋਨੇ ਵਾਲੀ ਦੁਕਾਨ ਦੀ ਲੁੱਟ ਸਮੇਂ ਕਲੋਜ਼ ਸਰਕਟ ਕੈਮਰੇ ਨੇ ਫੋਟੋ ਲੈ ਲਈ ਤੇ ਪਛਾਣਿਆ ਗਿਆ ਲੁਟੇਰਾ ਉਸ ਸਪੈਸ਼ਲ ਪੁਲਸ ਦੀ ਟੀਮ ਦਾ ਬੰਦਾ ਨਿਕਲ ਆਇਆ। ਉਸ ਦੇ ਫੜੇ ਜਾਣ ਤੋਂ ਗੱਲ ਟੀਮ ਦੇ ਮੁਖੀ ਤੱਕ ਪੁੱਜ ਗਈ। ਸਾਰਾ ਸ਼ਹਿਰ ਚੁੱਪ ਤੋੜ ਕੇ ਬੋਲਣ ਲੱਗ ਪਿਆ ਕਿ ਇਹ ਟੀਮ ਤਾਂ ਵਪਾਰੀਆਂ ਅਤੇ ਹੋਰ ਖਾਂਦੇ-ਪੀਂਦੇ ਲੋਕਾਂ ਤੋਂ 'ਚੌਥ' ਦੇ ਨਾਂਅ ਨਾਲ ਗੁੰਡਾ ਟੈਕਸ ਵੀ ਵਸੂਲਦੀ ਰਹੀ ਹੈ। ਟੀਮ ਦਾ ਮੁਖੀ ਸ਼ਿਉਰਾਣ, ਇਕ ਸਾਬਕਾ ਮੁੱਖ ਮੰਤਰੀ ਦੇ ਜਵਾਈ ਦਾ ਭਰਾ, ਇੱਕ ਮੰਤਰੀ ਦਾ ਰਿਸ਼ਤੇਦਾਰੀ 'ਚੋਂ ਭਤੀਜਾ ਤੇ ਕਈ ਹੋਰ ਵੱਡੇ ਲੋਕਾਂ ਦਾ ਰਿਸ਼ਤੇਦਾਰ, ਹੁਣ ਜੇਲ੍ਹ ਵਿਚ ਹੈ।




ਕੌਣ ਜ਼ਿੰਮਵਾਰ ਹੈ ਇਸ ਸਥਿਤੀ ਦਾ? ਯਕੀਨਨ ਉਹ ਰਾਜਸੀ ਆਗੂ, ਜੋ ਅਜਿਹੇ ਪੁਲਸ ਵਾਲਿਆਂ ਦੀ ਪੁਸ਼ਤ-ਪਨਾਹੀ ਕਰਦੇ ਹਨ। ਹਰਿਆਣੇ ਵਾਲੇ ਸ਼ਿਉਰਾਣ ਨਾਂਅ ਦੇ ਇਸ ਪੁਲਸ ਅਫਸਰ ਦੇ ਨਾਂਅ ਕਈ ਜੁਰਮ ਲੱਗਦੇ ਸਨ, ਪਰ ਉਹ ਲੀਡਰਾਂ ਦਾ ਬਚਾਇਆ ਹੁਣ ਤੱਕ ਬਚਿਆ ਰਿਹਾ। ਦਿੱਲੀ ਵਿਚ ਮੁਕਾਬਲੇ ਬਣਾ ਕੇ ਬੰਦੇ ਫੁੰਡਣ ਵਾਲਾ ਇਕ ਮਾਹਰ ਪੁਲਸ ਅਫਸਰ ਪਿਛਲੇ ਸਾਲ ਨਾਲ ਲੱਗਦੇ ਹਰਿਆਣੇ ਦੇ ਇਕ ਸ਼ਹਿਰ ਵਿਚ ਇਕ ਪ੍ਰਾਪਰਟੀ ਡੀਲਰ ਦੀ ਦੁਕਾਨ ਅੰਦਰ ਕਤਲ ਕਰ ਦਿੱਤਾ ਗਿਆ ਸੀ। ਇਕ ਸਧਾਰਨ ਜਿਹੇ ਬਦਮਾਸ਼ ਨੇ ਉਸਨੂੰ ਮਾਰਿਆ ਸੀ, ਪਰ ਜਿਸ ਰਿਵਾਲਵਰ ਨਾਲ ਮਾਰਿਆ ਸੀ, ਉਹ ਇਸੇ ਹਰਿਆਣਵੀ ਪੁਲਸ ਦੀ ਸਪੈਸ਼ਲ ਟੀਮ ਦੇ ਮੁਖੀ ਸ਼ਿਉਰਾਣ ਦੀ ਸੀ। ਕਿਹਾ ਤਾਂ ਸ਼ਿਉਰਾਣ ਨੇ ਓਦੋਂ ਇਹ ਸੀ ਕਿ ਰਿਵਾਲਵਰ ਚੋਰੀ ਹੋ ਗਈ ਸੀ, ਹੁਣ ਸਾਫ਼ ਜਾਪਦਾ ਹੈ ਕਿ ਚੋਰੀ ਦੀ ਕਹਾਣੀ ਵੀ ਕਤਲ ਵਿਚ ਰਿਵਾਲਵਰ ਵਰਤਣ ਪਿਛੋਂ ਘੜੀ ਗਈ ਸੀ।

ਮੁੰਬਈ ਵਿਚ ਪੁਲਸ ਮੁਕਾਬਲੇ ਕਰਨ ਦਾ ਇਕ ਮਾਹਰ ਹੁੰਦਾ ਸੀ। ਉਸ ਦੇ ਕਿਰਦਾਰ ਨੂੰ ਲੈ ਕੇ ਫ਼ਿਲਮਾਂ ਵੀ ਬਣਾਈਆਂ ਗਈਆਂ ਸਨ। ਜਦੋਂ ਉਸ ਨੇ ਪੈਸੇ ਦਾਨ ਦੇ ਕੇ ਸਕੂਲ ਬਣਵਾਇਆ, 'ਸਦੀ ਦਾ ਮਹਾਂ ਨਾਇਕ' ਅਖਵਾਉਣ ਵਾਲਾ ਕਲਾਕਾਰ ਉਸਦਾ ਮਾਣ ਵਧਾਉਣ ਪੁੱਜਾ ਸੀ। ਕਿਸੇ ਨੇ ਦਾਨ ਲਈ ਆਈ ਰਕਮ ਦਾ ਸਰੋਤ ਵੀ ਉਸ ਅਫ਼ਸਰ ਤੋਂ ਨਹੀਂ ਸੀ ਪੁੱਛਿਆ। ਪਿੱਛੋਂ ਉਸ ਦੇ ਕਿਰਦਾਰ ਦੀਆਂ ਲੀਰਾਂ ਜਦੋਂ ਖੁੱਲ੍ਹਣ ਲੱਗ ਪਈਆਂ, ਉਸਨੂੰ ਗ੍ਰਿਫ਼ਤਾਰ ਕਰਨਾ ਪਿਆ, ਤਾਂ ਉਸ ਨਾਲ ਨੇੜਤਾ ਰੱਖਣ ਵਾਲੇ ਆਗੂ ਤੇ ਐਕਟਰ ਸਫਾਈਆਂ ਦੇਂਦੇ ਫਿਰਦੇ ਸਨ। ਕਿਹਾ ਜਾਂਦਾ ਹੈ ਕਿ ਮੁੰਬਈ ਵਿਚ ਉਹਦੇ ਵਰਗੇ ਪੰਦਰਾਂ-ਵੀਹ ਹੋਰ ਵੀ 'ਨਾਇਕ' ਹਨ।

ਜਿਹੜੀਆਂ ਤਿੰਨ ਚੀਜ਼ਾਂ ਬੰਦੇ ਦੀ ਮੱਤ ਮਾਰ ਦੇਂਦੀਆਂ ਹਨ, ਉਨ੍ਹਾਂ ਨੂੰ ਇੱਕ ਸਮਾਜ ਵਿਗਿਆਨੀ ਨੇ ਪਿਛਲੇ ਦਿਨੀਂ ਇੱਕ ਸੈਮੀਨਾਰ ਮੌਕੇ 'ਪੈਸਾ, ਪਿਸਤੌਲ ਤੇ ਪਹੁੰਚ' ਦਾ ਨਾਂਅ ਦਿੱਤਾ ਹੈ। ਜੱਗਾ ਜੱਟ ਜਾਂ ਜੀਣਾ ਮੌੜ ਮੋਢੇ ਉਤੇ ਦੁਨਾਲੀ ਟੰਗੀ ਹੋਣ ਕਾਰਨ ਆਪਣੀ ਮਰਜ਼ੀ ਕਰ ਸਕਦੇ ਹਨ। ਦਿੱਲੀ ਵਿਚ ਹੁਣ ਤੱਕ ਮਹਿੰਗੀਆਂ ਕਾਰਾਂ ਦੇ ਜਿੰਨੇ ਹਾਦਸੇ ਰਾਤਾਂ ਨੂੰ ਹੋਏ ਤੇ ਰਾਹ ਜਾਂਦੇ ਲੋਕ ਮਾਰੇ ਜਾਂਦੇ ਰਹੇ, ਉਨ੍ਹਾਂ ਵਿਚੋਂ ਅੱਸੀ ਫੀਸਦੀ ਅਮੀਰਾਂ ਦੇ ਕਾਕੇ-ਕਾਕੀਆਂ ਨੇ ਕੀਤੇ ਸਨ। ਪਿਛਲੇ ਮਹੀਨੇ ਵਿਚ ਘੱਟੋ-ਘੱਟ ਚਾਰ ਥਾਵਾਂ ਉਤੇ ਸਰਕਾਰੀ, ਅਫਸਰਾਂ ਨਾਲ ਦੁਰ-ਵਿਹਾਰ ਉਨ੍ਹਾਂ ਲੋਕਾਂ ਨੇ ਕੀਤਾ, ਜਿਨ੍ਹਾਂ ਦੀ ਮੰਤਰੀਆਂ ਤੱਕ ਪਹੁੰਚ ਸੀ। ਲੁਧਿਆਣੇ ਵਿਚ ਅਦਾਲਤ ਵਿਚੋਂ ਧੂਹ ਕੇ ਰਜਿਸਟਰਾਰ ਨੂੰ ਕੁੱਟਣ ਜਾਂ ਗਿੱਦੜਬਾਹੇ ਵਿਚ ਜੱਜ ਬੀਬੀ ਨੂੰ ਮੰਦਾ-ਚੰਗਾ ਅਦਾਲਤ ਦੇ ਅੰਦਰ ਬੋਲਣ ਵਾਲੇ ਵੀ ਉਹੋ ਲੋਕ ਸਨ, ਜਿਨ੍ਹਾਂ ਦੇ ਟੈਲੀਫੋਨ ਸਿੱਧੇ ਚੰਡੀਗੜ੍ਹ ਖੜਕਦੇ ਸਨ।

ਪੁਲਸ ਵਾਲਿਆਂ ਕੋਲ 'ਪੈਸਾ, ਪਿਸਤੌਲ ਤੇ ਪਹੁੰਚ' ਤਿੰਨੇ ਚੀਜ਼ਾਂ ਆਮ ਕਰਕੇ ਹੁੰਦੀਆਂ ਹਨ, ਇਸ ਕਰਕੇ ਉਨ੍ਹਾਂ ਵਿਚੋਂ ਕਈਆਂ ਦਾ ਆਪਣੇ ਸਿਰ ਉਤੇ ਕਾਬੂ ਨਹੀਂ ਰਹਿੰਦਾ। ਪੰਦਰਾਂ ਕੁ ਸਾਲ ਪਹਿਲਾਂ ਇਕ ਡੀ ਐਸ ਪੀ ਨੇ ਸ਼ਰਾਬ ਦੇ ਨਸ਼ੇ ਵਿਚ ਨੱਚਦਿਆਂ ਸਟੇਜ ਉਤੇ ਗੀਤ ਗਾ ਰਹੇ ਕਲਾਕਾਰ ਦਿਲਸ਼ਾਦ ਅਖ਼ਤਰ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਏਦਾਂ ਕਈ ਹੋਰ ਥਾਂ ਵੀ ਹੋਇਆ, ਜਾਨ ਭਾਵੇਂ ਨਹੀਂ ਸੀ ਕਿਸੇ ਦੀ ਗਈ, ਜ਼ਖਮੀ ਕੁਝ ਨਾ ਕੁਝ ਲੋਕ ਹੋ ਗਏ ਸਨ।

ਇੱਕ ਵਾਰੀ ਇਹੋ ਜਿਹੇ ਉੱਚੀ ਪਹੁੰਚ ਵਾਲੇ ਦੋ ਪੁਲਸੀਆਂ ਦੀ ਆਪੋ ਵਿਚ ਜ਼ਿਦ ਹੋ ਗਈ। ਦੋਵਾਂ ਦੀ ਅੱਖ ਕਾਲੀ ਕਮਾਈ ਕਰਨ ਵਾਲੇ ਇੱਕੋ ਥਾਣੇ ਉਤੇ ਸੀ। ਇੱਕ ਜਣਾ ਓਥੇ ਜਾ ਲੱਗਾ, ਦੂਜਾ ਉਹਦੀ ਥਾਂ ਆਪਣੇ ਆਰਡਰ ਲੈ ਆਇਆ। ਜਦੋਂ ਉਹ ਪਹੁੰਚਿਆ, ਤਾਂ ਥਾਣੇ ਦੇ ਬਾਹਰ ਪੁਰਾਣੇ ਢੰਗ ਦੀ ਛੰਨ ਹੇਠ ਦਰਬਾਰ ਲਾਈ ਬੈਠੇ ਪਹਿਲੇ ਥਾਣੇਦਾਰ ਨੇ ਸੰਤਰੀ ਨੂੰ ਅਵਾਜ਼ ਦਿੱਤੀ, 'ਅਹੁ ਕੁੱਤਾ ਤੁਰਿਆ ਆਉਂਦਾ ਈ, ਅੰਦਰ ਨਾ ਵੜਨ ਦੇਵੀਂ।' ਦੂਜੇ ਆ ਰਿਹੇ ਥਾਣੇਦਾਰ ਨੇ ਸੰਤਰੀ ਨੂੰ ਕੂਕ ਕੇ ਕਿਹਾ, 'ਅੱਜ ਤੋਂ ਥਾਣੇ ਦਾ ਇੰਚਾਰਜ ਮੈਂ ਹਾਂ, ਤੂੰ ਇਸ ਕੁੱਤੇ ਨੂੰ ਭਜਾ ਦੇ।' ਦੋਵੇਂ ਗੁਥਮ-ਗੁੱਥਾ ਹੋ ਗਏ ਤੇ ਪੰਚਾਇਤੀਆਂ ਦੇ ਛੁਡਾਉਣ ਤੱਕ ਦੋਵਾਂ ਦੀਆਂ ਪੱਗਾਂ ਲੱਥ ਕੇ ਵਰਦੀਆਂ ਘੱਟੇ ਨਾਲ ਲਿੱਬੜ ਗਈਆਂ ਸਨ। ਪੰਜ ਸਾਲ ਨਹੀਂ ਸਨ ਲੰਘੇ, ਦੋਵੇਂ ਜਣੇ ਅਗਲੇ ਘਰ ਪਹੁੰਚ ਗਏ ਸਨ। ਇੱਕ ਜਣੇ ਨੂੰ ਕਿਸੇ ਗੁੰਡੇ ਨੇ ਗੋਲੀ ਮਾਰ ਦਿੱਤੀ ਸੀ ਤੇ ਦੂਜੇ ਨੇ ਕਿਸੇ ਗੱਲੋਂ ਖਿਝ ਕੇ ਖੁਦਕੁਸ਼ੀ ਕਰ ਲਈ ਸੀ।

ਸਾਡੇ ਸਾਹਮਣੇ ਦਿੱਲੀ ਦੀ ਇੱਕ ਹੋਰ ਰਿਪੋਰਟ ਵੀ ਪਈ ਹੈ, ਜਿਹੜੀ ਇਹ ਕਹਿੰਦੀ ਹੈ ਕਿ ਪਿਛਲੇ ਤਿੰਨਾਂ ਸਾਲਾਂ ਵਿਚ ਦੇਸ਼ ਦੀ ਰਾਜਧਾਨੀ ਅੰਦਰ ਪੰਜ ਸੌ ਪੁਲਸ ਵਾਲੇ ਗ੍ਰਿਫਤਾਰ ਕਰਨੇ ਪਏ ਹਨ। ਇਹਨਾਂ ਵਿਚੋਂ ਕੁਝ ਕਤਲਾਂ ਜਾਂ ਹੇਰਾਫੇਰੀ ਵਰਗੇ ਜੁਰਮਾਂ ਅਧੀਨ ਫੜੇ ਗਏ ਤੇ ਕਈਆਂ ਵਿਰੁਧ ਲੜਾਈ-ਝਗੜੇ ਦੇ ਕੇਸ ਸਨ। ਫਿਰ ਵੀ ਵੱਡੀ ਗਿਣਤੀ ਉਨ੍ਹਾਂ ਦੀ ਰਹੀ, ਜਿਹੜੇ ਵਰਦੀ ਦਾ ਰੋਅਬ ਅਤੇ ਡੰਡੇ ਦਾ ਦਬਕਾ ਦਿਖਾ ਕੇ ਲੋਕਾਂ ਤੋਂ ਪੈਸਾ ਹੂੰਝਦੇ ਸਨ। ਜੇ ਦੇਸ਼ ਦੀ ਰਾਜਧਾਨੀ ਦਾ ਇਹ ਹਾਲ ਹੈ ਤਾਂ ਭਾਰਤ ਦੇ ਦੂਜੇ ਰਾਜਾਂ, ਖਾਸ ਕਰਕੇ ਕਬਾਇਲੀਆਂ ਦੇ ਪੱਧਰ ਦੇ ਇਲਾਕਿਆਂ ਵਿਚ ਜੋ ਵਾਪਰਦਾ ਹੋਵੇਗਾ, ਉਹਦਾ ਜ਼ਿਕਰ ਕਰਨ ਦੀ ਲੋੜ ਨਹੀਂ।

ਜਿੱਥੋਂ ਤੱਕ ਪੰਜਾਬ ਦੀ ਮੌਜੂਦਾ ਸਥਿਤੀ ਦਾ ਸੰਬੰਧ ਹੈ, ਉਸ ਦਾ ਖੁਲਾਸਾ ਕਰਦੀ ਇਕ ਰਿਪੋਰਟ 'ਹਿੰਦੁਸਤਾਨ ਟਾਈਮਜ਼' ਨੇ ਛਾਪੀ ਹੈ। ਇਸ ਰਿਪੋਰਟ ਮੁਤਾਬਕ ਸੰਨ 2001 ਵਿਚ ਫਰੀਦਕੋਟ ਜ਼ਿਲ੍ਹੇ ਦੀ ਇਕ ਬੀਬੀ ਨੇ ਆਪਣੇ ਵਿਦੇਸ਼ ਵਸਦੇ ਪਤੀ ਉਤੇ ਇਕ ਹੋਰ ਔਰਤ ਨੂੰ ਨਾਲ ਰੱਖਣ ਦਾ ਦੋਸ਼ ਲਾਇਆ। ਪੁਲਸ ਨੇ ਪਤੀ ਅਤੇ ਉਸਦੇ ਨਾਲ ਰਹਿੰਦੀ ਔਰਤ ਨੂੰ ਫੜ ਲਿਆ। ਜ਼ਮਾਨਤ ਉਨ੍ਹਾਂ ਦੀ ਹੋ ਜਾਣੀ ਸੀ, ਹੋ ਗਈ, ਪਰ ਅਦਾਲਤੀ ਹੁਕਮ ਉਤੇ ਉਨ੍ਹਾਂ ਦੋਵਾਂ ਦੇ ਪਾਸਪੋਰਟ ਪੁਲਸ ਨੇ ਜਮ੍ਹਾਂ ਕਰਵਾ ਲਏ। ਪਰਵਾਸੀ ਭਾਰਤੀ ਨੇ ਡੀ ਐਸ ਪੀ ਕੋਲ ਪਹੁੰਚ ਕੀਤੀ। ਪੰਜ ਲੱਖ ਰੁਪਏ ਵਿਚ ਸੌਦਾ ਹੋ ਗਿਆ ਤੇ ਉਹ ਬੰਦਾ ਆਪਣੇ ਨਾਲ ਰਹਿੰਦੀ ਔਰਤ ਸਮੇਤ ਉਨ੍ਹਾਂ ਪਾਸਪੋਰਟਾਂ ਉੱਤੇ ਅਮਰੀਕਾ ਨੂੰ ਉਡਾਰੀ ਲਾ ਗਿਆ। ਉਸਦੀ ਅਸਲੀ ਪਤਨੀ ਨੇ ਹਾਈ ਕੋਰਟ ਜਾ ਸ਼ਿਕਾਇਤ ਕੀਤੀ। ਪੜਤਾਲ ਹੋਈ ਤਾਂ ਡੀ ਐਸ ਪੀ ਅਤੇ ਐਸ ਐਚ ਓ ਦੇ ਖਿਲਾਫ਼ ਪਰਚਾ ਦਰਜ ਹੋ ਗਿਆ। ਕੇਸ ਉਨ੍ਹਾਂ ਉਪਰ ਬਣਿਆ ਅਦਾਲਤੀ ਹੁਕਮਾਂ ਅਤੇ ਪੁਲਸ ਦੇ ਰਿਕਾਰਡ ਵਿਚ ਭੰਨ-ਤੋੜ ਕਰ ਕੇ ਦੋਸ਼ੀ ਨੂੰ ਫਰਾਰ ਹੋਣ ਵਿਚ ਮਦਦ ਕਰਨ ਦਾ। ਪਿਛਲੇ ਸਾਲ ਤੀਹ ਸਤੰਬਰ ਨੂੰ ਫਰੀਦਕੋਟ ਦੇ ਜ਼ਿਲ੍ਹਾ ਸੈਸ਼ਨ ਜੱਜ ਨੇ ਡੀ.ਐਸ.ਪੀ. ਨੂੰ ਸਾਬਤ ਹੋ ਗਏ ਦੋਸ਼ ਮੁਤਾਬਕ ਦੋ ਸਾਲ ਕੈਦ ਦੀ ਸਜ਼ਾ ਦੇ ਦਿੱਤੀ। ਉਸ ਡੀ ਐਸ ਪੀ ਨੇ ਜੁਰਮਾਨੇ ਦੀ ਰਕਮ ਭਰੀ, ਹਾਈ ਕੋਰਟ ਵਿਚ ਅਪੀਲ ਕਰ ਕੇ ਜ਼ਮਾਨਤ ਕਰਵਾਈ ਤੇ ਹੁਣ ਮਾਰਚ ਚੜ੍ਹਦੇ , ਸਜ਼ਾ ਹੋਣ ਤੋਂ ਸਿਰਫ ਛੇ ਮਹੀਨੇ ਦੇ ਅੰਦਰ-ਅੰਦਰ, ਫਿਰ ਡੀ ਐਸ ਪੀ ਦੀ ਵਰਦੀ ਪਾਈ ਬੈਠਾ ਹੈ। ਹੁਣ ਉਹ ਡੀ ਐਸ ਪੀ ਤਾਂ ਹੈ, ਪਰ ਆਮ ਕਿਸਮ ਦਾ ਡੀ ਐਸ ਪੀ ਨਹੀਂ, ਉਹ ਵਿਜੀਲੈਂਸ ਮਹਿਕਮੇ ਵਿਚ ਲੱਗਾ ਹੈ ਤੇ ਇਕ ਜ਼ਿਲੇ ਦਾ ਰਿਸ਼ਵਤਖੋਰਾਂ ਉੱਤੇ ਛਾਪੇ ਮਾਰਨ ਵਾਲੀ ਟੀਮ ਦਾ ਇੰਚਾਰਜ ਹੈ। ਕੱਲ੍ਹ ਨੂੰ ਜੇ ਉਸ ਦਾ ਫੜਿਆ ਹੋਇਆ ਕੋਈ ਰਿਸ਼ਵਤਖੋਰ ਅਦਾਲਤ ਵਿਚ ਇਹ ਕਹਿ ਦੇਵੇ ਕਿ ''ਫੜਨ ਵਾਲਾ ਤਾਂ ਖੁਦ ਅਦਾਲਤ ਵਿਚ ਸਾਬਤ ਹੋ ਚੁੱਕਾ ਰਿਸ਼ਵਤਖੋਰ ਹੈ। ਇਹ ਪੈਸੇ ਮੰਗਦਾ ਸੀ, ਮੈਂ ਦਿੱਤੇ ਨਹੀਂ ਤਾਂ ਝੂਠੇ ਕੇਸ ਬਣਾਈ ਜਾ ਰਿਹਾ ਹੈ।'' ਫੇਰ ਕੀ ਬਣੇਗਾ? ਇਹੋ ਜਿਹੀਆਂ ਗੱਲਾਂ ਬਾਰੇ ਪੰਜਾਬ ਸਰਕਾਰ ਨਹੀਂ ਸੋਚਦੀ।

ਪੁਲਸ ਦਾ ਡੰਗ ਤੇਜ਼ ਹੈ। ਬਦਲਦੇ ਹਾਲਾਤ ਨਾਲ ਹੋਰ ਵੀ ਤੇਜ਼ ਹੋ ਰਿਹਾ ਹੈ। ਉਹ ਹੁਣ ਕਿਸੇ ਨਾਲ ਕੋਈ ਜ਼ਿਆਦਤੀ ਕਰਦੇ ਹਨ ਜਾਂ ਕਿਸੇ ਨੂੰ ਮਾਰ ਵੀ ਦੇਂਦੇ ਹਨ ਤਾਂ ਇਹ ਗੱਲ ਫੇਰ ਵੀ ਯਕੀਨੀ ਤੌਰ 'ਤੇ ਕਹੀ ਜਾਵੇਗੀ ਕਿ ਮੁੱਖ ਮੰਤਰੀ ਨੇ ਬੰਦਾ ਮਾਰਨ ਨੂੰ ਨਹੀਂ ਸੀ ਕਿਹਾ, ਪਰ ਜ਼ਿੰਮੇਵਾਰੀ ਤੋਂ ਖਹਿੜਾ ਏਨੇ ਨਾਲ ਨਹੀਂ ਛੁੱਟ ਜਾਣਾ। ਪੰਜਾਬੀ ਦੀ ਕਹਾਵਤ ਹੈ 'ਕੱਟਾ ਕਿੱਲੇ ਦੇ ਜ਼ੋਰ ਉੱਤੇ ਤੀਂਘੜਦਾ ਹੈ।' ਜਿੰਨੇ ਕੁ ਪੁਲਸ ਵਾਲੇ ਏਦਾਂ ਮਨ ਮਰਜ਼ੀ ਕਰਦੇ ਹਨ, ਕਾਨੂੰਨ ਨੂੰ ਟਿੱਚ ਜਾਣਦੇ ਹਨ, ਬੰਦੇ ਨੂੰ ਗਾਜਰ-ਮੂਲੀ ਸਮਝਦੇ ਹਨ, ਸਿਰਫ ਇਸ ਲਈ ਕਰਦੇ ਹਨ ਕਿ ਉਨ੍ਹਾਂ ਨੂੰ ਕਿਸੇ ਵੱਡੀ ਹਸਤੀ ਦਾ 'ਮਿਹਰ ਭਰਿਆ ਹੱਥ' ਆਪਣੀ ਪਿੱਠ ਉਤੇ ਹੋਣ ਦਾ ਅਹਿਸਾਸ ਹੁੰਦਾ ਹੈ।

ਪੰਜਾਬੀ ਦੀ ਕਹਾਵਤ ਇਹ ਵੀ ਹੈ ਕਿ 'ਲੜਨ ਫੌਜਾਂ, ਨਾਂਅ ਸਰਦਾਰਾਂ ਦੇ', ਪਰ ਜਦੋਂ ਇਸ ਕਿਸਮ ਦੀਆਂ ਬੇਮੁਹਾਰ 'ਫ਼ੌਜਾਂ' ਕੋਈ ਚੰਦ ਚਾੜ੍ਹ ਦੇਂਦੀਆਂ ਹਨ, ਉਹ ਕਰਤੂਤ ਵੀ ਉਨ੍ਹਾਂ ਸਰਪ੍ਰਸਤਾਂ ਦੇ ਨਾਂਅ ਹੀ ਲੱਗਣੀ ਹੁੰਦੀ ਹੈ। ਤੇ ਇਹ ਵੀ ਆਮ ਪ੍ਰਭਾਵ ਹੈ ਕਿ ਪੁਲਸ ਤੋਂ ਇਹੋ ਜਿਹੇ ਕੰਮ ਨੀਤੀ ਅਧੀਨ ਵੀ ਕਰਵਾਏ ਜਾਂਦੇ ਹਨ। ਕੋਈ ਕਾਨੂੰਨ ਇਸ ਗੱਲ ਦੀ ਜ਼ਿੰਮੇਵਾਰੀ ਉਨ੍ਹਾਂ ਦੇ ਸਿਰ ਪਾਵੇ ਜਾਂ ਨਾ ਪਾਵੇ, ਲੋਕਾਂ ਦੀ ਰਾਏ ਵਿਚ 'ਜ਼ਿੰਮੇਵਾਰ' ਲੁਕੇ ਨਹੀਂ ਰਹਿੰਦੇ। ਕਾਨੂੰਨ ਦੀ ਨਾ ਸਹੀ, ਲੋਕਾਂ ਦੀ ਪਰਵਾਹ ਤਾਂ ਕਦੇ ਨਾ ਕਦੇ ਕਰਨੀ ਚਾਹੀਦੀ ਹੈ, ਆਖਰ ਜਾਣਾ ਤਾਂ ਉਨ੍ਹਾਂ ਕੋਲ ਹੀ ਪੈਣਾ ਹੈ।

# ਪੰਜਾਬ ਦਾ ਸਨਅਤੀ ਵਿਕਾਸ ਸਿਰਫ ਕਾਗਜ਼ਾਂ 'ਚ ਕੀਤਾ ਜਾ ਰਿਹਾ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਪੰਜਾਬ ਸਰਕਾਰ ਟੈਕਸ ਹਾਲੀਡੇ ਬੈਨੀਫਿਟ ਦੀ ਮੰਗ ਨੂੰ ਲੈ ਕੇ ਕੇਂਦਰ ਨੂੰ ਕੋਸਦੀ ਰਹੀ, ਪਰ ਆਪਣੇ ਅਧਿਕਾਰ ਖੇਤਰ ਵਿਚ ਉਦਮੀਆਂ ਨਾਲ ਵਾਅਦੇ ਕਰਕੇ ਵੀ ਕੁਝ ਨਾ ਦੇ ਸਕੀ। ਸਰਲ ਟੈਕਸ ਪ੍ਰਣਾਲੀ ਹੋਵੇ ਜਾਂ ਜ਼ਰੂਰਤ ਦੇ ਮੁਤਾਬਿਕ ਬਿਜਲੀ ਦੇਣ ਦਾ ਵਾਅਦਾ, ਵੈਟ ਦਰਾਂ ਵਿਚ ਕਮੀ ਦਾ ਵਾਅਦਾ ਹੋਵੇ, ਨਵੇਂ ਫੋਕਲ ਪਵਾਇੰਟ ਦੇਣ ਦੀ ਗੱਲ, ਪੰਜਾਬ ਸਰਕਾਰ ਚੋਣ ਤੋਂ ਪਹਿਲਾਂ ਕੀਤੇ ਵਾਅਦਿਆਂ ਤੇ ਖਰੀ ਨਾ ਉਤਰ ਸਕੀ। ਜਨਰਲ ਇੰਡਸਟਰੀ ਹਫਤੇ ਵਿਚ ਦੋ ਦਿਨ ਦੇ ਲਈ ਬੰਦ ਕਰ ਦਿੱਤੀ ਹੈ। ਲਘੂ ਉਦਯੋਗ ਭਾਰਤੀ, ਪੰਜਾਬ ਦੇ ਪ੍ਰਧਾਨ ਅਤੇ ਵਾਲਵ ਐਂਡ ਕਾਕਸ ਮੈਨੂਫੈਕਚਰਰ ਰੂਪ ਸਿੰਘ ਧੂਮਲ ਦਾ ਕਹਿਣਾ ਹੈ ਕਿ ਤਿੰਨ ਸਾਲ ਵਿਚ ਸਰਕਾਰ ਇੰਡਸਟਰੀ ਦੇ ਵਿਕਾਸ ਦੇ ਲਈ ਕੁਝ ਨਹੀਂ ਕਰ ਸਕੀ। ਉਹ ਲਗਾਤਾਰ ਮੰਗ ਕਰ ਰਹੇ ਹਨ ਕਿ ਇੰਡਸਟਰੀ ਵਿਚ ਬਨ੍ਹਣ ਵਾਲੇ ਘਰੇਲੂ ਉਪਕਰਣਾਂ 'ਤੇ ਵੈਟ ਘੱਟ ਕੀਤਾ ਜਾਵੇ, ਪਰ ਸਰਕਾਰ ਨੇ ਵੈਟ ਸਰਚਾਰਜ ਲਗਾਕੇ ਇਸ ਨਾਲ 13.75 ਫੀਸਦੀ ਕਰ ਦਿੱਤਾ ਹੈ।

ਉਦਯੋਗ ਨਗਰ ਮੈਨੂਫੈਕਚਰਰ ਐਸੋਸੀਏਸ਼ਨ ਦੇ ਪ੍ਰਧਾਨ ਅਤੇ ਸਕਫ ਫੋਲਡਿੰਗ ਮੈਨੂਫੈਕਚਰਰ ਦੇ ਤੇਜਿੰਦਰ ਸਿੰਘ ਭਸੀਨ ਦੇ ਅਨੁਸਾਰ ਗਰਮੀਆਂ ਵਿਚ ਪੀਕ ਸੀਜਨ ਦੇ ਦੌਰਾਨ ਉਨ੍ਹਾਂ ਨੂੰ ਅਡਵਾਂਸ ਵਿਚ ਦੱਸਿਆ ਜਾਵੇ ਕਿ ਉਦੋਂ ਕਿੰਨੇ ਸਮੇਂ ਦੇ ਲਈ ਉਨ੍ਹਾਂ ਨੂੰ ਕੱਟ ਦਾ ਸਾਹਮਣਾ ਕਰਨਾ ਪਵੇਗਾ, ਤਾਂ ਕਿ ਉਹ ਇਸ ਬਾਰੇ ਅਡਵਾਂਸ ਪਲਾਨਿੰਗ ਕਰ ਸਕਣ। ਇਹ ਵੀ ਨਹੀਂ ਹੋ ਸਕਿਆ ਅਤੇ ਪਿਛਲੇ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਰਕਾਰ ਨੇ ਅਚਾਨਕ ਹੀ ਫਰਨੇਸ ਨੂੰ ਹਫਤੇ ਵਿਚ ਤਿੰਨ ਦਿਨ ਦੇ ਲਈ ਬੰਦ ਕਰ ਦਿੱਤਾ ਹੈ। ਇਸ ਹਿਸਾਬ ਨਾਲ ਪੈਡੀ ਸੀਜਨ ਵਿਚ ਤਾਂ ਇੰਡਸਟਰੀ ਦੀ ਹਾਲਤ ਹੋਰ ਖਰਾਬ ਹੋ ਜਾਵੇਗੀ। ਤਿੰਨ ਦਿਨ ਦਾ ਕੱਟ ਲਗਣ ਦੇ ਕਾਰਣ ਉਨ੍ਹਾਂ ਨੂੰ ਜਨਰੇਟਰ ਤੇ ਪ੍ਰੋਡਕਸ਼ਨ ਕਰਨੀ ਪੈ ਰਹੀ ਹੈ ਅਤੇ ਇਸ ਨਾਲ ਪ੍ਰਤੀ ਯੂਨਿਟ ਮਹਿੰਗੀ ਪੈ ਰਹੀ ਹੈ। ਇਸ ਨਾਲ ਉਸਦਾ ਮਾਰਜਨ ਘੱਟ ਹੁੰਦਾ ਜਾ ਰਿਹਾ ਹੈ। ਪੰਜਾਬ ਲੈਦਰ ਫੈਡਰੇਸ਼ਨ ਦੇ ਪ੍ਰਧਾਨ ਲੈ. ਕਰਨਲ (ਰਿਟਾਇਰਡ) ਜਸਜੀਤ ਸਿੰਘ ਪਾਲ ਨੇ ਕਿਹਾ ਕਿ ਤਿੰਨ ਸਾਲ ਤੋਂ ਲੈਦਰ ਇੰਡਸਟਰੀ ਨੂੰ ਨਾ ਤਾਂ ਟਰੇਂਡ ਮੈਨਪਾਵਰ ਦੇਣ ਦੇ ਲਈ ਯਤਨ ਕੀਤਾ ਜਾ ਰਿਹਾ ਹੈ ਅਤੇ ਨਾ ਹੀ ਕੱਚੇ ਮਾਲ ਦੇ ਲਈ। ਕਿਸਾਨ ਨੂੰ ਉਤਸ਼ਾਹਿਤ ਕਰਕੇ ਉਨ੍ਹਾਂ ਨੂੰ ਕੱਚਾ ਮਾਲ (ਲੈਦਰ) ਮੁਹਈਆ ਕਰਵਾਇਆ ਜਾ ਸਕਦਾ ਸੀ। ਕੇਂਦਰ ਸਰਕਾਰ ਲੈਦਰ ਇੰਡਸਟਰੀ 'ਤੇ ਧਿਆਨ ਦੇ ਰਹੀ ਹੈ, ਪਰ ਰਾਜ ਸਰਕਾਰ ਅਣਦੇਖੀ ਕਰ ਰਹੀ ਹੈ।

ਰਬੜ ਗੁਡਸ ਮੈਨਯੂਫੈਕਚਰਰ ਬੀ.ਬੀ.ਜਯੋਤੀ ਦਾ ਕਹਿਣਾ ਹੈ ਕਿ ਮਾਈਕ੍ਰੋ ਅਤੇ ਸਮਾਲ ਇੰਡਸਟਰੀ ਦੇ ਵਿਕਾਸ ਦੇ ਲਈ ਕੋਈ ਵਧੀਆ ਨੀਤੀ ਨਹੀਂ ਬਣ ਸਕੀ ਹੈ। ਸਰਕਾਰ ਦੇ ਚਾਰ ਬਜਟ ਅਤੇ ਉਦਯੋਗਿਕ ਨੀਤੀ ਵਿਚ ਉਨ੍ਹਾਂ ਦੇ ਲਈ ਕੁਝ ਨਹੀਂ ਕੀਤਾ ਗਿਆ। ਫੈਡਰੇਸ਼ਨ ਆਫ ਜਲੰਧਰ ਇੰਡਸਟਰੀਅਲ ਐਂਡ ਟ੍ਰੇਡਰਸ ਐਸੋਸੀਏਸ਼ਨ ਦੇ ਪ੍ਰਧਾਨ ਗੁਰਸ਼ਰਨ ਸਿੰਘ ਦਾ ਕਹਿਣਾ ਹੈ ਕਿ ਵੈਟ ਦਰ ਵਧਾ ਦਿੱਤੀ ਹੈ, ਪਰ ਵੈਟ ਰਿਫੰਡ ਨਹੀਂ ਦਿੱਤੇ ਜਾ ਰਹੇ ਹਨ। ਇਸ ਬਾਰੇ ਉਹ ਸੁਖਬੀਰ ਬਾਦਲ ਨਾਲ ਵੀ ਗੱਲ ਕਰ ਚੁੱਕੇ ਹਨ, ਪਰ ਕੁਝ ਨਹੀਂ ਹੋਇਆ। ਨਵੇਂ ਫੋਕਲ ਪਵਾਇੰਟ ਵਿਚ ਜਮੀਨ ਦੇਣ ਦੇ ਵਾਅਦੇ ਨੂੰ ਵੀ ਸਰਕਾਰ ਪੂਰਾ ਨਹੀਂ ਕਰ ਸਕੀ। ਖੇਡ ਉਦਯੋਗ ਸੰਘ ਦੇ ਕਨਵੀਨਰ ਵਿਜੈ ਧੀਰ ਦਾ ਕਹਿਣਾ ਹੈ ਕਿ ਖੇਡ ਸਾਮਾਨ ਤੇ ਵੈਟ ਹਟਾਉਣ ਦਾ ਵਾਅਦਾ ਪੂਰਾ ਨਹੀਂ ਕੀਤਾ ਗਿਆ।

**ਵਪਾਰੀ ਵਰਗ ਵੀ ਖਫਾ :** ਜਿਲਾ ਵਪਾਰ ਮੰਡਲ ਦੇ ਜਰਨਲ ਸਕੱਤਰ ਨਰੇਸ਼ ਗੁਪਤਾ ਦਾ ਕਹਿਣਾ ਹੈ ਕਿ ਸਰਕਾਰ ਨੇ ਵੈਟ ਨਿਯਮ ਵਿਚ ਸੋਧ ਕਰਕੇ ਵੈਟ ਇਨਪੁਟ ਕ੍ਰੇਡਿਟ ਦੀ ਪ੍ਰਕ੍ਰਿਆ ਨੂੰ ਜਟਿਲ ਬਣਾ ਦਿੱਤਾ ਹੈ। ਵੈਟ ਇਨਪੁਟ ਕ੍ਰੇਡਿਟ ਦੇ ਲਈ ਹਰ ਆਈਟਮ ਨੂੰ ਖਰੀਦੋ ਫਰੋਖਤ ਦੇ ਬਿਲ ਦੀ ਡਿਟੇਲ, ਚਾਰ ਸਟੇਜਾਂ ਦੇ ਬਾਅਦ ਵੈਟ ਇਨਪੁਟ ਕ੍ਰੇਡਿਟ ਨੂੰ ਖਤਮ ਕਰਕੇ ਸਰਕਾਰ ਨੇ ਪੂਰੇ ਵਪਾਰੀ ਅਤੇ ਉਦਮੀ ਵਰਗ ਦੇ ਲਈ ਮੁਸ਼ਕਿਲ ਖੜੀ ਕਰ ਦਿੱਤੀ ਹੈ। ਹਰ ਆਈਟਮ ਦੇ ਬਿਲ ਦੀ ਡਿਟੇਲ ਦੇਣਾ ਉਨਾਂ ਦੇ ਲਈ ਕਾਫੀ ਮੁਸ਼ਕਿਲ ਹੈ।

ਰਾਜ ਸਰਕਾਰ ਮੌਜੂਦਾ ਇੰਜੀਨੀਅਰ, ਰਬੜ, ਫਾਉਂਡਰੀ, ਸਪੋਰਟਸ ਇੰਡਸਟਰੀ ਦੇ ਵਿਕਾਸ ਦੀ ਬਜਾਏ ਆਈ ਟੀ ਇੰਡਸਟਰੀ ਅਤੇ ਐਗਰੋ ਬੇਸਡ ਇੰਡਸਟ੍ਰੀ ਨੂੰ ਵਿਕਸਿਤ ਕਰਨ ਦੇ ਦਾਅਵੇ ਕਰ ਰਹੀ ਹੈ। ਆਈ ਟੀ ਇੰਡਸਟ੍ਰੀ ਨੂੰ ਕਪੂਰਥਲਾ ਅਤੇ ਰਾਜਪੁਰਾ ਵਿਚ ਵਿਕਸਿਤ ਕੀਤੇ ਜਾਣ ਵਾਲੇ ਫੋਕਲ ਪਵਾਇੰਟ ਵਿਚ ਲਗਾਉਣ ਦੇ ਐਲਾਨ ਕੀਤੇ ਜਾ ਰਹੇ ਹਨ, ਪਰ ਹਕੀਕਤ ਇਹ ਹੈ ਕਿ ਕਪੂਰਥਲਾ ਦਾ ਫੋਕਲ ਪਵਾਇੰਟ ਪਿਛਲੇ ਦੋ ਸਾਲਾਂ ਤੋਂ ਵਿਕਸਿਤ ਹੀ ਨਹੀਂ ਕੀਤਾ ਜਾ ਸਕਿਆ ਹੈ।ਉਦਮੀਆਂ ਦਾ ਕਹਿਣਾ ਹੈ ਕਿ ਜੇਕਰ ਮੌਜੂਦਾ ਇੰਡਸਟਰੀ ਨੂੰ ਵਿਕਸਿਤ ਕਰਨ ਤੇ ਜ਼ੋਰ ਦਿੱਤਾ ਜਾਵੇ ਤਾਂ ਪੰਜਾਬ ਨੂੰ ਲਾਭ ਹੋਵੇਗਾ।


GILL
DIGITAL VIDEO
Harry
Jaji
Harry Gill 209-648-9716
Jaji 916-470-9781
ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ,
ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ
ਦੇ ਸਮਾਗਮਾਂ ਲਈ ਵਧੀਆ ਅਤੇ
ਭਰੋਸੇਮੰਦ ਸੇਵਾਵਾਂ ਪ੍ਰਦਾਨ
ਕਰਦੇ ਹਾਂ ਇਕ
ਵਾਰ ਸੇਵਾ ਦਾ
ਮੌਕਾ ਜਰੂਰ ਦਿਓ
www.gilldigitalvideo.com
email: gillvideo@yahoo.com


JAGDEEP SINGH
INSURANCE AGENCY
ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ
ਇਮਾਨਦਾਰੀ ਨਾਲ ਕਰਦੇ ਹਾਂ
ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ
ਦੀ ਇੰਸ਼ੋਰੈਂਸ ਵੀ ਕਰਦੇ ਹਾਂ
We Can Beat Any Rates
ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ
Jagdeep Singh
CA Lic #0E42884
Ph : 559.277.5580
Fax : (888) 227-6988
email: jagdeep@jsinghagency.com
www.jsinghagency.com
Fresno Location : 4491 W. Shaw Ave.
#300A Fresno CA 93722
Our New Location : GOLD RIVER
Ph : 916-220-2128
2377 Gold Meadow, Ste #157, Gold River CA 95670


ਸਮੋਗ ਚੈਕ ਸਮੋਗ ਚੈਕ
SMOG
SMOG CHECK
STATE OF CALIFORNIA LICENSED
ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਟੋ ਦੀ
ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ
Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।
• 901 California Ave & P : 661.325-6666
• 1629 California Ave & H : 661.323.3333
• 406 S. Chester Ave & Terrace Way (Inside Gas Station) : 661.832.4444
• 5333 Whtie Ln & Grissom (Inside Big Brand Tire) : 661396.7664 (Smog)
• 1017 Bearmountain Blvd (Arvin) : 661.854.7664 (Smog)
• 1222 Golden State & M : 661.326.0346
• 1506 N. Black Stone & Mckinley (Fresno) : 559.268.7574
• 2597 N Black Stone (Fresno) (Between Clinton & Shield) : 559.222.9999
• 1161-I Street Reedley &12th St : 559.638.9017
• 416 Orisi Ca & 63 Hwy : 559.528.6848
• 2420 Whiteson Ave & Thompson (By Kragen Auto Parts) Selma : 559.896.5555
• 646 Dinuba Ave (Reedley) (By the DMV 3073) : 559.638.3243
1512 Dairy Ave Corcoran CA : 559.922.4500
Big Christmas Special
39.75
Big+DMV Certificate
Free Repair
Upto $500
Ask for Tech
MOST CARS
ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ
ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ
Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।


M&J
ROAD SERVICE
ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ
BRIDGESTONE
MICHELIN
Firestone
YOKOHAMA
GOODYEAR
BFGoodrich
MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING
Freeway 5 - 11401 Harlan Rd. Lathrop CA 95330
Across from Kenworth
Freeway 99 - 3327 South Hwy 99, Stockton CA 95215
New & Used Tires & Truck Repair Service Available
Hardeep Singh
Cell: 209-450-8981
Off : 209-456-0182

# ਪੰਜਾਬ ਟਾਈਮਜ਼

**ਸਨਿਚਰਵਾਰ, 3 ਅਪਰੈਲ, 2010**


*ਮੈਂ ਉਸੇ ਰਾਸ਼ਟਰ ਵਿਚ ਰਹਿਣਾ ਪਸੰਦ ਕਰਾਂਗਾ, ਜਿਥੇ ਕਾਨੂੰਨ ਦੀ ਨਜ਼ਰ ਵਿਚ ਸਾਰੇ ਇਕ ਬਰਾਬਰ ਹੋਣ। -ਅਲਬਰਟ ਆਈਨਸਟਾਈਨ*

## ਬਾਬਰੀ ਮਸਜਿਦ ਦਾ ਭੂਤ

ਉਸ ਵਕਤ ਜਦੋਂ ਭਾਜਪਾ ਅਤੇ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਜਿਹੇ ਇਸ ਦੇ ਸੀਨੀਅਰ ਆਗੂ ਆਪਣਾ ਅਕਸ ਅਤਿ ਕੱਟੜਪੰਥੀਆਂ ਤੋਂ ਨਰਮਗੋਸ਼ਾ ਸਿਆਸੀ ਆਗੂ ਵਾਲਾ ਕਰਨ ਦਾ ਰੁਝਾਨ ਰੱਖਦੇ ਹਨ ਤਾਂ ਇਨ੍ਹਾਂ ਆਗੂਆਂ ਤੇ ਇਸ ਪਾਰਟੀ ਦਾ ਬੀਤਿਆ ਇਤਿਹਾਸ ਇਸ ਦਾ ਪਿੱਛਾ ਨਹੀਂ ਛੱਡ ਰਿਹਾ। ਵਿਸ਼ੇਸ਼ ਕਰਕੇ ਜਦੋਂ ਕੇਂਦਰ ਵਿਚ ਕਾਂਗਰਸ ਪਾਰਟੀ ਦੀ ਅਗਵਾਈ ਵਾਲੀ ਯੂ. ਪੀ. ਏ. ਸਰਕਾਰ ਹੋਂਦ ਵਿਚ ਹੈ ਤਾਂ ਕੋਈ ਨਾ ਕੋਈ ਬਹਾਨਾ ਕੱਢ ਕੇ ਕੇਂਦਰ ਸਰਕਾਰ ਵੱਖ-ਵੱਖ ਏਜੰਸੀਆਂ ਦੀ ਸੀਨੀਅਰ ਅਫ਼ਸਰਸ਼ਾਹੀ ਨੂੰ ਬਾਬਰੀ ਮਸਜਿਦ ਜਾਂ ਹੋਰ ਮੁਸਲਿਮ ਵਿਰੋਧੀ ਦੰਗਿਆਂ ਵਿਚ ਸ਼ਾਮਲ ਆਗੂਆਂ ਖਿਲਾਫ਼ ਭੁਗਤਣ ਲਈ ਉਕਸਾ ਰਹੀ ਹੈ। ਅਜਿਹਾ ਹੀ ਕਿੱਸਾ ਹਾਲ ਹੀ ਵਿਚ ਉਸ ਸਮੇਂ ਸਾਹਮਣੇ ਆਇਆ ਜਦੋਂ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦੀ ਨਿੱਜੀ ਸੁਰੱਖਿਆ ਵਿਚ ਸੀਨੀਅਰ ਅਫ਼ਸਰ ਰਹੀ ਅੰਜੂ ਗੁਪਤਾ ਨੇ ਇਹ ਬਿਆਨ ਦਿੱਤਾ ਕਿ ਬਾਬਰੀ ਮਸਜਿਦ ਢਾਹੁਣ ਵੇਲੇ ਲਾਲ ਕ੍ਰਿਸ਼ਨ ਅਡਵਾਨੀ ਸਮੇਤ ਭਾਜਪਾ ਆਗੂਆਂ ਨੇ ਭੀੜ ਨੂੰ ਉਕਸਾਉਣ ਵਾਲੇ ਭਾਸ਼ਣ ਦਿੱਤੇ ਸਨ। ਆਪਣੀ ਗਵਾਹੀ ਵਿਚ ਅੰਜੂ ਨੇ ਕਿਹਾ ਕਿ ਮਸਜਿਦ ਢਾਹੁਣ ਵੇਲੇ ਸ੍ਰੀ ਅਡਵਾਨੀ ਦੇ ਨਾਲ-ਨਾਲ ਵਿਨੇ ਕਟਿਆਰ, ਉਮਾ ਭਾਰਤੀ, ਸਾਧਵੀ ਰਿਤੰਭਰਾ ਅਤੇ ਕਈ ਹੋਰਾਂ ਨੇ ਭੜਕਾਊ ਭਾਸ਼ਣ ਦਿੱਤੇ ਸਨ। ਬੀਬੀ ਅੰਜੂ ਗੁਪਤਾ ਅਨੁਸਾਰ ਇਹ ਆਗੂ ਵਾਰ-ਵਾਰ ਇਸ ਕਿਸਮ ਦੇ ਭਾਸ਼ਣ ਦੇ ਰਹੇ ਸਨ, ਜਿਨ੍ਹਾਂ ਦਾ ਸਾਫ ਮਤਲਬ ਸੀ ਕਿ ਮੰਦਰ ਮਸਜਿਦ ਵਾਲੀ ਥਾਂ ਉਪਰ ਹੀ ਬਣਾਇਆ ਜਾਵੇ। ਅੰਜੂ ਗੁਪਤਾ ਨੇ ਹੋਰ ਦੱਸਿਆ ਕਿ ਮਸਜਿਦ ਢਾਹੇ ਜਾਣ ਤੋਂ ਬਾਅਦ ਉਮਾ ਭਾਰਤੀ ਅਤੇ ਸਾਧਵੀ ਰਿਤੰਭਰਾ ਨੇ ਇਕ-ਦੂਜੀ ਨੂੰ ਗਲਵਕੜੀ ਵਿਚ ਲਿਆ ਅਤੇ ਮਠਿਆਈਆਂ ਵੀ ਵੰਡੀਆਂ। ਇਸ ਸਮੇਂ ਉਥੇ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਮੁਰਲੀ ਮਨੋਹਰ ਜੋਸ਼ੀ ਜਿਹੇ ਆਗੂ ਵੀ ਮੌਜੂਦ ਸਨ। ਅੰਜੂ ਗੁਪਤਾ ਅਨੁਸਾਰ, ਉਸ ਨੇ ਜਦੋਂ ਅਡਵਾਨੀ ਨੂੰ ਦੱਸਿਆ ਕਿ ਭਾਜਪਾ ਦੇ ਕੁਝ ਕਾਰਕੁਨ ਮਸਜਿਦ ਦੇ ਗੁੰਬਦ ਉਪਰ ਚੜ੍ਹਨਾ ਚਾਹੁੰਦੇ ਹਨ ਤਾਂ ਉਨ੍ਹਾਂ ਘਟਨਾ ਸਥਾਨ 'ਤੇ ਜਾਣ ਦੀ ਇੱਛਾ ਪ੍ਰਗਟਾਈ ਪਰ ਸੀਨੀਅਰ ਅਧਿਕਾਰੀਆਂ ਵਲੋਂ ਕਿਸੇ ਵੱਡੇ ਖਦਸ਼ੇ ਦੇ ਮੱਦੇਨਜ਼ਰ ਉਨ੍ਹਾਂ ਨੂੰ ਨਾ ਜਾਣ ਦੀ ਸਲਾਹ ਦਿੱਤੀ ਗਈ। ਇਸ ਤੋਂ ਪਿੱਛੋਂ ਅਡਵਾਨੀ ਵਲੋਂ ਉਮਾ ਭਾਰਤੀ ਅਤੇ ਰਿਤੰਭਰਾ ਨੂੰ ਘਟਨਾਸਥਾਨ 'ਤੇ ਭੇਜਿਆ ਗਿਆ ਅਤੇ ਉਥੇ ਮੁਰਲੀ ਮਨੋਹਰ ਜੋਸ਼ੀ ਬੇਹੱਦ ਉਕਸਾਊ ਭਾਸ਼ਣ ਦੇ ਰਹੇ ਸਨ। ਇਸ ਕਿਸਮ ਦੀਆਂ ਰਿਪੋਰਟਾਂ ਵੀ ਸਾਹਮਣੇ ਆਈਆਂ ਹਨ ਕਿ ਮਸਜਿਦ ਢਾਹੇ ਜਾਣ ਤੋਂ ਪਿੱਛੋ ਕਈ ਸੀਨੀਅਰ ਅਫ਼ਸਰਾਂ ਨੇ ਵੀ ਭਾਜਪਾ ਆਗੂਆਂ ਨੂੰ ਵਧਾਈਆਂ ਦਿੱਤੀਆਂ ਅਤੇ ਮਸਜਿਦ ਢਾਹੁਣ ਵਾਲੇ ਵਰਕਰਾਂ ਨੂੰ ਵੀ ਉਨ੍ਹਾਂ ਵਲੋਂ ਉਤਸ਼ਾਹਤ ਕੀਤਾ ਗਿਆ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਇਸ ਤੋਂ ਪਹਿਲਾਂ ਵੀ ਅੰਜੂ ਗੁਪਤਾ ਨੇ ਸੀ. ਬੀ. ਆਈ. ਸਾਹਮਣੇ ਬਿਲਕੁਲ ਇਸੇ ਤਰ੍ਹਾਂ ਦਾ ਬਿਆਨ ਦਿੱਤਾ ਸੀ ਅਤੇ ਉਨ੍ਹਾਂ ਦੇ ਨਵੇਂ ਬਿਆਨ ਨੇ ਆਪਣੇ ਪਹਿਲੇ ਬਿਆਨ ਦੀ ਹੀ ਪੁਸ਼ਟੀ ਕੀਤੀ ਸੀ। ਇਸ ਹਾਲਤ ਵਿਚ ਉਨ੍ਹਾਂ ਦਾ ਇਹ ਬਿਆਨ ਇਸ ਕੇਸ ਵਿਚ ਅਹਿਮ ਗਵਾਹੀ ਬਣ ਗਿਆ।

ਬਾਬਰੀ ਮਸਜਿਦ ਕੇਸ ਆਜ਼ਾਦ ਭਾਰਤ ਦੇ ਇਤਿਹਾਸ ਵਿਚ ਏਡੀ ਵੱਡੀ ਧਾਰਮਿਕ ਸਿਆਸੀ ਘਟਨਾ ਹੈ ਕਿ ਇਹ ਛੇਤੀ ਕਿਤੇ ਭਾਰਤੀ ਰਾਜਨੀਤੀ ਦਾ ਪਿੱਛਾ ਨਹੀਂ ਛੱਡੇਗੀ। ਬਾਬਰੀ ਮਸਜਿਦ ਵਾਂਗ ਹੀ ਬਲਿਊ ਸਟਾਰ ਆਪ੍ਰੇਸ਼ਨ ਅਤੇ ਗੁਜਰਾਤ ਦੇ ਮੁਸਲਿਮ ਵਿਰੋਧੀ ਦੰਗੇ ਵੀ 1947 ਤੋਂ ਬਾਅਦ ਵੱਡੀਆਂ ਅਤੇ ਅਹਿਮ ਪਰ ਦਰਦਨਾਕ ਘਟਨਾਵਾਂ ਹਨ। ਉਹ ਰਾਜਨੀਤਕ ਅਤੇ ਫਿਰਕੂ ਘਟਨਾਵਾਂ, ਜਿਹੜੀਆਂ ਕਿਸੇ ਦੇਸ਼ ਦੇ ਮੂਲ ਵਿਚਾਰਧਾਰਕ, ਬੁਨਿਆਦੀ ਆਦਰਸ਼ਾਂ ਨੂੰ ਹੀ ਹਿਲਾ ਕੇ ਰੱਖ ਦੇਣ, ਉਨ੍ਹਾਂ ਤੋਂ ਲਾਜ਼ਮੀ ਹੀ ਬਹੁਤ ਲੰਮਾ ਸਮਾਂ ਪਿੱਛਾ ਨਹੀਂ ਛੁਡਾਇਆ ਜਾ ਸਕਦਾ। ਇਹ ਤਿੰਨੋਂ ਘਟਨਾਵਾਂ ਇਸੇ ਕਿਸਮ ਦੀਆਂ ਘਟਨਾਵਾਂ ਸਨ। ਦੇਸ਼ ਦੇ ਸੰਵਿਧਾਨ ਘਾੜਿਆਂ ਨੇ ਹੋਰ ਆਦਰਸ਼ਾਂ ਦੇ ਨਾਲ-ਨਾਲ ਧਰਮ ਨਿਰਪੱਖਤਾ ਨੂੰ ਇਸ ਦੇਸ਼ ਦੀ ਬੁਨਿਆਦ ਬਣਾਇਆ ਸੀ ਪਰ ਆਜ਼ਾਦੀ ਤੋਂ ਛੇਤੀ ਪਿਛੋਂ ਇਹ ਦੇਸ਼ ਆਪਣੇ ਇਸ ਬੁਨਿਆਦੀ ਆਦਰਸ਼ ਤੋਂ ਪਾਸੇ ਖਿਸਕਣ ਲੱਗ ਪਿਆ ਸੀ।

ਹੌਲੀ-ਹੌਲੀ ਦੇਸ਼ ਦੀ ਸਮੁੱਚੀ ਅਫ਼ਸਰਸ਼ਾਹੀ, ਰਾਜਨੀਤਕ ਢਾਂਚਾ ਤੇ ਨਿਆਂਪ੍ਰਣਾਲੀ ਬਹੁਗਿਣਤੀਪ੍ਰਸਤ ਹੋਣ ਲੱਗ ਪਈ। ਬੁਨਿਆਦੀ ਰਾਜਨੀਤਕ ਆਦਰਸ਼ਾਂ ਖਿਲਾਫ਼ ਇਸ ਰਾਜਨੀਤਕ ਕੁਰਾਹੇ ਨੇ 1980ਵਿਆਂ/90ਵਿਆਂ ਦੇ ਦੌਰ ਵਿਚ ਆਪਣੀ ਸਿਖਰ ਛੋਹੀ। ਖਾਸ ਕਰਕੇ ਸ੍ਰੀਮਤੀ ਇੰਦਰਾ ਗਾਂਧੀ ਦੀ ਆਖਰੀ ਟਰਮ ਵੇਲੇ ਅਤੇ ਉਸ ਤੋਂ ਪਿੱਛੋਂ ਰਾਜੀਵ ਗਾਂਧੀ ਅਤੇ ਨਰਸਿਮ੍ਹਾ ਰਾਓ ਦੀ ਸਰਕਾਰ ਵੇਲੇ। ਪਿਛੋਂ ਨਰਿੰਦਰ ਮੋਦੀ ਦੀ ਅਗਵਾਈ ਵਾਲੇ ਗੁਜਰਾਤ ਵਿਚ ਮੁਸਲਮਾਨਾਂ ਦਾ ਨਸਲਘਾਤ ਸਾਹਮਣੇ ਆਇਆ। ਇਸ ਨੁਕਤੇ ਤੋਂ ਦੇਸ਼ ਦੀਆਂ ਦੋਨੋ ਵੱਡੀਆਂ ਰਾਜਨੀਤਕ ਪਾਰਟੀਆਂ ਮੁਕਤ ਨਹੀਂ ਕੀਤੀਆਂ ਜਾ ਸਕਦੀਆਂ। ਕਿਸੇ ਵੀ ਮੁਲਕ ਦੇ ਜੀਂਦੇ ਰਹਿਣ ਲਈ ਉਸ ਦੇ ਬੁਨਿਆਦੀ ਆਦਰਸ਼ ਬੇਹੱਦ ਅਹਿਮ ਹੁੰਦੇ ਹਨ। ਆਪਣੇ ਇਨ੍ਹਾਂ ਆਦਰਸ਼ਕ ਸੁਪਨਿਆਂ ਦੇ ਆਸਰੇ ਹੀ ਕੋਈ ਸਟੇਟ ਲੰਮੇ ਸਮੇਂ ਤਕ ਆਪਣੇ ਆਪ ਨੂੰ ਬਣਾਈ ਰੱਖਦੀ ਹੈ। ਜਿਉਂ ਹੀ ਕੋਈ ਰਾਜ ਆਪਣੇ ਇਨ੍ਹਾਂ ਬੁਨਿਆਦੀ ਆਦਰਸ਼ਾਂ ਤੋਂ ਪਾਸੇ ਖਿਸਕਦਾ ਹੈ, ਉਹ ਜਰਜਰਾ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਦ੍ਰਿਸ਼ਟੀ ਤੋਂ ਬੁਨਿਆਦੀ ਆਦਰਸ਼ਾਂ ਅਤੇ ਸਟੇਟ ਉਸਾਰ ਢਾਂਚੇ ਦਾ ਰਿਸ਼ਤਾ ਰੂਹ ਅਤੇ ਸਰੀਰ ਦਾ ਰਿਸ਼ਤਾ ਹੈ। ਦੇਸ਼ ਵਿਚ ਪਿਛਲੇ ਕੁਝ ਹੀ ਸਮੇਂ ਵਿਚ ਭ੍ਰਿਸ਼ਟਾਚਾਰ ਅਤੇ ਆਪੋਧਾਪੀ ਸਮੇਂ ਜਿਹੜੀਆਂ ਵਿਆਪਕ ਬਿਮਾਰੀਆਂ ਵਿਖਾਈ ਦੇ ਰਹੀਆਂ ਹਨ, ਇਹ ਇਨ੍ਹਾਂ ਆਦਰਸ਼ਾਂ ਤੋਂ ਪਾਸੇ ਜਾਣ ਦਾ ਹੀ ਸਿੱਟਾ ਹੈ। ਪਿਛਲੇ ਕੁਝ ਕੁ ਸਮੇਂ ਤੋਂ ਸੋਨੀਆ-ਮਨਮੋਹਨ-ਰਾਹੁਲ ਦੀ ਤਿੱਕੜੀ ਦੇਸ਼ ਦੇ ਉਪਰੋਕਤ ਬੁਨਿਆਦੀ ਵਿਚਾਰਧਾਰਕ ਸੁਪਨਿਆਂ ਨੂੰ ਮੁੜ ਤੋਂ ਸਥਾਪਤ ਕਰਨ ਦੇ ਯਤਨ ਵਿਚ ਹੈ। ਇਹ ਨਵੇਂ ਯਤਨ ਕਿੰਨੇ ਕੁ ਸਫਲ ਹੋਣਗੇ, ਕਿਹਾ ਨਹੀਂ ਜਾ ਸਕਦਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਰਬ-ਲੋਹ ਬਨਾਮ ਸੋਨਾ!*

ਪੱਗਾਂ ਸੋਹਣੀਆਂ ਉਤੋਂ ਹੀ ਦਿਸਦੀਆਂ ਨੇ, ਮਾਇਆ-ਮੋਹ ਨੇ ਸਿਰਾਂ ਨੂੰ ਫੇਰਿਆ ਹੈ।
ਗੋਡੇ ਟੇਕ ਕੇ ਅੱਗੇ ਪਾਖੰਡੀਆਂ ਦੇ, ਧੌਲ-ਧਰਮ ਨੂੰ ਦਿਨੇ ਹੀ ਗੇਰਿਆ ਹੈ।
ਆਮ ਸਿੱਖ ਕਦ ਸਿੱਖੀ ਦੇ ਨਿਯਮ ਪਾਲੂ, ਕੌਮੀ ਰਹਿਬਰਾਂ ਝੱਲ ਖਿਲੇਰਿਆ ਹੈ।
ਫਲੀ-ਭੂਤ ਹੋ ਧਰਮ ਲਈ ਬਣੂ ਖਤਰਾ, ਬੀਜ ਪਾਪ ਦਾ 'ਆਗੂਆਂ' ਕੇਰਿਆ ਹੈ।
ਫੜ੍ਹ ਕੇ ਦੱਥੀਆਂ ਕਾਮੀਆਂ ਸ਼ੱਕੀਆਂ ਤੋਂ, ਝੰਡਾ ਧਰਮ ਦਾ ਜੜ੍ਹਾਂ ਤੋਂ 'ਖੇੜਿਆ ਹੈ।
ਕਲਗੀਵਾਲੇ ਦੇ ਤਖ਼ਤ 'ਤੇ ਸਰਬ-ਲੋਹ' ਨੂੰ, ਭੇਖੀ ਸਾਧਾਂ ਦੇ 'ਸੋਨੇ' ਨੇ ਘੇਰਿਆ ਹੈ!

# ਪੰਜਾਬ/ਪੰਜਾਬੀ ਸਭਿਆਚਾਰ ਦੀ ਮੌਲਿਕਤਾ

**ਗੁਰਭਗਤ ਸਿੰਘ**

ਜੇ ਪੰਜਾਬ ਦੇ ਇਤਿਹਾਸ ਨੂੰ ਸਾਧਾਰਨ ਨਜ਼ਰ ਨਾਲ ਵੀ ਵੇਖੀਏ ਤਾਂ ਇਹ ਗ੍ਰਹਿਣ ਕਰਨਾ ਔਖਾ ਨਹੀਂ ਕਿ ਪੰਜਾਬ ਦੀ ਵਿਸ਼ੇਸ਼-ਮੌਲਿਕਤਾ ਇਸ ਦੀ ਵਿਰੋਧਾਂ ਦਾ ਮੇਲ ਕਰਨ ਦੀ ਸਮਰਥਾ ਹੈ। ਅੱਜ ਦੇ ਅਰਥਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਇਹ ਸਮਰਥਾ ਸੰਵਾਦ ਰਚਨ ਦੀ ਯੋਗਤਾ ਹੈ। ਕੁਝ ਦੇਰ ਪਹਿਲਾਂ ਏ.ਐਲ. ਬੈਸ਼ਮ ਨੇ ਆਪਣੀ ਪੁਸਤਕ "ਦ ਵੰਡਰ ਦੈਟ ਵਾਜ਼ ਇੰਡੀਆ" ਵਿਚ ਭਾਰਤ ਦੀ ਪੰਜਾਬ ਵਿਚ ਪੱਲ੍ਹਰੀ ਸੱਭਿਅਤਾ ਬਾਰੇ ਇਹ ਕਿਹਾ ਸੀ ਕਿ ਲੋਕਪ੍ਰਿਅ, ਸਭਿਆਚਾਰਕ ਅਤੇ 'ਧਾਰਮਿਕ ਪ੍ਰਤੀਕ 'ਕ੍ਰਿਸ਼ਨ' ਆਰੀਆ ਅਤੇ ਪੂਰਵ ਆਰੀਆ ਸਭਿਆਚਾਰਾਂ ਦਾ ਸੰਯੋਗ ਹੈ। ਕ੍ਰਿਸ਼ਨ ਦਾ ਕਾਲਾ ਰੰਗ ਇਸ ਦੇ ਪੂਰਵ ਆਰੀਆ ਸਰੋਤ ਦਾ ਸੂਚਕ ਹੈ। ਆਰੀਆ ਲੋਕ ਭਾਵੇਂ ਜੇਤੂ ਸਨ, ਪਰ ਉਨ੍ਹਾਂ ਨੇ ਇਕ ਸੰਯੋਗਮੁਖੀ ਨੀਤੀ ਅਖਤਿਆਰ ਕੀਤੀ। ਪਿੱਛੋਂ ਇਸ ਸੰਯੋਗਮੁਖਤਾ ਅਤੇ ਇਸ ਦਾ ਦੂਜਾ ਰੂਪ ਸੰਵਾਦਮੁਖਤਾ ਪੰਜਾਬੀ ਸਭਿਆਚਾਰ ਦਾ ਵਿਸ਼ੇਸ਼ ਆਚਰਣ ਬਣ ਗਿਆ।

ਪੰਜਾਬ ਵਿਚ ਵੱਖ-ਵੱਖ ਪਾਸਿਓਂ, ਭਿੰਨ-ਭਿੰਨ ਮੂਲਾਂ ਦੇ ਹਮਲਾਵਰ ਵੀ ਆਉਂਦੇ ਰਹੇ, ਪਰ ਉਨ੍ਹਾਂ ਦੇ ਨਾਲ ਆਉਣ ਵਾਲੇ ਕੁਝ ਲੋਕ ਪੰਜਾਬੀ ਸਭਿਆਚਾਰ ਵਿਚ ਵੀ ਰਚਦੇ ਰਹੇ। ਹਮਲੇ, ਯੁੱਧ ਅਤੇ ਸਭਿਆਚਾਰਕ ਮਿਸ਼ਰਣ ਪੰਜਾਬ ਵਿਚ ਸਮਵਰਤੀ ਰਹੇ ਹਨ। ਇਸ ਸਮਵਰਤੀ ਦਾ ਹੀ ਨਤੀਜਾ ਹੈ ਕਿ ਪੰਜਾਬ ਵਿਚ ਕਿਸੇ ਇਕਾਂਗੀ ਪਰਿਪੇਖ ਨੂੰ ਕਦੇ ਸਥਿਰ ਥਾਂ ਨਹੀਂ ਮਿਲੀ। ਨਾ ਇਕ ਪਰਤੀ ਬ੍ਰਹਮ ਟਿਕ ਸਕਿਆ, ਨਾ ਹੀ ਯੂਨਾਨ ਦਾ ਅਫਲਾਤੂਨਵਾਦ ਜੋ ਹਰ ਵਸਤ ਅਤੇ ਦ੍ਰਿਸ਼ਟੀ ਨੂੰ ਇਕ-ਪਰਤੀ ਤਰਕ ਨਾਲ ਘਟਾਉਂਦਾ ਸੀ। ਇਰਾਨ, ਇਰਾਕ, ਅਫਗਾਨਿਸਤਾਨ ਜਾਂ ਤੁਰਕੀ ਰਾਹੀਂ ਆਇਆ ਇਕ-ਪਰਤੀ "ਅੱਲਾਹ" ਵੀ ਨਿਰੰਕੁਸ਼ ਥਾਂ ਨਾ ਬਣਾ ਸਕਿਆ। ਦ੍ਰਿਸ਼ਟੀ ਜਾਂ ਪਰਿਪੇਖ ਵਜੋਂ ਪੰਜਾਬ ਹਮੇਸ਼ਾ ਅਸਥਿਰ ਰਿਹਾ ਹੈ, ਜਾਂ ਇਉਂ ਵੀ ਕਹਿ ਲਈਏ ਕਿ ਪੰਜਾਬ ਦਾ ਚਿੰਤਨ ਨਿਰੰਤਰ ਕ੍ਰਿਆਸ਼ੀਲ ਤੇ ਪਰਿਵਰਤਨਸ਼ੀਲ ਰਿਹਾ ਹੈ। ਕੋਈ ਇਕਹਿਰਾ ਪਰਿਪੇਖ ਪੰਜਾਬ ਦੇ ਮਨ ਨੂੰ ਸਦਾ ਲਈ ਹਥਿਆ ਨਹੀਂ ਸਕਿਆ। ਜੇ ਕਿਸੇ ਨੇ ਅਜਿਹਾ ਕਰਨ ਦਾ ਯਤਨ ਕੀਤਾ ਤਾਂ ਉਸਨੂੰ ਹਾਰ ਹੋਈ।

ਪੱਛਮੀ ਪੰਜਾਬ ਤੋਂ ਵਣਜ ਕਰਨ ਵਾਲੇ ਜੋ ਲੋਕ, ਜਿਨ੍ਹਾਂ ਵਿਚੋਂ ਬਹੁਤੇ ਸਿੱਖ ਹਨ, ਇਧਰਲੇ ਪੰਜਾਬ ਵਿਚ ਆ ਕੇ ਵਸ ਗਏ, ਉਨ੍ਹਾਂ ਬਾਰੇ ਹੁਣ ਵਿਦਵਾਨ ਮੰਨਦੇ ਹਨ ਕਿ ਉਹ ਸਿਕੰਦਰ ਦੇ ਪਿੱਛੇ ਰਹਿ ਗਏ ਯੂਨਾਨੀ ਫੌਜੀਆਂ ਦਾ ਵੰਸ਼ ਹਨ। ਸਿਕੰਦਰ ਦੇ ਫੌਜੀਆਂ ਨੇ ਪੰਜਾਬਣਾਂ ਨਾਲ ਵਿਆਹ ਕਰਵਾ ਲਏ ਸਨ। ਇਸ ਮੇਲ ਵਿਚੋਂ ਪੈਦਾ ਹੋਈਆਂ ਸੰਤਾਨਾਂ ਨੇ ਮੱਧਵਰਗੀ ਵਪਾਰ ਅਪਨਾਇਆ। ਮੱਧਵਰਗੀ ਵਪਾਰ ਵੀ ਰਚਨ ਲਈ ਕੀਤਾ ਹੋਇਆ ਸੰਯੋਗ ਹੈ। ਜਨੈਟਿਕ ਪੱਧਰ ਉਤੇ ਵਾਪਰਿਆ ਸੰਵਾਦ ਹੈ। ਇਸ ਵਿਚ ਹਾਰ ਰਚਨ ਅਤੇ ਪੁਨਰ ਸੁਰਜੀਤੀ ਦੀਆਂ ਸਭ ਬਿਰਤੀਆਂ ਲੁਕੀਆਂ ਹੋਈਆਂ ਹਨ। ਵਿਸ਼ੇਸ਼ ਗ੍ਰਹਿਣ ਕਰਨ ਯੋਗ ਗੱਲ ਹੈ ਕਿ ਪੰਜਾਬ ਨੇ ਸੰਯੋਗ ਅਤੇ ਸੰਵਾਦ ਕੇਵਲ ਚਿੰਤਨ ਦੀ ਪੱਧਰ ਉਤੇ ਹੀ ਨਹੀਂ ਕੀਤਾ, ਸਗੋਂ ਇਸਨੂੰ ਜਨੈਟਿਕ ਪ੍ਰਕਾਰ ਦੀ ਰਚਨਾ ਦੀ ਪੱਧਰ ਤਕ ਵੀ ਕੀਤਾ ਹੈ।

ਮਧਿਆਸਥਿਤ ਜਾਂ ਵਿਕੋਲਿਤ ਹੋਣਾ, ਵਿਕਾਸ ਵਲ ਜਾਣ ਦੀ ਬਿਰਤੀ ਹੈ। ਇਸੇ ਨੂੰ ਗੁਰੂ ਨਾਨਕ ਦੇਵ ਜੀ ਨੇ ਵਿਗਸਣਾ ਆਖਿਆ ਹੈ। ਵਿਗਾਸ ਕੇਵਲ ਰੇਖਕੀ ਜਾਂ ਲੀਨੀਅਰ ਨਹੀਂ ਹੁੰਦਾ, ਇਹ ਬਹੁਕੋਣੀ ਹੁੰਦਾ ਹੈ। ਵਿਕਾਸ ਅਤੇ ਵਿਗਾਸ ਦੋਵੇਂ ਪੰਜਾਬੀ ਆਚਰਣ ਦਾ ਹਿੱਸਾ ਹਨ, ਇਹ ਕੋਈ ਅਤਕਥਨੀ ਨਹੀਂ, ਜੇ ਪੰਜਾਬ ਦੇ ਇਤਿਹਾਸ ਨੂੰ ਬਾਰੀਕੀ ਨਾਲ ਸਮਝਿਆ ਜਾਵੇ। ਸੰਯੋਗ ਅਤੇ ਸੰਵਾਦ ਦੀ ਇਕ ਵੱਡੀ ਸਿਖਰ ਸਿੱਖ ਇਨਕਲਾਬ ਅਤੇ ਇਸਦੇ ਸਾਹਿਤ ਨੇ ਛੋਹੀ ਹੈ। "ਦਸਮ ਗ੍ਰੰਥ" ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਰਚਿਤ "ਜਾਪੁ" ਅਤੇ "ਅਕਾਲ ਉਸਤਤਿ" ਵੱਡੀਆਂ ਉਦਾਹਰਣਾਂ ਹਨ। "ਜਾਪੁ" ਸਾਹਿਬ ਵਿਚ ਅਕਾਲ ਪੁਰਖੁ ਜਾਂ "ਵਾਹਗੁਰੂ" ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਗਿਆ ਹੈ "ਚਕ੍ਰ ਚਿਹਨ ਅਰ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।" ਸਾਧਾਰਨ ਸ਼ਬਦਾਂ ਵਿਚ ਵਾਹਿਗੁਰੂ ਦਾ ਇਕ ਰੂਪ ਨਹੀਂ, ਨਾ ਕੋਈ ਜਾਤ-ਪਾਤ ਜਾਂ ਇਕ ਪਰਤੀ ਪ੍ਰਕਾਰ ਹੈ। ਵਾਹਿਗੁਰੂ ਸਿੱਖ ਇਨਕਲਾਬ ਦਾ ਪ੍ਰਮੁੱਖ ਚਿੰਨ੍ਹ ਹੈ। ਉਸਨੂੰ ਕਿਸੇ ਪ੍ਰਕਾਰ ਦੀ ਇਕਪਰਤਾ ਤੋਂ ਰਹਿਤ ਰੱਖਿਆ ਗਿਆ ਹੈ। ਉਸਦੇ ਵਿਸਥਾਰ ਲਈ ਜੋ ਭਾਸ਼ਾ ਵਰਤੀ ਗਈ ਹੈ, ਉਹ ਇਸਲਾਮੀ-ਫਾਰਸੀ-ਅਰਬੀ ਸਰੋਤ ਤੋਂ ਵੀ ਹੈ ਅਤੇ ਸੰਸਕ੍ਰਿਤ ਵੈਦਿਕ ਸਰੋਤ ਤੋਂ ਵੀ। ਇਹ ਚੇਤੰਨ ਤੌਰ 'ਤੇ ਕੀਤਾ ਗਿਆ ਹੈ ਕਿਉਂਕਿ ਸਿੱਖ ਇਨਕਲਾਬ ਦਾ ਵੱਡਾ ਲਖਸ਼ ਹਰ ਪ੍ਰਕਾਰ ਦੀ ਦ੍ਰਿਸ਼ਟੀ ਦੇ ਇਕਹਿਰੇਪਣ ਨੂੰ ਤੋੜਨਾ ਸੀ। ਇਸ ਇਕਾਂਗਿਤਾ ਨਾਲ ਕੋਈ ਵੀ ਸੱਤਾਧਾਰੀ ਵਰਗ ਲੋਕਾਂ ਨੂੰ ਹਥਿਆ ਸਕਦਾ ਹੈ। ਬੌਧਿਕ ਅਤੇ ਭਾਵੁਕ ਗੁਲਾਮੀ ਵਿਚ ਬੰਨ੍ਹ ਸਕਦਾ ਹੈ। ਬ੍ਰਹਮ ਦੀ ਪੈਰਾਡਾਈਮ ਅਤੇ ਅੱਲਾਹ ਦੀ ਪੈਰਾਡਾਈਮ ਦੋਵੇਂ ਇਕਾਂਗੀ-ਪਰਿਪੇਖਾਂ ਨਾਲ ਜੁੜ ਚੁੱਕੀਆਂ ਸਨ। ਸਮਾਜਕ ਅਤੇ ਰਾਜਨੀਤਕ ਪੱਧਰ ਉਤੇ ਪ੍ਰਧਾਨ ਵਰਗਾਂ ਨੇ ਆਪਣੇ ਹਿੱਤ ਇਨ੍ਹਾਂ ਇਕਾਂਗੀ ਪਰਿਪੇਖਾ ਨਾਲ ਜੋੜ ਲਏ ਸਨ। ਇਸ ਇਕਾਂਗਤਾ ਨੂੰ ਤੋੜਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਵਿਲੱਖਣ ਪਰਿਪੇਖਾਂ ਅਤੇ ਭਾਸ਼ਾਵਾਂ ਨੂੰ ਇਸ ਸਪੇਸ ਵਿਚ ਲਿਆ ਕੇ ਬਹੁ-ਪਰਤੀ "ਵਾਹਗੁਰੂ" ਦਾ ਚਿੰਨ੍ਹ ਸਿਰਜਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਸ਼ਬਦ ਜੋੜ "ਵਾਹਿਗੁਰੂ" ਵੀ ਹੈ।

ਵਾਹਿਗੁਰੂ ਸਿੱਖ ਇਨਕਲਾਬ ਦਾ ਪ੍ਰਮੁੱਖ ਚਿੰਨ੍ਹ ਹੈ ਜਿਸਦੀ ਵਿਸ਼ੇਸ਼ ਮੌਲਿਕਤਾ ਨੂੰ ਅਜੇ ਪੂਰੀ ਤਰ੍ਹਾਂ ਸਮਝਿਆ ਨਹੀਂ ਗਿਆ। ਵਾਹਿਗੁਰੂ ਬਹੁਪਰਤੀ ਹੈ। ਬਹੁਪੱਧਰੀ ਅਸਲੀਅਤ ਦਾ ਮੁਜੱਸਮਾ ਹੈ। ਇਸ ਬਹੁਪੱਧਤਾ ਵਿਚੋਂ ਕੋਈ ਵੀ ਮੌਲਿਕ ਚਿੰਤਨ, ਨਵੀਂ ਰੋਸ਼ਨੀ ਕੁੱਦ ਕੇ ਆ ਸਕਦੀ ਹੈ, ਕੁਐਂਤਮ ਭੌਤਿਕ ਵਿਗਿਆਨ ਦੀ, "ਕੁਐਂਤਮ ਲੀਪ" ਵਾਂਗ। ਵਾਹਿਗੁਰੂ ਆਪਣੀ ਏਕਤਾ ਵਿਚ ਵੀ ਅਨੇਕ ਦਰਸ਼ਨੀ ਤੇ ਅਨਿਕ-ਪਰਤੀ ਹੈ। ਉਸ ਦੀ ਅਨਿਕਪਰਤਾ ਹੀ ਉਸ 'ਚ ਅਨੇਕ ਇਲਹਾਮਾਂ ਦੀ ਸੰਭਾਵਨਾ ਪੈਦਾ ਕਰਦੀ ਹੈ। ਵਾਹਿਗੁਰੂ ਦੀ ਅਨਿਕ-ਪਰਤਾ, ਉਸਦੇ ਅਨੇਕ ਇਲਹਾਮ ਦੇਣ ਦੀ ਸੰਭਾਵਨਾ, ਇਸ ਚਿੰਨ੍ਹ ਨੂੰ ਹਰ ਕਿਸਮ ਦੀ ਗਿਣਤੀ-ਮਿਣਤੀ ਜਾਂ ਕੈਲਕੂਲਸ ਤੋਂ ਬਾਹਰ ਰੱਖਦੀ ਹੈ। ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁਹਾਵਰੇ ਵਿਚ ਇਹ ਕਹਿ ਲਈਏ, ਇਸ ਚਿੰਨ੍ਹ ਨੂੰ "ਵਿਸਮਾਦੀ" ਬਣਾਉਂਦੀ ਹੈ। ਵਾਹਿਗੁਰੂ ਚਿੰਨ੍ਹ ਦੀ ਸਿਰਜਣਾ, ਵਿਸਮਾਦੀ ਚਿੰਨ੍ਹ-ਸ਼ਾਸਤਰ ਦੀ ਵੀ ਨੀਂਹ ਰੱਖਦੀ ਹੈ, ਜਿਸਦਾ ਵਿਸਥਾਰ ਪੂਰੇ ਸ਼ਾਸਤਰੀ ਚਿੰਤਨ ਦੀ ਮੰਗ ਕਰਦਾ ਹੈ। ਪੰਜਾਬ ਇਕ ਨਵੇਂ ਚਿੰਨ੍ਹ-ਸ਼ਾਸਤਰ ਦੀ ਵੀ ਨੀਂਹ ਰੱਖਦਾ ਹੈ, ਜਿਸ ਦਾ ਵਿਸਥਾਰ ਪੂਰੇ ਸ਼ਾਸਤਰੀ ਚਿੰਨ੍ਹ ਸ਼ਾਸਤਰ ਦਾ ਵੀ ਸਿਰਜਣਹਾਰ ਹੋ ਸਕਦਾ ਹੈ, ਇਸ ਸੰਭਾਵਨਾ ਦਾ ਪਤਾ ਲਾਉਣਾ ਅਜੇ ਬਾਕੀ ਹੈ ਅਤੇ ਭਵਿੱਖ ਲਈ ਇਹ ਇਕ ਵੰਗਾਰ ਵਾਲਾ ਪ੍ਰੋਜੈਕਟ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ "ਅਕਾਲ ਉਸਤਤਿ" ਦੇ 266ਵੇਂ ਬੰਦ ਵਿਚ ਇਹ ਸਪਸ਼ਟ ਕੀਤਾ ਹੈ ਕਿ ਵਾਹਿਗੁਰੂ/ਅਕਾਲ ਪੁਰਖੁ ਦੇ ਗੀਤ ਸਭ ਕੌਮਾਂ ਗਾਉਂਦੀਆਂ ਹਨ। ਉਨ੍ਹਾਂ ਨੇ ਵਿਸ਼ੇਸ਼ ਤੌਰ 'ਤੇ ਸੈਨ ਫਰਾਂਸਿਸਕੋ ਦੇ ਦੁਆਲੇ ਰਹਿਣ ਵਾਲੇ 'ਦੁਰੰਗੀ" (ਰੈੱਡ ਇੰਡੀਅਨ), "ਮ੍ਰਿਦੰਗੀ" (ਕੋਮਲ ਅੰਗਾਂ ਵਾਲੇ ਯੂਰਪੀ), "ਗੌਰਿ" (ਅਫਗਾਨੀ), "ਮੱਖਰੀ" (ਮੱਖੜ), "ਮਰਦੇ ਜਾਦਾਰੀ" (ਸਿੰਧ ਸਾਗਰ ਦੀਆਂ ਕੌਮਾਂ) ਆਦਿ ਦਾ ਜ਼ਿਕਰ ਕੀਤਾ ਹੈ। ਭਾਵ ਇਹ ਹੈ ਕਿ ਵਿਲੱਖਣ ਕੌਮਾਂ ਦੇ ਵਿਸ਼ੇਸ਼ ਗੀਤ ਅਤੇ ਪ੍ਰੇਰਣਾਵਾਂ ਆਪਣੀ ਸਪੇਸ ਵਿਚ ਪ੍ਰਮਾਣਿਕ ਹਨ। ਇਨ੍ਹਾਂ ਕੌਮਾਂ ਦੇ ਵਾਹਿਗੁਰੂ ਦੀ ਪ੍ਰਸੰਸਾ ਵਿਚ ਸਾਜੇ ਗੀਤ ਪਛਾਣਨਯੋਗ ਹਨ। ਅਜੋਕੇ ਪ੍ਰਸੰਗ ਵਿਚ ਇਥੇ ਮਹੱਤਵਪੂਰਨ ਸਿਧਾਂਤਕ ਨੁਕਤਾ ਇਹ ਹੈ ਕਿ "ਵਾਹਿਗੁਰੂ" ਇਕ ਅਜਿਹਾ ਚਿੰਨ੍ਹ ਸਾਜਿਆ ਗਿਆ ਹੈ ਜਿਸ ਦੇ ਅਨੇਕਾਂ ਪਾਸਾਰ ਜਾਂ ਪਰਤਾਂ ਹਨ, ਅਨੇਕਾਂ ਸਪੇਸਾਂ ਹਨ ਜਿਸ ਨੂੰ ਵਿਲੱਖਣ ਕੌਮਾਂ ਅਤੇ ਸਭਿਆਚਾਰ ਆਪਣੇ ਅਨੁਭਵ ਅਨੁਸਾਰ ਭਰ ਸਕਦੀਆਂ ਹਨ।

ਅੱਜ ਦੇ ਵਿਸ਼ਵ ਵਿਚ ਪਹਿਲਾਂ ਮੌਜੂਦ ਸਭ ਚਿੰਨ੍ਹ ਇਕਪਰਤੀ ਹੋ ਚੁੱਕੇ ਹਨ। ਕੇਵਲ ਧਾਰਮਿਕ ਅਤੇ ਦਾਰਸ਼ਨਿਕ ਚਿੰਨ੍ਹ ਹੀ ਨਹੀਂ, ਸਗੋਂ ਆਰਥਿਕ ਅਤੇ ਸਮਾਜਕ ਚਿੰਨ੍ਹ ਵੀ, ਕੋਈ ਅਜਿਹੇ ਚਿੰਨ੍ਹ ਨਹੀਂ ਰਹੇ ਜਿਨ੍ਹਾਂ ਨਾਲ ਵਿਸ਼ਵ ਦੇ ਸਭ ਭਾਈਚਾਰੇ, ਸਭ ਸਭਿਆਚਾਰ, ਆਪਣੇ ਅਨੁਭਵ ਅਨੁਸਾਰ ਜੁੜ ਸਕਣ ਅਤੇ ਜੀਵਨ ਸੰਚਾਲਨ ਕਰ ਸਕਣ। ਪੂੰਜੀਵਾਦ, ਸਮਾਜਵਾਦ, ਵੱਖ-ਵੱਖ ਕਿਸਮ ਦੇ ਰੱਬ, ਦਾਤੀ, ਹਥੌੜਾ, ਚੰਨ ਆਦਿ ਸਭ ਚਿੰਨ੍ਹ ਇਕਾਂਗੀ ਹੋ ਕੇ ਪਥਰਾ ਗਏ ਹਨ। ਇਸ ਲਈ ਇਨ੍ਹਾਂ ਨੂੰ ਇਤਿਹਾਸ ਅਤੇ ਉਤਰਾਧੁਨਿਕਤਾ ਦੀ ਛੈਣੀ ਤਰਾਸ਼ ਰਹੀ ਹੈ। ਸਾਪੇਖ ਦੀ ਦ੍ਰਿਸ਼ਟੀ ਤੋਂ ਉਨ੍ਹਾਂ ਦੀਆਂ ਸੀਮਾਵਾਂ ਸਾਹਮਣੇ ਲਿਆਂਦੀਆਂ ਜਾ ਰਹੀਆਂ ਹਨ। ਹਰ ਤਰਾਸ਼ੇ ਜਾ ਰਹੇ ਚਿੰਨ੍ਹ ਨੂੰ ਨਵਾਂ ਜੀਵਨ, ਨਵੀਂ ਸ਼ਕਤੀ, ਨਵੀਂ ਦਿੱਖ ਦੇਣ ਲਈ ਨਵੀਆਂ ਵਸਤੂਆਂ ਤਿਆਰ ਕੀਤੀਆਂ ਜਾ ਰਹੀਆਂ ਹਨ। ਹਰ ਕਿਸਮ ਦੇ ਨਿਰੰਕੁਸ਼ੀ (ਐਬਸੋਲਿਊਟ) ਨਿਰਪੇਖ ਚਿੰਨ੍ਹ ਦੇ ਵਿਰੁਧ ਹੋ ਰਹੀ ਬਗਾਵਤ ਅਤੇ ਸਰਬ ਸਾਂਝੇ, ਬਹੁਪਰਤੀ ਚਿੰਨ੍ਹ ਲਈ ਜੁਸਤਜੂ ਬਹੁਤ ਤੀਬਰ ਹੋ ਗਈ ਹੈ। ਇਸ ਜੁਸਤਜੂ ਵਿਚ 'ਵਾਹਿਗੁਰੂ' ਦਾ ਚਿੰਨ੍ਹ ਲੱਭ ਕੇ ਜਾਂ ਸਾਜ ਕੇ ਪੰਜਾਬ ਦੇ ਸਿੱਖ ਵਿਰਸੇ ਨੇ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ ਹੈ। ਇਸ ਯੋਗਦਾਨ ਨੂੰ ਸੰਪਰਦਾਇਕ ਨੁਕਤੇ ਤੋਂ ਦੇਖਣ ਦੀ ਥਾਂ ਵਿਸ਼ਵੀ ਜਾਂ ਗਲੋਬਲੀ ਨੁਕਤੇ ਤੋਂ ਦੇਖਣਾ ਚਾਹੀਦਾ ਹੈ। ਹੁਣ ਖਤਰਾ ਇਸ ਗੱਲ ਦਾ ਹੈ ਕਿ ਸਿੱਖ ਇਨਕਲਾਬ ਦੇ ਵਿਸ਼ਵੀ ਹੋ ਸਕਣ ਵਾਲੇ ਬਹੁਪਰਤੀ ਵਿਸਮਾਦੀ ਚਿੰਨ੍ਹ ਨੂੰ ਮੁੜ ਕੇ ਇਕ-ਪਰਤੀ ਨਾ ਬਣਾ ਲਿਆ ਜਾਵੇ। ਇਸ ਨੂੰ ਇਕੋ ਪਸਾਰ, ਇਕੋ ਅਰਥ ਦੇ ਕੇ ਨਿਰੰਕੁਸ਼ ਨਾ ਕਰ ਲਿਆ ਜਾਵੇ। ਇਹ ਇਕ ਰਾਜਨੀਤਕ ਖਤਰਾ ਹੈ। ਆਪਣੀ ਸੱਤਾ ਕਾਇਮ ਰੱਖਣ ਲਈ ਅਤੇ ਤਾਕਤ ਹਥਿਆਉਣ ਲਈ ਬਹੁਪਰਤੀ ਚਿੰਨ੍ਹ ਨੂੰ ਇਕ ਪਰਤੀ ਬਣਾਉਣ ਲਈ, ਕੋਈ ਇਕ ਵਰਗ ਜਾਂ ਗਰੋਹ ਉਤਸੁਕ ਹੋ ਸਕਦਾ ਹੈ। ਅਜਿਹੀ ਸਥਿਤੀ ਵਿਚ ਬਹੁਪਰਤੀ ਅਤੇ ਸੰਭਾਵਨਾਵਾਂ ਭਰਪੂਰ, ਬਹੁਕੌਮੀ ਹੋਣ ਦੀ ਸਮਰਥਾ ਰੱਖਣ ਵਾਲਾ ਚਿੰਨ੍ਹ ਸਭਿਆਚਾਰਕ ਅਤੇ ਰਾਜਨੀਤਕ ਹਿੰਸਾ ਲਈ ਵਰਤਿਆ ਜਾ ਸਕਦਾ ਹੈ। ਇਤਿਹਾਸ ਵਿਚ ਅਨੇਕਾਂ ਅਜਿਹੀਆਂ ਮਿਸਾਲਾਂ ਮਿਲਦੀਆਂ ਹਨ ਕਿ ਇਕ ਸੱਤਾਧਾਰੀ ਵਰਗ ਇਸ ਕਾਰਜ ਵਿਚ ਪੁਜਾਰੀ ਵਰਗ ਦੀ ਸਹਾਇਤਾ ਵੀ ਲੈਂਦਾ ਹੈ। ਧਾਰਮਿਕ ਸੰਸਥਾਵਾਂ ਨੂੰ ਵੀ ਵਰਤ ਲੈਂਦਾ ਹੈ।

ਪੰਜਾਬ ਵਿਚ ਡੇਰਿਆਂ ਦਾ ਉਭਾਰ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ। ਇਥੋਂ ਇਹ ਜਾਹਿਰ ਹੁੰਦਾ ਹੈ ਕਿ ਪੰਜਾਬ ਦੇ ਸਮਾਜ ਅਤੇ ਰਾਜਨੀਤੀ ਵਿਚ ਸਭ ਅੱਛਾ ਨਹੀਂ। ਸਿੱਖ ਇਨਕਲਾਬ ਨੇ ਜਿਸ ਬਰਾਬਰੀ, ਨਿਆਂ, ਸ਼ਾਇਰੀ ਅਤੇ ਵਿਸਮਾਦ ਦਾ ਜੋ ਵਾਅਦਾ ਕੀਤਾ ਸੀ, ਉਹ ਸਭ ਕੁਝ ਆਮ ਜੀਵਨ ਵਿਚ ਨਹੀਂ ਲਿਆਂਦਾ ਜਾ ਸਕਿਆ। ਡੇਰੇ ਵੀ ਬਦਲ ਲਈ ਇਕ ਅਭਿਆਸ ਹਨ, ਭਾਵੇਂ ਉਹ ਅਭਿਆਸ ਅਧੂਰਾ ਹੈ ਅਤੇ ਪੂਰੀ ਰਾਜਨੀਤਕ ਚੇਤਨਤਾ ਦਾ ਪ੍ਰਗਟਾਓ ਨਹੀਂ ਕਰਦਾ।

ਇੱਕਵੀਂ ਸਦੀ ਦੀ ਮਹੱਤਵਪੂਰਨ ਘਟਨਾ ਜੋ ਵੀਹਵੀਂ ਸਦੀ ਦੇ ਅਖੀਰਲੇ ਹਿੱਸੇ ਵਿਚ ਹੀ ਅਰੰਭ ਹੋਈ, ਇਹ ਹੈ ਕਿ ਹਰ ਸਭਿਆਚਾਰ ਜਾਂ ਦੇਸ਼ ਇਹ ਕੋਸ਼ਿਸ਼ ਕਰ ਰਿਹਾ ਹੈ ਕਿ ਉਸਦੇ ਪ੍ਰਮੁੱਖ ਚਿੰਨ੍ਹ ਜਾਂ ਚਿੰਨ੍ਹ ਨੂੰ ਅਜਿਹਾ ਰੂਪ ਦਿੱਤਾ ਜਾਵੇ ਜਿਸ ਨਾਲ ਦੂਜੇ ਸਭਿਆਚਾਰ ਜਾਂ ਕੌਮਾਂ ਵੀ ਆਪਣੀ ਪਛਾਣ ਲੰਘ ਕੇ ਸਾਂਝ ਪਾ ਸਕਣ। ਇਸ ਯਤਨ ਦੀਆਂ ਵੱਡੀਆਂ ਮਿਸਾਲਾਂ ਅਮਰੀਕਾ ਅਤੇ ਕੈਨੇਡਾ ਦੇ ਬਹੁ-ਸਭਿਆਚਾਰਕ ਫੈਡਰਲਿਜ਼ਮ ਜਾਂ ਸੰਘਵਾਦ ਹਨ। ਇਨ੍ਹਾਂ ਨੂੰ ਲਚਕੀਲਾ ਬਣਾ ਕੇ ਕਨਫੈਡਰੇਸ਼ਨੀ ਬਣਾਇਆ ਜਾ ਰਿਹਾ ਹੈ ਜਿਸ ਨਾਲ ਹੋਰਾਂ ਸਭਿਆਚਾਰਾਂ ਦੀਆਂ ਪਛਾਣਾਂ ਸਹਿਜੇ ਹੀ ਆਪਣੇ ਆਪ ਨੂੰ ਜੋੜ ਸਕਣ। ਸਵਿਟਜ਼ਰਲੈਂਡ ਦੀ ਕਨਫੈਡਰੇਸ਼ਨ ਵੀ ਇਕ ਸੰਭਾਵਨਾਵਾਂ ਭਰਪੂਰ ਚਿੰਨ੍ਹ ਸੀ, ਪਰ ਉਸ ਦੀ ਯੂਰਪੀ ਇਕਾਂਗਿਤਾ ਤੋੜੀ ਨਹੀਂ ਜਾ ਸਕੀ। ਅਮਰੀਕਾ ਅਤੇ ਕੈਨੇਡਾ ਦੇ ਬਹੁ-ਸਭਿਆਚਾਰਕ ਸੰਘ, ਗੁਲਦਸਤਿਆਂ ਵਾਂਗ ਨਵਰੂਪਿਤ ਕੀਤੇ ਜਾ ਰਹੇ ਹਨ ਜਿਨ੍ਹਾਂ ਨਾਲ ਵਿਲੱਖਣ ਸਭਿਆਚਾਰਾਂ ਦੇ ਨੌਜਵਾਨ ਪੋਚ ਆਪਣੇ ਆਪ ਨੂੰ ਜੋੜ ਰਹੇ ਹਨ। ਇਨ੍ਹਾਂ ਗੁਲਦਸਤਾ ਬਣੇ ਬਹੁ ਸਭਿਆਚਾਰਕ ਸੰਘਾਂ ਵਿਚ ਅਨੇਕਾਂ ਸੁਗੰਧਾਂ ਪਹਿਲਾਂ ਵੀ ਸ਼ਾਮਿਲ ਹਨ, ਕੁਝ ਹੋਰ ਵੀ ਸ਼ਾਮਿਲ ਹੋਣ ਦੀ ਸੰਭਾਵਨਾ ਬਣਾ ਦਿੱਤੀ ਗਈ ਹੈ। ਅਜਿਹਾ ਯਤਨ, ਇਨ੍ਹਾਂ ਦੇਸ਼ਾਂ ਦੀ ਆਰਥਿਕ ਅਤੇ ਰਾਜਨੀਤਕ ਲੋੜ ਵੀ ਹੈ, ਪਰ ਇਹ ਇਤਿਹਾਸ ਦੇ ਵੱਡੇ ਮੋੜ ਦਾ ਲਖਾਇਕ ਵੀ ਹੈ।

ਅੱਜ ਦੇ ਕਿਸੇ ਸਭਿਆਚਾਰ/ਕੌਮ ਨੇ ਵਿਗਸਣਾ ਹੈ ਤਾਂ ਉਸ ਲਈ ਰਾਹ ਆਪਣੀ ਪਛਾਣ ਨੂੰ ਖੁੱਲ੍ਹਾ ਰੱਖਣਾ ਹੈ, ਉਸ ਵਿਚ ਹੋਰਾਂ ਪਛਾਣਾਂ ਲਈ ਗੁੰਜਾਇਸ਼ ਬਣਾਉਣੀ ਪਏਗੀ ਤਾਂ ਕਿ ਚਿੰਤਨ, ਆਰਥਿਕਤਾ ਅਤੇ ਵਰਤਾਉ ਦੀਆਂ ਨਵੀਆਂ ਸੰਭਾਵਨਾਵਾਂ ਨੂੰ ਜੀ ਆਇਆਂ ਆਖਿਆ ਜਾ ਸਕੇ। ਅਜਿਹੇ ਕੌਮੀ ਸਭਿਆਚਾਰਕ ਚਿੰਨ੍ਹ ਸਾਜਣੇ ਪੈਣਗੇ ਜੋ ਗੁਲਦਸਤਿਆਂ ਵਰਗੇ ਹੋਣ। ਇਕ ਗੁਲਦਸਤੇ ਦੀ ਪਛਾਣ ਉਸ ਵਿਚ ਵਿਲੱਖਣ ਪਛਾਣਾਂ ਜਾਂ ਫੁੱਲਾਂ ਦੀ ਸੰਵਾਦੀ ਹਾਜ਼ਰੀ ਹੈ।ਵਿਸ਼ਵ ਭਾਈਚਾਰੇ ਦਾ ਸੰਵਾਦੀ ਅੰਗ ਬਣਨ ਲਈ ਇਹ ਜ਼ਰੂਰੀ ਹੈ ਕਿ ਅਸੀਂ ਪਹਿਲਾਂ ਆਪਣੀ ਮੌਲਿਕਤਾ ਨੂੰ ਸਮਝੀਏ, ਉਸਦੀ ਪ੍ਰਾਸੰਗਕਿਤਾ ਉਸਾਰ ਕੇ ਆਪਣਾ ਤੋਹਫਾ ਵੱਡੇ ਭਾਈਚਾਰੇ ਕੋਲ ਲੈ ਕੇ ਜਾਈਏ। ਆਪਣੀਆਂ ਪਛਾਣਾਂ ਲੰਘ ਕੇ ਦੂਜੀਆਂ ਪਛਾਣਾਂ ਕੋਲ ਪਹੁੰਚਣ ਅਤੇ ਉਨ੍ਹਾਂ ਨੂੰ ਅਮੀਰ ਕਰਨ ਵਾਲੀ ਜੋ ਸਥਿਤੀ ਇਤਿਹਾਸ ਵਿਚ ਹੁਣ ਬਣ ਰਹੀ ਹੈ, ਸਾਨੂੰ ਉਸ 'ਚ ਆਪਣੀ ਪੂਰੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

# ਅਰੁਣਾਚਲ ਵਿਚ ਅਫੀਮ ਦੀ ਵਧਦੀ ਖੇਤੀ ਦੇ ਖਤਰੇ ਅਤੇ ਸਿੱਟੇ

**ਗੁਰਮੀਤ ਕੰਵਲ**

ਅਰੁਣਾਚਲ ਦੇ ਲੋਹਿਤ ਅਤੇ ਅੰਜਾਵ ਜ਼ਿਲ੍ਹਿਆਂ 'ਚ ਲੋਕ ਆਪਣੇ ਧਾਰਮਿਕ ਰੀਤੀ-ਰਿਵਾਜ਼ਾਂ, ਖ਼ੁਦ ਦੇ ਇਸਤੇਮਾਲ ਅਤੇ ਦਵਾਈ 'ਚ ਵਰਤੋਂ ਲਈ ਥੋੜ੍ਹੀ-ਬਹੁਤ ਮਾਤਰਾ 'ਚ ਅਫੀਮ ਦੀ ਖੇਤੀ ਸਦੀਆਂ ਤੋਂ ਕਰਦੇ ਆ ਰਹੇ ਹਨ ਪਰ ਹੁਣ ਇਹ ਜ਼ਿਲ੍ਹੇ ਉੱਤਰ-ਪੂਰਬ ਵਿਚ ਅਫੀਮ ਦੀ ਵੱਡੇ ਪੱਧਰ 'ਤੇ ਖੇਤੀ ਦੇ ਕੇਂਦਰ ਬਣ ਗਏ ਹਨ। ਇਥੇ ਪੈਦਾ ਕੀਤੀ ਜਾਣ ਵਾਲੀ ਅਫੀਮ ਹੁਣ ਇਨ੍ਹਾਂ ਦੋਹਾਂ ਹੀ ਜ਼ਿਲਿਆਂ ਦੇ 500 ਤੋਂ ਜ਼ਿਆਦਾ ਪਿੰਡਾਂ 'ਚ ਲੋਕਾਂ ਵਲੋਂ ਨਸ਼ੇ ਲਈ ਇਸਤੇਮਾਲ ਕੀਤੀ ਜਾਣ ਲੱਗੀ ਹੈ।

ਇਨ੍ਹਾਂ ਦੋਹਾਂ ਹੀ ਜ਼ਿਲ੍ਹਿਆਂ ਵਿਚ ਅਫੀਮ ਦੀ ਖੇਤੀ ਤੇ ਅਫੀਮ ਦੀ ਵਰਤੋਂ 'ਚ ਵਾਧਾ ਚਿੰਤਾਜਨਕ ਇਸ ਲਈ ਵੀ ਹੈ ਕਿਉਂਕਿ ਇਹ ਦੋਵੇਂ ਹੀ ਜ਼ਿਲ੍ਹੇ ਚੀਨ ਤੇ ਮਿਆਂਮਾਰ ਦੀ ਹੱਦ ਨਾਲ ਲੱਗਦੇ ਹਨ। ਲੋਹਿਤ ਤੇ ਅੰਜਾਵ ਜ਼ਿਲ੍ਹਿਆਂ ਵਿਚ ਆਮ ਤੌਰ 'ਤੇ ਕਿਸਾਨ ਝੋਨਾ, ਮੱਕੀ, ਕਣਕ, ਆਲੂ, ਅਦਰਕ, ਦਾਲਾਂ ਅਤੇ ਸਬਜ਼ੀਆਂ ਦੀ ਖੇਤੀ ਰਵਾਇਤੀ ਤੌਰ 'ਤੇ ਆਪਣੇ ਗੁਜ਼ਾਰੇ ਲਈ ਕਰਦੇ ਆ ਰਹੇ ਹਨ ਪਰ ਉਨ੍ਹਾਂ ਨੂੰ ਇਨ੍ਹਾਂ ਫਸਲਾਂ ਦੀ ਪੈਦਾਵਾਰ ਤੋਂ ਕੋਈ ਜ਼ਿਆਦਾ ਲਾਭ ਨਹੀਂ ਹੁੰਦਾ। ਉਂਜ ਸਰਕਾਰ ਇੱਥੇ ਕਿਸਾਨਾਂ ਨੂੰ ਨਾਰੰਗੀ, ਸੰਤਰੇ ਤੇ ਇਲਾਇਚੀ ਦੀ ਪੈਦਾਵਾਰ ਲਈ ਮਾਲੀ ਸਹਾਇਤਾ ਦਿੰਦੀ ਹੈ ਤਾਂ ਕਿ ਕਿਸਾਨਾਂ ਨੂੰ ਵਾਧੂ ਆਮਦਨ ਹੋ ਸਕੇ ਪਰ ਕੁਝ ਬਾਹਰਲੇ ਗਰੁੱਪਾਂ ਵਲੋਂ ਇੱਥੋਂ ਦੇ ਲੋਕਾਂ ਨੂੰ ਅਫੀਮ ਦੀ ਖੇਤੀ ਕਰਕੇ ਜ਼ਿਆਦਾ ਲਾਭ ਕਮਾਉਣ ਦਾ ਲਾਲਚ ਦਿੱਤਾ ਜਾਂਦਾ ਹੈ। ਕੁਝ ਵਪਾਰੀਆਂ ਵਲੋਂ ਉਨ੍ਹਾਂ ਦੀ ਉਗਾਈ ਅਫੀਮ ਖ਼ਰੀਦੀ ਜਾਂਦੀ ਹੈ। ਅਫੀਮ ਦੀ ਖੇਤੀ ਤੋਂ ਹੋਣ ਵਾਲੀ ਭਾਰੀ ਆਮਦਨ ਦੇ ਲਾਲਚ 'ਚ ਕਈ ਕਿਸਾਨ ਇਸ ਨਾਜਾਇਜ਼ ਖੇਤੀ ਵੱਲ ਆਕਰਸ਼ਿਤ ਹੋਣ ਲੱਗੇ ਹਨ।

ਆਸਾਮ ਦੀ ਸਰਹੱਦ 'ਤੇ ਸਥਿਤ ਦਿਰਾਕ ਤੋਂ ਚੀਨ ਦੀ ਸਰਹੱਦ 'ਤੇ ਸਥਿਤ ਕਹਾਵੋ ਤਕ ਜਾਣ ਵਾਲੀ 300 ਕਿਲੋਮੀਟਰ ਸੜਕ 'ਤੇ ਜੇ ਤੁਸੀਂ ਜਾਓ ਤਾਂ ਤੁਹਾਨੂੰ ਇਸ ਖੇਤਰ ਵਿਚ ਆ ਰਹੀ ਖੁਸ਼ਹਾਲੀ ਦੇ ਸੰਕੇਤ ਮਿਲ ਸਕਦੇ ਹਨ। ਉਂਜ ਇਸ ਖੇਤਰ 'ਚ ਇਜਾਜ਼ਤ ਲਏ ਬਿਨਾ ਜਾਣਾ ਸੰਭਵ ਨਹੀਂ ਹੈ। ਇਸ ਸਰਹੱਦੀ ਖੇਤਰ 'ਚ 10 ਹਜ਼ਾਰ ਹੈਕਟੇਅਰ ਜ਼ਮੀਨ 'ਤੇ ਅਫੀਮ ਦੀ ਖੇਤੀ ਹੁੰਦੀ ਹੈ ਤੇ ਲਗਭਗ 100 ਟਨ ਅਫੀਮ ਦਾ ਸਾਲਾਨਾ ਉਤਪਾਦਨ ਹੁੰਦਾ ਹੈ, ਭਾਵ ਇਕ ਹੈਕਟੇਅਰ ਤੋਂ 10 ਕਿਲੋ ਅਫੀਮ ਪ੍ਰਾਪਤ ਹੁੰਦੀ ਹੈ।

ਸੂਤਰਾਂ ਮੁਤਾਬਿਕ ਲੋਹਿਤ ਅਤੇ ਅੰਜਾਵ ਜ਼ਿਲ੍ਹਿਆਂ 'ਚ 21 ਹਜ਼ਾਰ ਲੋਕ ਅਫੀਮ ਦੇ ਆਦੀ ਹਨ। ਇੱਥੇ ਪੈਦਾ ਹੋਣ ਵਾਲੀ ਅਫੀਮ ਇਨ੍ਹਾਂ ਦੀਆਂ ਲੋੜਾਂ ਅਤੇ ਹੋਰ ਧਾਰਮਿਕ ਰੀਤੀ-ਰਿਵਾਜ਼ਾਂ 'ਚ ਇਸਤੇਮਾਲ ਹੋਣ ਵਾਲੀ ਅਫੀਮ ਦੀ ਮਾਤਰਾ ਨਾਲੋਂ ਕਈ ਗੁਣਾ ਜ਼ਿਆਦਾ ਹੈ।

ਇੱਥੇ ਅਫੀਮ ਦੀ ਖੇਤੀ ਕਿਸ ਤਰ੍ਹਾਂ ਸ਼ਰੇਆਮ ਕੀਤੀ ਜਾਂਦੀ ਹੈ, ਇਹ ਤੁਸੀਂ ਜ਼ਿਲਾ ਹੈਡਕੁਆਰਟਰ ਤੇਜੂ ਤੋਂ ਹਤੇਜੂ ਨਦੀ ਦੇ ਕਿਨਾਰੇ ਖੇਤਾਂ 'ਚ ਦੇਖ ਸਕਦੇ ਹੋ। ਇੱਥੋਂ ਦੇ ਕੁਝ ਭਾਈਚਾਰੇ ਹੇਠਲੇ ਪਹਾੜੀ ਖੇਤਰਾਂ ਵਿਚ ਵੀ ਅਫੀਮ ਦੀ ਖੇਤੀ ਕਰਦੇ ਹਨ ਤਾਂ ਕੁਝ ਉੱਚੇ ਇਲਾਕਿਆਂ 'ਚ।



ਅਫੀਮ ਦੀ ਖੇਤੀ ਦਾ ਇਕ ਹੋਰ ਚਿੰਤਾਜਨਕ ਪਹਿਲੂ ਇਹ ਹੈ ਕਿ ਇੱਥੇ ਕਿਸਾਨਾਂ ਵਲੋਂ ਨਾਜਾਇਜ਼ ਢੰਗ ਨਾਲ ਜੰਗਲਾਂ ਨੂੰ ਕੱਟ ਕੇ ਖੇਤ ਬਣਾਏ ਜਾ ਰਹੇ ਹਨ ਤੇ ਇਹ ਰੁਝਾਨ ਵਧਦਾ ਹੀ ਜਾ ਰਿਹਾ ਹੈ। ਤੁਸੀਂ ਇਸਨੂੰ ਦੁਲਾਈ ਨਦੀ ਦੇ ਕਿਨਾਰੇ ਹੋ ਕੇ ਲੰਘਣ ਵਾਲੀ ਸੜਕ ਕੰਢੇ ਆਸਾਨੀ ਨਾਲ ਦੇਖ ਸਕਦੇ ਹੋ।

ਉਥੇ ਅਫੀਮ ਦੇ ਵੱਡੇ-ਵੱਡੇ ਖੇਤ ਹਨ, ਜੋ ਜੰਗਲਾਂ ਦੀ ਨਾਜਾਇਜ਼ ਕਟਾਈ ਕਰਕੇ ਬਣਾਏ ਗਏ ਹਨ। ਇਹ ਕੰਮ ਅਧਿਕਾਰੀਆਂ ਦੀਆਂ ਅੱਖਾਂ ਸਾਹਮਣੇ ਅਜੇ ਵੀ ਜਾਰੀ ਹੈ ਪਰ ਪਤਾ ਨਹੀਂ ਉਹ ਇਸ 'ਤੇ ਕੋਈ ਕਾਰਵਾਈ ਕਿਉਂ ਨਹੀਂ ਕਰਦੇ? ਸੁਪਰੀਮ ਕੋਰਟ ਨੇ ਜੰਗਲਾਂ ਦੀ ਇਸ ਤਰ੍ਹਾਂ ਅੰਨ੍ਹੇਵਾਹ ਕਟਾਈ 'ਤੇ ਰੋਕ ਲਗਾਉਣ ਲਈ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਹਨ ਪਰ ਇਸਦੇ ਬਾਵਜੂਦ ਇਹ ਸਿਲਸਿਲਾ ਜਾਰੀ ਹੈ।

ਅਰੁਣਾਚਲ 'ਚ ਅਫੀਮ ਦੀ ਖੇਤੀ 'ਚ ਵਾਧੇ ਦਾ ਇਕ ਵੱਡਾ ਕਾਰਨ ਗੁਆਂਢੀ ਦੇਸ਼ ਮਿਆਂਮਾਰ 'ਚ ਇਸ ਦੀ ਮੰਗ ਦਾ ਵਧਣਾ ਹੈ। ਅਸਲ ਵਿਚ ਪਹਿਲਾਂ ਮਿਆਂਮਾਰ ਹੀ ਦੁਨੀਆਂ 'ਚ ਨਾਜਾਇਜ਼ ਤੌਰ 'ਤੇ ਅਫੀਮ ਦੀ ਖੇਤੀ ਲਈ ਜਾਣਿਆ ਜਾਂਦਾ ਸੀ। ਮਿਆਂਮਾਰ (ਬਰਮਾ) ਅਤੇ ਲਾਓਸ ਪਹਿਲਾਂ ਦੁਨੀਆਂ 'ਚ ਸਭ ਤੋਂ ਜ਼ਿਆਦਾ ਅਫੀਮ ਬਰਾਮਦ ਕਰਨ ਵਾਲੇ ਦੇਸ਼ ਮੰਨੇ ਜਾਂਦੇ ਸਨ। ਇਨ੍ਹਾਂ ਹੀ ਦੋਹਾਂ ਦੇਸ਼ਾਂ ਤੋਂ ਉਦੋਂ ਅਫੀਮ ਦੀ ਸਮਗਲਿੰਗ ਵੀ ਹੁੰਦੀ ਸੀ। ਉਂਜ ਮਿਆਂਮਾਰ 'ਚ ਅਜੇ ਵੀ 32,800 ਹੈਕਟੇਅਰ ਜ਼ਮੀਨ 'ਤੇ ਅਫੀਮ ਦੀ ਖੇਤੀ ਹੁੰਦੀ ਹੈ। ਸੰਯੁਕਤ ਰਾਸ਼ਟਰ ਦੇ ਡਰੱਗਜ਼ ਐਂਡ ਕ੍ਰਾਈਮ ਕੰਟਰੋਲ ਦਫਤਰ ਅਨੁਸਾਰ ਮਿਆਂਮਾਰ 'ਚ ਹਰ ਸਾਲ 312 ਮੀਟ੍ਰਿਕ ਟਨ ਅਫੀਮ ਪੈਦਾ ਹੁੰਦੀ ਹੈ। ਹੁਣੇ-ਹੁਣੇ ਮਿਆਂਮਾਰ 'ਚ ਅਫੀਮ ਦੀ ਪੈਦਾਵਾਰ ਵਧ ਜਾਣ ਕਰਕੇ ਉਥੇ ਭਾਰਤੀ ਅਫੀਮ ਦੀ ਮੰਗ 'ਚ ਕੁਝ ਕਮੀ ਆਈ ਹੈ। ਅਜਿਹੀ ਸਥਿਤੀ 'ਚ ਅਰੁਣਾਚਲ ਤੋਂ ਅਫੀਮ ਖ਼ਰੀਦਣ ਵਾਲੇ ਵਪਾਰੀਆਂ ਨੇ ਉੱਤਰ-ਪੂਰਬ ਦੇ ਹੋਰਨਾਂ ਸੂਬਿਆਂ 'ਚ ਆਪਣੀ ਵਿਕਰੀ ਦਾ ਜਾਲ ਫੈਲਾਉਣਾ ਸ਼ੁਰੂ ਕਰ ਦਿੱਤਾ ਹੈ।

ਅਰੁਣਾਚਲ ਸਰਕਾਰ ਇਹ ਗੱਲ ਚੰਗੀ ਤਰ੍ਹਾਂ ਜਾਣਦੀ ਹੈ ਕਿ ਅਫੀਮ ਦੀ ਇਸ ਤਰ੍ਹਾਂ ਖੇਤੀ ਕਰਨਾ ਨਾਜਾਇਜ਼ ਹੈ। ਉਹ ਅਫੀਮ ਦੀ ਖੇਤੀ ਲਈ ਜੰਗਲਾਂ ਦੀ ਨਾਜਾਇਜ਼ ਢੰਗ ਨਾਲ ਹੋ ਰਹੀ ਕਟਾਈ ਬਾਰੇ ਵੀ ਜਾਣਦੀ ਹੈ ਪਰ ਪਤਾ ਨਹੀਂ ਇਸ ਪਾਸਿਓਂ ਉਸ ਨੇ ਅੱਖਾਂ ਕਿਉਂ ਮੀਟੀਆਂ ਹੋਈਆਂ ਹਨ। ਕੁਝ ਐਨ.ਜੀ.ਓਜ਼ ਦਾ ਕਹਿਣਾ ਹੈ ਕਿ ਸਰਕਾਰ ਨੇ ਇਸ ਪਾਸਿਓਂ ਇਸ ਲਈ ਅੱਖਾਂ ਮੀਟੀਆਂ ਹੋਈਆਂ ਹਨ ਕਿਉਂਕਿ ਅਫੀਮ ਦੀ ਖੇਤੀ ਤੇ ਵਿਕਰੀ ਨਾਲ ਲੋਕਾਂ 'ਚ ਖੁਸ਼ਹਾਲੀ ਆ ਰਹੀ ਹੈ। ਸਰਕਾਰ ਦੇ ਅਜਿਹੇ ਵਤੀਰੇ ਕਾਰਨ ਉਥੇ ਲੋਕਾਂ 'ਚ ਇੰਨੀ ਨਿਡਰਤਾ ਆ ਗਈ ਹੈ ਕਿ ਅਫੀਮ ਦੀ ਖ਼ਰੀਦ-ਵੇਚ ਕਰਨ ਵਾਲਿਆਂ ਨੇ ਆਪਣੀਆਂ ਫੋਟੋਆਂ ਤਕ ਖਿੱਚੇ ਜਾਣ ਦਾ ਵਿਰੋਧ ਨਹੀਂ ਕੀਤਾ। ਇੱਥੋਂ ਤਕ ਕਿ ਅਫੀਮ ਦੀ ਖੇਤੀ ਕਰਨ ਵਾਲਿਆਂ ਨੇ ਵੀ ਆਪਣੀਆਂ ਫੋਟੋਆਂ ਖਿਚਵਾਉਣ 'ਚ ਕੋਈ ਝਿਜਕ ਨਹੀਂ ਦਿਖਾਈ।

ਇਸ ਤੋਂ ਇਲਾਵਾ ਚਿੰਤਾ ਦੀ ਗੱਲ ਇਹ ਵੀ ਹੈ ਕਿ ਇਸ ਸਰਹੱਦੀ ਸੂਬੇ 'ਚ ਆਦਿਵਾਸੀ ਮਰਦਾਂ 'ਚ ਅਫੀਮ ਤੇ ਡਰੱਗ ਦੀ ਲਤ ਵੀ ਵਧ ਰਹੀ ਹੈ, ਜਿਸ ਨਾਲ ਉਹ ਜ਼ਿਆਦਾਤਰ ਨਸ਼ੇ 'ਚ ਹੀ ਰਹਿੰਦੇ ਹਨ, ਸਿੱਟੇ ਵਜੋਂ ਉਥੇ ਖੇਤੀਬਾੜੀ ਤੇ ਘਰ ਦੀ ਦੇਖਭਾਲ ਦੀ ਜ਼ਿਆਦਾਤਰ ਜ਼ਿੰਮੇਵਾਰੀ ਹੁਣ ਔਰਤਾਂ 'ਤੇ ਹੀ ਆ ਗਈ ਹੈ। ਇਹੋ ਨਹੀਂ, ਪਰਿਵਾਰ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਵੀ ਔਰਤਾਂ ਨੂੰ ਵੱਖ-ਵੱਖ ਕੰਮ ਕਰਨੇ ਪੈਂਦੇ ਹਨ।

ਅਰੁਣਾਚਲ 'ਚ ਅਫੀਮ ਦੀ ਪੈਦਾਵਾਰ ਵਧਣ ਪਿੱਛੇ ਮੁੱਖ ਕਾਰਨ ਗਰੀਬੀ ਤੇ ਬੇਰੁਜ਼ਗਾਰੀ ਹੀ ਹੈ। ਹੋਰਨਾਂ ਦੇਸ਼ਾਂ ਵਿਚ ਜਿੱਥੇ ਵੀ ਅਫੀਮ ਦੀ ਖੇਤੀ ਹੁੰਦੀ ਹੈ, ਉਥੋਂ ਦੇ ਕਿਸਾਨਾਂ ਨੇ ਗਰੀਬੀ ਕਾਰਨ ਹੀ ਇਸ ਦੀ ਖੇਤੀ ਸ਼ੁਰੂ ਕੀਤੀ। ਇਸ ਤੋਂ ਹੋਣ ਵਾਲੀ ਕਮਾਈ ਨੇ ਉਨ੍ਹਾਂ ਦਾ ਲਾਲਚ ਵਧਾ ਦਿੱਤਾ। ਬਾਅਦ ਵਿਚ ਇਹ ਕਿਸਾਨ ਅਪਰਾਧੀ ਅਨਸਰਾਂ ਤੇ ਨਸ਼ਿਆਂ ਦੇ ਵਪਾਰੀਆਂ ਦੇ ਚੁੰਗਲ ਵਿਚ ਫਸ ਜਾਂਦੇ ਹਨ। ਜੇ ਅਰੁਣਾਚਲ ਦੇ ਸਰਹੱਦੀ ਜ਼ਿਲ੍ਹਿਆਂ ਨੂੰ ਅਫੀਮ ਦੀ ਖੇਤੀ ਤੋਂ ਬਚਾਉਣਾ ਹੈ ਤਾਂ ਫਿਰ ਉਥੇ ਰੋਜ਼ਗਾਰ ਦੇ ਚੰਗੀ ਆਮਦਨ ਵਾਲੇ ਸਾਧਨ ਮੁਹੱਈਆ ਕਰਵਾਉਣ ਦੀ ਸਖ਼ਤ ਲੋੜ ਹੈ। ਬੇਸ਼ੱਕ ਅਫੀਮ ਦਾ ਉਤਪਾਦਨ, ਉਸਦੀ ਵਿਕਰੀ, ਬਰਾਮਦ-ਦਰਾਮਦ ਨਾਜਾਇਜ਼ ਹੈ ਅਤੇ ਇਹ ਦੇਸ਼ ਵਿਚ ਜਿੱਥੇ ਵੀ ਹੁੰਦੀ ਹੈ, ਉਥੇ ਬਹੁਤ ਸੀਮਤ ਮਾਤਰਾ ਵਿਚ ਸਖ਼ਤ ਕੰਟਰੋਲ ਹੇਠ ਹੁੰਦੀ ਹੈ ਪਰ ਇਸਦੇ ਬਾਵਜੂਦ ਇਹ ਸਾਰਾ ਕਾਰੋਬਾਰ ਕਾਨੂੰਨਾਂ ਨੂੰ ਨਾ ਮੰਨਣ ਵਾਲੇ ਡਰੱਗਜ਼ ਸਿੰਡੀਕੇਟ ਦੀ ਮਿਲੀਭੁਗਤ ਨਾਲ ਹੀ ਹੁੰਦਾ ਹੈ।

ਖ਼ੈਰ, ਇਨ੍ਹਾਂ ਅਪਰਾਧੀ ਗਿਰੋਹਾਂ ਦੀ ਗੱਲ ਤਾਂ ਆਪਣੀ ਥਾਂ ਹੈ ਪਰ ਇਨ੍ਹਾਂ ਦਾ ਸਭ ਤੋਂ ਵਧ ਅਸਰ ਉਨ੍ਹਾਂ ਪਰਿਵਾਰਾਂ 'ਤੇ ਪੈ ਰਿਹਾ ਹੈ, ਜਿਨ੍ਹਾਂ ਦਾ ਚੁੱਲ੍ਹਾ ਦੋ ਵੇਲੇ ਇਸੇ ਅਫੀਮ ਦੀ ਖੇਤੀ ਨਾਲ ਬਲਦਾ ਹੈ। ਇਸ ਲਈ ਹੁਣ ਬਹੁਤ ਜ਼ਰੂਰੀ ਹੋ ਗਿਆ ਹੈ ਕਿ ਇਨ੍ਹਾਂ ਪਰਿਵਾਰਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਰੋਜ਼ੀ-ਰੋਟੀ ਦੇ ਲਾਹੇਵੰਦ ਸਾਧਨ ਮੁਹੱਈਆ ਕਰਵਾਏ ਜਾਣ। ਅਫੀਮ ਦੀ ਖੇਤੀ ਦਾ ਸਭ ਤੋਂ ਚਿੰਤਾਜਨਕ ਪਹਿਲੂ ਇਹ ਹੈ ਕਿ ਉੱਤਰ-ਪੂਰਬ ਦੇ ਸਾਰੇ ਸੂਬਿਆਂ 'ਚ ਬਾਗੀ ਸੰਗਠਨ ਹਨ। ਉਹ ਆਪਣੇ ਲਈ ਇਸਨੂੰ ਆਮਦਨ ਦੇ ਇਕ ਵੱਡੇ ਸਾਧਨ ਵਜੋਂ ਇਸਤੇਮਾਲ ਕਰ ਸਕਦੇ ਹਨ। ਜ਼ਿਕਰਯੋਗ ਹੈ ਕਿ ਦੱਖਣੀ ਏਸ਼ੀਆ 'ਚ ਅਤਿਵਾਦ ਦਾ ਪਸਾਰ ਅਫ਼ਗਾਨਿਸਤਾਨ ਤੇ ਪਾਕਿਸਤਾਨ ਦੇ ਉੱਤਰ-ਪੱਛਮੀ ਸਰਹੱਦੀ ਜ਼ਿਲ੍ਹਿਆਂ ਵਿਚ ਹੋਣ ਵਾਲੀ ਅਫੀਮ ਦੀ ਖੇਤੀ ਤੇ ਉਸਤੋਂ ਬਣਨ ਵਾਲੀ ਡਰੱਗਜ਼ ਤੋਂ ਪ੍ਰਾਪਤ ਹੋਏ ਪੈਸੇ ਕਾਰਨ ਹੀ ਹੋਇਆ ਹੈ। ਅਫਗਾਨਿਸਤਾਨ ਤੇ ਪਾਕਿਸਤਾਨ 'ਚ ਸਰਗਰਮ ਤਾਲਿਬਾਨ ਤੇ ਹੋਰਨਾਂ ਅਤਿਵਾਦੀਆਂ ਦੀ ਆਮਦਨ ਦਾ ਇਹ ਇਕ ਬਹੁਤ ਵੱਡਾ ਜ਼ਰੀਆ ਹੈ। ਇਸਨੂੰ ਦੇਖਦਿਆਂ ਕੇਂਦਰ ਸਰਕਾਰ ਨੂੰ ਅਰੁਣਾਚਲ ਪ੍ਰਦੇਸ਼ ਆਦਿ 'ਚ ਅਫੀਮ ਦੀ ਵਧਦੀ ਖੇਤੀ 'ਤੇ ਰੋਕ ਲਗਾਉਣ ਤੇ ਉਥੋਂ ਦੇ ਲੋਕਾਂ ਨੂੰ ਲਾਹੇਵੰਦ ਰੋਜ਼ਗਾਰ ਦੇ ਸਾਧਨ ਮੁਹੱਈਆ ਕਰਵਾਉਣ ਲਈ ਫ਼ੌਰਨ ਕਦਮ ਚੁੱਕਣੇ ਚਾਹੀਦੇ ਹਨ।

# ਪ੍ਰਮਾਣੂ ਹਰਜਾਨਾ ਬਿਲ ਦੀ ਅਸਫਲਤਾ ਭਾਰਤ ਦੇ ਹਿੱਤ ਵਿਚ ਰਹੇਗੀ

**ਵੇਦਪ੍ਰਤਾਪ ਵੈਦਿਕ**

ਸਰਕਾਰ ਨੇ ਪ੍ਰਮਾਣੂ ਹਰਜਾਨਾ ਬਿਲ ਲੋਕ ਸਭਾ 'ਚ ਪੇਸ਼ ਨਹੀਂ ਕੀਤਾ, ਇਹ ਚੰਗਾ ਕੀਤਾ। ਪੇਸ਼ ਨਾ ਕਰਨ ਦਾ ਕਾਰਨ ਇਹ ਵੀ ਹੋ ਸਕਦਾ ਹੈ ਕਿ 35 ਕਾਂਗਰਸ ਸਾਂਸਦ ਹਾਜ਼ਿਰ ਨਹੀਂ ਸਨ ਅਤੇ ਸਾਰੇ ਵਿਰੋਧੀ ਦਲ ਇਕ ਜੁੱਟ ਸਨ। ਉਹ ਪੇਸ਼ ਹੁੰਦਾ ਤਾਂ ਸ਼ਾਇਦ ਡਿਗ ਜਾਂਦਾ। ਕਾਰਨ ਜੋ ਵੀ ਹੋਵੇ, ਇਸ ਬਿਲ ਦਾ ਰੁਕ ਜਾਣਾ ਭਾਰਤ ਦੇ ਹਿੱਤ ਵਿਚ ਹੈ। ਇਹ ਠੀਕ ਹੈ ਕਿ ਪ੍ਰਧਾਨ ਮੰਤਰੀ ਅਗਲੇ ਮਹੀਨੇ ਜਦੋਂ ਅਮਰੀਕਾ ਫੇਰੀ 'ਤੇ ਹੋਣਗੇ ਤਾਂ ਇਹ ਬਿਲ ਉਨ੍ਹਾਂ ਦੇ ਹੱਥਾਂ ਵਿਚ ਨਹੀਂ ਹੋਵੇਗਾ ਪਰ ਕੀ ਚਿਕੜ 'ਚ ਲਿਬੜੇ ਹੱਥਾਂ ਨਾਲ ਜਾਣ ਨਾਲੋਂ ਇਹ ਕਿਤੇ ਚੰਗਾ ਹੋਵੇਗਾ ਕਿ ਉਹ ਖਾਲੀ ਹੱਥ ਜਾਣ? ਜਾਹਿਰ ਹੈ ਕਿ ਇਸ ਬਿਲ ਨੂੰ ਕਾਨੂੰਨ ਬਣਨ ਵਿਚ ਜਿੰਨੀ ਦੇਰ ਲੱਗੇਗੀ, ਭਾਰਤ-ਅਮਰੀਕੀ ਪ੍ਰਮਾਣੂ ਸਹਿਯੋਗ ਵਿਚ ਉਨੀਂ ਹੀ ਦੇਰ ਹੁੰਦੀ ਚਲੀ ਜਾਵੇਗੀ, ਕਿਉਂਕਿ ਅਮਰੀਕਾ ਸਰਕਾਰ ਦੀ ਬੇਨਤੀ ਹੈ ਕਿ ਭਾਰਤ ਪਹਿਲਾਂ ਪ੍ਰਮਾਣੂ ਦੁਰਘਟਨਾ ਦੀ ਸਥਿਤੀ ਵਿਚ ਹਰਜਾਨੇ ਦੇ ਸਵਾਲ ਨੂੰ ਸੁਲਝਾਏ। ਅਮਰੀਕਾ ਕਿਸੇ ਵੀ ਹਾਲਤ ਵਿਚ ਕੋਈ ਵੀ ਹਰਜਾਨਾ ਨਹੀਂ ਭਰਨਾ ਚਾਹੁੰਦਾ।

ਸੱਚਾਈ ਤਾਂ ਇਹ ਹੈ ਕਿ ਭਾਰਤ ਵਿਚ ਇਸ ਤਰ੍ਹਾਂ ਦਾ ਕੋਈ ਕਾਨੂੰਨ ਪਹਿਲੇ ਤੋਂ ਬਣਿਆ ਹੀ ਨਹੀਂ ਹੈ। ਤਕਰੀਬਨ 50 ਸਾਲ ਪਹਿਲਾਂ ਜਦ ਪ੍ਰਮਾਣੂ ਉਰਜਾ ਸਬੰਧੀ ਕਾਨੂੰਨ ਬਣਿਆ ਤਾਂ ਉਸ ਵਕਤ ਇਹ ਕਲਪਨਾ ਵੀ ਨਹੀਂ ਕੀਤੀ ਹੋਵੇਗੀ ਕਿ ਕਦੇ ਖਤਰਨਾਕ ਪ੍ਰਮਾਣੂ ਦੁਰਘਟਨਾ ਹੋ ਸਕਦੀ ਹੈ। ਇਸ ਤਰ੍ਹਾਂ ਦੀ ਦੁਰਘਟਨਾਵਾਂ ਬਾਰੇ ਦੁਨੀਆਂ ਦੀ ਨੀਂਦ ਉਦੋਂ ਟੁੱਟੀ, ਜਦੋਂ 1979 ਵਿਚ ਅਮਰੀਕਾ ਦੇ ਥ੍ਰੀਮਾਇਲ ਆਇਲੈਂਡ ਵਿਚ ਪ੍ਰਮਾਣੂ ਰਿਸਾਵ ਹੋ ਗਿਆ ਅਤੇ 1986 ਵਿਚ ਰੂਸ ਦੇ ਚੇਰਨੋਬਿਲ ਵਿਚ ਹਜਾਰਾਂ ਲੋਕ ਮਾਰੇ ਗਏ ਅਤੇ ਲੱਖਾਂ ਲੋਕ ਪ੍ਰਮਾਣੂ ਵਿਕਰਣ ਦੇ ਸ਼ਿਕਾਰ ਹੋਏ। ਅਮਰੀਕਾ ਨੂੰ ਇਹ ਡਰ ਹੈ ਕਿ ਭਾਰਤ ਸਥਿਤ ਉਸਦੇ ਪ੍ਰਮਾਣੂ ਸੰਯੰਤਰਾਂ ਵਿਚ ਕਿਤੇ ਕੋਈ ਦੁਰਘਟਨਾ ਹੋ ਗਈ ਤਾਂ ਸਾਰੀ ਬਲਾ ਕਿਤੇ ਉਸਦੇ ਸਿਰ ਨਾ ਆ ਜਾਵੇ। ਥ੍ਰੀਮਾਇਲ ਅਤੇ ਚੇਰਨੋਬਿਲ ਦੇ ਸੰਯੰਤਰ ਤਾਂ ਅਮਰੀਕਾ ਅਤੇ ਰੂਸ ਦੇ ਆਪਣੇ ਸਨ। ਉਨ੍ਹਾਂ ਨੇ ਹਰਜਾਨੇ ਦਾ ਮਾਮਲਾ ਆਪਣੇ ਨਾਗਰਿਕਾਂ ਤੋਂ ਜਿਸ ਤਰ੍ਹਾਂ ਵੀ ਹੋਇਆ ਨਜਿੱਠ ਲਿਆ, ਪਰ ਇਸ ਤਰ੍ਹਾਂ ਦੀ ਦੁਰਘਟਨਾਵਾਂ ਜੇਕਰ ਪਰਦੇਸ ਵਿਚ ਹੋ ਜਾਣ ਤਾਂ ਕੀ ਹੋਵੇਗਾ? ਫਜ਼ੂਲ ਹਰਜਾਨੇ ਦਾ ਭੁਗਤਾਨ ਕਰਦੇ-ਕਰਦੇ ਉਹ ਦਿਵਾਲੀਆ ਵੀ ਹੋ ਸਕਦੇ ਹਨ। ਭਾਰਤ ਸਰਕਾਰ ਨੇ ਹਰਜਾਨੇ ਦਾ ਜੋ ਬਿਲ ਤਿਆਰ ਕੀਤਾ ਹੈ, ਉਸ ਵਿਚ ਅਮਰੀਕਾ ਕੀ, ਹਰੇਕ ਪ੍ਰਮਾਣੂ ਸਪਲਾਇਰ ਰਾਸ਼ਟਰ ਜਾਂ ਸੰਗਠਨ ਨੂੰ ਇਸ ਜਿੰਮੇਵਾਰੀ ਤੋਂ ਲਗਭਗ ਮੁਕਤ ਕਰ ਦਿੱਤਾ ਗਿਆ ਹੈ। ਇਸੇ ਲਈ ਵਿਰੋਧੀ ਦਲ ਕਹਿ ਰਹੇ ਹਨ ਕਿ ਇਹ ਵਿਧਾਇਕ ਰਾਸ਼ਟਰ ਵਿਰੋਧੀ ਹੈ ਅਤੇ ਅਮਰੀਕਾ ਦੇ ਇਸ਼ਾਰੇ 'ਤੇ ਉਸੇ ਦੇ ਫਾਇਦੇ ਲਈ ਬਣਾਇਆ ਗਿਆ ਹੈ।

ਇਸ ਕਥਨ ਨਾਲ ਸਹਿਮਤ ਹੋਣਾ ਮੁਸ਼ਕਿਲ ਹੈ, ਕਿਉਂਕਿ ਲਗਭਗ ਇਸੇ ਤਰ੍ਹਾਂ ਦੇ ਕਾਨੂੰਨ ਹੋਰ 28 ਦੇਸ਼ਾਂ ਵਿਚ ਵੀ ਲਾਗੂ ਹਨ। ਜਿਨ੍ਹਾਂ ਦੇਸ਼ਾਂ ਨੇ ਹਰਜਾਨੇ ਦੇ ਸਵਾਲ ਤੇ ਵਿਆਨਾ ਦੀ ਪ੍ਰਮਾਣੂ ਏਜੰਸੀ ਜਾਂ ਪੈਰਿਸ ਕਨਵੈਨਸ਼ਨ ਦੇ ਨਾਲ ਸਮਝੌਤੇ ਕਰ ਰਖੇ ਹਨ, ਉਨ੍ਹਾਂ ਨੇ ਵੀ ਹਰਜਾਨੇ ਦੀ ਸਾਰੀ ਜਿੰਮੇਵਾਰੀ ਖੁਦ 'ਤੇ ਰੱਖੀ ਹੈ। ਦੁਰਘਟਨਾ ਦੀ ਜਿੰਮੇਵਾਰੀ ਉਸ ਰਾਸ਼ਟਰ ਜਾਂ ਸੰਸਥਾ ਦੀ ਨਹੀਂ ਹੋਵੇਗੀ, ਜਿਸ ਨੇ ਪ੍ਰਮਾਣੂ ਯੰਤਰ ਜਾਂ ਬਾਲਣ ਜਾਂ ਪੁਰਜੇ ਜਾਂ ਤਕਨੀਕ ਸਪਲਾਈ ਕੀਤੀ ਹੈ। ਇਸ ਨਜ਼ਰੀਏ ਨਾਲ ਭਾਰਤੀ ਪ੍ਰਮਾਣੂ ਹਰਜਾਨਾ ਬਿਲ ਉਵੇਂ ਹੀ ਹੈ ਜਿਵੇਂ ਕਿ ਦੂਜੇ ਦੇਸ਼ਾਂ ਦੇ ਹਨ, ਪਰ ਬੁਨਿਆਦੀ ਸਵਾਲ ਇਹ ਹੈ ਕਿ ਹਰਜਾਨੇ ਦੇ ਇਹੋ ਜਿਹੇ ਇਕਤਰਫਾ ਉਪਬੰਧ ਕਿਉਂ ਰੱਖੇ ਗਏ ਹਨ ਅਤੇ ਉਨ੍ਹਾਂ ਨੂੰ ਸਾਰਿਆਂ ਨੇ ਸਵੀਕਾਰ ਕਿਉਂ ਕਰ ਲਿਆ ਹੈ? ਉੱਤਰ ਸਾਫ ਹੈ। ਪ੍ਰਮਾਣੂ ਸਪਲਾਇਰ ਰਾਸ਼ਟਰ ਦੁਨੀਆਂ ਦੇ ਸਭ ਤੋਂ ਤਾਕਤਵਾਰ ਰਾਸ਼ਟਰ ਹਨ ਅਤੇ ਪ੍ਰਮਾਣੂ ਉਰਜਾ ਪਾਉਣ ਵਾਲੇ ਰਾਸ਼ਟਰ ਕਮਜ਼ੋਰ ਅਤੇ ਗਰਜਮੰਦ ਰਾਸ਼ਟਰ ਹਨ। ਇਸੇ ਲਈ ਦਾਤਾ ਰਾਸ਼ਟਰਾਂ ਨੇ ਮੰਗਤੇ ਰਾਸ਼ਟਰਾਂ 'ਤੇ ਆਪਣੀਆਂ ਸ਼ਰਤਾਂ ਥੋਪ ਦਿੱਤੀਆਂ। ਭਾਰਤ ਦੀ ਕੀ ਮਜਬੂਰੀ ਹੈ ਕਿ ਉਹ ਵੀ ਇਸੇ ਭੇਡਚਾਲ ਤੇ ਤੁਰਿਆ ਚਲਾ ਜਾਵੇ? ਭਾਰਤ ਦੀ ਪ੍ਰਮਾਣੂ ਖਰੀਦ ਨਾਲ ਪੱਛਮ ਦੇ ਆਰਥਿਕ ਸੰਕਟ ਵਿਚ ਫਸੇ ਰਾਸ਼ਟਰਾਂ ਨੂੰ ਅਰਬਾਂ-ਖਰਬਾਂ ਦੀ ਆਮਦਨੀ ਹੋਣ ਵਾਲੀ ਹੈ। ਇਹੋ ਜਿਹੀ ਹਾਲਤ ਵਿਚ ਭਾਰਤ ਨਵੀਂ ਲਕੀਰ ਕਿਉਂ ਨਹੀਂ ਖਿੱਚਦਾ? ਭਾਰਤ ਆਪਣੀਆਂ ਨਵੀਆਂ ਸ਼ਰਤਾਂ ਕਿਉਂ ਨਹੀਂ ਪੇਸ਼ ਕਰਦਾ? ਭਾਰਤ ਇਹ ਮੰਗ ਕਿਉਂ ਨਹੀਂ ਕਰਦਾ ਕਿ ਜੇਕਰ ਕਿਸੇ ਵਿਦੇਸ਼ੀ ਪ੍ਰਮਾਣੂ ਯੰਤਰ ਵਿਚ ਬਨਾਵਟ ਸੰਚਾਲਨ ਜਾਂ ਪੁਰਜਿਆਂ ਦਾ ਦੋਸ਼ ਦੱਸਿਆ ਗਿਆ ਅਤੇ ਉਸਦੇ ਕਾਰਨ ਕੋਈ ਦੁਰਘਟਨਾ ਹੋ ਗਈ ਤਾਂ ਸਪਲਾਇਰ ਰਾਸ਼ਟਰ ਨੂੰ ਸਾਰਾ ਹਰਜਾਨਾ ਦੇਣਾ ਪਵੇਗਾ? ਵਰਤਮਾਨ ਬਿਲ ਵਿਚ ਹਰ ਤਰ੍ਹਾਂ ਦੀ ਦੁਰਘਟਨਾ ਦਾ ਜਿੰਮਾ ਪ੍ਰਾਪਤਕਰਤਾ ਰਾਸ਼ਟਰ 'ਤੇ ਪਾਇਆ ਗਿਆ ਹੈ ਅਰਥਾਤ ਕਾਰ ਵਿਚ ਕੋਈ ਵੀ ਖਰਾਬੀ ਹੋਵੇ ਤਾਂ ਖਰੀਦਦਾਰ ਜਿੰਮੇਵਾਰ ਹੈ। ਕਾਰ ਬਣਾਉਣ ਵਾਲੀ ਕੰਪਨੀ ਦਾ ਉਸ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਕੀ ਇਸ ਤਰ੍ਹਾਂ ਦੀ ਸ਼ਰਤ 'ਤੇ ਕੋਈ ਵੀ ਕਾਰ ਖਰੀਦੇਗਾ? ਜਦ ਬਰਾਬਰ ਦੀ ਖਰੀਦੋ-ਫਰੋਖਤ ਵਿਚ ਇਹੋ ਜਿਹੀਆਂ ਇਕਤਰਫਾ ਸ਼ਰਤਾਂ ਨਹੀਂ ਚਲਦੀਆਂ ਤਾਂ ਪ੍ਰਮਾਣੂ ਲੈਣ-ਦੇਣ ਵਿਚ ਕਿਵੇਂ ਚਲ ਸਕਦੀਆਂ ਹਨ? ਜੇਕਰ ਭਾਰਤ ਸਰਕਾਰ ਇਸ ਤਰ੍ਹਾਂ ਦੀ ਸ਼ਰਤ ਮੰਨੇਗੀ ਤਾਂ ਇਸਦਾ ਸਭ ਤੋਂ ਵੱਡਾ ਨੁਕਸਾਨ ਭਾਰਤ ਦੇ ਆਮ ਆਦਮੀ ਨੂੰ ਹੋਵੇਗਾ। ਜੇ ਸਾਰਾ ਹਰਜਾਨਾ ਭਾਰਤ ਨੇ ਹੀ ਭੁਗਤਣਾ ਹੈ ਯਾਨਿ ਉਨ੍ਹਾਂ ਵਿਦੇਸ਼ੀ ਪ੍ਰਮਾਣੂ ਸੰਯੰਤਰਾਂ ਨੂੰ ਚਲਾਉਣ ਵਾਲੀਆਂ ਭਾਰਤੀ ਸੰਸਥਾਵਾਂ ਅਤੇ ਭਾਰਤ ਸਰਕਾਰ ਨੇ ਹੀ ਭੁਗਤਣਾ ਹੈ ਤਾਂ ਹਰਜਾਨੇ ਦੀ ਰਾਸ਼ੀ ਘੱਟ, ਬਹੁਤ ਘੱਟ ਹੀ ਹੋਵੇਗੀ। ਵਰਤਮਾਨ ਬਿਲ ਅਨੁਸਾਰ ਉਹ 500 ਕਰੋੜ ਰੁਪਏ ਦੀ ਹੋਵੇਗੀ। ਇਹ ਹਰਜਾਨਾ ਉਹ ਸੰਸਥਾ ਭਰੇਗੀ, ਜੋ ਪ੍ਰਮਾਣੂ ਸੰਯੰਤਰ ਚਲਾ ਰਹੀ ਹੈ।

ਜੇਕਰ ਇਹ ਘੱਟ ਪਿਆ ਤਾਂ ਭਾਰਤ ਸਰਕਾਰ ਭਰਪਾਈ ਕਰੇਗੀ। ਉਹ ਰਾਸ਼ੀ 300 ਕਰੋੜ ਐਸ ਡੀ ਆਰ ਯਾਨਿ 2300 ਕਰੋੜ ਰੁਪਏ ਹੋਵੇਗੀ। ਜੇਕਰ ਭਾਰਤ ਇਕ ਅੰਤਰਰਾਸ਼ਟਰੀ ਸਮਝੌਤਾ ਕਰ ਲਵੇ ਤਾਂ ਉਸਨੂੰ ਇੰਨੀ ਹੀ ਰਾਸ਼ੀ ਅੰਤਰਰਾਸ਼ਟਰੀ ਹਰਜਾਨਾ ਕੋਸ਼ ਤੋਂ ਵੀ ਮਿਲ ਸਕਦੀ ਹੈ। ਲਗਭਗ ਪੰਜ ਹਜਾਰ ਕਰੋੜ ਦੀ ਇਹ ਰਾਸ਼ੀ ਦੇਖਣ ਵਿਚ ਕਾਫੀ ਮੋਟੀ ਲੱਗਦੀ ਹੈ, ਪਰ ਜੇਕਰ ਇਸਨੂੰ ਪੰਜ ਲੱਖ ਜਾਂ ਪੰਜਾਹ ਲੱਖ ਨਾਲ ਤਕਸੀਮ ਕਰ ਦਈਏ ਤਾਂ ਇਹ ਕਿੰਨੀ ਰਹਿ ਜਾਵੇਗੀ? ਜਦੋਂ ਕੋਈ ਪ੍ਰਮਾਣੂ ਦੁਰਘਟਨਾ ਹੁੰਦੀ ਹੈ ਤਾਂ ਉਸ ਨਾਲ ਸਿਰਫ ਹਜ਼ਾਰ-ਪੰਜ ਸੌ ਲੋਕ ਪ੍ਰਭਾਵਿਤ ਨਹੀਂ ਹੁੰਦੇ, ਹਜ਼ਾਰਾਂ ਤਾਂ ਮਰ ਜਾਂਦੇ ਹਨ ਤੇ ਲੱਖਾਂ ਲੋਕ ਪ੍ਰਭਾਵਿਤ ਹੁੰਦੇ ਹਨ ਤੇ ਇਹ ਕੁਪ੍ਰਭਾਵ ਕਈ ਪੀੜ੍ਹੀਆਂ ਤੱਕ ਬਣਿਆ ਰਹਿੰਦਾ ਹੈ। ਜਿਹੜੇ ਪੈਮਾਨੇ 'ਤੇ ਭਾਰਤ ਸਰਕਾਰ ਪ੍ਰਮਾਣੂ ਉਰਜਾ ਪੈਦਾ ਕਰਨਾ ਚਾਹੁੰਦੀ ਹੈ, ਉਸਦੇ ਸੰਯੰਤਰ ਤਾਂ ਵਿਸ਼ਾਲ ਹੋਣਗੇ।

ਜੇਕਰ ਉਨ੍ਹਾਂ ਵਿਚ ਦੁਰਘਟਨਾ ਹੋ ਗਈ ਤਾਂ ਲੱਖਾਂ ਦੁਰਘਟਨਾਗ੍ਰਸਤ ਲੋਕਾਂ ਨੂੰ ਕਿੰਨਾ ਮੁਆਵਜਾ ਮਿਲੇਗਾ? ਮੁਸ਼ਕਿਲ ਦੇ ਨਾਲ ਕੁਝ ਹਜ਼ਾਰ ਰੁਪਏ। ਇਹ ਵੀ ਕੋਈ ਹਰਜਾਨਾ ਹੈ? ਕੀ ਆਦਮੀ ਦੀ ਜਾਨ ਦੀ ਕੀਮਤ ਸਿਰਫ 10 ਹਜ਼ਾਰ ਰੁਪਏ ਹੈ? ਕੀ ਭੁਪਾਲ ਗੈਸ ਕਾਂਡ ਤੋਂ ਅਸੀਂ ਕੁਝ ਨਹੀਂ ਸਿਖਾਂਗੇ? ਮਰਨ ਵਾਲਿਆਂ ਨੂੰ ਜੀਵਨ ਭਰ ਅਪੰਗ ਰਹਿਣ ਵਾਲਿਆਂ ਅਤੇ ਉਨ੍ਹਾਂ ਦੀਆਂ ਅਪੰਗ ਔਲਾਦਾਂ ਦੇ ਲਈ ਕੁਝ ਹਜ਼ਾਰ ਤਾਂ ਕੀ, ਕੁਝ ਲੱਖ ਦਾ ਮੁਆਵਜਾ ਵੀ ਕਾਫੀ ਨਹੀਂ ਹੋਵੇਗਾ। ਭਾਰਤ ਵਿਚ ਜੋ ਕੁੱਲ ਹਰਜਾਨਾ ਹੈ (ਯਾਨਿ ਅੱਧਾ ਬਿਲਿਅਨ ਡਾਲਰ) ਉਸਦੇ ਮੁਕਾਬਲੇ ਵਿਚ ਅਮਰੀਕੀ ਹਰਜਾਨਾ (10 ਬਿਲਿਅਨ ਡਾਲਰ) 20 ਗੁਣਾ ਹੈ।

ਭਾਰਤੀ ਨਾਗਰਿਕਾਂ ਨੂੰ ਬਣਦਾ ਹਰਜਾਨਾ ਮਿਲੇ, ਇਸਦੇ ਲਈ ਇਹ ਜ਼ਰੂਰੀ ਹੈ ਕਿ ਪ੍ਰਮਾਣੂ ਸਪਲਾਇਰ ਦੀ ਜਿੰਮੇਵਾਰੀ ਵੀ ਤੈਅ ਕੀਤੀ ਜਾਵੇ। ਇਹੀ ਨਹੀਂ, ਹਰਜਾਨੇ ਦੇ ਦਾਅਵੇ ਦੀ 10 ਸਾਲ ਦੀ ਮਿਆਦ ਵੀ ਹਟਾਈ ਜਾਵੇ, ਕਿਉਂਕਿ ਪ੍ਰਮਾਣੂ ਵਕੀਰਣ ਦਾ ਪ੍ਰਭਾਵ ਕਈ ਵਾਰ ਦਹਾਕਿਆਂ ਬਾਅਦ ਪਤਾ ਲਗਦਾ ਹੈ, ਜਿਵੇਂ ਕਿ ਹਿਰੋਸ਼ਿਮਾ ਅਤੇ ਨਾਗਾਸਾਕੀ ਵਿਚ ਹੋਇਆ ਹੈ। ਠੀਕ ਹੈ ਕਿ ਦੁਰਘਟਨਾਗ੍ਰਸਤ ਲੋਕਾਂ ਨੂੰ ਹਰਜਾਨੇ ਦੇ ਲਈ ਅਦਾਲਤ ਦੀ ਸ਼ਰਣ ਨਹੀਂ ਲੈਣੀ ਪਵੇਗੀ ਅਤੇ ਨਾ ਹੀ ਜਾਂਚ ਦਾ ਇੰਤਜ਼ਾਰ ਕਰਨਾ ਹੋਵੇਗਾ, ਪਰ ਉਨ੍ਹਾਂ ਨੂੰ ਇਸਦਾ ਇਕ ਨੁਕਸਾਨ ਇਹ ਵੀ ਹੈ ਕਿ ਉਹ ਬਣਦੇ ਹਰਜਾਨੇ ਦੀ ਮੰਗ ਕਿਸੇ ਤੋਂ ਕਰਨਗੇ?

ਇਸ ਵਕਤ ਪ੍ਰਮਾਣੂ ਵਿਕ੍ਰੇਤਾ ਰਾਸ਼ਟਰਾਂ ਦੀ ਗਰਜ ਇੰਨੀ ਜਬਰਦਸਤ ਹੈ ਕਿ ਭਾਰਤ ਚਾਹੇ ਤਾਂ ਉਹ ਉਸਦੀਆਂ ਸਾਰੀਆਂ ਵਾਜਿਬ ਸ਼ਰਤਾਂ ਮੰਨ ਸਕਦੇ ਹਨ। ਇਸ ਮਾਮਲੇ ਵਿਚ ਭਾਰਤ ਨੂੰ ਰੂਸ ਅਤੇ ਫਰਾਂਸ ਦੀ ਸਕ੍ਰਿਆ ਮਦਦ ਵੀ ਮਿਲ ਸਕਦੀ ਹੈ। ਇਹ ਚੰਗਾ ਹੋਵੇਗਾ ਕਿ ਹਰਜਾਨੇ ਦਾ ਸਮਝੌਤਾ ਅਮਰੀਕਾ ਦੇ ਨਾਲ ਕਰਨ ਤੋਂ ਪਹਿਲਾਂ ਭਾਰਤ, ਫਰਾਂਸ ਅਤੇ ਰੂਸ ਦੇ ਨਾਲ ਕਰ ਲਵੇ। ਪ੍ਰਮਾਣੂ ਹਰਜਾਨੇ ਦੇ ਬਿਲ ਨੂੰ ਪਾਸ ਹੋਣ ਵਿਚ ਹੁਣ ਜਿੰਨਾ ਵਕਤ ਲਗੇਗਾ, ਉਸਦਾ ਸਦਉਪਯੋਗ ਭਾਰਤ ਇਸ ਤਰੀਕੇ ਨਾਲ ਕਰ ਸਕਦਾ ਹੈ।

# ਮਨਦੀਪ ਸਿੰਘ ਨਾਗਰਾ ਦਾ ਹਾਦਸੇ 'ਚ ਦਿਹਾਂਤ

**ਸ਼ਿਕਾਗੋ:** ਇਕ ਹਸਦੇ ਵਸਦੇ ਘਰ ਵਿਚ ਉਦੋਂ ਸੋਗ ਛਾ ਗਿਆ ਜਦੋਂ ਵੋਕਾਂਡਾ ਵਾਸੀ 48 ਸਾਲਾ ਮਨਦੀਪ ਸਿੰਘ ਨਾਗਰਾ ਦੀ ਇੰਡੀਅਨਐਪੋਲਿਸ ਨਜਦੀਕ ਫਰੀਵੇਅ ਆਈ-65 ਉਤੇ ਇਕ ਸੜਕ ਹਾਦਸੇ ਵਿਚ ਮੌਤ ਹੋ ਗਈ। ਚਾਰ ਸੈਮੀ ਟਰੇਲਰਾਂ ਦੀ ਇਸ ਟੱਕਰ ਕਾਰਣ ਨਾਰਥ ਵਲ ਕੋਈ 10 ਘੰਟੇ ਟਰੈਫਿਕ ਰੁਕਿਆ ਰਿਹਾ।

ਪ੍ਰਾਪਤ ਸੂਚਨਾ ਅਨੁਸਾਰ ਇਕ ਮਾਮੂਲੀ ਹਾਦਸੇ ਕਾਰਣ ਇਕ ਟਰੇਲਰ ਟਰੱਕ ਰੁਕਿਆ ਹੋਇਆ ਸੀ ਕਿ ਪਿਛੋਂ ਆ ਰਿਹਾ ਇਕ ਹੋਰ ਟਰੇਲਰ ਇਸ ਵਿਚ ਆਣ ਵੱਜਾ। ਇਸੇ ਸਮੇਂ



ਮਨਦੀਪ ਸਿੰਘ ਨਾਗਰਾ

ਇਕ ਹੋਰ ਟਰੇਲਰ ਜੋ ਮਨਦੀਪ ਸਿੰਘ ਨਾਗਰਾ ਚਲਾ ਰਿਹਾ ਸੀ, ਵੀ ਇਨ੍ਹਾਂ ਟਰੱਕਾਂ ਨਾਲ ਆ ਟਕਰਾਇਆ। ਇਸ ਹਾਦਸੇ ਵਿਚ ਸ੍ਰੀ ਨਾਗਰਾ ਸਮੇਤ ਚਾਰ ਵਿਅਕਤੀ ਜਖਮੀ ਹੋ ਗਏ। ਗੰਭੀਰ ਰੂਪ ਵਿਚ ਜਖਮੀ ਹੋਏ ਸ੍ਰੀ ਨਾਗਰਾ ਨੂੰ ਇੰਡੀਅਨਐਪੋਲਿਸ ਦੇ ਮੈਥਡਸਟ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਹ ਜਖਮਾਂ ਦੀ ਤਾਬ ਨਾ ਝਲਦੇ ਹੋਏ ਚਲਾਣਾ ਕਰ ਗਏ। ਉਨ੍ਹਾਂ ਦਾ ਅੰਤਮ ਸੰਸਕਾਰ ਸ਼ੁਕਰਵਾਰ 2 ਅਪਰੈਲ ਨੂੰ ਕਾਹਲ ਮੂਰ ਫਿਊਨਰਲ ਹੋਮ (403 ਸਿਲਵਰ ਲੇਕ ਰੋਡ, ਕੈਰੀ, ਇਲੀਨਾਏ 60013 ਫੋਨ 847-639-3817) ਵਿਖੇ ਸਵੇਰੇ 9 ਤੋਂ 11 ਵਜੇ ਤਕ ਹੋਵੇਗਾ। ਉਪਰੰਤ ਅੰਤਮ ਅਰਦਾਸ ਗੁਰਦੁਆਰਾ ਪੈਲਾਟਾਈਨ ਵਿਖੇ 1 ਤੋਂ ਤਿੰਨ ਵਜੇ ਤਕ ਹੋਵੇਗੀ। ਹੋਰ ਜਾਣਕਾਰੀ ਲਈ ਸੁਰਿੰਦਰ ਸਿੰਘ ਨਾਗਰਾ ਫੋਨ 847-226-4186 ਜਾਂ ਜੱਸੀ ਸੰਧੂ ਫੋਨ 847-254-1782 ਜਾਂ ਬਾਬ ਸੰਧੂ 847-809-4803

ਨਾਲ ਸੰਪਰਕ ਕੀਤਾ ਜਾ ਸਕਦਾ ਹੈ।

ਮਨਦੀਪ ਸਿੰਘ ਨਾਗਰਾ ਆਪਣੇ ਪਿਛੇ ਪਤਨੀ ਜਸਵਿੰਦਰ ਕੌਰ ਅਤੇ ਦੋ ਬੱਚੇ ਬੇਟੀ ਸੰਜਮ ਕੌਰ ਤੇ ਬੇਟਾ ਅਮਰ ਸਿੰਘ ਛਡ ਗਏ ਹਨ। ਉਹ ਪੰਜਾਬ ਵਿਚ ਪਿਛੋਂ ਮਲੇਰਕੋਟਲਾ ਤੋਂ ਸਨ ਅਤੇ 1987 ਵਿਚ ਆਪਣੇ ਵਡੇ ਭਰਾ ਸੁਰਿੰਦਰ ਸਿੰਘ ਨਾਗਰਾ ਪਾਸ ਅਮਰੀਕਾ ਪਹੁੰਚੇ ਸਨ। ਉਨ੍ਹਾਂ ਦਾ ਜਨਮ 1962 ਵਿਚ ਸ. ਰਾਜਪਾਲ ਸਿੰਘ ਨਾਗਰਾ ਅਤੇ ਮਾਤਾ ਜੋਗਿੰਦਰ ਕੌਰ ਨਾਗਰਾ ਦੇ ਘਰ ਹੋਇਆ। ਉਹ ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੇ ਸਰਗਰਮ ਮੈਂਬਰ ਸਨ।

# ਬੀਬੀ ਕਾਂਤਾ ਸੁਮਨ ਨਮਿੱਤ ਸ਼ਰਧਾਂਜਲੀ ਸਮਾਰੋਹ

**ਪਿਟਸਬਰਗ, ਕੈਲੀਫੋਰਨੀਆ:** ਗੁਰਦੁਆਰਾ ਪਿਟਸਬਰਗ ਵਿਚ ਲੰਘੀ 21 ਮਾਰਚ ਨੂੰ ਬੀਬੀ ਕਾਂਤਾ ਸੁਮਨ ਨਮਿਤ ਸ਼ਰਧਾਂਜਲੀ ਸਮਾਰੋਹ ਕਰਵਾਇਆ ਗਿਆ। ਇਸ ਮੌਕੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਗੁਰੂ ਘਰ ਦੇ ਹਜੂਰੀ ਗ੍ਰੰਥੀ ਭਾਈ ਹਰਬਲਾਸ ਸਿੰਘ ਨੇ ਕਥਾ ਅਤੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਭਾਈ ਸਾਹਿਬ ਨੇ ਸੰਗਤਾਂ ਨੂੰ ਗੁਰਬਾਣੀ ਦੇ ਆਧਾਰ 'ਤੇ ਮਾਤਾ-ਪਿਤਾ ਅਤੇ ਸਮਾਜ ਦੀ ਸੇਵਾ ਕਰਨ ਲਈ ਪ੍ਰੇਰਿਆ। ਭਾਈ ਬਲਦੇਵ ਸਿੰਘ, ਨਿਰਮਲ ਸਿੰਘ ਅਤੇ ਮਨਜੀਤ ਸਿੰਘ ਦੇ ਜਥੇ ਨੇ ਵੈਰਾਗਮਈ ਕੀਰਤਨ ਕੀਤਾ। ਭਾਈ ਰਮੇਸ਼ ਸੁਮਨ ਅਤੇ ਬੀਬੀ ਗਿਆਨ ਸੁਮਨ ਦੇ ਪਰਿਵਾਰ ਨੇ ਲੰਗਰ ਦੀ ਸੇਵਾ ਕੀਤੀ।

ਗੁਰੂ ਘਰ ਦੇ ਸਕੱਤਰ ਕਮਲ ਦੇਵ ਪਾਲ ਨੇ ਬੀਬੀ ਕਾਂਤਾ ਸੁਮਨ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸੁਮਨ ਪਰਿਵਾਰ ਕਮਿਊਨਿਟੀ ਦਾ ਨਾਮੀ ਪਰਿਵਾਰ ਹੈ। ਸ਼ਰਧਾਂਜਲੀ ਸਮਾਰੋਹ ਵਿਚ ਪੱਤਰਕਾਰ ਪ੍ਰੇਮ ਕੁਮਾਰ ਚੁੰਬਰ ਦੀ ਪੰਜਾਬੀ ਅਖਬਾਰ ਅੰਬੇਦਕਰ ਟਾਈਮਜ਼ ਰਿਲੀਜ਼ ਕੀਤੀ ਗਈ। ਇਸ ਮੌਕੇ ਬੋਲਦਿਆਂ ਸ੍ਰੀ ਕਮਲ ਦੇਵ ਪਾਲ, ਸ੍ਰੀ ਓ.ਪੀ. ਬਾਲੀ ਅਤੇ ਸ੍ਰੀ ਦਸ਼ਵਿੰਦਰ ਪਾਲ ਨੇ ਕਿਹਾ ਕਿ ਸ੍ਰੀ ਪ੍ਰੇਮ ਚੁੰਬਰ ਦਾ ਇਹ ਸ਼ਲਾਘਾਯੋਗ ਕਾਰਜ ਹੈ ਕਿ ਉਨ੍ਹਾਂ ਦਾ ਅਖਬਾਰ ਕੌਮ ਦੇ ਮਸੀਹਾ ਬਾਬਾ ਸਾਹਿਬ ਨੂੰ ਸਮਰਪਿਤ ਹੈ।

ਇਸ ਮੌਕੇ ਗੁਰੂਘਰ ਦੇ ਚੇਅਰਮੈਨ ਸ੍ਰੀ ਸੱਤਪਾਲ ਸੁਰੀਲਾ, ਪ੍ਰਧਾਨ ਸ੍ਰੀ ਰਾਮ ਪ੍ਰਕਾਸ਼ ਰਾਜੂ ਅਤੇ ਖਜ਼ਾਨਚੀ ਸ੍ਰੀ ਰਾਮ ਲੁਭਾਇਆ ਰੱਲੂ ਨੇ ਸੰਗਤਾਂ ਨੂੰ ਗੁਰੂਘਰ ਦੇ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਦੀ ਬੇਨਤੀ ਕੀਤੀ।





*Visit us on the web:* ***www.punjabtimesusa.com***
***To Advertise with us call: 847-359-0746***



# Grand Opening! Grand Opening!! Grand Opening!!!

**ਇਕੋ-ਇਕ ਥਾਂ ਜਿਥੋਂ ਤੁਹਾਨੂੰ ਮਿਲਦੇ ਹਨ-ਤੁਹਾਡੇ ਰੰਗ-ਰੂਪ ਨੂੰ ਚਾਰ ਚੰਨ ਲਾ ਦੇਣ ਵਾਲੇ ਪੰਜਾਬੀ ਸੂਟ, ਡਿਜ਼ਾਈਨਰ ਸਾੜੀਆਂ, ਲਾਵਾਂ-ਫੇਰਿਆਂ ਲਈ ਲਹਿੰਗਾ ਅਤੇ ਤੁਹਾਡੀ ਮਨਪਸੰਦ ਜਿਊਲਰੀ**

*ਹੋਰ ਜਾਣਕਾਰੀ ਲਈ ਕਾਲ ਕਰੋ*

**Bobby Johal or Karmjeet Sekhon**

**916 797 9797**

## ਨਵੇਂ ਬੁਟੀਕ ਮੀਨਾ ਬਾਜ਼ਾਰ ਦਾ ਉਦਘਾਟਨ

ਸੈਕਰਾਮੈਂਟੋ: ਇਥੋਂ ਦੀ ਸਬਰਬ ਰੋਜ਼ਵਿਲ ਵਿਚ ਇਕ ਬਿਲਕੁਲ ਨਵਾਂ ਬੁਟੀਕ ਖੋਲ੍ਹਿਆ ਗਿਆ ਹੈ ਜਿਸ ਦਾ ਉਦਘਾਟਨ ਪਿਛਲੇ ਦਿਨੀਂ ਹੋਇਆ। ਇਹ ਬੁਟੀਕ ਤਾਜ ਲਿਮੋਜ਼ੀਨ ਵਾਲੇ ਬਾਬੀ ਜੌਹਲ ਅਤੇ ਕਰਮਜੀਤ ਸੇਖੋਂ ਵਲੋਂ ਖੋਲ੍ਹਿਆ ਗਿਆ ਹੈ ਅਤੇ ਗੁਰਦੁਆਰਾ ਸੱਚਖੰਡ ਸਾਹਿਬ ਦੇ ਐਨ ਕੋਲ ਹੈ। ਇਸ ਦਾ ਉਦਘਾਟਨ ਸ. ਨਰਿੰਦਰਪਾਲ ਸਿੰਘ ਹੁੰਦਲ ਨੇ ਰਿਬਨ ਕੱਟ ਕੇ ਕੀਤਾ।

ਇਸ ਮੌਕੇ ਹਾਜਰ ਕੋਈ 300 ਤੋਂ ਵੱਧ ਸਨੇਹੀਆਂ ਦਾ ਡੀ ਜੇ ਸੁਖੀ ਦੁਸਾਂਝ ਨੇ ਭਰਪੂਰ ਮਨੋਰੰਜਨ ਕੀਤਾ। ਕਰਨ ਵੀਡੀਓ ਦੇ ਜਸਕਰਨ ਨੇ ਵੀਡੀਓ ਅਤੇ ਫੋਟੋਗ੍ਰਾਫੀ ਕੀਤੀ। ਬੌਬੀ ਜੌਹਲ ਨੇ ਦੱਸਿਆ ਕਿ ਇਸ ਸਟੋਰ ਤੋਂ ਪੰਜਾਬੀ ਸੂਟ, ਡਿਜ਼ਾਈਨਰ ਸਾੜੀਆਂ, ਲਾਵਾਂ-ਫੇਰਿਆਂ ਲਈ ਲਹਿੰਗੇ ਅਤੇ ਤੁਹਾਡੀ ਮਨਪਸੰਦ ਜਿਊਲਰੀ ਤੋਂ ਇਲਾਵਾ ਇਨਵੀਟੇਸ਼ਨ ਕਾਰਡ, ਲਿਮੋਜ਼ੀਨ ਸਰਵਿਸ, ਫੋਟੋਗ੍ਰਾਫੀ, ਡੀ ਜੇ ਅਤੇ ਬਰਾਈਡਲ ਮੇਕਅਪ ਸੇਵਾਵਾਂ ਵੀ ਮਿਲ ਸਕਦੀਆਂ ਹਨ।


















*Advt.*



**Taj Limousines Provide Proffesional Services:**

*INVITATION CARD *LIMOUSINES

*PHOTOGRAPHY *BRIDAL MAKE UP *DJ

*For more info.:*

Call- Bobby Johal or Karmjeet Sekhon

**916-797-9797**

email: themeenabazaar@gmail.com

PANAMA PHARMACY & MEDICAL SUPPLY
BAKERSFIELD CA
Fast / Friendly Prescription Dispensing

Wheelchairs • Hospital Beds
Scooters • Orthopedic Shoes
Lift Chairs • Diabetic Supplies (Free Meters)
Walkers • Braces
Canes • Shower Chairs

ਬੇਕਰਸਫੀਲਡ ਵਿੱਚ ਪੰਜਾਬੀਆਂ ਦੀ ਪਹਿਲੀ ਫਾਰਮੇਸੀ
ਜਿਥੇ ਤੁਹਾਨੂੰ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਮਿਲਦੀਆਂ ਹਨ
ਅਸੀਂ ਹਰ ਕਿਸਮ ਦੀ ਇੰਸ਼ੋਰੈਂਸ ਲੈਂਦੇ ਹਾਂ
We can speak : ENGLISH, PUNJABI, HINDI, URDU & SPANISH







4004 Panama Ln, Suite 100,
Bakersfield, CA 93313
Ph :661.664.8864
Fax:661.831.1343
ਡਿਲੀਵਰੀ ਮੁਫ਼ਤ
FREE DELIVERY
Serving all of Kern County
MONDAY TO FRIDAY
9:00 am - 6:00 pm
YOUR PHARMACISTS
Dr. Kamal S Gill, Pharm. D.
Dr. Kulwinder K Gill, Pharm. D.



APNACOM™
CONNECT GLOBALLY
Bangladesh Nepal Pakistan Sri Lanka Australia New Zealand Italy England Kuwait Canada USA UAE
CALL INDIA
Talk 111 hrs.
for only $100 USD
(LANDLINE & CELL) BEST DEAL





100 ਡਾਲਰ 'ਚ 111 ਘੰਟੇ
6660 ਮਿਨਟ
(LANDLINE & CELL)
Talk 1 minute Pay 1 minute
*RESTRICTIONS APPLY

ਨਵੇਂ ਸਾਲ ਦਾ ਧਮਾਕਾ
5 ਘੰਟੇ ਮੁਫ਼ਤ
ਆਪਣੇ ਦੋਸਤਾਂ, ਸਨੇਹੀਆਂ ਤੇ ਰਿਸ਼ਤੇਦਾਰਾਂ ਨੂੰ ਰੈਫਰ ਕਰੋ ਅਤੇ ਆਪ ਪਾਓ 5 ਘੰਟੇ ਦਾ ਸਮਾਂ ਮੁਫ਼ਤ।

- ਇਸ ਕਾਰਡ ਦੀ ਕੋਈ ਐਕਸਪਾਇਰੀ ਡੇਟ ਨਹੀਂ।
- ਕੋਈ ਵਾਧੂ Hidden Charges ਅਤੇ Tax ਨਹੀਂ ।
- ਗੱਲਬਾਤ ਬਹੁਤ ਸਾਫ਼ ਸਾਫ਼ ਕੀਤੀ ਅਤੇ ਸੁਣਾਈ ਦਿੰਦੀ ਹੈ।
- ਸੈੱਲ ਫੋਨ ਜਾਂ ਲੈਂਡਲਾਈਨ ਤੋਂ ਕਾਲ ਕਰੋ।
- ਅਸੀਂ ਤੁਹਾਡੀ ਭਾਸ਼ਾ 'ਚ ਗੱਲ ਕਰ ਸਕਦੇ ਹਾਂ।
- ਪੂਰੇ ਅਮਰੀਕਾ 'ਚ ਹਰ ਏਰੀਆ ਕੋਡ ਤੋਂ ਐਕਸੈਸ ਦੀ ਸੇਵਾ ਉਪਲਬੱਧ ਹੈ।

We Accept all major Credit Card

Pinless dialing
No Expiration!
No Hidden Charges!
No Connection Fees!
No Monthly fee!
1010 Service provided by 1010Talk

ਹੁਣ ਅਮਰੀਕਾ,ਕੈਨੇਡਾ
ਗੱਲਾਂ ਕਰੋ ਸਿਰਫ਼
1/2 ਸੈਂਟ ਪਰ ਮਿਨਟ
ਦੇ ਹਿਸਾਬ ਨਾਲ
Special promotional Rate to Call USA, Canada at 1/2 Cent/per minute

Looking for Distributers, Dealers & Agents

Call now :718 926 6177, 646 443 7979,Fax:718 441 4114
112-22 Suite # 3F 3rd Floor, 101 Ave. S.Richmond Hill, NewYork-11419
ਗੁਰੂਘਰ ਦੇ ਬਿਲਕੁਲ ਨਾਲ
Email: apnacomdial@gmail.com
Open 7 Days



# Build, You Dream About!!!

## Hire a Design Build Team!!! Experienced!!! Licensed!!! Bonded!!!

## Licensed in 3 States, California , Nevada and Arizona

Ace Engineering, Akal Construction and Akal Development is a team which expertise in designing and constructing projects. Following services are provided in house.

ਏਸ ਇੰਜੀਨੀਅਰਿੰਗ, ਅਕਾਲ ਕੰਸਟਰਕਸ਼ਨ ਅਤੇ ਅਕਾਲ ਡਿਵੈਲਪਮੈਂਟ ਪ੍ਰਾਜੈਕਟ ਡਿਜ਼ਾਈਨ ਕਰਨ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਵਾਲੀ ਅਨੁਭਵੀ ਟੀਮ ਹੈ। ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ:



Akal Development Inc.
ACE-Akal Office, Las Vegas, NV

### Some of the projects finished

Holiday Inn Express and Suites, Frazier Park, CA
Holiday Inn Express and Suites, Fresno , CA
Fairfield Inn and Suites, Kingsberg , CA
Fairfield Inn and Suites, Redding , CA
Hampton Inn and Suites, Reno , NV
Comfort Inn and Suites, Las Vegas , NV
Comfort Inn and Suites, Reno , NV
Holiday Inn Express & Suites, Carson City , NV
Tamba Indian Cusine, Las Vegas Strip, NV
AM/PM Arco Gas Station, Las Vegas , NV
Retail Center , Office Buildings , Parking Structures, Las Vegas , NV



Akal Development Inc.
AM/PM Gas Station and Car Wash, Las Vegas, NV

### Ace Engineering

Architectural Plans – Site Plan, Floor Plan, Elevations, Details
Land Use Permits- Design Reviews, Use Permits, Zone Changes
Structural Engineering – Roof/Floor Designs, Foundation Designs, Steel, Wood, Masonry, Tilt up Buildings, Retaining Walls
Civil Engineering – Drainage Study, Grading Plans, Utility Plans, Dry Utility Coordination

### Akal Development

Project Management – Manage projects through design and construction, plan, schedule and finish projects on time and with in budget.
Experienced in working with Banks construction loan voucher control system.
Managed and Constructed Hotels, Gas Stations, Office Buildings , Restaurants, Custom Homes, Office Warehouse, Retail Centers

### *Contact information*

**Jaspal Singh Sidhu, P.E.**
**5195 S. Durango Drive, Las Vegas, NV 89113**
**P (702) 396-5113, 5114**
**C (702) 429-7355**
**Jaspal@aceengineering.us**
**Jaspal@akalconstrucion.us**
**Web Sites:** Aceengineering.us & Akalcosntruction.us




## Vaisakhi Mela 2010-Show List

April 9 - Calgary, Canada
April 10 - Vancouver, BC
April 11 - Edmonton, AB
April 17 - Indianapolis, IN
Darshan Singh Darar
Pritpal Singh Ghotra
Varinder Sahi
Harry Ghuman
Ph: 317-430-3434

April 18 - New Jersey
April 23
April 24 - Toronto
April 25 - New York
Smokey Park,
Richmond Hill
(Free Admission)
April 30 - Houston, TX

Convention Center, Houston
May 1st - Dallas, TX
May 2nd - Bakersfield, CA
Punjabi Society
May 7th - Hindu Temple &
Community Center,
San Jose, CA
May 8th - Fresno, CA

(Open Festival)
May 9th - Available
May 14 - Michigan
May 15 - Chicago, IL
PAO, Desi Junction
May 23 & 24 - Available
May 30 - Yuba City, CA
Punjabi American
Cultural Society

# ਕੀ ਬਾਬਾ ਰਾਮਦੇਵ ਦੀ ਰਾਜਨੀਤਕ ਮੁਹਿੰਮ ਸਫਲ ਵੀ ਹੋ ਸਕੇਗੀ?

**-ਕਲਿਆਣੀ ਸ਼ੰਕਰ**



ਯੋਗਾ ਗੁਰੂ ਹੋਣਾ ਅਤੇ ਕਿਸੇ ਸਿਆਸੀ ਪਾਰਟੀ ਦਾ ਮੁਖੀ ਹੋਣਾ ਵੱਖੋ-ਵੱਖਰੀ ਗੱਲ ਹੈ। ਯੋਗਾ ਗੁਰੂ ਬਾਬਾ ਰਾਮਦੇਵ, ਜਿਨ੍ਹਾਂ ਨੇ ਹੁਣੇ-ਹੁਣੇ ਆਪਣੀ ਨਵੀਂ ਸਿਆਸੀ ਪਾਰਟੀ 'ਭਾਰਤ ਸਵਾਭਿਮਾਨ ਪਾਰਟੀ' ਬਣਾਈ ਹੈ, ਛੇਤੀ ਹੀ ਇਸ ਗੱਲ ਨੂੰ ਸਮਝ ਜਾਣਗੇ। ਉਨ੍ਹਾਂ ਦੇ ਲੱਖਾਂ ਪੈਰੋਕਾਰ ਹੈਰਾਨ ਹੋਏ ਇਹ ਦੇਖ ਰਹੇ ਹਨ ਕਿ ਬਾਬਾ ਰਾਮਦੇਵ ਦੀ ਪਾਰਟੀ ਚੱਲ ਵੀ ਸਕੇਗੀ ਜਾਂ ਨਹੀਂ, ਜਦਕਿ ਦੂਜੇ ਪਾਸੇ ਸਿਆਸੀ ਹਲਕਿਆਂ 'ਚ ਇਹ ਕਿਹਾ ਜਾ ਰਿਹਾ ਹੈ ਕਿ ਬਾਬਾ ਰਾਮਦੇਵ ਦੀ ਪਾਰਟੀ ਛੇਤੀ ਹੀ ਖਤਮ ਹੋ ਜਾਵੇਗੀ।

ਬਾਬਾ ਰਾਮਦੇਵ ਦਾ ਆਪਣਾ ਜੀਵਨ ਵੀ ਸਿਨੇਮਾ ਦੀ ਕਿਸੇ ਸਕ੍ਰਿਪਟ ਤੋਂ ਘੱਟ ਨਹੀਂ ਹੈ। ਉਨ੍ਹਾਂ ਦਾ ਜਨਮ 1953 'ਚ ਹਰਿਆਣਾ 'ਚ ਹੋਇਆ ਸੀ ਤੇ ਉਨ੍ਹਾਂ ਦਾ ਨਾਂ ਰਾਮਕ੍ਰਿਸ਼ਨ ਯਾਦਵ ਸੀ। ਉਨ੍ਹਾਂ ਨੇ ਬਚਪਨ 'ਚ ਹੋਏ ਅਧਰੰਗ ਨੂੰ ਯੋਗਾ ਨਾਲ ਠੀਕ ਕੀਤਾ। ਉਹ ਹਰਿਆਣਾ 'ਚ ਗੁਰੂਕੂਲ 'ਚ ਸਿੱਖਿਆ ਹਾਸਿਲ ਕਰਨ ਲਈ ਦਾਖ਼ਲ ਹੋਏ ਤੇ ਬਾਅਦ ਵਿਚ ਯੋਗਾ ਦੀ ਮੁਫ਼ਤ ਸਿਖਲਾਈ ਦੇਣ ਲੱਗ ਪਏ। ਛੇਤੀ ਹੀ ਉਹ ਦੇਸ਼ ਭਰ ਵਿਚ ਘਰ-ਘਰ 'ਚ ਪ੍ਰਸਿੱਧ ਹੋ ਗਏ ਤੇ ਉਨ੍ਹਾਂ ਦੇ ਯਤਨਾਂ ਨਾਲ ਦੇਸ਼ ਵਿਚ ਲੱਖਾਂ ਲੋਕ ਯੋਗਾ ਦੀ ਮਹੱਤਤਾ ਨੂੰ ਸਮਝ ਕੇ ਇਸ ਵਲ ਆਕਰਸ਼ਿਤ ਹੋਏ।

ਪਿਛਲੇ ਕੁਝ ਸਾਲਾਂ ਵਿਚ ਬਾਬਾ ਰਾਮਦੇਵ ਦੇ 'ਯੋਗ ਸਾਮਰਾਜ' ਦਾ ਵਿਆਪਕ ਤੌਰ 'ਤੇ ਵਿਸਤਾਰ ਹੋਇਆ। ਘੱਟੋ-ਘੱਟ ਇਕ ਦਰਜਨ ਮੁੱਖ ਮੰਤਰੀ ਉਨ੍ਹਾਂ ਦੇ ਯੋਗਾ ਦੇ ਸੰਦੇਸ਼ ਦਾ ਪਸਾਰ ਕਰ ਰਹੇ ਹਨ। ਬਾਬਾ ਰਾਮਦੇਵ ਜਦੋਂ ਲੰਡਨ ਗਏ ਸਨ ਤਾਂ ਉਹ ਉਥੇ ਬ੍ਰਿਟੇਨ ਦੀ ਮਹਾਰਾਣੀ ਨੂੰ ਵੀ ਮਿਲੇ ਸਨ। ਜੋ ਲੋਕ ਬਾਬਾ ਰਾਮਦੇਵ ਨੂੰ ਜਾਣਦੇ ਹਨ, ਉਹ ਉਨ੍ਹਾਂ ਦੀਆਂ ਸਿਆਸੀ ਖਾਹਿਸ਼ਾਂ ਤੋਂ ਵੀ ਜਾਣੂ ਹਨ।

ਹੁਣ ਸਵਾਲ ਇਹ ਉੱਠਦਾ ਹੈ ਕਿ ਉਨ੍ਹਾਂ ਦੀ ਇਸ ਨਵੀਂ ਸਿਆਸੀ ਪਾਰਟੀ ਦੀ ਸਫਲਤਾ ਦਾ ਭਵਿੱਖ ਕੀ ਹੋਵੇਗਾ? ਕੀ ਉਨ੍ਹਾਂ ਨੇ ਆਪਣੀ ਇਸ ਪਾਰਟੀ ਦੀ ਤਾਕਤ ਤੇ ਇਸ ਦੀ ਕਮਜ਼ੋਰੀ ਦਾ ਜਾਇਜ਼ਾ ਲਿਆ ਹੈ? ਕੀ ਉਨ੍ਹਾਂ ਨੂੰ ਇਸ ਗੱਲ ਦਾ ਆਸ ਹੈ ਕਿ ਯੋਗਾ ਦੇ ਖੇਤਰ ਵਿਚ ਉਨ੍ਹਾਂ ਨੂੰ ਜੋ ਸਫਲਤਾ ਮਿਲੀ ਹੈ,ਉਹੋ ਜਿਹੀ ਸਫਲਤਾ ਸਿਆਸੀ ਖੇਤਰ ਵਿਚ ਵੀ ਮਿਲੇਗੀ? ਰਾਮਦੇਵ ਇਕੱਲੇ ਅਜਿਹੇ ਯੋਗਾ ਗੁਰੂ ਨਹੀਂ ਹਨ, ਜੋ ਸਿਆਸਤ ਤੋਂ ਪ੍ਰਭਾਵਿਤ ਹੋਏ ਹਨ। ਪੁਰਾਣੇ ਲੋਕਾਂ ਨੂੰ ਯਾਦ ਹੈ ਕਿ ਕਰਪਾਤਰੀ ਮਹਾਰਾਜ ਨੇ ਵੀ ਆਪਣੀ ਰਾਮ ਰਾਜ ਪ੍ਰੀਸ਼ਦ ਪਾਰਟੀ ਬਣਾਈ ਸੀ ਤੇ 1952 ਵਿਚ ਲੋਕ ਸਭਾ ਦੀ ਚੋਣ ਲੜੀ ਸੀ। ਉਨ੍ਹਾਂ ਦੀ ਪਾਰਟੀ ਨੇ 3 ਸੀਟਾਂ ਜਿੱਤੀਆਂ ਸਨ ਪਰ ਛੇਤੀ ਹੀ ਇਹ ਪਾਰਟੀ ਖਤਮ ਹੋ ਗਈ।

ਉਸ ਤੋਂ ਬਾਅਦ ਧੀਰੇਂਦਰ ਬ੍ਰਹਮਚਾਰੀ ਨੇ ਵੀ ਸਿਆਸਤ 'ਚ ਦਿਲਚਸਪੀ ਦਿਖਾਈ ਪਰ ਉਹ ਵੀ ਇਸ ਵਿਚ ਅਸਫਲ ਰਹੇ ਸਨ। ਆਖਿਰ ਅਜਿਹੀ ਕਿਹੜੀ ਗੱਲ ਹੈ ਕਿ ਬਾਬਾ ਰਾਮਦੇਵ ਇਹ ਸੋਚਦੇ ਹਨ ਕਿ ਜਿੱਥੇ ਬਾਕੀ ਅਜਿਹੇ ਧਾਰਮਿਕ ਲੋਕ ਅਸਫਲ ਹੋਏ ਹਨ, ਉਥੇ ਉਹ ਸਫਲ ਹੋ ਜਾਣਗੇ? ਬਾਬਾ ਰਾਮਦੇਵ ਦੇ ਪੱਖ ਵਿਚ ਕਈ ਅਹਿਮ ਕਾਰਕ ਹਨ। ਉਨ੍ਹਾਂ ਦੇ ਵੱਡੀ ਗਿਣਤੀ ਵਿਚ ਪੈਰੋਕਾਰ ਹਨ, ਉਨ੍ਹਾਂ ਕੋਲ ਕਰੋੜਾਂ ਰੁਪਏ ਦਾ ਯੋਗ ਸਾਮਰਾਜ ਹੈ। ਉਨ੍ਹਾਂ ਦੇ ਕਾਰੋਬਾਰ ਨੂੰ ਚਲਾਉਣ ਵਾਲੇ 6 ਹਜ਼ਾਰ ਲੋਕ ਹਨ। ਉਨ੍ਹਾਂ ਦੇ ਪੈਰੋਕਾਰਾਂ ਵਲੋਂ ਉਨ੍ਹਾਂ ਨੂੰ ਵੱਡੀ ਮਾਤਰਾ ਵਿਚ ਧਨ ਦਿੱਤਾ ਜਾ ਰਿਹਾ ਹੈ ਤੇ ਉਨ੍ਹਾਂ ਨੇ ਮੀਡੀਆ ਦੀ ਵਿਆਪਕ ਤੌਰ 'ਤੇ ਵਰਤੋਂ ਕੀਤੀ ਹੈ। ਟੀ.ਵੀ. ਚੈਨਲ ਉਨ੍ਹਾਂ ਦੇ ਯੋਗਾ ਦੇ ਪਸਾਰ 'ਚ ਕੰਮ ਕਰ ਰਹੇ ਹਨ। ਉਨ੍ਹਾਂ ਦਾ ਯੋਗਾ ਵਾਲਾ ਸੰਦੇਸ਼ ਸਾਰਿਆਂ ਲਈ ਹੈ।

ਉਨ੍ਹਾਂ ਨੇ ਜਮੀਅਤ-ਉਲਮਾਏ-ਹਿੰਦ ਵਲੋਂ ਦੇਵਬੰਦ 'ਚ ਦਿੱਤੇ ਗਏ ਸੱਦੇ ਨੂੰ ਖੁਸ਼ੀ-ਖੁਸ਼ੀ ਪ੍ਰਵਾਨ ਕਰ ਲਿਆ ਤੇ ਉਥੇ ਹਜ਼ਾਰਾਂ ਇਮਾਮਾਂ ਤੇ ਧਾਰਮਿਕ ਨੇਤਾਵਾਂ ਨੂੰ ਯੋਗਾ ਦਾ ਸੰਦੇਸ਼ ਦੇ ਕੇ ਪ੍ਰਭਾਵਿਤ ਕੀਤਾ। ਉਨ੍ਹਾਂ ਕੋਲ ਸਿਆਸਤ ਦਾ ਕੋਈ ਝਮੇਲਾ ਨਹੀਂ ਹੈ, ਨਾ ਹੀ ਸਿਆਸਤ 'ਚ ਕੋਈ ਗਾਡ ਫਾਦਰ ਹੈ ਅਤੇ ਨਾ ਹੀ ਉਨ੍ਹਾਂ ਦੀ ਕੋਈ ਜੁੰਡਲੀ ਹੈ। ਉਨ੍ਹਾਂ ਦਾ ਉਦੇਸ਼ ਤਾਂ ਬਹੁਤ ਚੰਗਾ ਹੈ ਕਿਉਂਕਿ ਉਹ ਭਾਰਤ ਨੂੰ ਭ੍ਰਿਸ਼ਟਾਚਾਰ ਤੋਂ ਰਹਿਤ ਬਣਾਉਣਾ ਚਾਹੁੰਦੇ ਹਨ। ਉਨ੍ਹਾਂ ਦਾ ਉਦੇਸ਼ ਕਿਸਾਨਾਂ ਤੇ ਆਮ ਜਨਤਾ ਦਾ ਕਲਿਆਣ ਕਰਨਾ ਹੈ। ਉਨ੍ਹਾਂ ਦਾ ਨਾ ਤਾਂ ਜਾਤ-ਪਾਤ ਨਾਲ ਕੋਈ ਸੰਬੰਧ ਹੈ ਤੇ ਨਾ ਹੀ ਫਿਰਕਾਪ੍ਰਸਤੀ ਨਾਲ। ਉਹ ਇਕ ਸਾਫ਼-ਸੁਥਰੇ ਪਿਛੋਕੜ ਨਾਲ ਸ਼ੁਰੂਆਤ ਕਰ ਰਹੇ ਹਨ। ਕੁਲ ਮਿਲਾ ਕੇ ਉਨ੍ਹਾਂ 'ਚ ਸਫਲ ਹੋਣ ਦੀ ਸਮਰੱਥਾ ਤਾਂ ਹੈ ਪਰ ਇਸ ਦੇ ਨਾਲ ਹੀ ਇਕ ਵੱਡਾ ਕਿੰਤੂ-ਪ੍ਰੰਤੂ ਇਹ ਹੈ ਕਿ ਕੀ ਉਹ ਸਿਆਸਤ 'ਚ ਸਫਲ ਹੋ ਵੀ ਸਕਣਗੇ।

ਜਿੱਥੋਂ ਤਕ ਉਨ੍ਹਾਂ ਦੇ ਵਿਰੋਧੀਆਂ ਦਾ ਸਵਾਲ ਹੈ, ਉਨ੍ਹਾਂ ਦਾ ਕਹਿਣਾ ਹੈ ਕਿ ਬਾਬਾ ਰਾਮਦੇਵ ਨੂੰ ਛੇਤੀ ਹੀ ਇਸ ਗੱਲ ਦਾ ਪਤਾ ਲੱਗ ਜਾਵੇਗਾ ਕਿ ਸਿਆਸਤ ਯੋਗਾ ਨਾਲੋਂ ਬਿਲਕੁਲ ਵੱਖਰੀ ਚੀਜ਼ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਭਾਰਤ ਵਿਚ ਬਹੁਤ ਜ਼ਿਆਦਾ ਸਿਆਸੀ ਪਾਰਟੀਆਂ ਹਨ, ਜੋ ਦੇਸ਼ ਵਿਚ ਸਿਆਸਤ ਨੂੰ ਉਲਝਾਉਂਦੀਆਂ ਹਨ। ਬਾਬਾ ਰਾਮਦੇਵ ਦੀ ਪਾਰਟੀ ਵੀ ਸਿਆਸਤ ਨੂੰ ਹੋਰ ਉਲਝਾਏਗੀ। ਅਜੇ ਇਹ ਗੱਲ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਦੀ ਪਾਰਟੀ ਦੀ ਵਿਚਾਰਧਾਰਾ ਕੀ ਹੈ? ਇਸਤੋਂ ਇਲਾਵਾ ਅਜੇ ਇਹ ਵੀ ਨਹੀਂ ਪਤਾ ਕਿ ਬਾਬਾ ਰਾਮਦੇਵ ਵਲੋਂ ਕੀਤੇ ਜਾ ਰਹੇ ਦਾਅਵਿਆਂ ਤੋਂ ਇਲਾਵਾ ਇਹ ਪਾਰਟੀ ਹੋਰ ਕੀ ਕਰੇਗੀ? ਬਾਬਾ ਰਾਮਦੇਵ ਵਲੋਂ ਬੇਸ਼ੱਕ ਹੀ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਸਿਆਸਤ ਵਿਚ ਸ਼ੁੱਧਤਾ ਲਿਆਉਣਗੇ ਅਤੇ ਭ੍ਰਿਸ਼ਟਾਚਾਰ ਮਿਟਾਉਣਗੇ ਪਰ ਇਹ ਕੰਮ ਇਕ ਨਵਜੰਮੀ ਪਾਰਟੀ ਲਈ ਬਹੁਤ ਚੁਣੌਤੀ ਵਾਲਾ ਹੈ।

ਬਾਬਾ ਰਾਮਦੇਵ ਇਹ ਕਿਉਂ ਸੋਚਦੇ ਹਨ ਕਿ ਉਨ੍ਹਾਂ ਦੇ ਸਾਰੇ ਵੀ.ਵੀ.ਆਈ.ਪੀ. ਚੇਲੇ, ਜਿਨ੍ਹਾਂ ਵਿਚ ਹਰਿਆਣਾ ਤੇ ਉਤਰਾਖੰਡ ਦੇ ਮੁੱਖ ਮੰਤਰੀ, ਕੇਂਦਰ ਤੇ ਰਾਜਾਂ ਦੇ ਮੰਤਰੀ ਸ਼ਾਮਿਲ ਹਨ, ਉਨ੍ਹਾਂ ਨਾਲ ਉਦੋਂ ਇਕ ਹੀ ਮੰਚ 'ਤੇ ਖੜ੍ਹੇ ਹੋਣਗੇ, ਜਦੋਂ ਉਹ ਆਪਣੇ ਪੈਰੋਕਾਰਾਂ ਨੂੰ ਆਪਣੀ ਸਿਆਸੀ ਗੱਲ ਕਹਿਣੀ ਚਾਹੁਣਗੇ? ਹੁਣ ਤਕ ਦੀ ਗੱਲ ਤਾਂ ਵੱਖਰੀ ਸੀ ਕਿਉਂਕਿ ਕਿਸੇ ਯੋਗਾ ਗੁਰੂ ਨਾਲ ਦਿਖਾਈ ਦੇਣ ਵਿਚ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਰਿਹਾ ਹੋਵੇਗਾ।

'ਭਾਰਤ ਸਵਾਭਿਮਾਨ ਪਾਰਟੀ' ਨੂੰ ਚੋਣਾਂ ਲੜਨ ਦੀ ਤਿਆਰੀ ਕਰਨੀ ਪਵੇਗੀ ਤੇ ਇਸ ਦੇ ਲਈ 2014 ਦੀਆਂ ਲੋਕ ਸਭਾ ਚੋਣਾਂ ਤਕ ਆਪਣੀ ਹੋਂਦ ਬਣਾਈ ਰੱਖਣਾ ਤੇ 543 ਲੋਕ ਸਭਾ ਚੋਣ ਹਲਕਿਆਂ ਲਈ ਉਮੀਦਵਾਰ ਲੱਭ ਸਕਣਾ ਬਹੁਤ ਮੁਸ਼ਕਿਲ ਹੋਵੇਗਾ। ਉਹ ਯੂ.ਪੀ. ਦੀ ਮੁੱਖ ਮੰਤਰੀ ਮਾਇਆਵਤੀ ਨੂੰ ਪੁੱਛ ਕੇ ਦੇਖ ਲੈਣ ਤੇ ਉਨ੍ਹਾਂ ਨੂੰ ਆਪਣੀ ਪਾਰਟੀ ਬਸਪਾ ਦਾ ਯੂ.ਪੀ. ਤੋਂ ਬਾਹਰ ਅਤੇ ਦੱਖਣੀ ਸੂਬਿਆਂ 'ਚ ਪਸਾਰ ਕਰਨ 'ਚ ਕਿੰਨੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸਤੋਂ ਇਲਾਵਾ ਬਾਬਾ ਰਾਮਦੇਵ ਉੱਤਰ ਭਾਰਤ ਵਿਚ ਹਰਮਨਪਿਆਰੇ ਹਨ ਪਰ ਦੱਖਣ ਭਾਰਤ ਵਿਚ ਸ਼ਾਇਦ ਯੋਗਾ ਦੇ ਖੇਤਰ ਵਿਚ ਉਨ੍ਹਾਂ ਦੇ ਹੋਰ ਵੀ ਵਿਰੋਧੀ ਹਨ।

ਬਾਬਾ ਰਾਮਦੇਵ ਨਾਲ ਕੁਝ ਦੇ ਵਿਵਾਦ ਵੀ ਹਨ। 2006 'ਚ ਮਾਕਪਾ ਨੇਤਾ ਵਰਿੰਦਾ ਕਾਰਤ ਨੇ ਦੋਸ਼ ਲਗਾਇਆ ਸੀ ਕਿ ਬਾਬਾ ਰਾਮਦੇਵ ਦੇ ਦਿਵਯਾ ਯੋਗ ਮੰਦਰ ਟਰੱਸਟ ਫਾਰਮੇਸੀ ਵਲੋਂ ਦਵਾਈਆਂ ਦੇ ਨਿਰਮਾਣ 'ਚ ਜਾਨਵਰਾਂ ਦੀਆਂ ਹੱਡੀਆਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ। ਬੇਸ਼ੱਕ ਬਾਬਾ ਰਾਮਦੇਵ ਇਸ ਵਿਵਾਦ 'ਚੋਂ ਨਿਕਲ ਆਏ ਸਨ ਪਰ ਲੋਕਾਂ ਦੇ ਮਨ ਵਿਚ ਇਕ ਧਾਰਨਾ ਤਾਂ ਬਣ ਹੀ ਗਈ ਸੀ। ਬਾਬਾ ਰਾਮਦੇਵ ਨੇ ਦਿੱਲੀ ਹਾਈਕੋਰਟ ਵਲੋਂ ਸਮਲਿੰਗਕਤਾ ਨੂੰ ਅਪਰਾਧ ਦੀ ਸ਼੍ਰੇਣੀ ਤੋਂ ਬਾਹਰ ਰੱਖੇ ਜਾਣ ਤੋਂ ਬਾਅਦ ਸਮਲਿੰਗਤਾ ਦਾ ਵਿਰੋਧ ਕੀਤਾ ਸੀ। ਬਾਬਾ ਰਾਮਦੇਵ ਦਾ ਦਾਅਵਾ ਹੈ ਕਿ ਏਡਜ਼ ਅਤੇ ਕੈਂਸਰ ਵਰਗੀਆਂ ਬੀਮਾਰੀਆਂ ਦਾ ਇਲਾਜ ਯੋਗਾ ਨਾਲ ਕੀਤਾ ਜਾ ਸਕਦਾ ਹੈ। ਇਸ ਗੱਲ ਨੇ ਵੀ ਉਨ੍ਹਾਂ ਨੂੰ ਚਰਚਾ 'ਚ ਲੈ ਆਂਦਾ ਸੀ। ਬਾਬਾ ਰਾਮਦੇਵ ਕੋਲ ਅਜਿਹਾ ਕੋਈ ਭਾਵਨਾਤਮਕ ਮੁੱਦਾ ਵੀ ਨਹੀਂ ਹੈ, ਜੋ ਲੋਕਾਂ ਨੂੰ ਉਨ੍ਹਾਂ ਦੀ ਪਾਰਟੀ ਨਾਲ ਜੋੜ ਸਕੇ। ਭ੍ਰਿਸ਼ਟਾਚਾਰ ਇਕ ਅਜਿਹਾ ਮੁੱਦਾ ਹੈ, ਜੋ ਉਨ੍ਹਾਂ ਨੂੰ ਵੋਟਾਂ ਦਿਵਾ ਵੀ ਸਕਦਾ ਹੈ ਤੇ ਨਹੀਂ ਵੀ। ਮੁੱਕਦੀ ਗੱਲ ਇਹ ਹੈ ਕਿ ਉਨ੍ਹਾਂ ਨੂੰ ਆਪਣੇ ਯੋਗਾ ਨੂੰ ਸਿਆਸਤ ਨਾਲੋਂ ਵੱਖ ਕਰਨਾ ਪਵੇਗਾ, ਜੋ ਕਿ ਉਨ੍ਹਾਂ ਲਈ ਬਹੁਤ ਮੁਸ਼ਕਿਲ ਕੰਮ ਹੋਵੇਗਾ। ਕੀ ਉਨ੍ਹਾਂ ਨੂੰ ਸਿਆਸਤ ਵਿਚ ਆਉਣ ਦੀ ਬਜਾਏ ਚੋਣਾਂ ਵਿਚ ਚੰਗੇ ਉਮੀਦਵਾਰਾਂ ਦਾ ਸਮਰਥਨ ਨਹੀਂ ਕਰਨਾ ਚਾਹੀਦਾ? ਉਹ ਇਕ ਰਾਜਨੇਤਾ ਦੀ ਬਜਾਏ ਯੋਗਾ ਗੁਰੂ ਵਜੋਂ ਵੋਟਰਾਂ ਨੂੰ ਬੇਹਤਰ ਢੰਗ ਨਾਲ ਪ੍ਰਭਾਵਿਤ ਕਰ ਸਕਦੇ ਹਨ। ਆਮ ਤੌਰ 'ਤੇ ਇਸ ਸਮੇਂ ਬਾਬਾ ਰਾਮਦੇਵ ਨੂੰ ਵੱਖ-ਵੱਖ ਸੂਬਿਆਂ ਵਿਚ ਜੋ ਸਮਰਥਨ ਮਿਲ ਰਿਹਾ ਹੈ, ਉਹ ਉਨ੍ਹਾਂ ਦੇ ਸਿਆਸਤ ਵਿਚ ਆਉਂਦਿਆਂ ਹੀ ਖਤਮ ਹੋ ਜਾਵੇਗਾ।

ਬਾਬਾ ਰਾਮਦੇਵ ਜੇਕਰ ਸਿਆਸਤ ਵਿਚ ਆਉਣ ਲਈ ਇੰਨੇ ਹੀ ਉਤਾਵਲੇ ਹਨ ਤਾਂ ਉਨ੍ਹਾਂ ਸਾਹਮਣੇ ਇਸ ਖੇਤਰ ਵਿਚ ਕੰਮ ਕਰਨ ਲਈ ਭਾਰੀ ਚੁਣੌਤੀਆਂ ਹੋਣਗੀਆਂ। ਸਭ ਤੋਂ ਮੁਸ਼ਕਿਲ ਕੰਮ ਤਾਂ ਮੌਜੂਦਾ ਪ੍ਰਣਾਲੀ ਨਾਲ ਸੰਘਰਸ਼ ਕਰਨ ਦਾ ਹੀ ਹੋਵੇਗਾ, ਜੋ ਕਿ ਉਪਰੋਂ ਹੇਠਾਂ ਤਕ ਭ੍ਰਿਸ਼ਟ ਹੋ ਚੁੱਕੀ ਹੈ। ਸਭ ਤੋਂ ਵੱਡੀ ਗੱਲ ਇਹ ਹੈ ਕਿ ਆਪਣੀ ਪਾਰਟੀ ਬਣਾਉਣ ਲਈ ਉਹ ਕਿਨ੍ਹਾਂ ਲੋਕਾਂ 'ਤੇ ਨਿਰਭਰ ਹੋਣਗੇ? ਜੇ ਅਗਲੀਆਂ ਚੋਣਾਂ ਵਿਚ ਉਨ੍ਹਾਂ ਦੀ ਪਾਰਟੀ ਕੁਝ ਸੀਟਾਂ ਜਿੱਤ ਵੀ ਜਾਵੇ ਤਾਂ ਵੀ ਉਨ੍ਹਾਂ ਦੀ ਪਾਰਟੀ ਸਭ ਤੋਂ ਵੱਡੀ ਇਕੱਲੀ ਪਾਰਟੀ ਨਹੀਂ ਹੋਵੇਗੀ, ਜੋ ਸਰਕਾਰ ਬਣਾ ਸਕੇ। ਉਸ ਸਥਿਤੀ 'ਚ ਉਨ੍ਹਾਂ ਦੀ ਪਾਰਟੀ ਦੇ ਮੈਂਬਰ ਤੇ ਉਹ ਖ਼ੁਦ ਮੌਜੂਦਾ ਸਿਆਸੀ ਪ੍ਰਣਾਲੀ 'ਚ ਹੀ ਸ਼ਾਮਿਲ ਹੋ ਜਾਣਗੇ, ਜੋ ਸੱਤਾਧਾਰੀ ਗੱਠਜੋੜ 'ਚ ਸ਼ਾਮਿਲ ਹੋਣ ਲਈ ਬੇਹਤਰ ਸ਼ਰਤਾਂ ਤੇ ਸੌਦੇਬਾਜ਼ੀ ਕਰਨ ਲੱਗ ਪੈਣਗੇ। ਕੀ ਯੋਗਾ ਗੁਰੂ ਇਸ ਦੇ ਲਈ ਤਿਆਰ ਹਨ?

# ਕੇਂਦਰ ਕਾਲੀ ਸੂਚੀ ਦੇ ਬਹੁਤੇ ਨਾਂ ਹਟਾਉਣ ਲਈ ਤਿਆਰ?

**ਨਵੀਂ ਦਿੱਲੀ:** ਪੰਜਾਬ ਵਲੋਂ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਦੀ ਚਿਰੋਕਣੀ ਮੰਗ ਆਖਰਕਾਰ ਕੇਂਦਰ ਨੇ ਸੁਣ ਲਈ ਹੈ। ਉਸ ਵਲੋਂ ਦੇਸ਼ ਵਿਚ ਵੱਖਵਾਦੀ ਸਰਗਰਮੀਆਂ ਵਿਚ ਸਿੱਧੇ ਤੇ ਅਸਿੱਧੇ ਤੌਰ 'ਤੇ ਸ਼ਾਮਲ ਰਹੇ 300 ਸਿੱਖਾਂ ਦੇ ਨਾਵਾਂ ਦੀ ਕਾਲੀ ਸੂਚੀ ਵਿਚੋਂ 250 ਦੇ ਕਰੀਬ ਨਾਮ ਕੱਢਣ ਦੀ ਤਿਆਰੀ ਕੀਤੀ ਜਾ ਰਹੀ ਹੈ। ਸੂਚੀ ਵਿਚ ਦਰਜ ਨਾਵਾਂ ਵਾਲੇ ਸਿੱਖ ਇਸ ਵੇਲੇ ਵਿਦੇਸ਼ਾਂ ਵਿਚ ਰਹਿ ਰਹੇ ਹਨ ਤੇ 26 ਸਾਲਾਂ ਤੋਂ ਭਾਰਤ ਵਿਚ ਆਉਣ ਲਈ ਤਰਸ ਰਹੇ ਹਨ।

ਕੇਂਦਰੀ ਗ੍ਰਹਿ ਮੰਤਰਾਲੇ ਦੇ ਸੂਤਰਾਂ ਮੁਤਾਬਕ ਅਗਲੇ ਮਹੀਨੇ ਦੇ ਅਖੀਰ ਤੱਕ 300 ਨਾਵਾਂ ਵਾਲੀ ਇਸ ਸੂਚੀ 'ਚ ਸਿਰਫ 50 ਨਾਮ ਰਹਿ ਜਾਣਗੇ। ਇਹ ਸੂਚੀ ਉਦੋਂ ਤਿਆਰ ਕੀਤੀ ਗਈ ਸੀ ਜਦੋਂ ਪੰਜਾਬ ਵਿਚ ਅਤਿਵਾਦ ਸਿਖਰ 'ਤੇ ਸੀ। ਉਦੋਂ ਅਤਿਵਾਦ ਵਿਚ ਸਿੱਧੇ ਤੇ ਅਸਿੱਧੇ ਤੌਰ 'ਤੇ ਸਰਗਰਮ ਸਿੱਖ ਵੱਡੀ ਗਿਣਤੀ ਵਿਚ ਕੈਨੇਡਾ, ਬਰਤਾਨੀਆ ਤੇ ਅਮਰੀਕਾ ਸਣੇ ਹੋਰ ਮੁਲਕਾਂ ਵਿਚ ਖਿਸਕ ਗਏ ਸਨ। ਇਨ੍ਹਾਂ ਵਿਚੋਂ ਕਈ ਖਾਲਿਸਤਾਨ ਦੀ ਪ੍ਰਾਪਤੀ ਲਈ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਬੱਬਰ ਖਾਲਸਾ ਇੰਟਰਨੈਸ਼ਨਲ ਲਈ ਸਰਗਰਮ ਸਨ, ਜਦਕਿ ਬਾਕੀ ਉਨ੍ਹਾਂ ਦੇ ਸੰਪਰਕ ਵਿਚ ਸਨ। ਸੂਤਰਾਂ ਮੁਤਾਬਕ ਸਰਕਾਰ ਇਸ ਗੱਲ ਦੀ ਘੋਖ ਕਰ ਰਹੀ ਹੈ ਕਿ ਇਸ ਸੂਚੀ ਵਿਚਲੇ ਕਿਹੜੇ ਕਿਹੜੇ ਲੋਕ ਭਾਵੁਕ ਹੋ ਕੇ ਇਨ੍ਹਾਂ ਗਰੁੱਪਾਂ ਨਾਲ ਜੁੜੇ ਸਨ ਤੇ ਕਿਨ੍ਹਾਂ ਨੇ ਇਨ੍ਹਾਂ ਤੋਂ ਆਪਣੀ ਦੂਰੀ ਬਣਾ ਕੇ ਰੱਖੀ। ਸੂਤਰਾਂ ਨੇ ਮੰਨਿਆ ਹੈ ਕਿ ਸੂਚੀ ਵਿਚ ਅਜਿਹੇ ਲੋਕਾਂ ਦੇ ਨਾਮ ਦਰਜ ਹਨ ਜਿਨ੍ਹਾਂ ਕਦੇ ਕਦਾਈਂ ਭਾਰਤ ਵਿਰੋਧੀ ਭਾਸ਼ਨ ਦਿੱਤੇ ਜਾਂ ਵੱਖਵਾਦੀਆਂ ਦੀਆਂ ਮੀਟਿੰਗਾਂ ਵਿਚ ਹਿੱਸਾ ਲਿਆ। ਉਨ੍ਹਾਂ ਅਨੁਸਾਰ, ''ਅਸੀਂ ਸੂਚੀ ਵਿਚ ਸਿਰਫ ਕੱਟੜਪੰਥੀਆਂ ਦੇ ਨਾਂਅ ਰੱਖਾਂਗੇ ਤੇ ਅਜਿਹੇ ਤੱਤਾਂ ਦੀ ਗਿਣਤੀ 50 ਤੋਂ ਵੱਧ ਨਹੀਂ ਹੋਵੇਗੀ।''

ਗ੍ਰਹਿ ਮੰਤਰਾਲੇ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਸੂਚੀ ਵਿਚੋਂ ਨਾਂਅ ਕੱਢਣ ਦੀ ਪ੍ਰਕਿਰਿਆ ਦਾ ਆਧਾਰ ਖੁਫੀਆ ਰਿਪੋਰਟਾਂ ਨੂੰ ਬਣਾਇਆ ਜਾ ਰਿਹਾ ਹੈ। ਪਰਵਾਸੀ ਭਾਰਤੀ ਸਿੱਖਾਂ, ਸ਼੍ਰੋਮਣੀ ਅਕਾਲੀ ਦਲ ਤੇ ਪੰਜਾਬ ਕਾਂਗਰਸ ਵਰਗੀਆਂ ਪਾਰਟੀਆਂ ਵਲੋਂ ਕੇਂਦਰ ਉਪਰ ਸਿੱਖਾਂ ਦੀ ਕਾਲੀ ਸੂਚੀ ਖਤਮ ਕਰਨ ਲਈ ਅਰਸੇ ਤੋਂ ਦਬਾਅ ਪਾਇਆ ਜਾ ਰਿਹਾ ਹੈ। ਇਨ੍ਹਾਂ ਦਾ ਤਰਕ ਹੈ ਕਿ ਅਤਿਵਾਦ ਹੁਣ ਅਤੀਤ ਦੀ ਗੱਲ ਹੋ ਚੁੱਕੀ ਹੈ ਤੇ ਇਸ ਸਥਿਤੀ ਵਿਚ ਇਸ ਕਾਲੀ ਸੂਚੀ ਦੀ ਕੋਈ ਤੁਕ ਨਹੀਂ। ਪੰਜਾਬ ਦੇ ਹਾਲਾਤ ਸੁਧਰ ਚੁੱਕੇ ਹਨ ਅਤੇ ਕਈ ਪਰਵਾਸੀ ਭਾਰਤੀਆਂ ਦਾ ਨਜ਼ਰੀਆ ਬਦਲ ਚੁੱਕਿਆ ਹੈ। ਉਨ੍ਹਾਂ ਦੇ ਬੱਚਿਆਂ ਨੂੰ ਬੇਕਸੂਰ ਹੁੰਦਿਆਂ ਹੋਇਆਂ ਵੀ ਭਾਰਤ ਦਾ ਵੀਜ਼ਾ ਨਹੀਂ ਦਿੱਤਾ ਜਾ ਰਿਹਾ। ਇਹ ਤਰਕ ਵੀ ਦਿੱਤਾ ਜਾ ਰਿਹਾ ਹੈ ਕਿ ਸੂਚੀ ਵਿਚ ਦਰਜ ਕਈ ਅਜਿਹੇ ਵੀ ਹਨ, ਜਿਹੜੇ ਅਤਿਵਾਦ ਦਾ ਸਹਾਰਾ ਲੈ ਕੇ ਵਿਦੇਸ਼ਾਂ ਵਿਚ ਸਿਆਸੀ ਸ਼ਰਨ ਲੈ ਗਏ ਤੇ ਉਨ੍ਹਾਂ ਦਾ ਇਕੋ-ਇਕ ਮਕਸਦ ਪੱਛਮੀ ਮੁਲਕਾਂ ਜਾਂ ਅਮਰੀਕਾ ਵਿਚ ਵਸਣਾ ਸੀ।

ਇਨ੍ਹਾਂ ਸਭ ਕਾਰਨਾਂ ਤੋਂ ਵੱਖਰੀ ਤੇ ਅਹਿਮ ਗੱਲ, ਜਿਸ ਨੇ ਕੇਂਦਰ ਨੂੰ ਸੂਚੀ ਖਤਮ ਕਰਨ ਵਲ ਤੋਰਿਆ ਹੈ, ਉਹ ਇਹ ਹੈ ਕਿ ਪਾਕਿਸਤਾਨ ਹੁਣ ਪੰਜਾਬ ਵਿਚ ਮੁੜ ਅਤਿਵਾਦ ਪੈਦਾ ਕਰਨ ਲਈ ਖਿੰਡੇ ਅਤਿਵਾਦੀਆਂ ਨੂੰ ਇਕਜੁੱਟ ਕਰਨ ਦੀ ਤਿਆਰੀ 'ਚ ਹੈ। ਖੁਫੀਆ ਰਿਪੋਰਟ ਮੁਤਾਬਕ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੈਂਬਰ ਜਿਹੜੇ ਇਸ ਵੇਲੇ ਪਾਕਿਸਤਾਨ ਵਿਚ ਲੁਕੇ ਹੋਏ ਹਨ, ਭਾਰਤ ਵਿਚ ਆ ਕੇ ਗੜਬੜ ਪੈਦਾ ਕਰਨਾ ਚਾਹੁੰਦੇ ਹਨ। ਕੇਂਦਰ ਨਹੀਂ ਚਾਹੁੰਦੀ ਕਿ ਅਜਿਹੇ ਦੇਸ਼ ਵਿਰੋਧੀ ਅਨਸਰਾਂ ਨੂੰ ਮੁੜ ਇਕਜੁੱਟ ਹੋਣ ਦਾ ਮੌਕਾ ਦਿੱਤਾ ਜਾਵੇ ਤੇ ਪੰਜਾਬ ਵਿਚ ਮੁੜ ਕਾਲੇ ਦਿਨ ਆਉਣ। ਇਸ ਦੌਰਾਨ ਐਨ.ਆਰ.ਆਈ. ਸਭਾ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਕਮਲਜੀਤ ਸਿੰਘ ਹੇਅਰ ਨੇ ਦੱਸਿਆ ਕਿ ਪਰਵਾਸੀ ਭਾਰਤੀਆਂ ਦੀ ਕਾਲੀ ਸੂਚੀ ਖਤਮ ਕਰਵਾਉਣ ਲਈ ਉਹ ਪਹਿਲ ਦੇ ਆਧਾਰ 'ਤੇ ਕੰਮ ਕਰਨਗੇ ਅਤੇ ਐਨ.ਆਰ.ਆਈ. ਸਭਾ ਦੀਆਂ ਚੋਣਾਂ ਤੋਂ ਬਾਅਦ ਭਾਰਤ ਦੇ ਗ੍ਰਹਿ ਮੰਤਰੀ ਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਮਿਲਣਗੇ।

ਸ੍ਰੀ ਹੇਅਰ ਨੇ ਕਿਹਾ ਕਿ ਪਰਵਾਸੀਆਂ ਦੀ ਕਾਲੀ ਸੂਚੀ ਕਾਰਨ ਅਜੇ ਵੀ ਵੱਡੀ ਗਿਣਤੀ ਵਿਚ ਪਰਵਾਸੀ ਦੇਸ਼ ਵਾਪਸ ਨਹੀਂ ਆ ਸਕਦੇ, ਜਦੋਂਕਿ ਉਨ੍ਹਾਂ ਦਾ ਕੋਈ ਵੱਡਾ ਕਸੂਰ ਨਹੀਂ ਸੀ। ਭਾਵਨਾਤਮਕ ਤੌਰ 'ਤੇ ਅਚਾਨਕ ਹੋਈਆਂ ਮਾਮੂਲੀ ਕਾਰਵਾਈਆਂ ਕਾਰਨ ਵੱਡੀ ਗਿਣਤੀ ਵਿਚ ਪਰਵਾਸੀ ਕਾਲੀ ਸੂਚੀ ਵਿਚ ਸ਼ਾਮਲ ਕਰ ਲਏ ਗਏ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਹੀ ਨਹੀਂ ਬਲਕਿ ਵਿਦੇਸ਼ਾਂ ਵਿਚ ਵੀ ਉਨ੍ਹਾਂ ਦੀਆਂ ਪਿਛਲੇ ਦਹਾਕਿਆਂ ਤੋਂ ਸਰਗਰਮੀਆਂ ਪੁਰਅਮਨ ਹੀ ਰਹੀਆਂ ਹਨ ਪਰ ਫਿਰ ਵੀ ਉਨ੍ਹਾਂ ਦੇ ਨਾਂ ਕਾਲੀ ਸੂਚੀ ਵਿਚ ਜਿਉਂ ਦੇ ਤਿਉਂ ਹਨ। ਬਹੁਤ ਸਾਰੇ ਐਨ.ਆਰ.ਆਈਜ਼ ਨੂੰ ਸਬੰਧਤ ਦੇਸ਼ਾਂ ਨੇ ਵੀਜ਼ੇ ਵੀ ਦਿੱਤੇ ਪਰ ਉਨ੍ਹਾਂ ਨੂੰ ਭਾਰਤੀ ਹਵਾਈ ਅੱਡਿਆਂ ਤੋਂ ਵਾਪਸ ਮੋੜ ਦਿੱਤਾ ਗਿਆ। ਸ੍ਰੀ ਹੇਅਰ ਨੇ ਕਿਹਾ ਕਿ ਐਨ.ਆਰ.ਆਈ. ਸਭਾ ਵਲੋਂ ਪੰਜਾਬ ਦੇ ਮੁੱਖ ਮੰਤਰੀ ਤੇ ਉਪ ਮੁੱਖ ਮੰਤਰੀ ਕੋਲ ਕਾਲੀ ਸੂਚੀ ਖਤਮ ਕਰਵਾਉਣ ਬਾਰੇ ਪੱਤਰ ਵੀ ਲਿਖੇ ਗਏ ਸਨ।


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.

Contact : Dr. Shweat Oberoi E-mail : shweat077@yahoo.com

Mobile : 98155-33933 Fax : 0091-181-5062627

# ਸੁਪਰੀਮ ਕੋਰਟ ਦੀ ਵਿਸ਼ੇਸ਼ ਟੀਮ ਵਲੋਂ ਨਰਿੰਦਰ ਮੋਦੀ ਤੋਂ ਪੁੱਛਗਿੱਛ

**ਅਹਿਮਦਾਬਾਦ:** ਕਈ ਮਹੀਨਿਆਂ ਦੀ ਟਾਲ-ਮਟੋਲ ਤੋਂ ਬਾਅਦ ਆਖਰਕਾਰ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਸ਼ਨੀਵਾਰ ਨੂੰ ਗੁਲਬਰਗ ਸੁਸਾਇਟੀ ਕਤਲ ਕਾਂਡ ਸਮੇਤ 2002 ਵਿਚ ਹੋਏ ਗੁਜਰਾਤ ਦੰਗਿਆਂ ਦੇ ਮਾਮਲੇ ਵਿਚ ਸੁਪਰੀਮ ਕੋਰਟ ਵਲੋਂ ਬਣਾਈ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਸਾਹਮਣੇ ਪੇਸ਼ ਹੋਏ। ਪਹਿਲੇ ਗੇੜ ਵਿਚ ਸ੍ਰੀ ਮੋਦੀ ਨਾਲ ਜਾਂਚ ਟੀਮ ਅਧਿਕਾਰੀਆਂ ਨੇ ਕਰੀਬ ਸਾਢੇ ਪੰਜ ਘੰਟੇ ਪੁੱਛਗਿੱਛ ਕੀਤੀ ਤੇ ਪੂਰੀ ਸੰਤੁਸ਼ਟੀ ਨਾ ਹੋਣ 'ਤੇ ਉਨ੍ਹਾਂ ਨੂੰ ਮੁੜ ਰਾਤ 9.00 ਵਜੇ ਜਾਂਚ ਲਈ ਸੱਦ ਲਿਆ। ਜਾਂਚ ਟੀਮ ਨੇ ਪਹਿਲੇ ਗੇੜ ਵਿਚ ਮੋਦੀ ਤੋਂ ਕੁੱਲ 68 ਸਵਾਲ ਪੁੱਛੇ, ਜਿਨ੍ਹਾਂ ਵਿਚੋਂ ਉਨ੍ਹਾਂ ਨੇ 62 ਦਾ ਜਵਾਬ ਦਿੱਤਾ ਤੇ ਬਾਕੀ ਸਵਾਲਾਂ ਦੇ ਜਵਾਬ ਲਈ ਜਾਂਚ ਟੀਮ ਨੇ ਉਨ੍ਹਾਂ ਨੂੰ 9 ਵਜੇ ਸੱਦਿਆ।

ਭਾਜਪਾ ਦੇ ਸੀਨੀਅਰ ਆਗੂਆਂ ਵਿਚ ਸ਼ਾਮਲ 59 ਸਾਲਾ ਸ੍ਰੀ ਮੋਦੀ ਬਾਅਦ ਦੁਪਹਿਰ ਕਰੀਬ 12 ਵਜੇ ਪੁਰਾਣੇ ਸਕਤਰੇਤ ਭਵਨ 'ਚ ਜਾਂਚ ਟੀਮ ਸਾਹਮਣੇ ਪੇਸ਼ ਹੋਏ। ਦੱਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਇਹ ਭੰਬਲਭੂਸਾ ਬਣਿਆ ਹੋਇਆ ਸੀ ਕਿ ਸ੍ਰੀ ਮੋਦੀ ਤੋਂ ਕਿੱਥੇ ਤੇ ਕਦੋਂ ਪੁੱਛਗਿੱਛ ਕੀਤੀ ਜਾਵੇਗੀ। ਜਾਂਚ ਟੀਮ ਵਲੋਂ ਕੀਤੀ ਗਈ ਪੁੱਛਗਿੱਛ ਤੋਂ ਬਾਅਦ ਸ੍ਰੀ ਮੋਦੀ ਦੇਸ਼ ਦੇ ਅਜਿਹੇ ਪਹਿਲੇ ਮੁੱਖ ਮੰਤਰੀ ਹਨ, ਜਿਨ੍ਹਾਂ ਤੋਂ ਕਤਲ ਕਾਂਡ ਵਰਗੇ ਅਪਰਾਧਿਕ ਮਾਮਲਿਆਂ ਵਿਚ ਪੁੱਛਗਿੱਛ ਕੀਤੀ ਜਾ ਰਹੀ ਹੈ। ਰਿਪੋਰਟ ਮੁਤਾਬਕ ਜਦੋਂ ਸ੍ਰੀ ਮੋਦੀ ਜਾਂਚ ਟੀਮ ਦੇ ਦਫ਼ਤਰ ਪਹੁੰਚੇ ਤਾਂ ਉਸ ਸਮੇਂ ਜਾਂਚ ਟੀਮ ਦੇ ਮੁਖੀ ਆਰ ਕੇ ਰਾਘਵਨ ਉਥੇ ਮੌਜੂਦ ਨਹੀਂ ਸਨ ਤੇ ਉਨ੍ਹਾਂ ਤੋਂ ਜਾਂਚ ਟੀਮ ਦੇ ਇਕ ਹੋਰ ਮੈਂਬਰ ਏ ਕੇ ਮਲਹੋਤਰਾ ਨੇ ਪੁੱਛਗਿੱਛ ਕੀਤੀ। ਸ੍ਰੀ ਮੋਦੀ ਦੀ ਪੇਸ਼ੀ ਨੂੰ ਲੈ ਕੇ ਜਿੱਥੇ ਜਾਂਚ ਟੀਮ ਦਫ਼ਤਰ ਦੇ ਨਜ਼ਦੀਕ ਬੇਹੱਦ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ, ਉਥੇ ਵੱਡੀ ਗਿਣਤੀ ਵਿਚ ਮੀਡੀਆ ਵਾਲੇ ਵੀ ਉਥੇ ਮੌਜੂਦ ਸਨ। ਕੁੜਤਾ ਪਜਾਮਾ ਪਾ ਕੇ ਜਾਂਚ ਟੀਮ ਦੇ ਦਫ਼ਤਰ ਪਹੁੰਚੇ ਸ੍ਰੀ ਮੋਦੀ ਨੇ ਮੀਡੀਆ ਵਾਲਿਆਂ ਨੂੰ ਆਪਣੇ ਪੱਖ ਵਿਚ ਕਰਨ ਦਾ ਯਤਨ ਵੀ ਕੀਤਾ, ਉਨ੍ਹਾਂ ਉਥੇ ਮੌਜੂਦ ਮੀਡੀਆ ਵਾਲਿਆਂ ਦਾ ਸਵਾਗਤ ਕੀਤਾ।

ਦੂਜੇ ਪਾਸੇ ਸ੍ਰੀ ਮੋਦੀ ਦੀ ਪੇਸ਼ੀ ਨੂੰ ਲੈ ਕੇ ਸਿਆਸਤ ਪੂਰੀ ਤਰ੍ਹਾਂ ਗਰਮਾ ਗਈ ਹੈ। ਸ੍ਰੀ ਮੋਦੀ ਤੋਂ ਪੁੱਛਗਿੱਛ ਦੀ ਸ਼ੁਰੂਆਤ ਨੂੰ ਜਿੱਥੇ ਧਰਮ ਨਿਰਪੱਖ ਸਿਆਸੀ ਪਾਰਟੀਆਂ ਤੇ ਕੁਝ ਗੈਰ ਸਰਕਾਰੀ ਜਥੇਬੰਦੀਆਂ ਨੇ ਭਾਰਤੀ ਲੋਕਤੰਤਰ ਲਈ ਬੇਹੱਦ ਅਹਿਮ ਦੱਸਿਆ ਹੈ, ਉਥੇ ਭਾਜਪਾ ਵੀ



ਇਸ ਨੂੰ ਆਪਣੀ ਸਿਆਸੀ ਜਿੱਤ ਦੱਸ ਰਹੀ ਹੈ। ਕੇਂਦਰ ਸਰਕਾਰ ਦੀ ਅਗਵਾਈ ਕਰ ਰਹੀ ਕਾਂਗਰਸ ਪਾਰਟੀ ਨੇ ਇਸ ਮਾਮਲੇ ਵਿਚ ਭਾਜਪਾ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਸਦੇ ਆਗੂਆਂ ਵਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਭਾਰਤੀ ਲੋਕਤੰਤਰ 'ਤੇ ਵੱਡਾ ਧੱਬਾ ਹਨ।

ਇਸੇ ਤਰ੍ਹਾਂ ਸਮਾਜਿਕ ਕਾਰਕੁੰਨ ਤੀਸਤਾ ਸੀਤਲਵਾੜ ਨੇ ਕਿਹਾ ਕਿ ਲੋਕਤੰਤਰ ਤੇ ਕਾਨੂੰਨ ਦੇ ਰਾਜ ਲਈ ਅੱਜ ਇਕ ਅਹਿਮ ਦਿਨ ਹੈ, ਕਿਉਂਕਿ ਅੱਜ ਲੰਮਾ ਸਮਾਂ ਦੰਗਿਆਂ ਦਾ ਸੰਤਾਪ ਝੱਲ ਚੁੱਕੇ ਪੀੜਤਾਂ ਨੂੰ ਨਿਆਂ ਦੀ ਆਸ ਬੱਝੀ ਹੈ। ਉਨ੍ਹਾਂ ਕਿਹਾ ਕਿ ਪੀੜਤਾਂ ਵਲੋਂ ਕੀਤੇ ਗਏ ਯਤਨਾਂ ਦੇ ਬਾਅਦ ਹੀ ਇਕ ਮੁੱਖ ਮੰਤਰੀ ਨੂੰ ਪੇਸ਼ੀ 'ਤੇ ਹਾਜ਼ਰ ਹੋਣ ਲਈ ਮਜਬੂਰ ਹੋਣਾ ਪਿਆ ਹੈ।

ਦੂਜੇ ਪਾਸੇ ਭਾਜਪਾ ਨੇ ਮੋਦੀ ਦੀ ਪੇਸ਼ੀ ਨੂੰ ਨੈਤਿਕ ਜਿੱਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਮੋਦੀ ਨੇ ਜਾਂਚ ਟੀਮ ਸਾਹਮਣੇ ਪੇਸ਼ ਹੋ ਕੇ ਸੰਵਿਧਾਨ ਦੀ ਪਾਲਣਾ ਕੀਤੀ ਹੈ ਤੇ ਉਨ੍ਹਾਂ ਸਿੱਧ ਕਰ ਦਿੱਤਾ ਹੈ ਕਿ ਕੋਈ ਵੀ ਵਿਅਕਤੀ ਭਾਵੇਂ ਉਹ ਮੁੱਖ ਮੰਤਰੀ ਕਿਉਂ ਨਾ ਹੋਵੇ, ਭਾਰਤੀ ਸੰਵਿਧਾਨ ਤੋਂ ਉਪਰ ਨਹੀਂ ਹੈ। ਇਸੇ ਤਰ੍ਹਾਂ ਗੁਜਰਾਤ ਸਰਕਾਰ ਦੇ ਬੁਲਾਰੇ ਜੈ ਪ੍ਰਕਾਸ਼ ਨਰਾਇਣ ਨੇ ਇਸ ਗੱਲ ਨੂੰ ਖਾਰਜ ਕਰ ਦਿੱਤਾ ਕਿ ਐਸ ਆਈ ਟੀ ਜਾਂਚ ਨਾਲ ਗੁਜਰਾਤ ਸਰਕਾਰ ਤੇ ਭਾਜਪਾ ਨੂੰ ਕੋਈ ਝਟਕਾ ਲੱਗੇਗਾ। ਦੱਸਣਾ ਬਣਦਾ ਹੈ ਕਿ ਮੋਦੀ ਦਾ ਜਾਂਚ ਟੀਮ ਸਾਹਮਣੇ ਪੇਸ਼ ਹੋਣ ਨੂੰ ਇਸ ਲਈ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਕਿਸੇ ਸੂਬੇ ਦੇ ਮੁੱਖ ਮੰਤਰੀ ਤੋਂ ਦੰਗਿਆਂ ਦੇ ਮਾਮਲੇ ਵਿਚ ਕਿਸੇ ਅਥਾਰਟੀ ਵਲੋਂ ਪਹਿਲੀ ਵਾਰ ਪੁੱਛਗਿੱਛ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵਲੋਂ ਗਠਿਤ ਇਸ ਜਾਂਚ ਟੀਮ ਨੇ ਸ੍ਰੀ ਮੋਦੀ ਨੂੰ ਕਈ ਵਾਰ ਸੰਮਨ ਭੇਜਿਆ ਸੀ, ਪਰ ਉਨ੍ਹਾਂ ਇਹ ਕਹਿੰਦਿਆਂ ਐਸ ਆਈ ਟੀ ਸਾਹਮਣੇ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਕਿ ਉਨ੍ਹਾਂ ਨੂੰ ਤਾਂ ਸੰਮਨ ਮਿਲਿਆ ਹੀ ਨਹੀਂ। ਬਾਅਦ ਵਿਚ ਮੀਡੀਆ ਵਲੋਂ ਇਹ ਮਾਮਲਾ ਉਠਾਏ ਜਾਣ ਤੋਂ ਬਾਅਦ ਹੀ ਮੋਦੀ ਦੀ ਅਕਲ ਟਿਕਾਣੇ ਆਈ ਸੀ।

ਪਹਿਲੇ ਹੀ ਦਿਨ ਲੰਮੀ ਪੁੱਛਗਿੱਛ ਤੋਂ ਬਾਅਦ ਕੁਝ ਢਿੱਲੇ ਜਿਹੇ ਨਜ਼ਰ ਆਏ ਨਰਿੰਦਰ ਮੋਦੀ ਨੇ ਕਿਹਾ ਕਿ ਉਹ ਕਾਨੂੰਨ ਤੋਂ ਉਪਰ ਨਹੀਂ ਹਨ ਤੇ ਉਨ੍ਹਾਂ ਜਾਂਚ ਟੀਮ ਸਾਹਮਣੇ ਪੇਸ਼ ਹੋ ਕੇ ਉਨ੍ਹਾਂ ਖਿਲਾਫ਼ ਗੱਲਾਂ ਕਰਨ ਵਾਲਿਆਂ ਨੂੰ ਜਵਾਬ ਦੇ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਹ ਸੰਵਿਧਾਨ ਨੂੰ ਸਭ ਤੋਂ ਉਪਰ ਮੰਨਦੇ ਹਨ ਤੇ ਇਸੇ ਕਾਰਨ ਉਹ ਸੁਪਰੀਮ ਕੋਰਟ ਵਲੋਂ ਬਣਾਈ ਜਾਂਚ ਟੀਮ ਸਾਹਮਣੇ ਪੇਸ਼ ਹੋ ਕੇ ਪੂਰਾ ਸਹਿਯੋਗ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਜਾਂਚ ਟੀਮ ਵਿਚ ਸੁਪਰੀਮ ਕੋਰਟ ਵਲੋਂ ਨਿਯੁਕਤ ਅਧਿਕਾਰੀ ਹਨ ਤੇ ਇਸ ਟੀਮ ਵਿਚ ਗੁਜਰਾਤ ਸਰਕਾਰ ਦਾ ਇੱਕ ਵੀ ਅਧਿਕਾਰੀ ਨਹੀਂ ਹੈ, ਜੋ ਉਨ੍ਹਾਂ ਦੇ ਪੱਖ ਵਿਚ ਸਬਤ ਹੋਵੇਗਾ। ਨਰਿੰਦਰ ਮੋਦੀ ਤੋਂ ਕੀਤੀ ਗਈ ਪੁੱਛਗਿੱਛ ਬਾਰੇ ਵਿਸ਼ੇਸ਼ ਜਾਂਚ ਟੀਮ (ਐਸ ਆਈ ਟੀ) ਦੇ ਮੁਖੀ ਆਰ ਕੇ ਰਾਘਵਨ ਨੇ ਕਿਹਾ ਕਿ ਜੇਕਰ ਲੋੜ ਪਈ ਤਾਂ ਮੋਦੀ ਤੋਂ ਮੁੜ ਪੁੱਛਗਿੱਛ ਕੀਤੀ ਜਾਵੇਗੀ ਤੇ ਇਸ ਸਬੰਧ ਵਿਚ ਵਿਸ਼ੇਸ਼ ਜਾਂਚ ਟੀਮ ਆਪਣੀ ਰਿਪੋਰਟ 30 ਅਪ੍ਰੈਲ ਤੱਕ ਸੁਪਰੀਮ ਕੋਰਟ ਨੂੰ ਸੌਂਪ ਦੇਵੇਗੀ।

59 ਸਾਲਾ ਮੋਦੀ ਤੋਂ ਪੁੱਛਗਿੱਛ ਬਾਰੇ ਜਾਣਕਾਰੀ ਦੇਣ ਤੋਂ ਇਨਕਾਰ ਕਰਦਿਆਂ ਸ੍ਰੀ ਰਾਘਵਨ ਨੇ ਕਿਹਾ ਕਿ ਬੀਤੇ ਦਿਨੀਂ ਮੁੱਖ ਮੰਤਰੀ ਤੋਂ ਦੋ ਗੇੜਾਂ ਵਿਚ ਪੁੱਛਗਿੱਛ ਕਰਨ ਵਾਲੇ ਸੀ ਬੀ ਆਈ ਦੇ ਸਾਬਕਾ ਡੀ ਆਈ ਜੀ ਕੁਝ ਰਾਹਤ ਮਹਿਸੂਸ ਕਰ ਰਹੇ ਹਨ। ਪੁੱਛਗਿੱਛ ਵੇਲੇ ਖੁਦ ਦੀ ਗੈਰ ਹਾਜ਼ਰੀ ਨੂੰ ਤਵੱਜੋਂ ਨਾ ਦਿੰਦਿਆਂ ਸ੍ਰੀ ਰਾਘਵਨ ਨੇ ਕਿਹਾ ਕਿ ਉਨ੍ਹਾਂ ਨੂੰ ਸ੍ਰੀ ਮਲਹੋਤਰਾ ਦੀ ਕਾਬਲੀਅਤ 'ਤੇ ਪੂਰਾ ਭਰੋਸਾ ਹੈ। ਸ੍ਰੀ ਰਾਘਵਨ ਨੇ ਕਿਹਾ ਕਿ ਉਹ ਇਸ ਗੱਲ ਤੋਂ ਬੇਹੱਦ ਸੰਤੁਸ਼ਟ ਹਨ ਕਿ ਸੁਪਰੀਮ ਕੋਰਟ ਵਲੋਂ ਨਿਯੁਕਤ ਵਿਸ਼ੇਸ਼ ਜਾਂਚ ਟੀਮ ਨੇ ਕਿਸੇ ਮੁੱਖ ਮੰਤਰੀ ਤੋਂ ਸਹੀ ਢੰਗ ਨਾਲ ਪੁੱਛਗਿੱਛ ਕਰ ਲਈ ਹੈ। ਇੱਕ ਨਿੱਜੀ ਟੀ ਵੀ ਚੈਨਲ ਨਾਲ ਗੱਲਬਾਤ ਕਰਦਿਆਂ ਸ੍ਰੀ ਰਾਘਵਨ ਨੇ ਕਿਹਾ ਕਿ ਇਹ ਪੁੱਛਗਿੱਛ ਦੰਗਿਆਂ ਨਾਲ ਸਬੰਧਤ ਮਾਮਲਿਆਂ ਦੇ ਰਹੱਸ ਤੋਂ ਪਰਦਾ ਉਠਾਉਣ ਦੇ ਨਾਲ-ਨਾਲ ਉਨ੍ਹਾਂ ਨੂੰ ਸਮਝਣ 'ਚ ਇੱਕ ਵੱਡੀ ਭੂਮਿਕਾ ਨਿਭਾਏਗੀ। ਦੰਗਿਆਂ ਦੌਰਾਨ ਮਾਰੇ ਗਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕਰਦਿਆਂ ਸ੍ਰੀ ਰਾਘਵਨ ਨੇ ਕਿਹਾ ਕਿ ਇਸ ਮਾਮਲੇ 'ਚ ਸਾਬਕਾ ਕਾਂਗਰਸ ਸਾਂਸਦ ਅਹਿਸਾਨ ਜਾਫ਼ਰੀ ਦੀ ਪਤਨੀ ਜਾਕੀਆ ਜਾਫ਼ਰੀ ਵਲੋਂ ਦਾਇਰ ਅਰਜ਼ੀ ਵਿਸ਼ੇਸ਼ ਜਾਂਚ ਟੀਮ ਦੀ 'ਬਾਈਬਲ' ਹੈ ਤੇ ਵੱਡੇ ਪੱਧਰ 'ਤੇ ਇਸ ਨਾਲ ਸਵਾਲ ਜੋੜੇ ਹਨ। ਜਾਂਚ ਟੀਮ ਦੇ ਮੁਖੀ ਨੇ ਕਿਹਾ "ਮੈਨੂੰ ਪੀੜਤਾਂ ਦੀ ਬੇਹੱਦ ਚਿੰਤਾ ਹੈ ਤੇ ਮੈਂ ਨਿਆਂ ਤੋਂ ਕਦੇ ਵੀ ਆਪਣੀ ਨਜ਼ਰ ਨਹੀਂ ਹਟਾ ਸਕਿਆ।" ਨਿੱਜੀ ਟੀ ਵੀ ਚੈਨਲ ਵਲੋਂ ਜਦੋਂ ਸ੍ਰੀ ਰਾਘਵਨ ਨੂੰ ਮੋਦੀ ਤੋਂ ਪੁੱਛੇ ਗਏ ਸਵਾਲਾਂ ਦੀ ਗਿਣਤੀ ਜਾਨਣੀ ਚਾਹੀ ਤਾਂ ਉਨ੍ਹਾਂ ਕਿਹਾ ਕਿ ਮੈਂ ਇਸ ਬਾਰੇ ਕੁਝ ਨਹੀਂ ਦੱਸ ਸਕਦਾ। ਜਾਂਚ ਟੀਮ ਦੀ ਕਾਰਵਾਈ 'ਚ ਦੇਰੀ ਤੇ ਪੱਖਪਾਤ ਦੇ ਦੋਸ਼ਾਂ ਬਾਰੇ ਸ੍ਰੀ ਰਾਘਵਨ ਨੇ ਕਿਹਾ ਕਿ ਜਾਂਚ ਟੀਮ ਵਿਚ ਕੋਈ ਵੀ ਗੁਜਰਾਤ ਦਾ ਅਧਿਕਾਰੀ ਨਹੀਂ ਸੀ ਤੇ ਮੌਜੂਦ ਅਧਿਕਾਰੀਆਂ ਨੇ ਚੰਗਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਅਸਲੀਅਤ ਜਲਦ ਹੀ ਸਭ ਦੇ ਸਾਹਮਣੇ ਆ ਜਾਵੇਗੀ।

ਜਾਂਚ ਟੀਮ ਦੀ ਰਿਪੋਰਟ ਬਾਰੇ ਸ੍ਰੀ ਰਾਘਵਨ ਨੇ ਦੱਸਿਆ ਕਿ ਅਸੀਂ 30 ਅਪ੍ਰੈਲ ਤੱਕ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪ ਦੇਵਾਂਗੇ। ਕਿਸੇ ਤਰ੍ਹਾਂ ਦੇ ਸਿਆਸੀ ਦਬਾਅ ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਸ੍ਰੀ ਰਾਘਵਨ ਨੇ ਕਿਹਾ ਕਿ, ਕੀ ਤੁਹਾਨੂੰ ਮੈਂ ਕਿਸੇ ਦਬਾਅ ਵਿਚ ਨਜ਼ਰ ਆਉਂਦਾ ਹਾਂ। ਇਸ ਪੁੱਛਗਿੱਛ ਤੋਂ ਬਾਅਦ ਮੋਦੀ ਖਿਲਾਫ਼ ਕਿਸੇ ਵੀ ਤਰ੍ਹਾਂ ਦੀ ਐਫ਼ ਆਈ ਆਰ ਦਰਜ ਕਰਨ ਬਾਰੇ ਉਨ੍ਹਾਂ ਕੋਈ ਸਪਸ਼ਟ ਜਵਾਬ ਨਹੀਂ ਦਿੱਤਾ।

ਇਸੇ ਦੌਰਾਨ ਕਿਸੇ ਵੀ ਪ੍ਰੋਗਰਾਮ ਵਿਚ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨਾਲ ਸ਼ਾਮਲ ਨਾ ਹੋਣ ਦੀ ਅਪੀਲ ਨੂੰ ਦਰਕਿਨਾਰ ਕਰਦਿਆਂ ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਕੇ ਜੀ ਬਾਲਾਕ੍ਰਿਸ਼ਨਨ ਨੇ ਉਨ੍ਹਾਂ ਨਾਲ ਮੰਚ ਸਾਂਝਾ ਕੀਤਾ। ਗਾਂਧੀਨਗਰ ਵਿਖੇ ਗੁਜਰਾਤ ਕੌਮੀ ਕਾਨੂੰਨ ਯੂਨੀਵਰਸਿਟੀ ਦੇ ਸਮਾਰੋਹ ਵਿਚ ਜਿੱਥੇ ਜਸਟਿਸ ਬਾਲਾਕ੍ਰਿਸ਼ਨਨ ਸੱਜੇ ਪਾਸੇ ਬੈਠੇ ਸਨ, ਉਥੇ ਗੁਜਰਾਤ ਹਾਈਕੋਰਟ ਦੇ ਚੀਫ਼ ਜਸਟਿਸ ਐਸ ਜੇ ਮੁੱਖੋਪਾਧਿਆਏ ਉਨ੍ਹਾਂ ਦੇ ਖੱਬੇ ਪਾਸੇ ਬੈਠੇ ਸਨ।

ਵਿਸ਼ੇਸ਼ ਜਾਂਚ ਟੀਮ ਵਲੋਂ ਪੁੱਛਗਿੱਛ ਹੋਣ ਤੋਂ ਇੱਕ ਦਿਨ ਬਾਅਦ ਹੀ ਦੇਸ਼ ਦੇ ਉਚ ਜੱਜਾਂ ਦੀ ਉਨ੍ਹਾਂ ਨਾਲ ਮੌਜੂਦਗੀ ਸ਼ੱਕ ਦੀ ਨਜ਼ਰ ਨਾਲ ਦੇਖੀ ਜਾ ਰਹੀ ਹੈ। ਦੱਸਣਾ ਬਣਦਾ ਹੈ ਕਿ 2002 ਦੇ ਦੰਗਾ ਪੀੜਤਾਂ ਤੇ ਸਾਬਕਾ ਕਾਂਗਰਸੀ ਸਾਂਸਦ ਅਹਿਸਾਨ ਜਾਫ਼ਰੀ ਦੇ ਰਿਸ਼ਤੇਦਾਰਾਂ ਨੇ ਚੀਫ਼ ਜਸਟਿਸ ਅਤੇ ਜ਼ਿੰਬਾਬਵੇ ਦੇ ਸਾਬਕਾ ਜਸਟਿਸ ਏ ਐਮ ਇਬਰਾਹਿਮ ਨੂੰ ਆਨ ਲਾਇਨ ਅਪੀਲ ਕੀਤੀ ਸੀ ਕਿ ਉਹ ਇਸ ਸਮਾਰੋਹ ਵਿਚ ਸ਼ਮੂਲੀਅਤ ਨਾ ਕਰਨ।

## ਸਾਧਵੀ ਪ੍ਰਗਿਆ ਠਾਕੁਰ ਨੇ ਮਰਨ ਵਰਤ ਤੋੜਿਆ

**ਨਾਸਿਕ:** ਮਾਲੇਗਾਓਂ ਧਮਾਕਿਆਂ ਦੀ ਦੋਸ਼ੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਨੇ ਆਪਣਾ ਮਰਨ ਵਰਤ ਤੋੜ ਦਿੱਤਾ ਅਤੇ ਇਸੇ ਦੇ ਹਸਪਤਾਲ ਵਿਚ ਡਾਕਟਰਾਂ ਤੋਂ ਇਲਾਜ ਕਰਵਾਉਣ



ਬਾਰੇ ਸਹਿਮਤੀ ਦੇ ਦਿੱਤੀ। ਪ੍ਰਗਿਆ ਨੇ ਇਹ ਕਦਮ ਅਦਾਲਤ ਵਲੋਂ ਉਸ ਦਾ ਬਿਆਨ ਲੈਣ ਤੋਂ ਬਾਅਦ ਚੁਕਿਆ।

ਜੇਲ ਅਧਿਕਾਰੀਆਂ 'ਤੇ ਸਰੀਰਕ ਤੇ ਮਾਨਸਿਕ ਤੌਰ 'ਤੇ ਤਸ਼ੱਦਦ ਕਰਨ ਦਾ ਦੋਸ਼ ਲਗਾਉਂਦੇ ਹੋਏ ਉਸਨੇ ਭੋਜਨ ਲੈਣਾ ਬੰਦ ਕਰ ਦਿੱਤਾ ਸੀ ਅਤੇ ਉਸ ਦੇ ਕਮਜ਼ੋਰ ਹੋ ਜਾਣ ਤੋਂ ਬਾਅਦ ਉਸਨੂੰ ਹਸਪਤਾਲ ਲਿਆਂਦਾ ਗਿਆ। ਪ੍ਰਗਿਆ ਦੇ ਵਕੀਲ ਅਨੁਸਾਰ ਅਦਾਲਤ ਦੇ ਹੁਕਮ 'ਤੇ ਇੰਦਰਾਨੀ ਪਟਨੀ, ਪਬਲਿਕ ਪ੍ਰੋਜ਼ੀਕਿਊਟਰ ਅਜੇ ਮਿਸ਼ਰਾ ਅਤੇ ਉਨ੍ਹਾਂ ਦੀ ਮੈਂਬਰੀ ਵਾਲੇ ਅਦਾਲਤੀ ਕਮਿਸ਼ਨ ਨੇ ਸਾਧਵੀ ਦਾ ਬਿਆਨ ਦਰਜ ਕੀਤਾ।

# ਕਮਲ ਨਾਥ ਵਿਰੁਧ ਕੈਨੇਡਾ 'ਚ ਵਿਸ਼ਾਲ ਪ੍ਰਦਰਸ਼ਨ

**ਟੋਰਾਂਟੋ:** ਸਿੱਖ ਕਤਲੇਆਮ ਦੇ ਕਥਿਤ ਦੋਸ਼ੀ ਭਾਰਤ ਦੇ ਕੇਂਦਰੀ ਮੰਤਰੀ ਕਮਲ ਨਾਥ ਵਿਰੁਧ ਵੱਖ-ਵੱਖ ਸਿੱਖ ਜਥੇਬੰਦੀਆਂ ਨੇ ਲੰਘੀ 24 ਮਾਰਚ ਨੂੰ ਸ਼ਾਮ ਟੋਰਾਂਟੋ 'ਚ ਜ਼ਬਰਦਸਤ ਰੋਸ ਪ੍ਰਦਰਸ਼ਨ ਕੀਤਾ ਜਿਸ ਵਿਚ ਓਨਟਾਰੀਓ ਗੁਰਦਵਾਰਾ ਕਮੇਟੀਆਂ, ਓਨਟਾਰੀਓ ਸਿੱਖ ਐਂਡ ਗੁਰਦਵਾਰਾ ਕੌਂਸਲ, ਯੂਨਾਈਟਿਡ ਫਰੰਟ ਆਫ਼ ਸਿੱਖਸ ਅਤੇ ਸਿੱਖਸ ਫਾਰ ਜਸਟਿਸ ਦੇ ਸੈਂਕੜੇ ਨੁਮਾਇੰਦੇ ਸ਼ਾਮਲ ਹੋਏ।

ਰੋਹ ਵਿਚ ਆਏ ਪ੍ਰਦਰਸ਼ਨਕਾਰੀ ਸਿੱਖਾਂ ਨੇ 'ਕਮਲ ਨਾਥ ਸਿੱਖ ਕਤਲੇਆਮ 'ਚ ਦੋਸ਼ੀ', 'ਕਮਲ ਨਾਥ ਵਾਪਸ ਜਾਓ' ਆਦਿ ਨਾਹਰੇ ਲਗਾਏ। ਜ਼ਿਕਰਯੋਗ ਹੈ ਕਿ ਟੋਰਾਂਟੋ ਦੇ ਲੀ ਮੈਰੀਡੀਅਨ ਕਿੰਗ ਐਡਵਰਡ ਹੋਟਲ ਅੱਗੇ ਸਿੱਖਾਂ ਨੇ ਲਗਭਗ ਢਾਈ ਘੰਟੇ ਜੰਮ ਕੇ ਰੋਸ ਪ੍ਰਦਰਸ਼ਨ ਕੀਤਾ। ਜਿੰਨੀ ਦੇਰ ਤਕ ਸਿੱਖ ਰੋਸ ਪ੍ਰਦਰਸ਼ਨ ਕਰਦੇ ਰਹੇ, ਉਨੀ ਦੇਰ ਤਕ ਕਮਲ ਨਾਥ ਸਮਾਗਮ ਵਿਚ ਨਹੀਂ ਗਏ। ਸਿੱਖਾਂ ਦੇ ਰੋਹ ਨੂੰ ਵੇਖਦਿਆਂ ਪ੍ਰਬੰਧਕਾਂ ਨੇ ਸਮਾਗਮ ਸ਼ਾਮ 6 ਵਜੇ ਦੀ ਥਾਂ ਰਾਤ 8 ਵਜੇ ਸ਼ੁਰੂ ਕੀਤਾ। ਦਸਣਯੋਗ ਹੈ ਕਿ ਰੈਲੀ 'ਚ ਸਿੱਖਾਂ ਦੇ ਰੋਹ ਨੂੰ ਵੇਖਦੇ ਹੋਏ ਸਮਾਗਮ ਵਿਚ ਬਹੁਤ ਘੱਟ ਲੋਕ ਹਾਜ਼ਰ ਹੋਏ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸਮਾਗਮ ਵਿਚ 250 ਤੋਂ ਵਧ ਲੋਕਾਂ ਦੇ ਪਹੁੰਚਣ ਦੀ ਉਮੀਦ ਸੀ ਪਰ ਚੌਥਾ ਹਿੱਸਾ ਹੀ ਲੋਕ ਪਹੁੰਚੇ। ਸਮਾਗਮ ਵਿਚ ਕੋਈ ਵੀ ਸਿੱਖ ਸ਼ਾਮਲ ਨਹੀਂ ਹੋਇਆ। ਸਿਰਫ਼ ਇਕੋ-ਇਕ ਸਿੱਖ ਕੌਂਸਲਰ ਐਮ.ਪੀ. ਸਿੰਘ ਸ਼ਾਮਲ ਹੋਇਆ ਜੋ ਸਮਾਗਮ ਦਾ ਮੁੱਖ ਪ੍ਰਬੰਧਕ ਸੀ। ਇਸ ਦੌਰਾਨ ਅੰਦੋਲਨਕਾਰੀ ਸਿੱਖਾਂ ਨੇ ਓਟਾਵਾ 'ਚ ਵੀ ਕਮਲ ਨਾਥ ਵਿਰੁਧ ਅਜਿਹਾ ਹੀ ਰੋਸ ਪ੍ਰਦਰਸ਼ਨ ਕੀਤਾ। ਰੋਸ ਪ੍ਰਦਰਸ਼ਨਾਂ 'ਚ ਮਾਂਟਰੀਅਲ, ਟੋਰਾਂਟੋ ਅਤੇ ਓਟਾਵਾ ਸਮੇਤ ਕੈਨੇਡਾ ਦੇ ਹੋਰ ਸ਼ਹਿਰਾਂ 'ਚੋਂ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਮੈਂਬਰ ਸ਼ਾਮਲ ਹੋਏ। ਰੋਸ ਪ੍ਰਦਰਸ਼ਨ ਦੌਰਾਨ ਸਿੱਖ ਜਥੇਬੰਦੀਆਂ ਦੇ ਕਾਨੂੰਨੀ ਸਲਾਹਕਾਰ ਗੁਰਪਤਵੰਤ ਸਿੰਘ ਪੰਨੂੰ ਨੇ ਦੋਸ਼ ਲਗਾਇਆ ਕਿ ਕਮਲ ਨਾਥ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕੀਤੀ ਹੈ, ਇਸ ਲਈ ਉਸ ਨੂੰ ਤੁਰੰਤ ਵਾਪਸ ਭੇਜਿਆ ਜਾਵੇ। ਨਿਊ ਡੈਮੋਕਰੇਟਿਕ ਆਗੂ ਜੈਕ ਲੇਟੋਨ ਨੇ ਕਮਲ ਨਾਥ ਨੂੰ ਵਿਵਾਦਗ੍ਰਸਤ ਲੀਡਰ ਐਲਾਨਦਿਆਂ ਸਾਰੀਆਂ ਪਾਰਟੀਆਂ ਨੂੰ ਅਪੀਲ ਕੀਤੀ ਕਿ ਕਮਲ ਨਾਥ ਦੇ ਸਮਾਗਮਾਂ ਦਾ ਬਾਈਕਾਟ ਕੀਤਾ ਜਾਵੇ।

ਸਿੱਖ ਕਤਲੇਆਮ ਦੇ ਦੋਸ਼ੀ ਸਮਝੇ ਜਾਂਦੇ ਕਮਲ ਨਾਥ ਦੇ ਸਵਾਗਤ ਵਿਚ ਟਰਾਂਟੋ ਵਿਚ ਹੋਏ ਡਿਨਰ ਨੂੰ ਠੁੱਸ ਕਰਨ ਤੋਂ ਬਾਅਦ ਸਿੱਖ ਕਮਲ ਨਾਥ ਦਾ ਪਿੱਛਾ ਕਰਦੇ ਓਟਾਵਾ ਪਾਰਲੀਮੈਂਟ ਨੇੜੇ ਪੁੱਜੇ ਜਿਥੇ ਇੰਡੋ-ਕੈਨੇਡੀਅਨ ਪਾਰਲੀਮੈਂਟਰੀ ਗਰੁੱਪ ਵਲੋਂ ਕਮਲ ਨਾਥ ਨੂੰ ਡਿਨਰ ਦਿਤਾ ਜਾ ਰਿਹਾ ਸੀ। ਸਿੱਖਾਂ ਵਲੋਂ ਛੇੜੀ "ਕਮਲ ਨਾਥ ਗੋ ਬੈਕ" ਮੁਹਿੰਮ ਤਹਿਤ ਕਮਲ ਨਾਥ ਨੂੰ ਦਿਤੇ ਜਾ ਰਹੇ ਡਿਨਰ ਨੂੰ ਇਕਦਮ ਫਿੱਕਾ ਕਰ ਦਿਤਾ ਗਿਆ। ਭਰੋਸੇਯੋਗ ਸੂਤਰਾਂ ਅਨੁਸਾਰ ਕੋਈ ਵੀ ਸਿੱਖ ਜਾਂ ਐਮ. ਪੀ. ਇਸ ਡਿਨਰ ਵਿਚ ਸ਼ਾਮਲ ਨਾ ਹੋਇਆ। ਇਥੋਂ ਤਕ ਕਿ ਇੰਡੋ-ਕੈਨੇਡੀਅਨ ਪਾਰਲੀਮੈਂਟਰੀ ਗਰੁੱਪ ਦੇ ਕੋ-ਚੇਅਰ ਰਾਬਰਟ ਔਲੀਫੈਂਟ ਨੇ ਵੀ ਡਿਨਰ ਦਾ ਬਾਈਕਾਟ ਕੀਤਾ ਅਤੇ ਰੈਲੀ ਵਿਚ ਸ਼ਮੂਲੀਅਤ ਕਰਦਿਆਂ ਸਿੱਖਾਂ ਦਾ ਸਾਥ ਦਿਤਾ।

ਮਾਂਟਰੀਅਲ, ਓਟਾਵਾ ਅਤੇ ਟੋਰਾਂਟੋ ਤੋਂ ਪੁੱਜੀ ਸੰਗਤ ਦੀ ਗਿਣਤੀ ਮਿੰਟਾਂ-ਸਕਿੰਟਾਂ ਵਿਚ ਸੈਂਕੜਿਆਂ ਤੋਂ ਟੱਪ ਗਈ। ਕਾਲੀਆਂ ਝੰਡੀਆਂ ਫੜ ਕੇ ਪਾਰਲੀਮੈਂਟ ਦੇ ਫਰੰਟ ਲਾਅਨ 'ਤੇ ਰੋਸ ਮਾਰਚ ਕੀਤਾ ਗਿਆ। ਸਰੀ ਦੇ ਐਮ.ਪੀ. ਸੁਖ ਧਾਲੀਵਾਲ ਨੇ ਰੈਲੀ ਕਰ ਰਹੇ ਸਿੱਖਾਂ ਨੂੰ ਕਿਹਾ, "ਮੈਂ ਹਮੇਸ਼ਾ ਸਿੱਖ ਕੌਮ ਦੇ ਜਜ਼ਬਾਤ ਦੀ ਕਦਰ ਕਰਦਾ ਰਿਹਾ ਹਾਂ।" ਬਰੈਂਪਟਨ ਵੈਸਟ ਤੋਂ ਐਮ.ਪੀ. ਐਂਡਰਿਊ ਕੇਨੀਆ ਨੇ ਰੈਲੀ ਕਰ ਰਹੇ ਸਿੱਖਾਂ ਨਾਲ ਵਿਚਾਰਾਂ ਕੀਤੀਆਂ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੇ ਦਰਦ ਵਿਚ ਉਹ ਹਿੱਸੇਦਾਰ ਹਨ। ਉਨ੍ਹਾਂ ਕਿਹਾ, "ਮੈਂ ਕਮਲ ਨਾਥ ਦੇ ਹਰ ਸਮਾਗਮ ਦਾ ਬਾਈਕਾਟ ਕੀਤਾ ਹੈ ਕਿਉਂਕਿ ਮੇਰੇ ਹਲਕੇ ਦੇ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਨਾ ਮੇਰਾ ਫ਼ਰਜ਼ ਹੈ। ਸਿੱਖ ਕੌਮ ਨਾਲ 26 ਸਾਲ ਪਹਿਲਾਂ ਹੋਏ ਧੱਕੇ ਵਿਰੁਧ ਮੈਂ 9 ਜੂਨ ਨੂੰ ਕੈਨੇਡੀਅਨ ਪਾਰਲੀਮੈਂਟ ਵਿਚ ਪਟੀਸ਼ਨ ਵੀ ਦਾਖ਼ਲ ਕਰਾਂਗਾ।" ਸੁੱਖ ਧਾਲੀਵਾਲ ਨਾਲ ਇਸ ਮੌਕੇ ਇੰਡੋ-ਕੈਨੇਡੀਅਨ ਪਾਰਲੀਮੈਂਟਰੀ ਗਰੁੱਪ ਦੇ ਕੋ-ਚੇਅਰ ਅਤੇ ਲਿਬਰਲ ਪਾਰਟੀ ਦੇ ਮਲਟੀਕਲਚਰਲ ਦੇ ਚੇਅਰਮੈਨ ਰਾਬਰਟ ਔਲੀਫੈਂਟ ਨੇ ਵੱਖ-ਵੱਖ ਮੈਂਬਰਾਂ ਨਾਲ ਵਿਚਾਰਾਂ ਕੀਤੀਆਂ। ਉਨ੍ਹਾਂ ਦਸਿਆ, "ਕਮਲ ਨਾਥ ਨੂੰ ਡਿਨਰ ਦੇਣ ਲਈ ਭਾਰਤੀ ਹਾਈ ਕਮਿਸ਼ਨ ਤੋਂ ਅਪੀਲ ਆਈ ਸੀ। ਇਸ 'ਤੇ ਅਮਲ ਕਰਦਿਆਂ ਅਸੀਂ ਇਹ ਡਿਨਰ ਦਿਤਾ ਹੈ। ਜਦੋਂ ਸੁੱਖ ਧਾਲੀਵਾਲ ਤੋਂ ਸਾਨੂੰ ਪਤਾ ਲੱਗਾ ਕਿ ਇਹ ਸ਼ਖ਼ਸ ਸਿੱਖ ਕੌਮ ਦੇ ਕਤਲੇਆਮ ਵਿਚ ਸ਼ਾਮਲ ਸੀ ਤਾਂ ਮੈਂ ਕੋ-ਚੇਅਰ ਹੋਣ ਦੇ ਬਾਵਜੂਦ ਇਸ ਡਿਨਰ ਵਿਚ ਜਾਣ ਦੀ ਬਜਾਏ ਰੈਲੀ ਵਿਚ ਸ਼ਮੂਲੀਅਤ ਕਰਨ ਨੂੰ ਤਰਜੀਹ ਦਿਤੀ।" ਜਦੋਂ ਅੰਦਰ ਡਿਨਰ ਹੋ ਰਿਹਾ ਸੀ ਤਾਂ ਬਾਹਰ ਰੈਲੀ ਦੇ ਗੂੰਜਦੇ ਨਾਹਰੇ ਓਟਾਵਾ ਦੀਆਂ ਉਚੀਆਂ ਇਮਾਰਤਾਂ ਨਾਲ ਟਕਰਾਅ ਕੇ ਕਮਲ ਨਾਥ ਦੇ ਚਹੇਤਿਆਂ ਦੇ ਦਿਲਾਂ ਤੇ ਚੋਟਾਂ ਮਾਰ ਰਹੇ ਸਨ। ਕੈਨੇਡਾ ਦੇ ਲੋਕਾਂ ਨੂੰ ਹੁਣ ਇਹ ਗਿਆਨ ਹੋ ਗਿਆ ਹੈ ਕਿ ਭਾਰਤ ਦੀ ਮੰਡੀ ਤਾਂ ਕੈਨੇਡਾ ਲਈ ਜ਼ਰੂਰੀ ਹੈ ਪਰ ਇਹ ਜ਼ਰੂਰੀ ਨਹੀਂ ਕਿ ਉਹ ਕਥਿਤ ਕਾਤਲ ਨਾਲ ਵਪਾਰਕ ਰਿਸ਼ਤੇ ਗੰਢਣ। ਕਮਲ ਨਾਥ ਬਾਰੇ ਸਚਾਈ ਜੱਗ ਪ੍ਰਗਟ ਹੋਣ ਤੋਂ ਬਾਅਦ ਕਾਂਗਰਸ ਪਾਰਟੀ ਵਿਚ ਵੀ ਉਥਲ-ਪੁਥਲ ਹੋ ਸਕਦੀ ਹੈ।

ਸਿੱਖਜ਼ ਫ਼ਾਰ ਜਸਟਿਸ ਦੇ ਅਟਾਰਨੀ ਸ. ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ, "ਅਸੀਂ ਅੱਜ ਦੀ ਰੈਲੀ ਕਰ ਕੇ ਵਾਪਸ ਘਰਾਂ ਨੂੰ ਨਹੀਂ ਜਾਣ ਵਾਲੇ, ਅਸੀਂ ਕੈਨੇਡਾ ਦੀ ਫ਼ੈਡਰਲ ਕੋਰਟ ਦਾ ਦਰਵਾਜ਼ਾ ਖਟਖਟਾਵਾਂਗੇ ਤਾਂ ਕਿ ਸਰਕਾਰ ਵਲੋਂ ਕਥਿਤ ਕਾਤਲ ਨੂੰ ਦਿਤੇ ਗਏ ਵੀਜ਼ੇ ਦੀ ਜਾਂਚ ਹੋ ਸਕੇ ਕਿਉਂਕਿ ਕੈਨੇਡਾ ਦਾ ਕਾਨੂੰਨ ਅਜਿਹੇ ਕਿਰਦਾਰ ਵਾਲੇ ਵਿਅਕਤੀ ਨੂੰ ਕੈਨੇਡਾ ਆਉਣ ਦੀ ਇਜਾਜ਼ਤ ਨਹੀਂ ਦਿੰਦਾ।"

# ਮਾਸਕੋ 'ਚ ਮੈਟਰੋ ਸਟੇਸ਼ਨਾਂ 'ਤੇ ਆਤਮਘਾਤੀ ਹਮਲੇ, 50 ਮੌਤਾਂ ਹੋਣ ਦੀ ਖ਼ਬਰ

**ਮਾਸਕੋ:** ਰੂਸ ਦੀ ਰਾਜਧਾਨੀ ਮਾਸਕੋ 'ਚ ਬੀਤੀ 29 ਮਾਰਚ ਨੂੰ ਦੋ ਆਤਮਘਾਤੀ ਹਮਲਾਵਰਾਂ ਨੇ ਸ਼ਹਿਰ ਦੀ ਮੈਟਰੋ ਟਰੇਨ ਸੇਵਾ ਨੂੰ ਨਿਸ਼ਾਨਾ ਬਣਾਇਆ। ਕਰੈਮਲੀਨ ਅਤੇ ਸੰਘੀ ਸੁਰੱਖਿਆ ਸੇਵਾ ਦੇ ਦਫ਼ਤਰਾਂ ਨੇੜੇ ਹੋਏ ਇਨ੍ਹਾਂ ਦੋ ਧਮਾਕਿਆਂ 'ਚ 50 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 30 ਤੋਂ ਵਧ ਜ਼ਖ਼ਮੀ ਹੋ ਗਏ।

ਅਧਿਕਾਰੀਆਂ ਨੇ ਇਨ੍ਹਾਂ ਧਮਾਕਿਆਂ ਨੂੰ ਦਹਿਸ਼ਤਗਰਦੀ ਹਮਲਾ ਦੱਸਿਆ। ਇਹ ਧਮਾਕੇ 50 ਮਿੰਟ ਦੇ ਵਿਚਕਾਰ ਮੈਟਰੋ ਦੇ ਸਭ ਤੋਂ ਪੁਰਾਣੇ ਰੈਡ ਲਾਈਨ ਸਟੇਸ਼ਨਾਂ 'ਤੇ ਹੋਏ, ਜੋ ਹੋਰ ਲਾਈਨਾਂ ਦੀਆਂ ਸੇਵਾਵਾਂ ਲਈ ਜੰਕਸ਼ਨ ਹੈ। ਸਥਾਨਕ ਸਮੇਂ ਮੁਤਾਬਕ ਧਮਾਕੇ ਦੀ ਪਹਿਲੀ ਘਟਨਾ ਸਵੇਰੇ 7.56 ਮਿੰਟ 'ਤੇ ਲੁਬਿਆਂਕਾ ਸਟੇਸ਼ਨ 'ਤੇ ਵਾਪਰੀ, ਜਿੱਥੇ ਟਰੇਨ ਦੇ ਦੂਜੇ ਡੱਬੇ 'ਚ ਇੱਕ ਆਤਮਘਾਤੀ ਹਮਲਾਵਰ ਨੇ ਧਮਾਕਾਖੇਜ਼ ਸਮੱਗਰੀ ਨਾਲ ਧਮਾਕਾ ਕੀਤਾ। ਇਸ ਘਟਨਾ 'ਚ 15 ਮੁਸਾਫ਼ਰਾਂ ਅਤੇ ਪਲੇਟ ਫਾਰਮ 'ਤੇ ਰੇਲ ਗੱਡੀ ਦਾ ਇੰਤਜ਼ਾਰ ਕਰ ਰਹੇ 11 ਵਿਅਕਤੀਆਂ ਦੀ ਮੌਤ ਹੋ ਗਈ। ਦੱਸਣਾ ਬਣਦਾ ਹੈ ਕਿ ਮਾਸਕੋ ਦੇ ਵਿਚਕਾਰ ਸਥਿਤ ਇਹ ਸਟੇਸ਼ਨ ਸੋਵੀਅਤ ਕਾਲੀਨ ਖੁਫ਼ੀਆ ਪੁਲਿਸ (ਕੇ ਜੀ ਬੀ) ਦੇ ਦਫ਼ਤਰ ਦੇ ਨੇੜੇ ਸਥਿਤ ਹੈ। ਇਹ ਸਥਾਨ ਹੁਣ ਸੰਘੀ ਸੁਰੱਖਿਆ ਸੇਵਾ ਦਾ ਦਫ਼ਤਰ ਹੈ ਅਤੇ ਕਰੈਮਲੀਨ ਦੇ ਨੇੜੇ ਹੈ।

ਐਮਰਜੈਂਸੀ ਮਾਮਲਿਆਂ ਦੇ ਮੰਤਰਾਲੇ ਦੇ ਬੁਲਾਰੇ ਏਰੀਨਾ ਅਦਰੀਅਨੋਵਾ ਨੇ ਇਕ ਸਰਕਾਰੀ ਸਮਾਚਾਰ ਚੈਨਲ 24 ਨਿਊਜ਼ ਨੂੰ ਦੱਸਿਆ ਕਿ ਦੂਜਾ ਧਮਾਕਾ ਗੋਰਕੀ ਪਾਰਕ ਦੇ ਨੇੜੇ ਕਲਚੂਰੀ ਸਟੇਸ਼ਨ 'ਤੇ ਰੇਲ ਦੇ ਤੀਜੇ ਡੱਬੇ 'ਚ ਹੋਇਆ। ਇਹ ਰੇਲ ਗੱਡੀ ਸਿਟੀ ਸੈਂਟਰ ਵਲ ਜਾ ਰਹੀ ਸੀ। ਇਸ ਧਮਾਕੇ 'ਚ ਕਰੀਬ 15 ਵਿਅਕਤੀਆਂ ਦੀ ਮੌਤ ਹੋ ਗਈ ਅਤੇ 12 ਮੁਸਾਫ਼ਰ ਜ਼ਖ਼ਮੀ ਹੋ ਗਏ। ਹਾਲਾਂ ਕਿ ਅਜੇ ਤੱਕ ਕਿਸੇ ਵੀ ਜਥੇਬੰਦੀ ਨੇ ਇਨ੍ਹਾਂ ਹਮਲਿਆਂ ਨੂੰ ਅੰਜਾਮ ਦੇਣ ਦੀ ਜ਼ਿੰਮੇਵਾਰ ਨਹੀਂ ਲਈ। ਮਾਸਕੋ ਦੇ ਮੁੱਖ ਪ੍ਰੋਸੀਕਿਊਟਰ ਨੇ ਦੱਸਿਆ ਕਿ ਇਹ ਹਮਲੇ ਆਤਮਘਾਤੀ ਹਮਲਾਵਰਾਂ ਵਲੋਂ ਕੀਤੇ ਗਏ ਹਨ, ਜਿਨ੍ਹਾਂ ਨੇ ਆਪਣੇ ਸਰੀਰ ਨਾਲ ਧਮਾਕਾਖੇਜ਼ ਸਮੱਗਰੀ ਬੰਨੀ ਹੋਈ ਸੀ।

ਪ੍ਰੋਸੀਕਿਊਟਰ ਦੇ ਇਨਵੈਸਟੀਗੇਸ਼ਨ ਬੁਲਾਰੇ ਵਲਾਦੀਮੀਰ ਮਾਰਨਨ ਨੇ ਦੱਸਿਆ ਕਿ ਦੋ ਧਮਾਕਿਆਂ 'ਚ ਦਹਿਸ਼ਤਗਰਦੀ ਹਮਲਿਆਂ ਦੀ ਘਟਨਾ ਸਾਹਮਣੇ ਆਈ ਹੈ। ਇਸੇ ਦੌਰਾਨ ਪਾਰਕ ਕਲਚੂਰੀ ਮੈਟਰੋ ਸਟੇਸ਼ਨ ਤੋਂ ਧੂੰਆਂ ਉਠਦਾ ਵੇਖਿਆ ਗਿਆ, ਜਿਸ ਕਾਰਨ ਨੇੜੇ ਦੇ ਗਾਰਡਨ ਰਿੰਗ ਰੋਡ 'ਤੇ ਹਫ਼ੜਾ-ਦਫ਼ੜੀ ਮੱਚ ਗਈ। ਬਚਾਓ ਕਰਮੀਆਂ ਨੇ ਜ਼ਖ਼ਮੀਆਂ ਨੂੰ ਹਸਪਤਾਲ ਤੱਕ ਪਹੁੰਚਾਉਣ ਲਈ ਹੈਲੀਕਾਪਟਰਾਂ ਦੀ ਮਦਦ ਲਈ। ਫਸੇ ਹੋਏ ਮੁਸਾਫ਼ਰਾਂ ਨੂੰ ਆਪਣੇ ਟਿਕਾਣਿਆਂ ਤੱਕ ਪਹੁੰਚਾਉਣ ਲਈ ਵਿਸ਼ੇਸ਼ ਬੱਸਾਂ ਦੀ ਵਿਵਸਥਾ ਕੀਤੀ ਗਈ। ਸੰਘੀ ਸੁਰੱਖਿਆ ਸੇਵਾ ਦੇ ਡਾਇਰੈਕਟਰ ਜਨਰਲ ਬੋਰਤ ਨਿਕੋਵ ਨੇ ਇਨ੍ਹਾਂ ਦਹਿਸ਼ਤਗਰਦੀ ਹਮਲਿਆਂ ਬਾਰੇ ਦੇਸ਼ ਦੇ ਰਾਸ਼ਟਰਪਤੀ ਦਮਿੱਤਰੀ ਮੇਦਵੇ ਦੇਵ ਨੂੰ ਜਾਣੂ ਕਰਵਾ ਦਿੱਤਾ ਹੈ। ਐਫ਼ ਐਸ ਬੀ ਦਫ਼ਤਰ ਦੁਆਰਾ ਕੀਤੀ ਗਈ ਸ਼ੁਰੂਆਤੀ ਜਾਂਚ ਮੁਤਾਬਕ ਬੰਬ ਧਮਾਕੇ ਕਿਸੇ ਆਤਮਘਾਤੀ ਮਹਿਲਾ ਹਮਲਾਵਰ ਨੇ ਕੀਤੇ ਹਨ। ਦੋਵੇਂ ਸਟੇਸ਼ਨਾਂ ਤੋਂ ਧਮਾਕਿਆਂ ਵਾਲੀਆਂ ਥਾਵਾਂ ਤੋਂ ਆਤਮਘਾਤੀ ਹਮਲਾਵਰਾਂ ਦੀਆਂ ਲਾਸ਼ਾਂ ਨੂੰ ਬਰਾਮਦ ਕਰ ਲਿਆ ਗਿਆ ਹੈ। ਇਨ੍ਹਾਂ ਧਮਾਕਿਆਂ ਤੋਂ ਤੁਰੰਤ ਬਾਅਦ ਪੁਲਿਸ ਨੇ ਲੁਬਿਆਂਕਾ ਚੌਕ ਅਤੇ ਪਾਰਕ ਕਲਚੂਰੀ ਸਟੇਸ਼ਨ ਦੇ ਨੇੜਲੇ ਰਸਤਿਆਂ ਨੂੰ ਬੰਦ ਕਰ ਦਿੱਤਾ ਹੈ ਅਤੇ ਜ਼ਖ਼ਮੀਆਂ ਨੂੰ ਕੱਢਣ ਲਈ ਐਂਬੂਲੈਂਸ, ਹੈਲੀਕਾਪਟਰਾਂ ਨੂੰ ਲਗਾਇਆ ਗਿਆ ਹੈ।

# ਅਮਰੀਕਾ-ਪਾਕਿਸਤਾਨ ਦੀ ਵਾਸ਼ਿੰਗਟਨ ਮਿਲਣੀ ਅਤੇ ਭਾਰਤ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**



ਪ੍ਰੋ. ਰੋਮਾਣਾ

ਮਾਰਚ ਦੇ ਆਖਰੀ ਹਫਤੇ ਅਮਰੀਕਾ ਤੇ ਪਾਕਿਸਤਾਨ ਵਿਚਕਾਰ ਹੋਈ ਅਹਿਮ ਡਿਪਲੋਮੈਟਿਕ ਮੀਟਿੰਗ ਦਾ ਭਾਰਤ, ਅਮਰੀਕਾ ਤੇ ਪਾਕਿਸਤਾਨ 'ਚ ਕਾਫੀ ਚਰਚਾ ਰਿਹਾ। ਤਿੰਨੋ ਦੇਸ਼ ਇਸ ਮਿਲਣੀ ਨੂੰ ਆਪਣੇ-ਆਪਣੇ ਨੁਕਤਾ-ਏ-ਨਜ਼ਰ ਤੋਂ ਵੇਖ ਰਹੇ ਸਨ। ਭਾਰਤ ਨੂੰ ਅਮਰੀਕਾ ਦੀ ਇਸ ਮੀਟਿੰਗ ਵਿਚਲੀ ਵੱਡੀ ਲੋੜ ਦਾ ਪਤਾ ਸੀ ਪਰ ਉਹ ਚਾਹੁੰਦਾ ਸੀ ਕਿ ਅਮਰੀਕਾ ਭਾਰਤ ਦੀ ਕੀਮਤ 'ਤੇ ਕੋਈ ਸਮਝੌਤਾ ਨਾ ਕਰੇ। ਪਾਕਿਸਤਾਨ ਇਸ ਮੀਟਿੰਗ ਦੇ ਮੁੱਖ ਏਜੰਡੇ 'ਤੇ ਸਹਿਮਤ ਹੋਣ ਦਾ ਵਧ ਤੋਂ ਵਧ ਮੁੱਲ ਵੱਟਣਾ ਚਾਹੁੰਦਾ ਸੀ, ਜਿਹੜਾ ਕਿ ਉਸ ਵਲੋਂ ਪੇਸ਼ ਕੀਤੀ ਗਈ 56 ਸਫਿਆਂ ਦੀ ਖਵਾਹਿਸ਼ਾਂ ਦੀ ਸੂਚੀ ਤੋਂ ਜਾਹਿਰ ਹੈ। ਅਮਰੀਕਾ ਦਾ ਏਜੰਡਾ ਤਾਂ ਪਾਸ ਹੋ ਹੀ ਜਾਣਾ ਸੀ ਪਰ ਇਸ ਪ੍ਰਕਿਰਿਆ ਵਿਚ ਉਹ ਆਪਸ 'ਚ ਵਿਰੋਧੀ ਆਪਣੇ ਦੋਵਾਂ ਮਿੱਤਰ ਦੇਸ਼ਾਂ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦਾ ਅਮਰੀਕਾ ਨੇ ਕਿਉਂਕਿ ਅਮਲੀ ਤੌਰ 'ਤੇ ਭਾਰਤ ਵਿਰੁਧ ਕੁਝ ਵੀ ਨਹੀਂ ਸੀ ਵਾਪਰਨ ਦੇਣਾ, ਜਿਸ ਕਰਕੇ ਉਸਦੇ ਡਿਪਲੋਮੇਟਾਂ ਨੇ ਇਸ ਮੀਟਿੰਗ ਤੋਂ ਪਹਿਲਾਂ ਜਾਂ ਦੌਰਾਨ ਭਾਰਤ ਬਾਰੇ ਕਿਸੇ ਵੀ ਟਿੱਪਣੀ ਜਾਂ ਜ਼ਿਕਰ ਤੋਂ ਲਗਭਗ ਗੁਰੇਜ਼ ਹੀ ਕੀਤਾ। ਦੂਜੇ ਪਾਸੇ ਪਾਕਿਸਤਾਨ ਬਾਰੇ ਬੜੀਆਂ ਚੋਪੜੀਆਂ-ਚੋਪੜੀਆਂ ਤੇ ਮਿੱਠੀਆਂ-ਮਿੱਠੀਆਂ ਬਾਤਾਂ ਕੀਤੀਆਂ।

ਸਦਰ ਓਬਾਮਾ ਕਹਿ ਰਹੇ ਸਨ ਕਿ ਪਾਕਿਸਤਾਨ ਦੱਖਣੀ ਏਸ਼ੀਆ 'ਚ ਅਮਰੀਕਾ ਦਾ ਪੱਕਾ ਅਤੇ ਪਰਖਿਆ ਹੋਇਆ ਮਿੱਤਰ ਹੈ, ਜੋ ਦਹਿਸ਼ਤਵਾਦ ਖਿਲਾਫ ਫਰੰਟ 'ਤੇ ਲੜ ਰਿਹਾ ਹੈ ਤੇ ਵੱਡੀਆਂ ਕੁਰਬਾਨੀਆਂ ਦੇ ਰਿਹਾ ਹੈ। ਇਸ ਦੇਸ਼ ਦੀਆਂ ਤਮਾਮ ਲੋੜਾਂ ਲਈ ਅਮਰੀਕਾ ਫਿਕਰਮੰਦ ਵੀ ਹੈ ਤੇ ਵਚਨਬੱਧ ਵੀ। ਹਿਲੇਰੀ ਕਲਿੰਟਨ ਨੇ ਪਾਕਿਸਤਾਨ ਦੇ ਕੌਮੀ ਦਿਹਾੜੇ 23 ਮਾਰਚ 'ਤੇ ਉਥੋਂ ਦੀ ਸਰਕਾਰ ਤੇ ਅਵਾਮ ਨੂੰ ਅਮਰੀਕਾ ਵਲੋਂ ਲੱਖ-ਲੱਖ ਵਧਾਈ ਭੇਜੀ ਹੈ ਤੇ ਪਾਕਿਸਤਾਨ ਦੇ ਰੌਸ਼ਨ ਭਵਿੱਖ ਦੀ ਕਾਮਨਾ ਕੀਤੀ। ਹਿਲੇਰੀ ਇਸ ਦਿਨ 'ਤੇ ਵਧਾਈ ਭੇਜਣ ਵਾਲੀ ਅਮਰੀਕਾ ਦੀ ਪਹਿਲੀ ਡਿਪਲੋਮੈਟ ਹੈ। ਉਸਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਕਿ ਪਾਕਿਸਤਾਨ ਉਸਦੇ ਦਿਲ ਦੇ ਸਭ ਤੋਂ ਨੇੜੇ ਹੈ ਅਤੇ ਅਮਰੀਕਾ ਦੇ ਪਰਿਵਾਰ ਦਾ ਮੈਂਬਰ ਹੈ। ਅਸੀਂ ਆਪਣੇ ਮਸਲੇ ਕਿਚਨ ਟੇਬਲ 'ਤੇ ਬੈਠ ਕੇ ਹੱਲ ਕਰ ਸਕਦੇ ਹਾਂ। ਭਾਰਤ ਵਿਚਲਾ ਅਮਰੀਕੀ ਰਾਜਦੂਤ ਤਾਂ ਇਸ ਤੋਂ ਵੀ ਅੱਗੇ ਚਲਾ ਗਿਆ ਤੇ ਉਸ ਬਿਆਨ ਦਾਗ ਦਿੱਤਾ ਕਿ ਭਾਰਤ ਨੂੰ ਹੈਡਲੀ ਤੋਂ ਪੁੱਛਗਿੱਛ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾ ਸਕਦੀ ਜਦੋਂਕਿ ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਭਾਰਤ ਨੂੰ ਇਸ ਕੰਮ ਲਈ ਆਪਣੀ ਟੀਮ ਭੇਜਣ ਲਈ ਪਹਿਲਾਂ ਹੀ ਹਰੀ ਝੰਡੀ ਦੇ ਰੱਖੀ ਸੀ।

ਪਾਕਿਸਤਾਨੀ ਮੀਡੀਏ ਦੇ ਸਿਆਸੀ ਵਿਸ਼ਲੇਸ਼ਕਾਂ ਅਨੁਸਾਰ ਅਫਗਾਨਿਸਤਾਨ ਵਿਚੋਂ ਅਮਰੀਕੀ ਅਤੇ ਨਾਟੋ ਫੌਜਾਂ ਦੀ ਪੜਾਅਵਾਰ ਤੇ ਇੱਜ਼ਤ-ਮਾਣ ਨਾਲ ਵਾਪਸੀ ਇਸ ਮਿਲਣੀ ਦਾ ਮੁੱਖ ਏਜੰਡਾ ਸੀ। ਇਸੇ ਕਰਕੇ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਿਆਨੀ ਅਤੇ ਆਈ. ਐਸ. ਆਈ. ਦੇ ਮੁਖੀ ਜਨਰਲ ਪਾਸ਼ਾ ਖਸੂਸੀ ਤੌਰ 'ਤੇ ਇਸ ਮੀਟਿੰਗ 'ਚ ਸ਼ਿਰਕਤ ਕਰਨ ਲਈ ਵਾਸ਼ਿੰਗਟਨ ਪਹੁੰਚੇ। ਇਸ ਮਿਲਣੀ 'ਚ ਉਹ ਅਹਿਮ ਪਲੇਅਰ ਹੀ ਨਹੀਂ ਸਨ ਸਗੋਂ ਮੁੱਖ ਪਲੇਅਰ ਸਨ। ਆਮ ਤੌਰ 'ਤੇ ਦੋ ਖੁਦਮੁਖਤਾਰ ਲੋਕਤੰਤਰੀ ਮੁਲਕਾਂ ਦੀ ਆਪਸੀ ਡਿਪਲੋਮੈਟਿਕ ਗੱਲਬਾਤ 'ਚ ਕਦੇ ਵੀ ਉਥੋਂ ਦੇ ਫੌਜੀ ਜਰਨੈਲ ਹਿੱਸਾ ਲੈਂਦੇ ਨਹੀਂ ਵੇਖੇ ਗਏ। ਜਦੋਂ ਇਹੋ ਸਵਾਲ ਇਸੇ ਖਿੱਤੇ ਦੇ ਇੰਚਾਰਜ ਰਿਚਰਡ ਹਾਲਬਰੂਕ ਨੂੰ ਕੀਤਾ ਗਿਆ ਤਾਂ ਉਸਦਾ ਤੱਟ-ਫੱਟ ਜਵਾਬ ਸੀ ਕਿ ਉਸਦੀ ਫੌਜ ਦੀ ਸ਼ਮੂਲੀਅਤ ਬਿਨਾ ਪਾਕਿਸਤਾਨ ਨਾਲ ਕੋਈ ਗੱਲਬਾਤ ਕੁਝ ਅਰਥ ਨਹੀਂ ਰੱਖਦੀ। ਜਦੋਂ ਮੋੜ ਕੇ ਇਹ ਸਵਾਲ ਕੀਤਾ ਗਿਆ ਕਿ ਪਹਿਲਾਂ ਤਾਂ ਅਮਰੀਕਾ ਜਾਂ ਭਾਰਤ ਨਾਲ ਪਾਕਿਸਤਾਨ ਦੀ ਗੱਲਬਾਤ 'ਚ ਉਨ੍ਹਾਂ ਇਹ ਉਚੇਚਾ ਖਿਆਲ ਨਹੀਂ ਰੱਖਿਆ ਤਾਂ ਉਹ ਜਵਾਬ ਟਾਲ ਗਏ।

ਅਸਲ 'ਚ ਓਬਾਮਾ ਸਰਕਾਰ ਚਾਹੁੰਦੀ ਹੈ ਕਿ ਅਫਗਾਨਿਸਤਾਨ ਦਾ ਮਾਡਰੇਟ ਤਾਲਿਬਾਨ ਗੁੱਟ ਅਤੇ ਵਾਰਲਾਰਡਜ਼ ਕਰਜ਼ਈ ਸਰਕਾਰ ਨਾਲ ਜੁੜੇ ਜਾਣ 'ਤੇ ਸਰਕਾਰੇ-ਦਰਬਾਰੇ ਉਨ੍ਹਾਂ ਨੂੰ ਬਣਦਾ ਸਤਿਕਾਰ ਤੇ ਰੋਲ ਦਿੱਤਾ ਜਾਵੇ। ਦੂਜੇ ਪਾਸੇ ਮੁੱਲਾਂ ਉਮਰ ਵਰਗੇ ਕੱਟੜਪੰਥੀ ਅਤੇ ਅਮਰੀਕਾ ਵਿਰੋਧੀ ਤਾਲਿਬਾਨ ਗੁੱਟਾਂ ਅਤੇ ਅਲਕਾਇਦਾ ਦੇ ਇਸ ਖਿੱਤੇ 'ਚੋਂ ਸਫਾਏ ਦੀ ਮੁਹਿੰਮ ਤੇਜ਼ ਕੀਤੀ ਜਾਵੇ। ਇਸ ਕੰਮ 'ਚ ਪਾਕਿਸਤਾਨ ਦੀ ਆਈ. ਐਸ. ਆਈ. ਤੇ ਫੌਜ ਬੜੀ ਅਹਿਮ ਤੇ ਫੈਸਲਾਕੁੰਨ ਭੂਮਿਕਾ ਨਿਭਾਅ ਸਕਦੀਆਂ ਹਨ। ਪਾਕਿਸਤਾਨ ਦੇ ਕੁਝ ਸਿਆਸੀ ਪੰਡਿਤ ਤਾਂ ਇਥੋਂ ਤੱਕ ਕਹਿ ਰਹੇ ਹਨ ਕਿ ਡਿਪਲੋਮੈਟਾਂ ਦੀ ਮੀਟਿੰਗ ਦੇ ਓਹਲੇ 'ਚ ਅਸਲ ਮੀਟਿੰਗ ਤਾਂ ਜਨਰਲ ਕਿਆਨੀ, ਜਨਰਲ ਪਾਸ਼ਾ ਅਤੇ ਅਮਰੀਕੀ ਮਾਹਿਰਾਂ ਵਿਚਕਾਰ ਹੋਈ ਹੈ। ਜਨਰਲ ਕਿਆਨੀ ਕਿਤੇ ਕੁਰੈਸ਼ੀ ਦੀ ਅਗਵਾਈ ਵਾਲੇ ਵਫਦ ਦਾ ਮੈਂਬਰ ਬਣ ਕੇ ਕਿਧਰੇ ਜਾਣ ਲਈ ਮੰਨ ਸਕਦਾ ਹੈ। ਪ੍ਰਾਈਮ ਮਨਿਸਟਰ ਗਿਲਾਨੀ ਤਾਂ ਉਸ ਤੋਂ ਟਾਈਮ ਲੈ ਕੇ ਮਿਲਣ ਆਉਂਦਾ ਹੈ। ਪਾਕਿਸਤਾਨ ਦੇ ਇਕ ਰਿਟਾਇਰਡ ਜਨਰਲ ਨੇ ਇਕ ਟਾਕ ਸ਼ੋਅ 'ਚ ਇਹ ਵੀ ਖੁਲਾਸਾ ਕੀਤਾ ਹੈ ਕਿ ਇਸੇ ਏਜੰਡੇ ਤੋਂ ਪਹਿਲਾਂ ਇਕ ਗੁਪਤ ਮੀਟਿੰਗ ਮਾਲਦੀਵ 'ਚ ਹੋ ਚੁੱਕੀ ਹੈ, ਜਿਸ ਵਿਚ ਬੜਾ ਮਹੱਤਵਪੂਰਨ ਤਾਲਿਬਾਨ ਲੀਡਰ ਮੁੱਲਾਂ ਬਰਾਦਰ ਵੀ ਸ਼ਾਮਲ ਹੋਇਆ ਸੀ, ਜਿਹੜਾ ਪਿਛਲੇ ਦਿਨੀਂ ਪਾਕਿਸਤਾਨ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਇਸ ਗ੍ਰਿਫ਼ਤਾਰੀ 'ਤੇ ਵੀ ਸਭ ਹੈਰਾਨ ਹਨ।

ਜੇ ਗੱਲ ਕਰੀਏ ਪਾਕਿਸਤਾਨੀ ਵਫਦ ਵਲੋਂ ਪੇਸ਼ ਕੀਤੀਆਂ ਗਈਆਂ ਉਨ੍ਹਾਂ ਮੰਗਾਂ ਦੀ, ਜੋ 56



ਸਫਿਆਂ ਦੇ ਡਾਕੂਮੈਂਟ 'ਚ ਦਰਜ ਸਨ ਤਾਂ ਕਹਿ ਸਕਦੇ ਹਾਂ ਕਿ ਜ਼ਾਹਰਾ ਤੌਰ 'ਤੇ ਤਾਂ ਉਨ੍ਹਾਂ ਦੀ ਕੋਈ ਪੂਰਤੀ ਹੋਈ ਲਗਦੀ ਨਹੀਂ। ਪ੍ਰਮੁੱਖ ਮੰਗ ਪਾਕਿਸਤਾਨ ਨਾਲ ਭਾਰਤ ਵਰਗੀ ਪ੍ਰਮਾਣੂ ਸੰਧੀ ਕਰਨ ਬਾਰੇ ਸੀ ਤਾਂ ਕਿ ਪਾਕਿਸਤਾਨ ਭਿਆਨਕ ਪਾਵਰ-ਸੰਕਟ 'ਚੋਂ ਨਿਕਲ ਸਕੇ। ਇਸ ਸੰਬੰਧ 'ਚ ਅਮਰੀਕਾ ਪਾਕਿਸਤਾਨ ਨੂੰ ਤਿੰਨ ਡੈਮਾਂ ਦੀ ਉਸਾਰੀ ਲਈ ਆਰਥਿਕ ਮਦਦ ਦੇਣ ਲਈ ਤਾਂ ਮੰਨ ਗਿਆ, ਪਰ ਪ੍ਰਮਾਣੂ ਸੰਧੀ ਬਾਰੇ ਇਕ ਤਰ੍ਹਾਂ ਦੀ ਘੇਸਲ ਹੀ ਵੱਟ ਗਿਆ ਹੈ। ਇਸ ਹਵਾਲੇ ਨਾਲ ਇਕ ਗੱਲ ਹੋਰ ਵੀ ਨੋਟ ਕਰਨ ਵਾਲੀ ਹੈ ਕਿ ਅਮਰੀਕਾ ਦੇ ਪ੍ਰਮਾਣੂ ਮਾਹਿਰਾਂ ਨੇ ਅਗਲੇ ਦਿਨ ਹੀ ਇਕ ਇੰਕਸ਼ਾਫ ਕਰ ਦਿੱਤਾ ਹੈ ਕਿ ਪਾਕਿਸਤਾਨ ਚੁੱਪਚਾਪ ਆਪਣੇ ਪ੍ਰਮਾਣੂ ਹਥਿਆਰਾਂ ਦੀ ਸਮਰੱਥਾ ਦੁੱਗਣੀ ਕਰੀ ਜਾ ਰਿਹਾ ਹੈ। ਪਾਕਿਸਤਾਨ ਦਾ ਅਗਲਾ ਮੁੱਦਾ ਸੀ ਕਿ ਅਫਗਾਨਿਸਤਾਨ 'ਚ ਭਾਰਤ ਦਾ ਰੋਲ ਘਟਾ ਕੇ ਪਾਕਿਸਤਾਨ ਦਾ ਰੋਲ ਵਧਾਇਆ ਜਾਵੇ ਕਿਉਂਕਿ ਭਾਰਤ ਇਥੇ ਆਪਣੀ ਬੇਹਿਸਾਬ ਹਾਜ਼ਰੀ ਕਾਰਨ ਬਲੋਚਿਸਤਾਨ 'ਚ 'ਰਾਅ' ਰਾਹੀਂ ਅਤਿਵਾਦੀ ਤੇ ਵੱਖਵਾਦੀ ਕਾਰਵਾਈਆਂ ਕਰਵਾ ਰਿਹਾ ਹੈ। ਅਮਰੀਕੀ ਮਾਹਿਰ ਕਹਿ ਰਹੇ ਹਨ ਕਿ ਅਫਗਾਨਿਸਤਾਨ 'ਚ ਕਿਸੇ ਦੇ ਰੋਲ ਦੇ ਘੱਟ ਵਧ ਹੋਣ ਬਾਰੇ ਫੈਸਲਾ ਉਥੋਂ ਦੀ ਸਰਕਾਰ ਨੇ ਕਰਨਾ ਹੈ। ਦੂਜਾ ਬਲੋਚਿਸਤਾਨ 'ਚ ਰਾਅ ਦੀ ਦਖਲਅੰਦਾਜ਼ੀ ਬਾਰੇ ਪਾਕਿਸਤਾਨ ਕੋਈ ਪੁਖਤਾ ਸਬੂਤ ਜਾਂ ਗ੍ਰਿਫ਼ਤਾਰੀ ਨਹੀਂ ਪੇਸ਼ ਕਰ ਸਕਿਆ ਜਿਵੇਂ ਭਾਰਤ-ਕਸ਼ਮੀਰ ਤੇ ਦੇਸ਼ ਦੇ ਹੋਰ ਹਿੱਸਿਆਂ 'ਚ ਲਸ਼ਕਰ ਜਾਂ ਹੋਰ ਪਾਕਿਸਤਾਨੀ ਅਤਿਵਾਦੀ ਤਨਜ਼ੀਮਾਂ ਦੀ ਸਰਗਰਮੀ ਦੇ ਸਬੂਤ ਦੇ ਰਿਹਾ ਹੈ। 26/11 ਤਾਂ ਸਾਰੇ ਸੰਸਾਰ ਨੇ ਵੇਖਿਆ ਹੈ।

ਅਗਲੀ ਮੰਗ ਅਮਰੀਕਾ ਵਲੋਂ ਕਸ਼ਮੀਰ ਮਸਲੇ 'ਤੇ ਵਿਚੋਲਗੀ ਅਤੇ ਭਾਰਤ ਨੂੰ ਕੰਪੋਜ਼ਿਟ ਡਾਇਲਾਗ ਸ਼ੁਰੂ ਕਰਨ 'ਤੇ ਮਜਬੂਰ ਕਰਨ ਬਾਰੇ ਸੀ। ਇਸ ਸੰਬੰਧ 'ਚ ਹਿਲੇਰੀ ਕਲਿੰਟਨ ਨੇ ਵਿਚੋਲਗੀ ਜਾਂ ਡਾਇਲਾਗ ਲਈ ਦਬਾਅ ਪਾਉਣ ਤੋਂ ਤਾਂ ਸਾਫ ਇਨਕਾਰ ਕਰ ਦਿੱਤਾ ਪਰ ਕਿਹਾ ਕਿ ਅਮਰੀਕਾ ਦੋਵਾਂ ਦੇਸ਼ਾਂ ਨੂੰ ਇਸ ਬਾਰੇ ਸੁਝਾਅ ਜ਼ਰੂਰ ਦੇ ਸਕਦਾ ਹੈ। ਅਗਲੀ ਮੰਗ ਪਾਕਿਸਤਾਨ ਦੀ ਧਰਤੀ 'ਤੇ ਹੋ ਰਹੇ ਡਰੋਨ ਹਮਲੇ ਰੋਕਣ ਬਾਰੇ ਸੀ, ਜਿਸ ਕਰਕੇ ਲੋਕਾਂ 'ਚ ਅਮਰੀਕਾ ਵਿਰੁਧ ਗੁੱਸਾ ਵਧ ਰਿਹਾ ਹੈ। ਪਾਕਿਸਤਾਨ ਚਾਹੁੰਦਾ ਸੀ ਕਿ ਅਮਰੀਕਾ ਇਹ ਡਰੋਨ ਹਮਲੇ ਬੰਦ ਕਰਕੇ, ਡਰੋਨ ਤੇ ਡਰੋਨ ਟੈਕਨਾਲੋਜੀ ਪਾਕਿਸਤਾਨ ਨੂੰ ਦੇ ਦੇਵੇ ਤਾਂ ਕਿ ਪਾਕਿਸਤਾਨ ਇਹ ਕੰਮ ਖੁਦ ਆਪਣੇ ਹੱਥੀਂ ਆਪ ਕਰੇ ਤੇ ਅਮਰੀਕਾ ਦੇ ਅਕਸ ਨੂੰ ਕੋਈ ਆਂਚ ਨਾ ਆਵੇ। ਇਸ ਮੰਗ ਪ੍ਰਤੀ ਵੀ ਕੋਈ ਹਾਂ ਪੱਖੀ ਹੁੰਗਾਰਾ ਸੁਣਾਈ ਨਹੀਂ ਦਿੱਤਾ, ਹਾਂ ਪਹਿਲਾਂ ਵਾਂਗ ਫੌਜੀ ਸਾਜ਼-ਸਾਮਾਨ ਮਿਲਦਾ ਰਹਿਣ ਦੀ ਗੱਲ ਜ਼ਰੂਰ ਹੋਈ।

ਪਾਕਿਸਤਾਨ ਦਾ ਇਹ ਦਾਅਵਾ ਹੈ ਕਿ ਇਸ ਦਹਿਸ਼ਤ ਵਿਰੋਧੀ ਜੰਗ ਵਿਚ ਉਸਨੇ 183 ਬਿਲੀਅਨ ਡਾਲਰ ਆਪਣੀ ਜੇਬ 'ਚੋਂ ਖਰਚੇ ਹਨ, ਸੋ ਇਸਦਾ ਭੁਗਤਾਨ ਵੀ ਕੀਤਾ ਜਾਣਾ ਚਾਹੀਦਾ ਹੈ। ਇਸ ਮੰਗ ਦੀ ਅਜੇ ਕੋਈ ਤਫਤੀਸ਼ ਨਹੀਂ ਆਈ ਪਰ ਆਉਂਦੇ ਸਮੇਂ 'ਚ ਅਮਰੀਕਾ ਪਾਕਿਸਤਾਨ ਨੂੰ 125 ਮਿਲੀਅਨ ਡਾਲਰ ਦੀ ਸਹਾਇਤਾ ਹੋਰ ਦੇਣੀ ਮੰਨ ਗਿਆ ਹੈ, ਜਿਸ ਬਾਰੇ ਅਜੇ ਇਹ ਵੇਰਵੇ ਨਹੀਂ ਆਏ ਕਿ ਇਹ ਸਹਾਇਤਾ ਕਿਵੇਂ ਤੇ ਕਦੋਂ ਦਿੱਤੀ ਜਾਣੀ ਹੈ।

ਜੇ ਅਸੀਂ ਅਮਰੀਕਾ, ਪਾਕਿਸਤਾਨ ਅਤੇ ਭਾਰਤ ਦੇ ਸੰਬੰਧਾਂ ਦੀ ਤਿਕੋਣ ਨੂੰ ਦੇਖੀਏ ਤਾਂ ਕਹਿ ਸਕਦੇ ਹਾਂ ਕਿ ਜਿਥੇ ਭਾਰਤ-ਪਾਕਿਸਤਾਨ ਵਿਚ ਕੁਝ ਕਾਰਨਾਂ ਕਰਕੇ ਈਰਖਾ ਤੇ ਕੁੜੱਤਣ ਹਾਵੀ ਹੈ, ਉਥੇ ਅਮਰੀਕਾ ਨਾਲ ਇਨ੍ਹਾਂ ਦੋਹਾਂ ਦੇਸ਼ਾਂ ਦੇ ਸੰਬੰਧ ਦੋਸਤੀ ਦੇ ਨਿੱਘ ਵਾਲੇ ਹਨ ਅਤੇ ਆਪਸੀ ਜ਼ਰੂਰਤਾਂ 'ਤੇ ਨਿਰਭਰ ਹਨ। ਜਿਥੋਂ ਤੱਕ ਭਾਰਤ ਦਾ ਸੰਬੰਧ ਹੈ, ਇਹ ਦੱਖਣੀ ਏਸ਼ੀਆ ਦਾ ਇਕ ਵਿਕਾਸਸ਼ੀਲ, ਵੱਡਾ, ਲੋਕਤੰਤਰੀ ਅਤੇ ਸਥਿਰ ਸਿਆਸੀ ਤੇ ਸਾਮਾਜੀ ਹਾਲਾਤ ਵਾਲਾ ਦੇਸ਼ ਹੈ, ਇਸ ਕਰਕੇ ਅਮਰੀਕਾ ਦੀ ਸਿਆਸੀ ਲਾਬੀ ਨਾਲੋਂ ਉਥੋਂ ਦੀ ਵਪਾਰੀ ਲਾਬੀ ਭਾਰਤ ਨਾਲ ਜ਼ਿਆਦਾ ਗੂੜ੍ਹੇ ਸੰਬੰਧ ਰੱਖਣ 'ਚ ਵਧ ਦਿਲਚਸਪੀ ਰੱਖਦੀ ਹੈ। ਸਿਆਸੀ ਨਜ਼ਰੀਏ ਤੋਂ ਵਾਂ ਭਾਰਤ ਵਰਗਾ ਮੁਲਕ, ਜਿਸਦੀ ਕੋਈ ਖਾਸ ਲਾਇਬਿਲਟੀ ਨਹੀਂ ਹੈ, ਅਮਰੀਕਾ ਲਈ ਇਸ ਖਿੱਤੇ 'ਚ ਲਾਹੇਵੰਦ ਹੈ।

ਦੂਜੇ ਪਾਸੇ ਭਾਰਤ ਨੂੰ ਵੀ ਅਮਰੀਕਾ ਅਤੇ ਦੁਨੀਆਂ ਦੇ ਹੋਰ ਮੁਲਕਾਂ ਨਾਲ ਚੰਗੇ ਸੰਬੰਧਾਂ ਦੀ ਜ਼ਰੂਰਤ ਹੈ। ਉਦਾਹਰਣ ਵਜੋਂ ਭਾਰਤ ਦੀ ਪ੍ਰਮਾਣੂ ਸੰਧੀ ਅਮਰੀਕਾ ਬਿਨਾ ਮੁਮਕਿਨ ਹੀ ਨਹੀਂ ਸੀ ਹੋਣੀ, ਜਿਸਦੇ ਫਾਇਦਿਆਂ ਦਾ 10-15 ਸਾਲ ਨੂੰ ਪਤਾ ਲੱਗਣਾ ਹੈ। ਦੂਜੇ ਪਾਸੇ ਪਾਕਿਸਤਾਨ ਵਲੋਂ ਲਗਾਤਾਰ ਦਰਾਮਦ ਕੀਤੇ ਜਾ ਰਹੇ ਅਤਿਵਾਦ ਖਿਲਾਫ ਕੋਈ ਕਾਰਵਾਈ ਕਰਨ ਜਾਂ ਨੀਤੀ ਬਣਾਉਣ ਵੇਲੇ ਭਾਰਤ, ਅਮਰੀਕਾ ਦੀਆਂ ਲੋੜਾਂ ਦਾ ਖਿਆਲ ਰੱਖਦਾ ਹੈ। ਭਾਰਤ ਨੂੰ ਪਤਾ ਹੈ ਕਿ ਠੰਡੀ ਜੰਗ ਵੇਲੇ ਲਏ ਪੰਗਿਆਂ ਨੂੰ ਸਮੇਟਣ ਲਈ ਅਮਰੀਕਾ ਨੂੰ ਪਾਕਿਸਤਾਨ ਦੀ ਵੱਡੀ ਲੋੜ ਹੈ। ਅਮਰੀਕਾ ਵੀ ਇਨ੍ਹਾਂ ਦੋ ਆਪਸ 'ਚ ਵਿਰੋਧੀ ਮਿੱਤਰਾਂ ਨਾਲ ਆਪਣੇ ਸੰਬੰਧਾਂ 'ਚ ਤਵਾਜ਼ਨ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹੈ। ਭਾਵੇਂ ਇਹ ਮੁਸ਼ਕਲ ਜ਼ਰੂਰ ਹੁੰਦਾ ਹੈ, ਇਸੇ ਕਰਕੇ ਕਦੇ ਭਾਰਤ ਨੂੰ ਤੇ ਕਦੇ ਪਾਕਿਸਤਾਨ ਨੂੰ ਅਮਰੀਕਾ ਦੇ ਰਵੱਈਏ ਬਾਰੇ ਸ਼ੱਕ ਹੋਣ ਲੱਗਦਾ ਹੈ। ਵਾਸ਼ਿੰਗਟਨ 'ਚ ਹੁਣੇ ਹੋਈ ਮੀਟਿੰਗ 'ਚ ਵੀ ਅਮਰੀਕੀ ਡਿਪਲੋਮੈਟਾਂ ਵਲੋਂ ਦੋਹਾਂ ਦੇਸ਼ਾਂ ਵਿਚ ਤਵਾਜ਼ਨ ਰੱਖਣ ਦੀ ਕੋਸ਼ਿਸ਼ ਕੀਤੀ ਗਈ ਤਾਂ ਲੱਗਦੀ ਹੈ, ਪਰ ਪੂਰੇ ਨਤੀਜੇ ਅਜੇ ਸਾਹਮਣੇ ਆਉਣੇ ਬਾਕੀ ਹਨ।

# ਬਰਤਾਨੀਆ 'ਚ ਸਿੱਖਾਂ ਨੂੰ ਬਦਨਾਮ ਕਰਨ ਲਈ ਸਰਗਰਮੀ

**-ਕ੍ਰਿਸ਼ਨ ਭਾਟੀਆ**

ਉਨ੍ਹਾਂ ਦੀਆਂ ਤਸਵੀਰਾਂ ਦੇਖ ਕੇ ਕੌਣ ਇਸ ਗੱਲ 'ਤੇ ਸ਼ੱਕ ਕਰ ਸਕਦਾ ਸੀ ਕਿ ਪੁਲਿਸ ਵਲੋਂ ਫੜੇ ਗਏ ਇਹ ਨੌਜਵਾਨ ਸਿੱਖ ਨਹੀਂ ਹਨ ਪਰ ਅਸਲੀਅਤ ਇਹ ਵੀ ਸੀ ਕਿ ਇਹ ਤਸਵੀਰਾਂ ਬ੍ਰਿਟੇਨ ਦੇ ਉਨ੍ਹਾਂ ਮੁਸਲਿਮ ਅੱਤਵਾਦੀਆਂ ਦੀਆਂ ਹਨ, ਜੋ ਸਿੱਖ ਪਹਿਰਾਵੇ 'ਚ ਬ੍ਰਿਟੇਨ 'ਚ ਇਧਰ-ਉਧਰ ਘੁੰਮਦੇ ਸਨ। ਇਨ੍ਹਾਂ ਦਾ ਇਹ ਰੂਪ ਵੀ ਉਸੇ ਤਰ੍ਹਾਂ ਨਕਲੀ ਹੈ, ਜਿਸ ਤਰ੍ਹਾਂ ਤਸਵੀਰਾਂ ਦੇ ਹੇਠਾਂ ਲਿਖੇ ਉਨ੍ਹਾਂ ਦੇ ਨਾਂ। ਇਹ ਦੋਵੇਂ ਹਨ 24 ਸਾਲਾ ਅੱਬਾਸ ਇਕਬਾਲ ਅਤੇ ਉਸਦਾ ਛੋਟਾ ਭਰਾ 23 ਸਾਲਾ ਇਲਿਆਸ।

ਦੋਹਾਂ ਨੂੰ ਮਾਨਚੈਸਟਰ ਦੀ ਅਦਾਲਤ ਨੇ ਅੱਤਵਾਦੀ ਸਰਗਰਮੀਆਂ ਦੇ ਦੋਸ਼ 'ਚ 19 ਮਾਰਚ ਨੂੰ ਕੈਦ ਦੀ ਸਜ਼ਾ ਸੁਣਾਈ ਹੈ। ਵੱਡੇ ਭਰਾ ਨੂੰ 2 ਸਾਲ ਕੈਦ ਅਤੇ ਛੋਟੇ ਭਰਾ ਨੂੰ ਡੇਢ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਉਨ੍ਹਾਂ ਦੇ ਇਕ ਤੀਜੇ ਸਾਥੀ ਮੁਹੰਮਦ ਅਹਿਮਦ ਨੂੰ ਬਰੀ ਕਰ ਦਿੱਤਾ ਗਿਆ। ਦੋਵੇਂ ਭਰਾ ਛੇਤੀ ਹੀ ਰਿਹਾਅ ਕਰ ਦਿੱਤੇ ਜਾਣਗੇ ਕਿਉਂਕਿ ਇਹ ਰਿਮਾਂਡ 'ਤੇ ਢਾਈ-ਢਾਈ ਸਾਲ ਕੈਦ ਭੁਗਤ ਚੁੱਕੇ ਹਨ। ਜਦੋਂ ਪੁਲਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕੀਤਾ ਸੀ ਤਾਂ ਉਨ੍ਹਾਂ ਦੇ ਕਬਜ਼ੇ 'ਚੋਂ ਅਜਿਹਾ ਸਾਮਾਨ ਤੇ ਸਬੂਤ ਮਿਲੇ ਸਨ ਕਿ ਉਹ ਅੱਤਵਾਦੀ ਕਾਰਵਾਈਆਂ ਦੀ ਤਿਆਰੀ ਕਰ ਰਹੇ ਸਨ। ਬ੍ਰਿਟੇਨ ਦੇ ਸ਼ਹਿਰ ਬਲੈਕਬਰਨ 'ਚ ਉਨ੍ਹਾਂ ਦੇ ਘਰੋਂ ਹਥਿਆਰਾਂ ਦਾ ਵੱਡਾ ਜ਼ਖੀਰਾ ਬਰਾਮਦ ਹੋਇਆ ਸੀ, ਜਿਨ੍ਹਾਂ 'ਚ ਕਈ ਬੰਦੂਕਾਂ, ਚਾਕੂ, ਤਲਵਾਰਾਂ, ਤੀਰਕਮਾਨ ਤੇ ਵਿਸਫੋਟਕ ਪਦਾਰਥ ਸ਼ਾਮਿਲ ਸਨ। ਇਨ੍ਹਾਂ ਦੇ ਕਬਜ਼ੇ 'ਚੋਂ ਇਕ ਫਿਲਮ ਵੀ ਬਰਾਮਦ ਹੋਈ ਸੀ।



ਅੱਤਵਾਦੀ ਅੱਬਾਸ ਇਕਬਾਲ ਦੇ ਸਿੱਖ ਪਹਿਰਾਵੇ ਵਿਚ ਦੋ ਰੂਪ।

ਮੁੱਕਦਮੇ ਦੀ ਕਾਰਵਾਈ ਚਾਰ ਹਫ਼ਤੇ ਚੱਲੀ, ਜਿਸ ਦੌਰਾਨ ਜਿਊਰੀ ਨੂੰ ਮੋਬਾਈਲ ਫੋਨ 'ਤੇ ਬਣਾਈਆਂ ਗਈਆਂ ਫ਼ਿਲਮਾਂ ਦਿਖਾਈਆਂ ਗਈਆਂ ਕਿ ਕਿਸ ਤਰ੍ਹਾਂ ਇਹ ਤਿੰਨੋਂ ਸਿੱਖਾਂ ਵਾਲਾ ਪਹਿਰਾਵਾ ਪਹਿਨ ਕੇ ਦਿਨ-ਦਿਹਾੜੇ ਸ਼ਹਿਰ ਦੇ ਪਾਰਕਾਂ ਤੇ ਬਾਜ਼ਾਰਾਂ 'ਚ ਘੁੰਮਦੇ ਹੁੰਦੇ ਸਨ। ਇਕ ਫਿਲਮ 'ਚ ਤਿੰਨਾਂ 'ਚੋਂ ਇਕ ਨੂੰ ਰਾਈਫਲ ਫੜ ਕੇ ਪਾਰਕ ਵਿਚ ਘੁੰਮਦੇ ਦਿਖਾਇਆ ਗਿਆ ਹੈ।

ਮੁਕੱਦਮੇ ਦੀ ਸੁਣਵਾਈ ਦੌਰਾਨ ਬੇਸ਼ੱਕ ਇਹ ਗੱਲ ਤਾਂ ਨਹੀਂ ਕਹੀ ਗਈ ਪਰ ਇਕ ਸਾਧਾਰਨ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਜਿਸ ਤਰ੍ਹਾਂ ਦੇ ਕੱਪੜੇ ਪਹਿਨ ਕੇ ਅਤੇ ਭੇਸ ਬਦਲ ਕੇ ਉਹ ਘੁੰਮਦੇ ਹੁੰਦੇ ਸਨ, ਉਨ੍ਹਾਂ ਨੂੰ ਦੇਖ ਕੇ ਹਰ ਆਦਮੀ ਇਹੀ ਸਮਝਦਾ ਸੀ ਕਿ ਉਹ ਸਿੱਖ ਹਨ ਤੇ ਜੇ ਕੋਈ ਉਨ੍ਹਾਂ ਨੂੰ ਨਾਂ ਪੁੱਛ ਲੈਂਦਾ ਤਾਂ ਉਹ ਸ਼ਾਇਦ ਕਹਿੰਦੇ- 'ਜਰਨੈਲ ਸਿੰਘ', 'ਖੜਕ ਸਿੰਘ', 'ਫਤਹਿ ਸਿੰਘ', 'ਸ਼ਰਨ ਸਿੰਘ' ਜਾਂ ਅਜਿਹਾ ਹੀ ਕੋਈ ਹੋਰ ਨਾਂ। ਉਨ੍ਹਾਂ ਦਾ ਅਸਲੀ ਰੂਪ ਬਿਲਕੁਲ ਉਹੀ ਸੀ, ਜੋ ਹੇਠਾਂ ਵਾਲੀਆਂ ਤਸਵੀਰਾਂ 'ਚ ਹੈ। ਅੱਤਵਾਦ ਹਮੇਸ਼ਾ ਧੋਖੇ ਦਾ ਸਹਾਰਾ ਲੈਂਦਾ ਹੈ। ਆਪਣੇ ਘਿਨੌਣੇ ਚਿਹਰੇ ਨੂੰ ਲੁਕਾਉਣ ਲਈ ਅੱਤਵਾਦੀਆਂ ਨੇ ਹਮੇਸ਼ਾ ਅਜਿਹੇ ਮੁਖੌਟੇ ਪਹਿਨੇ ਹਨ, ਜਿਨ੍ਹਾਂ ਨਾਲ ਉਨ੍ਹਾਂ ਦੀ ਅਸਲੀਅਤ ਨੂੰ ਪਛਾਣਿਆ ਨਾ ਜਾ ਸਕੇ। ਸਿੱਖ ਪਹਿਰਾਵੇ ਪਿੱਛੇ ਆਪਣੀ ਅਸਲੀਅਤ ਲੁਕੋ ਕੇ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਣ ਲਈ ਬ੍ਰਿਟੇਨ ਦੇ ਇਨ੍ਹਾਂ ਮੁਸਲਿਮ ਅੱਤਵਾਦੀਆਂ ਦੀ ਇਹ ਹਰਕਤ ਸਿੱਖਾਂ ਨੂੰ ਬਦਨਾਮ ਕਰਨ ਦੀ ਇਕ ਖ਼ਤਰਨਾਕ ਸਾਜ਼ਿਸ਼ ਹੈ। ਅੱਬਾਸ ਅਤੇ ਇਲਿਆਸ ਨੂੰ ਸਜ਼ਾ ਸੁਣਾਉਂਦਿਆਂ ਜੱਜ ਨੇ ਆਪਣੇ ਫੈਸਲੇ 'ਚ ਕਿਹਾ, ''ਤੁਸੀਂ ਆਪਣੇ-ਆਪ ਨੂੰ ਇਹ ਕਹਿ ਕੇ ਖੁਸ਼ ਹੁੰਦੇ ਫਿਰਦੇ ਹੋ ਕਿ ਤੁਸੀਂ ਕਿਸੇ ਉਦੇਸ਼ ਨੂੰ ਲੈ ਕੇ ਸੰਘਰਸ਼ ਕਰ ਰਹੇ ਹੋ ਪਰ ਸੱਚਾਈ ਇਹ ਹੈ ਕਿ ਤੁਸੀਂ ਬਹੁਤ ਹੀ ਘਟੀਆ ਕਿਸਮ ਦੇ ਲੋਕ ਹੋ।'' ਅੱਬਾਸ ਨੂੰ ਅਗਸਤ 2008 'ਚ ਉਦੋਂ ਗ੍ਰਿਫਤਾਰ ਕੀਤਾ ਗਿਆ, ਜਦੋਂ ਉਹ ਮਾਨਚੈਸਟਰ ਹਵਾਈ ਅੱਡੇ ਤੋਂ ਯੂਰਪ ਜਾਣ ਲਈ ਫਲਾਈਟ ਫੜਨ ਦੀ ਕੋਸ਼ਿਸ਼ ਕਰ ਰਹੇ ਸਨ। ਉਸਦੇ ਸੂਟਕੇਸ 'ਚੋਂ ਇਕ ਵੀਡੀਓ ਕੈਸੇਟ ਮਿਲੀ, ਜਿਸ ਵਿਚ ਉਸਨੂੰ ਇਹ ਕਹਿੰਦਿਆਂ ਦਿਖਾਇਆ ਗਿਆ ਸੀ ਕਿ ''ਅਸੀਂ ਅੱਤਿਆਚਾਰ ਦੇ ਵਿਰੁਧ ਲੜ ਰਹੇ ਹਾਂ।'' ਪੁਲਸ ਵਲੋਂ ਪੁੱਛਗਿੱਛ ਕੀਤੇ ਜਾਣ 'ਤੇ ਉਸ ਨੇ ਦੱਸਿਆ ਕਿ ਉਹ ਯੂਰਪ ਇਸ ਲਈ ਜਾ ਰਿਹਾ ਸੀ ਕਿਉਂਕਿ ਉਸਨੂੰ ਉਥੇ ਇਕ ਨਵੀਂ ਮਸਜਿਦ ਵਿਚ ਅਧਿਆਪਕ ਦੀ ਨੌਕਰੀ ਮਿਲ ਗਈ ਹੈ। ਬਰੀ ਕਰ ਦਿੱਤੇ ਜਾਣ 'ਤੇ ਉਸ ਦੇ ਸਾਥੀ ਅਹਿਮਦ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਿਰਫ ਮੁਸਲਿਮ ਹੋਣ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ, ਜਦਕਿ ਪੁਲਸ ਨੇ ਇਸ ਸੰਬੰਧੀ ਕਿਹਾ ਹੈ ਕਿ ਜਨਤਾ ਦੀ ਸੁਰੱਖਿਆ ਉਸਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ। ਜਦੋਂ ਵੀ ਕੋਈ ਸੂਚਨਾ ਮਿਲਦੀ ਹੈ ਤਾਂ ਪੁਲਸ ਵਲੋਂ ਪੂਰੀ ਜਾਂਚ-ਪੜਤਾਲ ਤੇ ਛਾਣਬੀਣ ਤੋਂ ਬਾਅਦ ਹੀ ਕਿਸੇ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ।

## ਭਗਤ ਸਿੰਘ ਦੀ ਯਾਦਗਾਰ ਬਣਾਉਣ ਦੀ ਮੰਗ ਕੀਤੀ

**ਲਾਹੌਰ:** ਪਾਕਿਸਤਾਨ ਦੇ ਮਾਨਵ ਅਧਿਕਾਰ ਗਰੁੱਪ ਅਤੇ ਸਥਾਨਕ ਲੋਕਾਂ ਨੇ ਮੰਗ ਕੀਤੀ ਹੈ ਕਿ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ 'ਚ ਅਹਿਮ ਯੋਗਦਾਨ ਦੇਣ ਵਾਲੇ ਭਗਤ ਸਿੰਘ ਨੂੰ ਜਿਸ ਥਾਂ 'ਤੇ ਅੰਗਰੇਜ਼ ਸਰਕਾਰ ਨੇ ਫਾਂਸੀ ਦਿਤੀ ਸੀ, ਉਸ ਥਾਂ ਨੂੰ ਯਾਦਗਾਰ ਦਾ ਰੂਪ ਦੇਣ ਲਈ ਸਥਾਨਕ ਸ਼ਾਦਮਾਨ ਚੌਕ ਦਾ ਨਾਂ ਬਦਲ ਕੇ ਭਗਤ ਸਿੰਘ ਦੇ ਨਾਂ 'ਤੇ ਰਖਿਆ ਜਾਵੇ।

ਭਗਤ ਸਿੰਘ ਦੇ 79ਵੇਂ ਸ਼ਹੀਦੀ ਦਿਨ 'ਤੇ ਵੱਖ-ਵੱਖ ਸਿੱਖਿਆ ਸੰਸਥਾਵਾਂ ਦੇ ਵਿਦਿਆਰਥੀਆਂ ਸਣੇ ਵੱਡੀ ਗਿਣਤੀ 'ਚ ਇਕੱਠੇ ਹੋਏ ਲੋਕਾਂ ਨੇ ਇਸ ਚੌਕ ਵਿਚ ਰੈਲੀ ਕੀਤੀ ਅਤੇ ਮੰਗ ਕੀਤੀ ਕਿ ਸਰਕਾਰ ਚੌਕ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਚੌਕ ਰੱਖੇ। ਦਸਣਯੋਗ ਹੈ ਕਿ ਇਸ ਚੌਕ ਵਾਲੀ ਥਾਂ 'ਤੇ ਪਹਿਲਾਂ ਲਾਹੌਰ ਦੀ ਜੇਲ ਹੋਇਆ ਕਰਦੀ ਸੀ ਜਿਸ ਨੂੰ 1960 ਵਿਚ ਢਾਹ ਕੇ ਇਸ ਇਲਾਕੇ ਨੂੰ ਰਿਹਾਇਸ਼ੀ ਕਾਲੋਨੀ ਵਿਚ ਬਦਲ ਦਿਤਾ ਗਿਆ। ਬੁਲਾਰਿਆਂ ਨੇ ਕਿਹਾ ਕਿ ਭਗਤ ਸਿੰਘ ਨੇ ਪੂਰੇ ਉਪ ਮਹਾਂਦੀਪ ਲਈ ਆਪਣੀ ਕੁਰਬਾਨੀ ਦਿੱਤੀ ਸੀ। ਰੈਲੀ ਵਿਚ ਲੋਕਾਂ ਨੇ ਹੱਥਾਂ 'ਚ ਮੋਮਬੱਤੀਆਂ ਅਤੇ ਪੋਸਟਰ ਫੜ ਕੇ ਭਗਤ ਸਿੰਘ ਦੇ ਹੱਕ 'ਚ ਇਨਕਲਾਬੀ ਨਾਹਰੇ ਲਾਏ। ਮਨੁੱਖੀ ਅਧਿਕਾਰਾਂ ਦੀ ਕਾਰਕੁਨ ਸਈਦਾ ਦੀਪ ਨੇ ਕਿਹਾ ਕਿ ਲਾਹੌਰ ਦੇ ਲੋਕ ਭਗਤ ਸਿੰਘ ਦੀ ਵਿਰਾਸਤ ਨੂੰ ਸਾਂਭਣ ਲਈ ਸਰਕਾਰ ਕੋਲੋਂ ਮੰਗ ਕਰਦੇ ਹਨ ਕਿ ਇਸ ਥਾਂ 'ਤੇ ਵਸੀ ਕਾਲੋਨੀ ਦਾ ਨਾਂ ਵੀ ਭਗਤ ਸਿੰਘ ਕਾਲੋਨੀ ਰਖਿਆ ਜਾਵੇ।

# ਐਥੇ ਹੀ ਠੀਕ ਹੈ


ਇੰਨੀ ਕੁ ਬਾਤ



ਬਲਜੀਤ ਬਾਸੀ

ਫੋਨ: 734-454-4958


ਲਾਡੀ, ਸਾਡੇ ਗੂੜ੍ਹੇ ਯਾਰ ਦੀ ਸਭ ਤੋਂ ਵੱਡੀ ਰੀਝ ਪੂਰੀ ਹੋ ਗਈ ਜਿਸ ਦਿਨ ਉਸਦੇ ਪੈਰਾਂ ਨੇ ਕੈਨੇਡਾ ਦੀ ਧਰਤੀ ਦੀ ਛੋਹ ਪ੍ਰਾਪਤ ਕੀਤੀ। ਜੁਗਾੜਾਂ ਨੂੰ ਫਲ ਲੱਗ ਚੁੱਕਾ ਸੀ, ਦੇਸ਼ ਨੂੰ ਅਲਵਿਦਾ ਹੋ ਚੁੱਕੀ ਸੀ, ਨਵੇਂ ਦੇਸ਼ ਵਿਚ ਹੁਣ ਤਾਂ ਅੱਗੋਂ ਜੋ ਕਰਨਾ ਸੀ ਕਰਾਂ-ਪੈਰਾਂ ਨੇ ਹੀ ਕਰਨਾ ਸੀ। ਕੈਨੇਡਾ ਦੇ ਇਸ ਸ਼ਹਿਰ ਬਰੈਂਪਟਨ ਚ ਆ ਕੇ ਉਹ ਕੁਝ ਦਿਨ ਸੜਕਾਂ 'ਤੇ ਭੌਂਦਾ ਰਿਹਾ, ਤੜਪਦਾ ਰਿਹਾ ਪਿਛਲੇ ਯਾਰਾਂ ਨੂੰ, ਪਿਛਲੇ ਸੰਸਕਾਰਾਂ ਨੂੰ ਯਾਦ ਕਰਕੇ। ਭਾਵੇਂ ਉਸ ਦੀਆਂ ਰਗਾਂ ਵਿਚ ਜਵਾਨੀ ਦਾ ਖੂਨ ਖੌਲ ਰਿਹਾ ਸੀ ਤੇ ਡੌਲੇ ਫਰਕ ਰਹੇ ਸਨ ਜਿਨ੍ਹਾਂ ਦੀ ਬਦੌਲਤ ਉਸ ਨੇ ਕਮਾਈਆਂ ਕਰ ਕਰ, ਕੈਨੇਡਾ ਨੂੰ ਲੁੱਟ ਲੁੱਟ ਡਾਲਰਾਂ ਦੀਆਂ ਡਾਰਾਂ ਲਾ ਦੇਣੀਆਂ ਸਨ। ਮਸ਼ੀਨਾਂ ਨਾਲ ਮਸ਼ੀਨ ਹੋ ਜਾਣਾ ਸੀ; ਟਰੱਕਾਂ ਦੇ ਗੁਰਭਾਈ ਬਣ ਜਾਣਾ ਸੀ; ਸਟੋਰਾਂ ਦੇ ਰਜਿਸਟਰਾਂ ਨਾਲ ਚਿੱਪਕ ਜਾਣਾ ਸੀ; ਜਾਂ ਫਿਰ ਟੈਕਸੀਆਂ ਦੇ ਸਟੇਰਿੰਗ ਨਾਲ ਜੱਫਾ ਪਾ ਲੈਣਾ ਸੀ। ਪਰ ਹਾਲ ਦੀ ਘੜੀ ਉਸ ਦੇ ਮਨ 'ਚ ਡਾਢੀ ਹਲਚਲ ਸੀ ਜਿਵੇਂ ਉਸ ਨੂੰ ਪਟਕਾ ਕੇ ਮਾਰਿਆ ਗਿਆ ਹੋਵੇ।

...ਜ਼ਿੰਦਾਦਿਲ, ਸ਼ੋਸ਼ੇਬਾਜ਼, ਮਜ਼ਾਕੀਆ ਤੇ ਜਜ਼ਬਾਤੀ, ਲਾਡੀ ਕਲਾਸ ਵਿਚ ਸਾਡੇ ਟੋਲੇ ਦੀ ਰੂਹੇ-ਰਵਾਂ ਸੀ। ਅਧਿਆਪਕਾਂ ਨਾਲ ਪੰਗੇ ਲੈਣੇ, ਕੁੜੀਆਂ ਨਾਲ ਛੇੜਖਾਨੀ ਤੇ ਦੋਸਤਾਂ ਅੱਗੇ ਯੱਕੜ ਤੋਲੀ ਜਾਣੇ- ਲਾਡੀ ਦੇ ਸੁਭਾਅ ਦੇ ਉਘੜਵੇਂ ਲੱਛਣ ਸਨ ਪਰ ਫਿਰ ਵੀ ਉਸਦੇ ਵਿਹਾਰ ਵਿਚ ਇੱਕ ਕਲਾ, ਇਕ ਸਲੀਕਾ ਹੁੰਦਾ ਸੀ ਜਿਸ ਦਾ ਅੰਤ ਅਕਸਰ ਖੁਸ਼ਗਵਾਰ ਹੀ ਹੁੰਦਾ ਸੀ। ਜਿਵੇਂ ਰੋਟੀ ਦਾ ਟੁਕੜਾ ਮੂੰਹ 'ਚ ਪਾਈ ਨਦੀ ਵੱਲ ਦੌੜਦੇ ਕੁਤੇ ਦੀ ਕਹਾਣੀ ਤੋਂ ਲਾਲਚ ਨਾ ਕਰਨ ਦੀ ਸਿਖਿਆ ਮਿਲਦੀ ਹੈ; ਲਾਡੀ ਇਕ ਜਿਉਂਦੀ ਜਾਗਦੀ ਤੁਰੀ ਫਿਰਦੀ ਕਹਾਣੀ ਸੀ।

ਉਸ ਦਿਨ ਗੁਰਬਾਣੀ ਦਾ ਪੀਰੀਅਡ ਸਿਰ 'ਤੇ ਖੜਾ ਸੀ ਤੇ ਊਂਘਦੀ ਕਲਾਸ ਗੁਰਬਾਣੀ ਪੜ੍ਹਾਉਂਦੇ ਕਠੋਰ ਜ਼ਬਤ ਵਾਲੇ ਪ੍ਰੋਫੈਸਰ ਦੀ ਉਡੀਕ ਕਰ ਰਹੀ ਸੀ। ਲਾਡੀ ਦੇ ਮਨ ਵਿਚ ਪਤਾ ਨਹੀਂ ਕੀ ਆਇਆ ਕਿ ਉਹ ਯਕਾਯੱਕ ਡੈਸਕ ਤੋਂ ਉਠ ਕੇ ਬਲੈਕ ਬੋਰਡ ਵੱਲ ਦੌੜ ਗਿਆ। ਫਿਰ ਸਭ ਨੇ ਕੀ ਦੇਖਿਆ, ਲਾਡੀ ਉਚੀ ਉਚੀ ਜਪੁਜੀ ਸਾਹਿਬ ਪੜ੍ਹਦਾ ਭੰਗੜਾ ਪਾ ਰਿਹਾ ਸੀ। ਜਪੁਜੀ ਸਾਹਿਬ ਦੀਆਂ ਪਉੜੀਆਂ ਦੀ ਧੁਨੀ 'ਤੇ ਸਟੈਪ ਰੱਖਦਾ ਉਸਦਾ ਭੰਗੜਾ ਇਕ ਵਚਿਤਰ ਸੁਮੇਲ ਪੇਸ਼ ਕਰ ਰਿਹਾ ਸੀ। ਉਸਨੇ ਭੰਗੜੇ ਦਾ ਜਪੁਜੀ ਸਾਹਿਬ ਨਾਲ ਅਜਿਹਾ ਤਾਲਮੇਲ ਬਿਠਾਇਆ ਕਿ ਸਾਰੀ ਕਲਾਸ ਮੰਤਰ ਮੁਗਧ ਹੋ ਬੈਠੀ। ਕਿਸੇ ਨੂੰ ਇਹ ਖਿਆਲ ਨਹੀਂ ਆਇਆ ਕਿ ਉਹ ਕੋਈ ਗੁਰਬਾਣੀ ਦੀ ਅਵੱਗਿਆ ਕਰ ਰਿਹਾ ਸੀ। ਗੁਰਬਾਣੀ ਦੀ ਸਿਖਿਆ ਨਾਚ ਦੇ ਵਿਰੁਧ ਹੈ, ਅਜਿਹਾ ਅਧਿਆਪਕ ਪੜ੍ਹਾਉਂਦੇ ਸਨ। ਉਤੋਂ ਇਹ ਤਾਂ ਫਿਰ ਸੀ ਵੀ ਗੰਵਾਰ ਭੰਗੜੇ ਦੇ ਨਾਲ ਜਪੁਜੀ ਸਾਹਿਬ ਜਿਸ ਦੇ ਗਾਇਨ ਦਾ ਵੀ ਵਿਧਾਨ ਨਹੀਂ। ਇਸ ਅਜਬ ਨਾਚ ਵਿਚ ਮਸਤ ਕਿਸੇ ਨੂੰ ਪਤਾ ਹੀ ਨਾ ਲੱਗਾ ਕਿ ਪ੍ਰੋਫੈਸਰ ਸਾਹਿਬ ਕਿਹੜੇ ਵੇਲੇ ਆ ਕੇ ਲੈਕਚਰ ਸਟੈਂਡ 'ਤੇ ਖੜੇ ਹੋ ਚੁੱਕੇ ਸਨ। ਇਸ ਘੋਰ ਅਨਰਥ ਕਾਰਨ ਲਾਲ ਪੀਲਾ ਹੋਇਆ ਪ੍ਰੋਫੈਸਰ ਲਾਡੀ 'ਤੇ ਵਰ੍ਹ ਪਿਆ ਤੇ ਉਸਨੂੰ ਕਲਾਸ ਛੱਡ ਦੇਣ ਲਈ ਕਿਹਾ। ਲਾਡੀ ਬੁਲ੍ਹਾਂ 'ਚ ਹੱਸਦਾ ਕਿਤਾਬਾਂ ਚੁਕ ਕੇ ਕਮਰੇ ਤੋਂ ਬਾਹਰ ਹੋ ਗਿਆ। ਕਲਾਸ ਸਹਿਮ ਗਈ ਸੀ।

ਦੂਜੇ ਦਿਨ ਫਿਰ ਏਹੀ ਪੀਰੀਅਡ ਆਇਆ ਤਾਂ ਹਾਜ਼ਰੀ ਲਾਉਣ ਤੋਂ ਪਿਛੋਂ ਪ੍ਰੋਫੈਸਰ ਨੇ ਐਨਕਾਂ ਵਿਚ ਦੀ ਏਧਰ ਉਧਰ ਝਾਕਿਆ ਤੇ ਪੁੱਛਣ ਲੱਗਾ ਕਿ ਲਾਡੀ ਕਿਧਰ ਹੈ। ਸਭ ਚੁੱਪ। ਪਰ ਅਚਾਨਕ ਇਕ ਡੈਸਕ ਹੇਠੋਂ ਲਾਡੀ ਜੀ ਉਪਰ ਵੱਲ ਨੂੰ ਉਭਰਦੇ ਵਿਖਾਈ ਦਿੱਤੇ। ਘੱਟੋ ਘੱਟ ਮੈਨੂੰ ਇਸ ਗੱਲ ਦਾ ਪਹਿਲਾਂ ਗਿਆਨ ਨਹੀਂ ਸੀ ਕਿ ਉਹ ਕਿਹੜੇ ਵੇਲੇ ਡੈਸਕ ਹੇਠਾਂ ਛੁਪ ਗਿਆ ਸੀ। ਪ੍ਰੋਫੈਸਰ ਦਾ ਠਹਾਕਾ ਸਾਰੀ ਕਲਾਸ ਨੇ ਸੁਣਿਆ ਤੇ ਸਾਰੇ ਵਿਦਿਆਰਥੀ ਤਾੜੀਆਂ ਮਾਰਨ ਲੱਗ ਪਏ।

"ਤੂੰ ਜਪੁਜੀ ਸਾਹਿਬ ਦੇ ਪਾਠ ਨਾਲ ਭੰਗੜਾ ਪਾ ਕੇ ਇਸਦੀ ਬੇਅਦਬੀ ਕਰ ਰਿਹਾ ਸੀ, ਤੈਨੂੰ ਕੁਝ ਸ਼ਰਮ ਹੈ?" ਪ੍ਰੋਫੈਸਰ ਦੀ ਆਵਾਜ਼ ਵਿਚ ਤਾਂ ਨਰਮੀ ਸੀ ਪਰ ਉਹ ਲਾਡੀ ਨੂੰ ਆਪਣੀ ਗਲਤੀ ਵੀ ਚਿਤਾਰਨਾ ਚਾਹੁੰਦਾ ਸੀ। "ਪਰ ਤੁਸੀਂ ਵੀ ਤਾਂ ਖੜੇ ਹੋ ਕੇ ਤੇ ਝੂਮ ਝੂਮ ਕੇ ਜਪੁਜੀ ਸਾਹਿਬ ਰੋਜ਼ ਪੜ੍ਹਦੇ ਹੋ?" ਲਾਡੀ ਬੋਲਿਆ।

"ਕਾਕਾ ਮੈਂ ਕਲਾਸ ਰੂਮ 'ਚ ਪੜ੍ਹਾ ਰਿਹਾਂ, ਮੈਂ ਕੋਈ ਪਾਠ ਥੋੜੀ ਕਰ ਰਿਹਾਂ।" ਅਧਿਆਪਕ ਬੋਲਿਆ। "ਤੇ ਮੈਂ ਵੀ ਕਲਾਸ ਰੂਮ 'ਚ ਭੰਗੜਾ ਪਾ ਰਿਹਾਂ, ਪਾਠ ਥੋੜੀ ਕਰ ਰਿਹਾਂ।" ਸਾਰੀ ਕਲਾਸ ਖਿੜ੍ਹ ਖਿੜ੍ਹਾ ਕੇ ਹੱਸ ਪਈ। ਅਧਿਆਪਕ ਕੋਲ ਕੋਈ ਜਵਾਬ ਨਹੀਂ ਸੀ ਜਾਂ ਕੋਈ ਜਵਾਬ ਦੇ ਕੇ ਲਾਡੀ ਨੂੰ ਨਾਰਾਜ਼ ਨਹੀਂ ਸੀ ਕਰਨਾ ਚਾਹੁੰਦਾ ਪਰ ਉਸਦੀ ਦਾਹੜੀ ਵਿਚ ਦੀ ਬੁਲ੍ਹਾਂ 'ਤੇ ਉਕਰੀ ਮੁਸਕਰਾਹਟ ਦੀ ਲਕੀਰ ਸਾਫ਼ ਦਿਖਾਈ ਦੇ ਰਹੀ ਸੀ। ਉਸਨੇ ਲਾਡੀ ਨੂੰ ਬੈਠਣ ਦਾ ਇਸ਼ਾਰਾ ਕੀਤਾ ਤੇ ਪੜ੍ਹਾਉਣ ਲੱਗ ਪਿਆ।

ਅਜਿਹੇ ਸ਼ੋਖ ਸੁਭਾਅ ਦਾ ਮਾਲਿਕ ਲਾਡੀ ਉਸ ਦਿਨ ਮਗ਼ਜ਼ ਚੱਟਣ ਨੂੰ ਆਉਂਦੇ ਬਰੈਂਪਟਨ ਦੇ ਘਰਾਂ ਦੇ ਸੁੰਨੇ ਬਲਾਕਾਂ 'ਚ ਇਕੱਲਾ ਘੁੰਮ ਰਿਹਾ ਸੀ। ਉਸਦੇ ਚਹੁੰ-ਤਰਫੀਂ ਸੁੰਦਰ ਮਕਬਰਿਆਂ ਜਿਹੇ ਵੱਡੇ ਵੱਡੇ ਘਰ ਸਨ ਪਰ ਕਿਧਰੇ ਚਿੜੀ ਵੀ ਫੜਕਦੀ ਸੁਣਾਈ ਨਹੀਂ ਸੀ ਦਿੰਦੀ। ਕਹਿੰਦੇ ਹਨ ਇਹ ਪੰਜਾਬੀਆਂ ਦਾ ਇਲਾਕਾ ਹੈ, ਹੋਵੇਗਾ, ਘਰਾਂ 'ਚੋਂ ਤਾਂ ਕਾਰਾਂ ਨਿਕਲਦੀਆਂ ਸਨ ਤੇ ਕਾਰਾਂ ਹੀ ਵੜਦੀਆਂ ਸਨ ਅੰਦਰ ਭਾਵੇਂ ਪੰਜਾਬੀ ਅੜਿੰਗਦੇ ਹੋਣ ਤੇ ਭਾਵੇਂ ਪੰਜਾਬੀ ਗੀਤ। ਲਾਡੀ ਦਾ ਦਿਲ ਅੱਜ ਭੁੜਕ ਭੁੜਕ ਜਾਂਦਾ ਸੀ, ਉਹ ਕੁੱਝ ਕਰਕੇ ਰਹੇਗਾ। ਕਿੰਨੇ ਦਿਨ ਹੋ ਗਏ ਸਨ ਕਿਸੇ ਪੰਜਾਬੀ ਨਾਲ ਗੱਲ ਕੀਤਿਆਂ। ਉਸਨੇ ਸੁਣ ਰੱਖਿਆ ਸੀ ਕਿ ਪਿਛਲੇ ਦਿਨੀਂ ਇਸ ਬਲਾਕ ਵਿਚ ਕੁਝ ਘਰ ਛੱਡ ਕੇ ਕਿਸੇ ਪੰਜਾਬੀ ਬੁੜ੍ਹੇ ਦੀ ਮੌਤ ਹੋ ਗਈ ਸੀ। ਕਮਾਲ ਹੋ ਗਈ, ਉਹ ਸੋਚਦਾ, ਬੁੜਾ ਮਰ ਗਿਆ, ਜਿਵੇਂ ਕੋਈ ਮੱਖੀ ਮਰ ਗਈ ਹੈ। ਕਿਸੇ ਪਾਸੇ ਕੋਈ ਮਾਤਮੀ ਹਰਕਤ ਹੀ ਨਹੀਂ ਹੈ। ਲਾਡੀ ਕੋਲ ਬਹਾਨਾ ਸੀ ਕਿਸੇ ਪੰਜਾਬੀ ਦੇ ਘਰ ਜਾਣ ਦਾ, ਅਫਸੋਸ ਤਾਂ ਦੁਸ਼ਮਣ ਦਾ ਵੀ ਕਰ ਲਈਦਾ ਹੈ, ਸਾਡੀ ਰਵਾਇਤੀ ਸਿਆਣਪ ਕਹਿੰਦੀ ਹੈ। ਤੁਰਦਾ ਤੁਰਦਾ ਉਹ ਮਰਗ ਵਾਲੇ ਘਰ ਪਹੁੰਚ ਗਿਆ। ਡਰਾਈਵ ਵੇ ਅਤੇ ਬਾਹਰਲੀ ਸੜਕ 'ਤੇ ਕਈ ਕਾਰਾਂ ਖੜੋਤੀਆਂ ਸਨ। ਲਾਡੀ ਨੇ ਘੰਟੀ ਵਾਲੇ ਬਟਨ ਦਾ ਉਭਾਰ ਨੱਪਿਆ ਤੇ ਕੁਝ ਪਲਾਂ ਵਿਚ ਹੀ ਬੂਹਾ ਖੁੱਲ੍ਹਿਆ। ਉਹ ਲਿਵਿੰਗ ਰੂਮ ਵਿਚ ਦਾਖਲ ਹੋਇਆ। ਉਸਨੇ ਚਾਰ ਚੁਫੇਰੇ ਸੋਫਿਆਂ 'ਤੇ ਬੈਠੇ ਸਾਰੇ ਬੰਦਿਆ ਵੱਲ ਨਜ਼ਰ ਦੁੜਾਈ: ਉਨ੍ਹਾਂ ਦੇ ਚਿਹਰਿਆਂ 'ਤੇ ਠਹਿਰ ਗਈ ਉਮਰ ਦੇ ਸੰਕੇਤ ਸਨ, ਜਿਨ੍ਹਾਂ ਤੋਂ ਮਨੁੱਖ ਦੀ ਨਾਸ਼ਵਾਨਤਾ ਪੜ੍ਹੀ ਜਾ ਸਕਦੀ ਸੀ।

"ਹਾਂ ਬਈ ਗੱਭਰੂਆ" ਦਰਵਾਜ਼ਾ ਖੋਲ੍ਹਣ ਵਾਲੇ ਸ਼ਖਸ ਨੇ ਕੁੰਡੀ ਬੰਦ ਕਰਦਿਆਂ ਸਵਾਲੀਆ ਫਿਕਰਾ ਸੁਟਿਆ ਜਿਸ ਦਾ ਭਾਵ ਸੀ ਕਿ ਤੂੰ ਜੋ ਧੁੱਸ ਦੇ ਕੇ ਆ ਵੜਿਆ ਹੈਂ, ਆਪਣਾ ਅੱਗਾ ਪਿੱਛਾ ਦੱਸ। ਲਾਡੀ ਨੇ ਇਸ ਦੌਰਾਨ ਬੰਦਿਆਂ ਤੋਂ ਨਜ਼ਰਾਂ ਫੇਰ ਕੇ ਜ਼ਮੀਨ 'ਤੇ ਗੱਡ ਲਈਆਂ ਸਨ। ਉਸ ਨੂੰ ਬੜਾ ਅਜੀਬ ਲੱਗ ਰਿਹਾ ਸੀ, ਘਰ ਦਾ ਬੰਦਾ ਤੁਰ ਗਿਆ ਹੈ ਤੇ ਇਹ ਲੋਕ ਆਰਾਮ ਨਾਲ ਸੋਫਿਆਂ 'ਤੇ ਪੱਸਰ ਕੇ ਬੁੜੇ ਦਾ ਅਫਸੋਸ ਜਿਸ ਨੂੰ ਮਸੋਸ ਵੀ ਕਹਿੰਦੇ ਹਨ, ਕਰ ਰਹੇ ਸਨ। ਇਹ ਤਾਂ ਨਹੀਂ ਸਾਡੀ ਮਰਿਯਾਦਾ। ਸਾਡੇ ਤਾਂ ਮਰਨੇ ਤੇ ਸਫ ਵਿਛਾਈ ਜਾਂਦੀ ਹੈ ਤੇ ਭੁੰਜੇ ਬੈਠਿਆ ਜਾਂਦਾ ਹੈ। ਲਾਡੀ ਸਹਿਜੇ ਜਿਹੇ ਕਾਰਪੈਟ 'ਤੇ ਹੀ ਪਹਿਲਾਂ ਪੈਰਾਂ ਪਰਨੇ ਤੇ ਫਿਰ ਚੌਕੜੀ ਮਾਰ ਕੇ ਬੈਠ ਗਿਆ। "ਓਹ ਨਹੀਂ, ਨਹੀਂ, ਨਹੀਂ ਕਾਕਾ, ਭੁੰਜੇ ਕਿਉਂ ਬੈਠ ਗਿਆ, ਐਧਰ ਆ, ਸੋਫੇ 'ਤੇ ਬੈਠ।" ਇਕ ਜਣੇ ਨੇ ਸੋਫੇ 'ਤੇ ਥਾਂ ਬਣਾਉਂਦਿਆਂ ਕਿਹਾ। "ਨਹੀਂ ਜੀ, ਨਹੀਂ, ਮੈਂ ਐਥੇ ਹੀ ਠੀਕ ਹਾਂ, ਬਜ਼ੁਰਗ ਚਲੇ ਗਏ ਹਨ, ਸਾਡੀ ਰੀਤੀ ਏਹੋ ਕਹਿੰਦੀ ਹੈ, ਮਰਨ ਵਾਲੇ ਨੂੰ ਸਤਿਕਾਰ ਦੇਣਾ ਹੀ ਬਣਦਾ ਹੈ।... ਕੀ ਹੋਇਆ ਭਲਾ, ਬਾਬੇ ਬਿਮਾਰ-ਠਮਾਰ ਸੀ।?" ਸੋਫਿਆਂ 'ਤੇ ਬੈਠੇ ਸਾਰੇ ਜਣੇ ਅੰਦਰੋਂ ਬੁਰੀ ਤਰ੍ਹਾਂ ਝੰਜੋੜੇ ਗਏ। ਇਸ ਗੱਲ ਦਾ ਏਥੋਂ ਪਤਾ ਲੱਗਾ ਕਿ ਸਭਨਾਂ ਦੀਆਂ ਦੇਹਾਂ ਨੇ ਆਪਣੀ ਆਪਣੀ ਤਰ੍ਹਾਂ ਪਲਟੇ ਖਾਧੇ। ਕਿਸੇ ਨੇ ਇਕ ਗੋਡਾ ਚੁੱਕ ਕੇ ਦੂਜੇ 'ਤੇ ਰੱਖ ਦਿੱਤਾ, ਕਿਸੇ ਦੇ ਹੱਥਾਂ ਦੇ ਨਹੁੰ ਸਿਰ ਖੁਰਕਣ ਲੱਗ ਪਏ, ਤੇ ਕਿਸੇ ਨੇ ਆਪਣੀ ਬੈਠਣ ਵਾਲੀ ਜਗ੍ਹਾ ਹੀ ਬਦਲ ਲਈ। ਸਾਰਿਆਂ ਦੀਆਂ ਆਪਸ ਵਿਚ ਅੱਖਾਂ ਮਿਲੀਆਂ ਪਰ ਮਿਲਦਿਆਂ ਸਾਰ ਹੀ ਨੀਵੀਆਂ ਹੋ ਗਈਆਂ। ਮਰੇ ਬਜ਼ੁਰਗ ਦੀ ਮੌਤ ਬਾਰੇ ਕਿਸ ਨੂੰ ਚੇਤਾ ਸੀ, ਚਿੰਤਾ ਸੀ ਆਹ ਇਕ ਨਵੀਂ ਬਲਾਅ ਆ ਗਈ ਹੈ ਮੱਤਾਂ ਦੇਣ। ਪਰ ਫਿਰ ਵੀ ਹੱਥ 'ਤੇ ਹੱਥ ਥੋੜੀ ਧਰਿਆ ਜਾ ਸਕਦਾ ਸੀ, ਸਮੂਹਕ ਕਸ਼ਟ ਵੇਲੇ ਕੋਈ ਸੂਰਮਾ ਜ਼ਰੂਰ ਨਿਤਰਦਾ ਹੈ। ਤੇ ਏਹੀ ਹੋਇਆ: ਇਕ ਜਣੇ ਨੇ ਹੌਂਸਲਾ ਫੜਿਆ ਤੇ ਆਈ ਬਿਪਤਾ ਦਾ ਸਾਹਮਣਾ ਕਰਨ ਦੀ ਜੁਰਅਤ ਕੀਤੀ, "ਤੇਰੀ ਗੱਲ ਸੌ ਫੀਸਦੀ ਠੀਕ ਹੈ ਬਈ, ਕਿਧਰੋਂ ਆਇਆਂ ਕਾਕਾ?... ਕੁੜੀਏ ਚਾਹ ਲਿਆਈਂ ਕਰਕੇ ਜ਼ਰਾ,... ਇਕ ਤਾਂ ਇਨ੍ਹਾਂ ਮੁਲਕਾਂ 'ਚ ਠੰਡ ਨਹੀਂ ਸਾਹ ਲੈਣ ਦਿੰਦੀ।" ਬੋਲਣਵਾਲੇ ਨੇ ਚਤੁਰਾਈ ਨਾਲ ਗੱਲ ਵਿਚ ਕਈ ਤੀਰ ਲਪੇਟ ਕੇ ਸੰਕਟ ਨੂੰ ਕਈ ਦਿਸ਼ਾਵਾਂ 'ਚ ਖਦੇੜਨ ਦੀ ਕੋਸ਼ਿਸ਼ ਕੀਤੀ। ਸਾਰੇ ਜਣੇ ਔਖੇ ਔਖੇ ਜਿਹੇ ਮਹਿਸੂਸ ਕਰ ਰਹੇ ਸਨ। ਮਰਨ ਵਾਲਾ ਤਾਂ ਗਿਆ ਪਰ ਆਹ ਇਕ ਓਪਰੇ ਗੱਭਰੂ ਨੇ ਜਿਉਂਦਿਆਂ ਨੂੰ ਮਰਨਹਾਰਾ ਕਰ ਦਿੱਤਾ ਸੀ।

"ਬੱਸ ਜੀ ਮੈਂ ਤਾਂ ਕੁਝ ਹੀ ਦਿਨ ਹੋਏ ਇੰਡੀਆ ਤੋਂ ਨਵਾਂ ਨਵਾਂ ਆਇਆ ਹਾਂ, ਬਜ਼ੁਰਗਾਂ ਦੀ ਮੌਤ ਬਾਰੇ ਸੁਣਿਆ, ਮੈਂ ਸੋਚਿਆ ਹੋ ਆਵਾਂ।" ਮੀਸਣਾ ਬਣਿਆ ਲਾਡੀ ਇਕ ਗੋਡੇ 'ਤੇ ਸਿਰ ਰੱਖੀ ਹੇਠਾਂ ਨੂੰ ਝਾਕ ਰਿਹਾ ਸੀ। "ਬਹੁਤ ਮਿਹਰਬਾਨੀ ਬਈ ਕਾਕਾ ਤੇਰੀ, ਕਿਹੜਾ ਪਿੰਡ ਤੇਰਾ?" ਪਿੰਡ ਪੁੰਡ ਦੀ ਕਿਸੇ ਨੂੰ ਕੀ ਰੁਚੀ ਸੀ, ਹਰ ਇਕ ਦੇ ਅੰਦਰ ਧੁਖਧੁਖੀ ਲੱਗ ਚੁੱਕੀ ਸੀ। ਕੱਲ੍ਹ ਦਾ ਛੋਕਰਾ ਭੁੰਜੇ ਬੈਠਾ ਹੋਇਆ, ਸੋਫਿਆਂ 'ਤੇ ਚੜ੍ਹੇ ਬੈਠਿਆਂ ਨੂੰ ਚਿੜ੍ਹਾ ਰਿਹਾ ਸੀ, ਉਨ੍ਹਾਂ ਨੂੰ ਮਰਨੇ ਪਰਨੇ ਦੀ ਰੀਤ ਸਿਖਾ ਰਿਹਾ ਸੀ। ਲਾਡੀ ਨੇ ਆਪਣੀ ਪਛਾਣ ਦਰਸਾਉਂਦੇ ਕੁਝ ਸ਼ਬਦ ਬੁੜਬੁੜਾਏ ਪਰ ਜਦ ਨੂੰ ਮੱਗਾਂ ਵਾਲੀ ਟਰੇਅ ਫੜੀ ਕੁੜੀ ਚਾਹ ਲੈ ਆਈ ਤੇ ਕਮਰੇ 'ਚ ਲੈਚੀ ਵਾਲੀ ਚਾਹ ਦੀ ਚਹਿਚਹਾਟ ਫੈਲ ਗਈ। ਦਲੇਰ ਬੰਦੇ ਨੇ ਫਟਾ ਫੱਟ ਟਰੇਅ ਫੜੀ ਤੇ ਚਾਹ ਦੇ ਮੱਗ ਵਰਤਾਉਣੇ ਸ਼ੁਰੂ ਕਰ ਦਿੱਤੇ। ਅਖੀਰ ਆਪਣੇ ਇਕ ਹੱਥ 'ਚ ਮੱਗ ਫੜਦੇ ਹੋਏ ਤੇ ਦੂਜੇ ਨਾਲ ਪੱਟਾਂ ਨੂੰ ਸਹਾਰਾ ਦਿੰਦੇ ਹੋਏ, "ਐਥੇ ਹੀ ਠੀਕ ਹੈ" ਕਹਿੰਦਾ ਹੋਇਆ ਉਹ ਇਕ ਪਾਸੇ ਜਿਹੇ ਕਾਰਪੈਟ 'ਤੇ ਭੁੰਜੇ ਬਹਿ ਗਿਆ। "ਓਦਾਂ ਬਈ ਥੱਲੇ ਬੈਠਣ ਦਾ ਆਪਣਾ ਹੀ ਮਜ਼ਾ।" ਉਸਨੇ ਆਪਣੇ ਬੈਠਣ ਦੀ ਹਰਕਤ ਨੂੰ ਸੁਲਾਹੁੰਦਿਆਂ ਆਪਣੇ ਸਿਰ ਦਾ ਭਾਰ ਲਾਹ ਦਿੱਤਾ। ਪਰ ਕਮਰੇ 'ਚ ਬੈਠੇ ਹੋਏ ਹੋਰ ਬੰਦਿਆਂ ਦੇ ਅੰਦਰੀਂ ਤਰਥੱਲੀ ਮਚ ਗਈ। ਉਹ ਤਾਂ ਜਿਵੇਂ ਹੋਰ ਖੂੰਜੇ ਲੱਗ ਗਏ ਸਨ। ਉਨ੍ਹਾਂ ਨੂੰ ਜਾਪਣ ਲੱਗਾ ਸੋਫੇ ਉਨ੍ਹਾਂ ਦੇ ਪਾਪਾਂ ਦੇ ਭਾਰ ਥੱਲੇ ਆ ਕੇ ਟੁੱਟ ਜਾਣਗੇ। ਘੇਸਲ ਵੱਟੀ ਬੈਠਾ ਲਾਡੀ ਸੁੜ੍ਹਾਕੇ ਮਾਰ ਕੇ ਚਾਹ ਪੀਣ ਲੱਗ ਪਿਆ। ਉਹ ਕਮਰੇ ਦੀ ਸਥਿਤੀ ਤੋਂ ਪੂਰੀ ਤਰ੍ਹਾਂ ਬਾਖਬਰ ਸੀ ਜਿਥੇ ਉਸਲਵੱਟੇ ਲਏ ਜਾਣ ਲੱਗੇ ਸਨ। ਇਕ ਹੋਰ ਐਨਕਾਂ ਵਾਲਾ ਬੰਦਾ ਅਚਾਨਕ ਬੋਲ ਉਠਿਆ, "ਇਕ ਤਾਂ ਸਾਲਾ ਐਸ ਉਮਰੇ ਪਿਸ਼ਾਬ ਨਹੀਂ ਸਾਹ ਲੈਣ ਦਿੰਦਾ।" ਉਹ ਪਿਸ਼ਾਬ ਦਾ ਬਹਾਨਾ ਲਾ ਕੇ ਵਾਸ਼ ਰੂਮ ਵੱਲ ਵੱਧਣ ਲੱਗਾ ਤਾਂ ਇਕ ਹੋਰ ਨੇ ਕਿਹਾ, "ਪਿਸ਼ਾਬ ਦੀ ਸ਼ਿਕਾਇਤ ਤਾਂ ਤੁਸੀਂ ਕਦੀ ਪਹਿਲਾਂ ਕੀਤੀ ਨਹੀਂ, ਬਾਹਲੀ ਨਾ ਪੀਆ ਕਰੋ।" "ਬੱਸ ਆਹ ਥੋੜੇ ਦਿਨਾਂ ਤੋਂ ਹੀ ਹੋਈ ਹੈ।" ਕਹਿੰਦਿਆਂ ਉਹ ਅਹੁਲ ਕੇ ਕਮਰੇ ਤੋਂ ਬਾਹਰ ਹੋਇਆ, ਡਰਦਾ, ਕਿਧਰੇ ਹੋਰ ਦਰਿਆਫ਼ਤ ਹੀ ਨਾ ਹੋ ਜਾਵੇ।

ਛੇਤੀ ਹੀ ਵਾਪਿਸ ਆਉਂਦਿਆਂ ਉਹ ਸੋਫੇ 'ਤੇ ਬੈਠਣ ਦੀ ਬਜਾਏ ਮੇਜ਼ ਤੋਂ ਚਾਹ ਵਾਲਾ ਮੱਗ ਚੁੱਕਦਾ ਲਾਡੀ ਦੇ ਕੋਲ ਕਾਰਪੈਟ 'ਤੇ ਬੈਠ ਗਿਆ। "ਸੁਣਿਆ ਪੰਜਾਬ 'ਚ ਐਤਕੀ ਮੀਂਹ ਬੜੇ ਪਏ, ਕੀ ਕਹਿੰਦਾ ਕਾਕਾ, ਤੂੰ ਤਾਂ ਹੁਣੇ ਦੇਸੋਂ ਆਇਆ?" ਦਰਅਸਲ ਉਹ ਮੀਂਹ ਦੀ ਗੱਲ ਥੱਲੇ ਆਪਣਾ ਥੱਲੇ ਬੈਠਣਾ ਕੁਦਰਤੀ ਲਗਦਾ ਦਿਖਾਉਣਾ ਚਾਹੁੰਦਾ ਸੀ। ਸੋਫੇ 'ਤੇ ਬੈਠੇ ਬਾਕੀ ਜਣਿਆਂ ਦੇ ਭਾਅ ਦੀ ਬਣ ਗਈ। ਹਰ ਕੋਈ ਆਪਣੇ ਦਾਅ ਪੇਚ ਅਜ਼ਮਾਉਣ ਲੱਗ ਪਿਆ ਸੀ। ਸਹਿਸਾ ਉਨ੍ਹਾਂ ਵਿਚੋਂ ਇਕ ਜਣੇ ਨੇ ਸਰੀਰ ਸਿਧਾ ਕੀਤਾ ਤੇ ਦਵਾ ਸੱਟ ਉਠਦਾ ਹੋਇਆ ਬੋਲਿਆ, "ਓਏ ਹੋਏ, ਮੈਂ ਤਾਂ ਲੇਟ ਹੋ ਗਿਆਂ, ਚੱਲਦਾਂ ਬਈ, ਨਿਆਣਿਆਂ ਦੇ ਸਕੂਲੋਂ ਆਉਣ ਦਾ ਟੈਮ ਹੋ ਗਿਆ।" "ਅੱਜ ਤਾਂ ਤੂੰ ਕਹਿੰਦਾ ਸੀ ਉਨ੍ਹਾਂ ਦੀ ਛੁੱਟੀ ਹੈ" ਇਕ ਜਣੇ ਨੇ ਪ੍ਰਤੀਕ੍ਰਮ ਜ਼ਾਹਿਰ ਕੀਤਾ ਪਰ ਜਾਣ ਵਾਲੇ ਨੇ ਸੁਣੀ-ਅਣਸੁਣੀ ਕਰ ਦਿੱਤੀ ਤੇ ਫਟਾਫਟ ਕਮਰੇ 'ਚੋਂ ਨਿਕਲਣ ਦੀ ਕੀਤੀ। ਸੋਫਿਆਂ 'ਤੇ ਅਜੇ ਵੀ ਤਿੰਨ ਜਣੇ ਰਹਿ ਗਏ ਸਨ ਜਿਵੇਂ ਹਥਿਆਰਾਂ ਤੋਂ ਬਗ਼ੈਰ ਮੋਰਚਿਆਂ 'ਤੇ ਸਿਪਾਹੀ ਡਟੇ ਬੈਠੇ ਹੋਣ। ਪਰ ਇਕ ਸਿਪਾਹੀ ਨੂੰ ਮੋਰਚਾ ਛੱਡਣ ਦੀ ਜੁਗਤ ਔੜ ਗਈ, "ਕਦੋਂ ਦੇ ਯਾਰ ਸੋਫੇ 'ਤੇ ਬੈਠੇ ਦਾ ਤਾਂ ਲੱਤਾਂ ਚ ਖੂਨ ਹੀ ਉਤਰ ਆਇਆ। ਪੈਰ ਸੌਂਦੇ ਲਗਦੇ ਹਨ।" ਤੇ ਉਹ ਪਿਠ 'ਤੇ ਹੱਥ ਰੱਖਦਿਆਂ ਸੋਫੇ ਨਾਲ ਘਿਸੜਦਾ ਘਿਸੜਦਾ "ਐਥੇ ਹੀ ਠੀਕ ਹੈ।" ਕਹਿੰਦਿਆਂ ਮਲਕੜੇ ਜਿਹੇ ਸੋਫੇ ਦੇ ਨਾਲ ਹੀ ਢੇਰੀ ਹੋ ਗਿਆ। ਸੋਫੇ 'ਤੇ ਰਹਿ ਗਏ ਦੋ ਜਣਿਆਂ ਦੀਆਂ ਅੱਖਾਂ ਅੱਗੇ ਚਾਰ ਉਤਰ, ਚਾਰ ਲੱਥਣ ਲੱਗ ਪਈਆਂ। ਉਹ ਤਾਂ ਹੁਣ ਬਹੁਤ ਹੀ ਕਾਣਸੂਤੇ ਲੱਗ ਰਹੇ ਸਨ। ਪਰ ਪ੍ਰਭੂ ਸਭ ਦਾ ਰਾਖਾ ਹੈ, ਕੋਈ ਬੰਨ ਸੁਬ ਕਰੂਗਾ, ਉਨ੍ਹਾਂ ਦੀ ਵੀ ਪੈਜ ਰੱਖੂਗਾ।

ਏਨੇ ਚਿਰ ਬੈਠਿਆਂ ਲਾਡੀ ਦੇ ਸਰੀਰ ਨੂੰ ਵੀ ਹਿੱਲਜੁੱਲ ਦੀ ਜ਼ਰੂਰਤ ਮਹਿਸੂਸ ਹੋਈ। ਉਸ ਨੂੰ 'ਦੋ ਨੰਬਰ' ਦੀ ਹਾਜਤ ਹੋਣ ਲੱਗੀ- ਚਾਹ ਤਾਂ ਚੰਗੇ ਭਲਿਆਂ ਦਾ ਕਰੂਰਾ ਕੱਢ ਦਿੰਦੀ ਹੈ। ਉਸ ਨੇ ਕੈਨੇਡਾ ਆ ਕੇ ਨਵਾਂ ਨਵਾਂ ਸ਼ਬਦ ਸਿਖਿਆ ਸੀ 'ਵਾਸ਼ ਰੂਮ'। ਉਸਨੇ ਸੋਚਿਆ ਅੱਜ ਪਹਿਲੀ ਵਾਰੀ ਬੋਲ ਕੇ ਇਸ ਦੀ ਵਰਤੋਂ ਕੀਤੀ ਜਾਵੇ, "ਵਾਸ਼ ਰੂਮ ਕਿਧਰ ਹੈ ਜੀ?" ਉਹ ਘਰੋੜ ਕੇ ਬੋਲਿਆ। ਘਰ ਵਾਲੇ ਬੰਦੇ ਨੂੰ ਇਸ ਅਣਬੁਲਾਈ ਆਫਤ ਨੂੰ ਖੁਸ਼ ਕਰਨ ਦਾ ਸੁਨਹਿਰੀ ਮੌਕਾ ਮਿਲਿਆ। ਉਸ ਨੇ ਹੁੱਬ ਕੇ ਲਾਡੀ ਨੂੰ ਹਲਕਾ ਹੋਣ ਵਾਲੀ ਜਗ੍ਹਾ ਦੀ ਦਿਸ਼ਾ ਸਮਝਾਈ। ਉਸਦੇ ਜਾਣ ਦੀ ਦੇਰ ਸੀ ਲਿਵਿੰਗ ਰੂਮ 'ਚ ਵਿਗੜਿਆ ਸੰਤੁਲਨ ਮੁੜ ਸਥਾਪਤ ਹੋਣ ਲੱਗਾ, ਜਿਵੇਂ ਕੁਝ ਪਲਾਂ ਲਈ ਸਭ ਨੂੰ ਸੁਖ ਦਾ ਸਾਹ ਆਇਆ ਹੋਵੇ। ਸਭਨਾਂ ਦੇ ਚਿਹਰਿਆਂ 'ਤੇ ਰੌਣਕ ਆ ਗਈ ਤੇ ਉਨ੍ਹਾਂ ਦੇ ਅੰਗ ਪਸਰ ਗਏ।

ਜਦ ਲਾਡੀ ਹਲਕਾ ਹੋ ਕੇ ਵਾਪਿਸ ਲਿਵਿੰਗ ਰੂਮ 'ਚ ਆਇਆ ਤਾਂ ਉਸ ਨੇ ਦੇਖਿਆ ਕਮਰੇ 'ਚ ਉਤਲੀ ਹੇਠਾਂ ਆਈ ਪਈ ਸੀ। ਸੋਫੇ 'ਤੇ ਬੈਠੇ ਰਹਿ ਗਏ ਬਾਕੀ ਦੋ ਨਗ ਵੀ ਉਸ ਦੀ ਗ਼ੈਰ-ਹਾਜ਼ਰੀ ਵਿਚ ਮੌਕਾ ਤਾੜਦਿਆਂ 'ਭੁੰਜੇ ਹੀ ਠੀਕ ਹੈ' ਕਰ ਚੁੱਕੇ ਸਨ। ਉਹ ਨਿੰਮਾ ਜਿਹਾ ਮੁਸਕਾਇਆ ਪਰ ਬੈਠਣ ਲਈ ਥੱਲੇ ਵੱਲ ਨਹੀਂ ਝੁਕਿਆ। ਉਹ ਖੜਾ ਖੜਾ ਘੜੀ ਵੱਲ ਦੇਖਦਾ ਹੋਇਆ ਬੋਲਿਆ, "ਚੰਗਾ ਜੀ ਮਹਾਰਾਜ, ਬਹੁਤ ਚਿਰ ਹੋ ਗਿਆ ਆਏ ਨੂੰ, ਮੈਂ ਤਾਂ ਹੁਣ ਚੱਲਦਾਂ।" ਇਸ ਤਰ੍ਹਾਂ ਸਾਰਿਆਂ ਨੂੰ ਸੋਫਿਆਂ ਤੋਂ ਭੁੰਜੇ ਲਾਹ ਕੇ ਲਾਡੀ ਤੁਰਦਾ ਬਣਿਆ।

ਸਾਰੇ ਜਣੇ ਕਦੇ ਇਕ ਦੂਜੇ ਵੱਲ ਤੇ ਕਦੇ ਖਾਲੀ ਸੋਫਿਆਂ ਵੱਲ ਬਿਟ ਬਿਟ ਦੇਖ ਰਹੇ ਸਨ।

#

# ਸ਼ਾਇਰ ਜਗਤਾਰ ਦੀਆਂ ਕੁਝ ਗਜ਼ਲਾਂ

## ਸੋਚਦਾ ਹਾਂ

ਸੋਚਦਾਂ ਹਾਂ ਮਹਿਕ ਦੀ ਲਿੱਪੀ 'ਚ ਤੇਰਾ ਨਾਂ ਲਿਖਾਂ।
ਪਰ ਕਿਤੇ ਮਹਿਫ਼ੂਜ਼ ਕੋਈ ਥਾਂ ਮਿਲੇ ਤਾਂ ਤਾਂ ਲਿਖਾਂ।

ਨਾਮ ਤੇਰਾ ਮੈਂ ਲਿਖਾਂ ਆਗ਼ਾਜ਼ ਵਿੱਚ ਮਹਿੰਦੀ ਦੇ ਨਾਲ,
ਅੰਤ ਖ਼ਤ ਵਿੱਚ ਬਸ ਲਹੂ ਦੇ ਨਾਲ 'ਤੇਰਾ ਹਾਂ' ਲਿਖਾਂ।

ਇਹ ਵੀ ਸੋਚਾਂ, ਉਸ ਨੂੰ ਪਲ ਪਲ ਦਾ ਲਿਖਾਂ ਸਾਰਾ ਹਵਾਲ,
ਕਿਸ ਤਰ੍ਹਾਂ ਫ਼ਜਰਾਂ ਤੇ ਲੰਘਣ ਕਿਸ ਤਰ੍ਹਾਂ ਸ਼ਾਮਾਂ ਲਿਖਾਂ।

ਫੇਰ ਸੋਚਾਂ, ਪੜ੍ਹ ਕੇ ਖ਼ਤ, ਐਂਵੇ ਨਾ ਹੋ ਜਾਵੇ ਉਦਾਸ,
ਇਸ ਲਈ ਉਸਨੂੰ ਨਾ ਕੋਈ ਹਾਦਸਾ, ਸਦਮਾ ਲਿਖਾਂ।

ਇਸ ਲਈ ਅੱਜ ਤੀਕ ਲਿਖ ਸਕਿਆ ਨਹੀਂ ਇਕ ਹਰਫ਼ ਵੀ,
ਸੋਚਦਾ ਹਾਂ ਹਰਫ਼ ਦੇਵਣ ਸਾਥ ਤਾਂ ਮੈਂ ਤਾਂ ਲਿਖਾਂ।

ਫੇਰ ਸੋਚਾਂ ਸਾਡਾ ਹੁਣ ਰਿਸ਼ਤਾ ਹੀ ਕਿਹੜਾ ਰਹਿ ਗਿਆ,
ਜੇ ਲਿਖਾਂ ਤਾਂ ਕਿਹੜੇ ਨਾਤੇ ਖ਼ਤ ਮੈਂ ਉਸ ਦੇ ਨਾਂ ਲਿਖਾਂ।

## ਮੈਂ ਸ਼ੀਸ਼ਾ ਹਾਂ

ਮੈਂ ਸ਼ੀਸ਼ਾ ਹਾਂ ਜਦੋਂ ਵੀ ਮੁਸਕਰਾਵੇਂ ਮੁਸਕਰਾਵਾਂਗਾ।
ਜ਼ਰਾ ਮੱਥੇ 'ਤੇ ਵਟ ਵੇਖੇ, ਉਥਾਂਈਂ ਤਿੜਕ ਜਾਵਾਂਗਾ।

ਮੈਂ ਸੁਣਿਆ ਹੈ ਕਿ ਤੇਰੇ ਸ਼ਹਿਰ ਅਜ ਕਲ੍ਹ ਕਰਫ਼ਿਉ ਲੱਗੈ,
ਨਤੀਜਾ ਕੁਝ ਵੀ ਨਿਕਲੇ, ਪਰ ਮੈਂ ਆਵਾਂਗਾ ਮੈਂ ਆਵਾਂਗਾ।

ਜੇ ਬਣ ਕੇ ਬਿਰਖ ਤੂੰ ਉਗੀ ਤਾਂ ਤੇਥੋਂ ਜਰ ਨਹੀਂ ਹੋਣਾ,
ਜਾਂ ਬਿਜੜਾ ਬਣ ਕੇ ਤੇਰੀ ਹਰ ਲਗਰ ਤੇ ਘਰ ਬਣਾਵਾਂਗਾ।

ਕਦੇ ਜੁਗਨੂੰ, ਕਦੇ ਤਾਰਾ, ਕਦੇ ਮੈਂ ਅੱਥਰੂ ਬਣ ਕੇ,
ਤਿਰੇ ਵਿਹੜੇ, ਕਦੇ ਝਿੰਮਣੀ ਤਿਰੀ ਤੇ ਝਿਲਮਿਲਾਵਾਂਗਾ।

ਮਿਰੀ ਨਗਰੀ ਹੈ ਜ਼ਹਿਰੀਲੀ ਤੇ ਘਰ ਦੀ ਧਰਤ ਪਥਰੀਲੀ,
ਲਿਜਾ ਕੇ ਰਾਤ ਦੀ ਰਾਣੀ ਮੈਂ ਕਿਸ ਵਿਹੜੇ 'ਚ ਲਾਵਾਂਗਾ।

ਉਡੀਕਾਂਗਾ ਮੈਂ ਸਾਰੀ ਰਾਤ ਪਰ ਜੇ ਆ ਸਕੀ ਨਾ ਤੂੰ,
ਕਹੇਗੀ ਫਜ਼ਰ ਕੀ ਜਦ ਹਾਰ ਕੇ ਦੀਵੇ ਬੁਝਾਵਾਂਗਾ।

ਜੁਦਾ ਹੋਇਆ ਤਾਂ ਹੋਵਾਂਗਾ ਜੁਦਾ ਖ਼ੁਸ਼ਬੂ ਤਰ੍ਹਾਂ ਤੈਥੋਂ,
ਨਿਭੀ ਤਾਂ ਰੰਗ ਵਾਂਗੂੰ ਆਖ਼ਰੀ ਦਮ ਤਕ ਨਿਭਾਵਾਂਗਾ।

ਮੁਹੱਬਤ ਨਾਲ ਜਦ 'ਜਗਤਾਰ' ਨੂੰ ਸਦਿਆ ਬੁਲਾਇਆ ਤੂੰ,
ਹਵਾ ਰੁਮਕਣ ਤੇ ਅੱਖ ਝਮਕਣ ਤੋਂ ਪਹਿਲਾਂ ਪਹੁੰਚ ਜਾਵਾਂਗਾ।

## ਦੁਆ...

ਹਰਿਕ ਵਿਹੜੇ 'ਚ ਲੋਅ ਲੱਗੇ, ਹਰਿਕ ਆਂਗਣ 'ਚ ਰੰਗ ਉਗੇ।
ਦੁਆ ਕੀ ਹੋਰ ਕਰਨੀ ਹੈ, ਮੇਰੀ ਇੱਕੋ ਦੁਆ ਪੁੱਗੇ।

ਸਿਹਰ ਟੁੱਟੇ, ਭਰਮ ਫੁੱਟੇ, ਇਹ ਕਿਸਨੇ ਆਹਲਣੇ ਲੁੱਟੇ,
ਕਰਮ ਤੇਰੇ ਗੁਨਾਹ ਮੇਰੇ, ਹੋ ਜਾਵਣ ਇਸ ਵਰ੍ਹੇ ਉਘੇ।

ਜਿਨ੍ਹਾਂ ਮੱਥਿਆਂ 'ਤੇ ਕਾਲੇ ਲੇਖ ਖ਼ੰਜਰਾਂ ਨੇ ਲਿਖੇ ਜ਼ੋਰੀਂ,
ਬਦਲ ਜਾਵਣ ਮੁੱਕਦਰ ਕਾਤਿਲਾਂ ਦੀ ਆਸ ਨਾ ਪੁੱਗੇ।

ਜਿਨ੍ਹਾਂ ਖੇਤਾਂ 'ਚ ਖ਼ਾਕੀ ਸੂਰ ਪਾ ਕੇ ਬਹਿ ਗਏ ਘੁਰਨੇ,
ਉਨ੍ਹਾਂ ਵਿੱਚ ਫੇਰ ਰੰਗ ਉਡਣ, ਉਨ੍ਹਾਂ ਵਿੱਚ ਫਿਰ ਮਹਿਕ ਉਗੇ।

ਕਿਤੇ ਲੋਰੀ, ਕਿਤੇ ਘੋੜੀ, ਕਿਤੇ ਮਿਰਜ਼ੇ ਦੀ ਸਦ ਉਭਰੇ,
ਗਰਾਂ ਜੋ ਹੋ ਗਏ ਖੋਲੇ, ਜੋ ਆਂਙਣ ਹੋ ਗਏ ਲੁੱਗੇ।

ਚਿੜੀ ਚੂਕੇ, ਸੁਣੇ ਮੋਰਾਂ ਦੀ ਰੁਣਝੁਣ, ਫ਼ਜ਼ਰ ਜਦ ਜਾਗੇ,
ਨਾ ਥੋਹਰਾਂ ਬੀਜ ਕੇ ਬਾਗੀਂ ਗੁਲਾਬਾਂ ਨੂੰ ਕੋਈ ਖੁੱਗੇ।

## ਮੰਜ਼ਿਲ 'ਤੇ ਜੋ ਨਾ ਪਹੁੰਚੇ

ਮੰਜ਼ਿਲ 'ਤੇ ਜੋ ਨਾ ਪਹੁੰਚੇ, ਪਰਤੇ ਨਾ ਘਰਾਂ ਨੂੰ
ਰਾਵਾਂ ਨੇ ਖਾ ਲਿਆ ਹੈ, ਉਹਨਾਂ ਮੁਸਾਫ਼ਰਾਂ ਨੂੰ
ਸੜਦੇ ਹੋਏ ਵਣਾਂ ਨੂੰ, ਕੋਈ ਹੀ ਗੌਲਦਾ ਹੈ
ਲਗਦੀ ਹੈ ਲਾਸ ਅੱਗ ਦੀ ਆਪਣੇ ਜਦੋਂ ਘਰਾਂ ਨੂੰ
ਬਰਬਾਦ ਕਰ ਕੇ ਸਾਨੂੰ, ਜੋ ਝੋਲ ਪਾਉਣ ਘੋਗੇ
ਆਓ ਨਕੇਲ ਪਾਈਏ, ਉਹਨਾਂ ਸਮੁੰਦਰਾਂ ਨੂੰ
ਤਪਦੇ ਥਲਾਂ 'ਚ ਏਦਾਂ, ਆਈ ਹੈ ਯਾਦ ਤੇਰੀ
ਕਮਲਾਂ ਦੇ ਖ਼ਾਬ ਆਵਣ ਜਿਉਂ ਸੁੱਕ ਗਏ ਸਰਾਂ ਨੂੰ
ਤਨਹਾਈ ਨੇ ਹੀ ਮੇਰਾ, ਆਖ਼ਰ ਨੂੰ ਹੱਥ ਫੜਿਆ
ਸਭ ਲੋਕ, ਆਪਣੇ ਆਪਣੇ ਜਾਂ ਤੁਰ ਗਏ ਘਰਾਂ ਨੂੰ
ਭੁੱਖਾਂ ਦੇ ਨਾਲ ਹੰਭੇ, ਝੱਖੜ ਦੇ ਨਾਲ ਝੰਬੇ
ਲੋਕੀ ਉਡੀਕਦੇ ਨਾ, ਰੁੱਤਾਂ ਨੂੰ ਰਹਿਬਰਾਂ ਨੂੰ
ਬਾਜ਼ਾਂ ਨੇ ਅੰਤ ਉਡਣਾ, ਅੰਬਰਾਂ ਤੋਂ ਵੀ ਅਗੇਰੇ
ਪਾਏਗਾ ਡੋਰ ਕੋਈ, ਕਦ ਤੀਕ ਭਲਾ ਪਰਾਂ ਨੂੰ।

# ਕਰ ਭਲਾ ਹੋ ਭਲਾ ਅੰਤ ਭਲੇ ਦਾ ਭਲਾ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856

ਕਾਗਜ਼ ਦੀਆਂ ਕਿਸ਼ਤੀਆਂ ਬਣਾ ਕੇ ਪਾਣੀ ਵਿਚ ਛੱਡਣ ਨਾਲ ਕੋਈ ਮਲਾਹ ਨਹੀਂ ਬਣ ਜਾਂਦਾ। ਹੁਸਨ ਨੂੰ ਨਿਖਾਰਨ ਤੇ ਉਭਾਰਨ ਵਿਚ ਰੰਗਾਂ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। ਰੰਗਾਂ ਕਰਕੇ ਹੀ ਲਲਾਰੀ ਮਸ਼ਹੂਰ ਹੋਏ। ਕੱਚੇ ਰਾਹਾਂ ਉਪਰ ਸੁੱਟੇ ਰੋੜਿਆਂ ਨੂੰ ਕਾਲੇ ਰੰਗ ਦੀ ਲੁੱਕ ਹੀ ਇਕਜੁੱਟਤਾ ਦਾ ਰੂਪ ਦਿੰਦੀ ਹੈ। ਰਾਹਾਂ ਉਪਰ ਕਿੱਕਰਾਂ ਦੀਆਂ ਮੌੜੀਆਂ ਖਿੱਚਣਾਂ, ਰਾਹਾਂ ਵਿਚ ਕੰਡੇ ਵਿਛਾਉਣ ਬਰਾਬਰ ਹੁੰਦਾ ਹੈ। ਕੀੜੇ ਤੇ ਕੀੜੀਆਂ ਨੂੰ ਮਾਰਨ ਵਾਲੀਆਂ ਦਵਾਈਆਂ ਬਣਾ ਕੇ ਵੱਡੀਆਂ ਕੰਪਨੀਆਂ ਨੇ ਆਪਣੇ ਆਲੀਸ਼ਾਨ ਬੰਗਲੇ ਬਣਾ ਲਏ ਪਰ ਕੀੜੀਆਂ ਫਿਰ ਵੀ ਉਨ੍ਹਾਂ ਬੰਗਲਿਆਂ ਦੀਆਂ ਦਹਿਲੀਜਾਂ ਟੱਪ ਅੰਦਰ ਵੜ ਜਾਂਦੀਆਂ ਹਨ। ਕਈ ਕਿਰਪਾਲੂ-ਦਿਆਲੂ ਕੀੜਿਆਂ ਦੇ ਭੌਣ ਲੱਭ ਕੇ ਮੁੱਠੀ ਭਰ ਦਾਣੇ ਪਾ ਕੇ ਆਪਣੇ ਮਨ ਨੂੰ ਸੰਤੁਸ਼ਟ ਕਰ ਲੈਂਦੇ ਹਨ। ਅੱਜ ਤੱਕ ਕਿਸੇ ਵੀ ਅਧਿਆਪਕ ਨੇ ਬੱਚਿਆਂ ਨੂੰ ਚੰਗੀਆਂ ਆਦਤਾਂ ਸਿੱਖਣ ਤੋਂ ਮਨ੍ਹਾਂ ਨਹੀਂ ਕੀਤਾ। ਹਮੇਸ਼ਾ ਬੁਰੀ ਸੰਗਤ ਤੇ ਬੁਰੀਆਂ ਆਦਤਾਂ ਤੋਂ ਪਰ੍ਹੇ ਰਹਿ ਕੇ ਜ਼ਿੰਦਗੀ ਨੂੰ ਹਮੇਸ਼ਾ ਭਲੇ ਕੰਮਾਂ ਵਿਚ ਲਾਉਣ ਲਈ ਪ੍ਰੇਰਿਆ ਹੈ।

ਪ੍ਰਾਇਮਰੀ ਸਕੂਲ ਦੇ ਕਮਰਿਆਂ ਦੀਆਂ ਕੰਧਾਂ ਉਪਰ ਲਿਖੇ ਉਹ ਸਿੱਖਿਆ ਰੂਪੀ ਸ਼ਬਦ ਮੈਨੂੰ ਅੱਜ ਤੱਕ ਯਾਦ ਹਨ। 'ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ, ਵਿੱਦਿਆ ਮਨੁੱਖ ਦਾ ਤੀਜਾ ਨੇਤਰ ਹੈ, ਜਿੱਥੇ ਚਾਹ ਉੱਥੇ ਰਾਹ, ਸਿੱਖਣ ਲਈ ਆਓ ਸੇਵਾ ਲਈ ਜਾਓ' ਆਦਿ ਲਿਖਿਆ ਹੁੰਦਾ ਸੀ। ਪੰਜਵੀਂ ਕਲਾਸ ਤੱਕ ਇਨ੍ਹਾਂ ਸ਼ਬਦਾਂ ਨੂੰ ਪੜ੍ਹ ਵਧੀਆ ਢੰਗ ਨਾਲ ਲਾਈਦਾ ਸੀ ਇਨ੍ਹਾਂ ਦੀ ਵਿਆਖਿਆ ਜ਼ਿੰਦਗੀ ਦੇ ਕਈ ਸਾਲ ਬਤਾਉਣ ਤੋਂ ਬਾਅਦ ਸਮਝ ਆਈ। ਜਿਵੇਂ ਜਿਵੇਂ ਜ਼ਿੰਦਗੀ ਵਿਚ ਕੋਈ ਨਾ ਕੋਈ ਅਜਿਹੀ ਘਟਨਾ ਵਾਪਰਦੀ ਹੈ ਉਸਦਾ ਉਪਰੋਕਤ ਸ਼ਬਦਾਂ ਨਾਲ ਸਬੰਧ ਜਰੂਰ ਹੁੰਦਾ ਹੈ। 'ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ' ਗੱਲ ਨਾਲ ਸਬੰਧਤ ਤੁਹਾਡੇ ਨਾਲ ਹੱਡ ਬੀਤੀ ਸਾਂਝੀ ਕਰਨ ਲੱਗਾ ਹਾਂ:

ਲੋਹੜੀ ਦਾ ਦਿਨ ਕੜਾਕੇ ਦੀ ਠੰਡ, ਧੁੰਦ ਦਾ ਪੂਰਾ ਹਨੇਰਾ ਛਾਇਆ ਹੋਇਆ ਸੀ। ਅਸੀਂ ਫਿਰ ਵੀ ਸੂਰਜ ਦੇਵਤੇ ਦਾ ਇੰਤਜ਼ਾਰ ਕਰ ਰਹੇ ਸਾਂ। ਸੂਬੇਦਾਰਾਂ ਦੀ ਹਵੇਲੀ ਦੇ ਅੱਗੇ ਬਣੀਆਂ ਪੌੜੀਆਂ 'ਤੇ ਬੈਠੇ ਗੱਪ-ਸ਼ੱਪ ਲਾ ਰਹੇ ਸੀ। ਇਹ ਪੌੜੀਆਂ ਮਿੰਨੀ ਸੱਥ ਵਜੋਂ ਵੀ ਮਸ਼ਹੂਰ ਹਨ। ਸਾਹਮਣੇ ਚੌੜਾ ਰਸਤਾ, ਰਸਤੇ ਤੋਂ ਬਾਅਦ ਪਿੰਡ ਦਾ ਵੱਡਾ ਛੱਪੜ। ਪਾਣੀ ਤਾਂ ਬਿਲਕੁਲ ਸੁੱਕ ਗਿਆ ਪਰ ਛੱਪੜ ਵਿਚ ਦਲਦਲ ਬਹੁਤ ਹੈ। ਇਸ ਬਦਬੂਦਾਰ ਦਲ-ਦਲ ਨੇ ਸਾਡਾ ਨੱਕ ਤਾਂ ਮਾਰ ਦਿੱਤਾ। ਪਰ ਘਰ ਆਏ ਪ੍ਰਾਹੁਣਿਆ ਨੂੰ ਇਹ ਕਹਿੰਦੀ ਰਹਿੰਦੀ ਏ ਭੱਜ ਚੱਲ ਸੋਹਣਿਆ। ਪਰ ਹੁਣ ਇਹ ਛੱਪੜ ਬਿਲਕੁਲ ਸਾਫ਼ ਕਰਵਾ ਦਿੱਤਾ ਗਿਆ ਹੈ। ਹੁਣ ਪ੍ਰਾਹੁਣੇ ਰਾਤ ਰੁਕ ਜਾਂਦੇ ਹਨ ਕਿਉਂਕਿ ਦਲਦਲ ਵਾਲੀ ਥਾਂ ਵਧੀਆ ਪਾਰਕ ਬਣ ਗਈ ਹੈ।

ਕਿਸੇ ਵਲੋਂ ਡਰਾਈ ਤੇ ਭਜਾਈ ਗਾਂ ਸਾਡੇ ਵੇਖਦਿਆਂ ਵੇਖਦਿਆਂ ਹੀ ਛੱਪੜ ਦੀ ਦਲਦਲ ਵਿਚ ਫਸ ਗਈ। ਗਾਂ ਨਿਕਲਣ ਲਈ ਜੋਰ ਲਾਉਂਦੀ ਰਹੀ ਪਰ ਉਹ ਹੋਰ ਫਸਦੀ ਜਾਂਦੀ ਸੀ। ਵੇਖੋ-ਵੇਖ ਲੋਕ ਜੁੜਨੇ ਸ਼ੁਰੂ ਹੋ ਗਏ। ਠੰਡ ਜ਼ਿਆਦਾ ਹੋਣ ਕਾਰਨ ਕੋਈ ਵੀ ਆਪਣੇ ਹੱਥ ਬੁੱਕਲ ਵਿਚੋਂ ਨਾ ਕੱਢੇ। ਮੇਰਾ ਦਿਲ ਗਾਂ ਦੀ ਨਿਕਲੀ ਜੀਭ ਵੇਖ ਪਿਘਲ ਰਿਹਾ ਸੀ।

ਸੂਬੇਦਾਰ ਨੇ ਸਾਨੂੰ ਸੰਬੋਧਨ ਹੁੰਦਿਆਂ ਆ ਕੇ ਮੇਰਾ ਖੇਸ ਖਿੱਚਦੇ ਹੋਏ ਕਿਹਾ ਉਠ ਕੇ ਗਾਂ ਬਾਹਰ ਕੱਢੋ। ਏਜੰਟਾਂ ਪਿੱਛੇ ਭੱਜਿਆ ਫਿਰਦਾ ਹੈ ਉਠ ਕੇ ਭਲੇ ਦਾ ਕੰਮ ਕਰ, ਵੇਖੀ ਕਿਵੇਂ ਲੱਗਦਾ ਅਮਰੀਕਾ ਦਾ ਵੀਜ਼ਾ। ਹਾਲਾਂਕਿ ਮੈਂ ਯੂਰਪ ਜਾਣ ਲਈ ਤਰਲੋ-ਮੱਛੀ ਹੋ ਰਿਹਾ ਸੀ। ਮੈਨੂੰ ਸੂਬੇਦਾਰ ਦੀ ਸਲਾਹ ਅਸੀਸ ਵਾਂਗ ਲੱਗੀ। ਮੈਂ ਆਪਣਾ ਖੇਸ ਤੇ ਪਜ਼ਾਮਾ ਉਤਾਰ ਕੇ ਇਕੱਲਾ ਹੀ ਦਲ-ਦਲ ਵਿਚ ਉਤਰ ਗਿਆ। ਮੈਨੂੰ ਵੇਖ ਕੇ ਮੇਰੇ ਹਮ ਉਮਰ ਵੀ ਪਿੱਛੇ ਆ ਗਏ। ਅਸੀਂ ਦੋ-ਤਿੰਨ ਘੰਟਿਆਂ ਦੀ ਜੱਦੋਜਹਿਦ ਪਿੱਛੋਂ ਗਾਂ ਬਾਹਰ ਕੱਢ ਲਿਆਏ। ਗਾਂ ਨੂੰ ਗਰਮ ਪਾਣੀ ਨਾਲ ਨੁਹਾਇਆ ਉਸ ਉਪਰ ਕੰਬਲ ਦੇ ਕੇ ਗੁੜ ਖਵਾ ਕੇ ਅੱਗ ਦੀ ਧੂਣੀ ਕੋਲ ਬਿਠਾਇਆ। ਗਾਂ ਰਾਹ ਵਿਚ ਹੀ ਦੋ ਘੰਟੇ ਬੈਠੀ ਅੱਖਾਂ ਵਿਚੋਂ ਹੰਝੂ ਵਹਾਉਂਦੀ ਰਹੀ।

ਮੈਨੂੰ ਸਾਰਿਆਂ ਨੇ ਬਹੁਤ ਅਸੀਸਾਂ ਦਿੱਤੀਆਂ। ਮੈਂ ਵੀ ਜਿੱਤੀ ਹੋਈ ਫੌਜ ਦੇ ਕਮਾਂਡਰ ਵਾਂਗ ਆਪਣਾ ਸਿਰ ਉਚਾ ਹੋਇਆ ਮਹਿਸੂਸ ਕਰ ਰਿਹਾ ਸੀ। ਕਈ ਦਿਨ ਹੱਥਾਂ ਪੈਰਾਂ ਵਿਚੋਂ ਦਲਦਲ ਦੀ ਬਦਬੂ ਆਉਂਦੀ ਰਹੀ। ਪਰ ਕੋਈ ਭਲੇ ਦਾ ਕੰਮ ਕਰਕੇ ਮਨ ਨੂੰ ਸੰਤੁਸ਼ਟੀ ਬਹੁਤ ਹੋਈ। ਸੂਬੇਦਾਰ ਦੇ ਕਹਿਣ ਮੁਤਾਬਕ ਜੇ ਗਾਂ ਦਲਦਲ ਵਿਚ ਮਰ ਜਾਂਦੀ ਤਾਂ ਪਿੰਡ 'ਤੇ ਬਹੁਤ ਵੱਡਾ ਅਨਰਥ ਹੋ ਜਾਣਾ ਸੀ। ਤੁਸੀਂ ਗਾਂ ਬਾਹਰ ਕੱਢ ਕੇ ਬਹੁਤ ਵੱਡਾ ਭਲੇ ਦਾ ਕੰਮ ਕੀਤਾ। ਇੱਥੇ ਕੋਈ ਨਹੀਂ ਪੁੱਛਦਾ ਅਵਾਰਾ ਫਿਰਦੀਆਂ ਗਾਵਾਂ ਨੂੰ। ਸੂਬੇਦਾਰ ਮੇਰਾ ਮੋਢਾ ਥਾਪੜ ਕੇ ਤੁਰ ਗਿਆ। ਮੈਨੂੰ ਇਹ ਮਿਲੀਆਂ ਅਸੀਸਾਂ ਨੇ ਵੀਹ ਦੇਸ਼ਾਂ ਦੀ ਸੈਰ ਕਰਵਾ ਦਿੱਤੀ।

ਇਸੇ ਤਰ੍ਹਾਂ ਦੀ ਇੱਕ ਹੋਰ ਭਲੇ ਦੇ ਕੰਮ ਵਿਚ ਮਿਲੀ ਅਸੀਸ ਨੇ ਮੇਰੀ ਜ਼ਿੰਦਗੀ ਨੂੰ ਖੁਸ਼ੀਆਂ ਨਾਲ ਭਰ ਦਿੱਤਾ। ਅਸੀਂ ਘਰ ਵਾਸਤੇ ਇਕ ਸ਼ਟਰ ਜਗਰਾਉਂ ਤੋਂ ਬਣਾਇਆ ਤੇ ਸੌਦੇ ਵਿਚ ਹੀ ਸ਼ਟਰ ਦੀ ਪਹੁੰਚ ਘਰ ਤੱਕ ਕਰਵਾ ਲਈ। ਜਿਸ ਦਿਨ ਸ਼ਟਰ ਬਣ ਕੇ ਸਾਡੇ ਘਰ ਪਹੁੰਚਿਆ। ਪਹੁੰਚਾਉਣ ਵਾਲਾ ਸੱਤਰ ਸਾਲ ਦਾ ਇਕ ਬਾਬਾ ਸੀ। ਜੋ ਲੋਹੇ ਦੀਆਂ ਪੇਟੀਆਂ ਢੋਣ ਵਾਲੇ ਰਿਕਸ਼ੇ ਉਪਰ ਸ਼ਟਰ ਲੱਦ ਕੇ ਸਾਡੇ ਘਰ ਤੱਕ ਲਿਆਇਆ ਸੀ। ਤਕਰੀਬਨ ਵੀਹ ਬਾਈ ਕਿਲੋਮੀਟਰ ਦਾ ਸਫਰ ਬਾਬਾ ਜੀ ਨੇ ਭਾਰੀ ਸ਼ਟਰ ਰਿਕਸ਼ੇ ਉਪਰ ਖਿੱਚ ਕੇ ਤੈਅ ਕੀਤਾ ਸੀ।

ਜੂਨ ਮਹੀਨੇ ਦਾ ਪਹਿਲਾ ਹਫਤਾ, ਅੱਤ ਦੀ ਗਰਮੀ, ਬਿਜਲੀ ਦੇ ਲੰਮੇ ਕੱਟ। ਸਿਖਰ ਦੁਪਹਿਰ ਵਿਚ ਬਾਬਾ ਜੀ ਦਾ ਸਾਹ ਨਾਲ ਸਾਹ ਨਹੀਂ ਸੀ ਰਲ ਰਿਹਾ। ਬਾਬਾ ਜੀ ਨੂੰ ਸਤਿਕਾਰ ਨਾਲ ਬਿਠਾਇਆ। ਨਿੰਬੂ ਪਾਣੀ ਪਿਲਾ ਕੇ ਬਾਬਾ ਜੀ ਦਾ ਸਾਹ ਟਿਕਾਣੇ ਲਿਆਂਦਾ। ਬਾਬਾ ਜੀ ਸ਼ਟਰ ਉਤਾਰ ਕੇ ਵਾਪਿਸ ਜਾਣ ਲੱਗੇ ਤਾਂ ਮੈਂ ਰੋਟੀ ਖਾ ਕੇ ਜਾਣ ਦੀ ਬੇਨਤੀ ਕੀਤੀ। ਬਾਬਾ ਜੀ ਰੁਕ ਗਏ। ਘਰ ਵਾਲੀ ਨੂੰ ਰੋਟੀ ਪਕਾਉਣ ਵਾਸਤੇ ਆਖ ਕੇ ਮੈਂ ਬਾਬਾ ਜੀ ਦੇ ਹੱਥ ਧੁਆਉਣ ਲੱਗਿਆ। ਕੱਦੂਆਂ ਦੀ ਸਬਜ਼ੀ ਵਿਚ ਮਖਣੀ ਪਾ ਕੇ ਬਾਬਾ ਜੀ ਨੂੰ ਤਵੇ ਤੋਂ ਲਹਿੰਦਾ-ਲਹਿੰਦਾ ਪ੍ਰਸ਼ਾਦਾ ਛਕਾਇਆ। ਠੰਡੀ ਲੱਸੀ ਪੀ ਕੇ ਬਾਬਾ ਜੀ ਦੀ ਅੱਖ ਲੱਗ ਗਈ।

ਮੇਰੀ ਘਰਵਾਲੀ ਬਾਰ ਵਾਲਿਆਂ (ਜੋ ਪਾਕਿਸਤਾਨ ਤੋਂ ਆਏ ਹੁੰਦੇ ਨੇ) ਦੀ ਧੀ ਹੋਣ ਕਰਕੇ ਘਰ ਆਏ ਪ੍ਰਾਹੁਣਿਆਂ ਦਾ ਬਹੁਤ ਮਾਣ ਸਤਿਕਾਰ ਕਰਦੀ ਹੈ। ਬਾਬਾ ਜੀ ਜਦੋਂ ਉਠੇ ਤਾਂ ਸ਼ਾਮ ਢਲ ਚੁੱਕੀ ਸੀ, ਘਰ ਵਾਲੀ ਚਾਹ ਬਣਾਉਣ ਲੱਗ ਪਈ ਮੈਂ ਬਾਬਾ ਜੀ ਨਾਲ ਗੱਲੀਂ ਪੈ ਗਿਆ। ਮੈਂ ਪੁੱਛਿਆ ਬਾਬਾ ਜੀ ਇੰਨੀ ਵੱਡੀ ਉਮਰ ਵਿਚ ਇੰਨਾ ਸਖਤ ਕੰਮ ਕਿਉਂ ਕਰਦੇ ਹੋ। ਕੀ ਕੋਈ ਤੁਹਾਡਾ ਪੁੱਤ ਜਾਂ ਪੋਤਾ ਤੁਹਾਨੂੰ ਸੰਭਾਲਦਾ ਨਹੀਂ। ਬਾਬਾ ਜੀ ਨੇ ਇਕ ਵਾਰ ਮੇਰਾ ਚਿਹਰਾ ਵੇਖ ਕੇ ਜਵਾਬ ਦਿੱਤਾ- ਪੁੱਤਰਾ ਮੇਰਾ ਵੀ ਇਕ ਪੁੱਤ ਸੀ ਤੇਰੇ ਵਰਗਾ ਜੋ ਜੱਟਾਂ ਦੀਆਂ ਖੂਹੀਆਂ ਡੂੰਘੀਆਂ ਕਰਨ ਦਾ ਕੰਮ ਕਰਦਾ ਸੀ। ਇਕ ਖੂਹੀ ਡੂੰਘੀ ਕਰਨ ਗਿਆ, ਵਿਚ ਹੀ ਦੱਬਿਆ ਗਿਆ। ਮੇਰੇ ਪੁੱਤ ਨਾਲ ਦੋ ਹੋਰ ਮੁੱਕ ਗਏ। ਇਕ ਖੂਹੀ ਨੇ ਤਿੰਨ ਘਰਾਂ ਵਿਚ ਸੱਥਰ ਵਿਛਾ ਦਿੱਤੇ। ਪਾਣੀਆਂ ਦਾ ਦਿਨੋ ਦਿਨ ਥੱਲੇ ਜਾਣਾ ਜਿੱਥੇ ਜ਼ਿੰਮੀਦਾਰਾਂ ਨੂੰ ਖੁਦਕੁਸ਼ੀ ਲਈ ਮਜਬੂਰ ਕਰਦਾ ਹੈ, ਉਥੇ ਇਨ੍ਹਾਂ ਖੂਹੀਆਂ ਨੇ ਸਾਡੇ ਘਰਾਂ ਦੇ ਦੀਵੇ ਗੁੱਲ ਕਰ ਦਿੱਤੇ। ਮਰਨ ਵਾਲਾ ਪਿੱਛੇ ਤਿੰਨ ਬੱਚੇ ਛੱਡ ਗਿਆ। ਮੇਰੀ ਨੂੰਹ ਲੋਕਾਂ ਦੇ ਘਰਾਂ ਵਿਚ ਕੰਮ ਕਰਦੀ ਹੈ ਤੇ ਮੈਂ ਰਿਕਸ਼ਾ ਚਲਾ ਕੇ ਬੱਚਿਆਂ ਨੂੰ ਪਾਲਦਾ ਹਾਂ। ਪੋਤੇ ਨੂੰ ਵੱਡਾ ਹੋਇਆ ਵੇਖਣਾ ਚਾਹੁੰਦਾ ਹਾਂ। ਬਾਬਾ ਜੀ ਦੇ ਹੰਝੂ ਤ੍ਰਿਪ-ਤ੍ਰਿਪ ਕਰਕੇ ਪੈਰਾਂ ਉਪਰ ਡਿੱਗਣ ਲੱਗੇ।

ਮੈਨੂੰ ਬਹੁਤ ਬੁਰਾ ਲੱਗਿਆ ਕਿਉਂ ਮੈਂ ਬਾਬਾ ਜੀ ਦੀ ਦੁਖਦੀ ਰਗ ਛੇੜ ਬੈਠਾ।

ਚਾਹ ਪੀ ਕੇ ਜਦੋਂ ਬਾਬਾ ਜੀ ਜਾਣ ਲੱਗੇ ਤਾਂ ਅਸੀਂ ਹੱਥ ਜੋੜ ਕੇ ਹੋਰ ਸੇਵਾ ਬਾਰੇ ਪੁੱਛਿਆ। ਬਾਬਾ ਜੀ ਨੇ ਦੋਵੇਂ ਹੱਥ ਜੋੜ ਕੇ ਪਹਿਲਾਂ ਸਾਡੀ ਦਹਿਲੀਜ਼ ਨੂੰ ਮੱਥਾ ਟੇਕਿਆ ਫਿਰ ਦੋਵੇਂ ਹੱਥ ਰੱਬ ਵੱਲ ਜੋੜ ਕੇ ਅਸੀਸ ਦੇ ਲਹਿਜੇ ਵਿਚ ਆਖਿਆ- ਪੁੱਤਰੋ ਇਕ ਦਿਨ ਇਸ ਦਹਿਲੀਜ ਤੱਕ ਸੰਗ ਮਰਮਰ ਚਮਕੂਗਾ। ਇੱਥੇ ਮਾਇਆ ਖੇਲੂਗੀ। ਤੁਸੀਂ ਮੈਨੂੰ ਕੱਲ ਦੇ ਭੁੱਖੇ ਨੂੰ ਪ੍ਰਸ਼ਾਦਾ ਛਕਾਇਆ। ਬੜਾ ਵੱਡਾ ਭਲਾ ਕੀਤਾ। ਸਾਨੂੰ ਹੁਣ ਬਾਬਾ ਜੀ ਰਿਕਸ਼ਾ ਚਾਲਕ ਨਹੀਂ ਸਗੋਂ ਸੰਤ ਮਹਾਂਪੁਰਸ਼ ਲੱਗ ਰਿਹਾ ਸੀ।

ਮੈਂ ਅਤੇ ਘਰਵਾਲੀ ਦੋਵੇਂ ਹੱਥ ਜੋੜੀ ਉਸ ਬਾਬਾ ਜੀ ਦੇ ਮੁੱਖ ਵਿਚੋਂ ਨਿਕਲ ਰਹੇ ਸ਼ਬਦਾਂ ਨੂੰ ਬੜੇ ਧਿਆਨ ਨਾਲ ਸੁਣ ਰਹੇ ਸਾਂ। ਉਸ ਟਾਈਮ ਬਾਬਾ ਜੀ ਦੇ ਬੋਲੇ ਸ਼ਬਦ ਸੱਚ ਹੋਣੇ ਔਖੇ ਲੱਗਦੇ ਸਨ। ਪਰ ਅੱਜ ਬਾਰਾਂ ਸਾਲਾਂ ਬਾਅਦ ਉਹ ਬੋਲ ਸੌ ਪ੍ਰਤੀਸ਼ਤ ਸੱਚ ਹੋ ਗਏ ਪਰ ਉਹ ਬੋਲਾਂ ਵਾਲੇ ਬਾਬਾ ਜੀ ਇਸ ਦੁਨੀਆਂ ਤੋਂ ਚਲੇ ਗਏ। ਉਨ੍ਹਾਂ ਦੀਆਂ ਅਸੀਸਾਂ ਅੱਜ ਵੀ ਮੇਰੇ ਨਾਲ ਹਨ।

ਉਪਰੋਕਤ ਹੱਡਬੀਤੀਆਂ ਸਾਂਝੀਆਂ ਕਰਨ ਦਾ ਮੇਰਾ ਮਨੋਰਥ ਸਿਰਫ ਇਹੋ ਦੱਸਣਾ ਸੀ ਕਿ ਕਈ ਵਾਰ ਜ਼ਿੰਦਗੀ ਵਿਚ ਐਸਾ ਕੁਝ ਵਾਪਰ ਜਾਂਦਾ ਹੈ ਜਿਹੜਾ ਤੁਹਾਡੀ ਜ਼ਿੰਦਗੀ ਦਾ ਪ੍ਰੇਰਣਾ ਸਰੋਤ ਬਣ ਜਾਂਦਾ ਹੈ। ਕਈ ਵਾਰ ਤਾਂ ਵੱਡੇ-ਵੱਡੇ ਲੰਗਰ ਲਾ ਕੇ ਵੀ ਮਨ ਸੰਤੁਸ਼ਟ ਨਹੀਂ ਹੁੰਦਾ। ਪਰ ਕਈ ਵਾਰ ਭੁੱਖੇ ਨੂੰ ਪ੍ਰਸ਼ਾਦਾ ਛਕਾ ਕੇ, ਕੀੜਿਆਂ ਦੀ ਭੌਣ 'ਤੇ ਦਾਣਾ ਆਟਾ ਪਾ ਕੇ, ਰੱਬ ਨੂੰ ਪਾਉਣ ਵਰਗੀ ਖੁਸ਼ੀ ਮਿਲਦੀ ਹੈ। ਆਪਾਂ ਵੀ ਕੋਸ਼ਿਸ਼ ਕਰੀਏ ਜ਼ਿੰਦਗੀ ਵਿਚ ਵੱਧ ਤੋਂ ਵੱਧ ਭਲੇ ਦੇ ਕੰਮ ਕਰੀਏ। ਸਿਆਣੇ ਕਹਿੰਦੇ ਨੇ ਕਿ ਜੇ ਜੀਵਨ ਦਾ ਅਸਲੀ ਅਨੰਦ ਲੈਣਾ ਹੈ ਤਾਂ ਵਧ ਤੋਂ ਵਧ ਅਸੀਸਾਂ ਇਕੱਠੀਆਂ ਕਰੀਏ। ਅਸੀਸਾਂ ਨਾਲ ਹੀ ਸੁੱਖਾਂ ਦੀ ਇਕੱਤਰਤਾ ਹੁੰਦੀ ਹੈ ਤੇ ਦੁੱਖਾਂ-ਕਲੇਸ਼ਾਂ ਦਾ ਨਾਸ ਹੁੰਦਾ ਹੈ।

SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
JET AIRWAYS
DELTA, AIR INDIA,
For Emergency
Call anytime at
India $545
EARLY BIRD SALE!!!!



Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸ਼ੂਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ





Rajinder Singh
Insurance Lic No. 0G73739
RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks
Cell:(510) 557-6988, Ph:209-982-9996

# ਸ਼ਰਮ ਕਰੋ! ਗੁਆਂਢਣਾਂ ਨੂੰ ਮਾਸ਼ੂਕਾਂ ਕਹਿਣ ਵਾਲਿਓ ਗਾਇਕੋ/ਗੀਤਕਾਰੋ

ਸਵਰਨ ਸਿੰਘ ਟਹਿਣਾ*


ਸਵਰਨ ਸਿੰਘ ਟਹਿਣਾ

ਜੇ ਗੁਆਂਢੀਆਂ ਦਾ ਕੋਈ ਮੁਸ਼ਟੰਡਾ ਤੁਹਾਡੀ ਧੀ-ਭੈਣ ਵੱਲ ਮਾੜੀ ਅੱਖ ਨਾਲ ਦੇਖੇ, ਉਹਨੂੰ ਭੈਣ ਸਮਝਣ ਦੀ ਥਾਂ 'ਪਟੋਲਾ' ਆਖੇ, ਜਣੇ-ਖਣੇ ਨੂੰ ਕਹੇ ਕਿ ਸਾਡੇ ਸਾਹਮਣੇ ਘਰ ਵਾਲਿਆਂ ਦੀ ਕੁੜੀ ਤਾਂ ਨਿਰੀ ਪਟਾਕਾ ਏ, ਉਹ ਨੂੰ ਦੇਖੇ ਬਿਨਾਂ ਮੈਨੂੰ ਨੀਂਦ ਨਹੀਂ ਆਉਂਦੀ...ਤਾਂ ਤੁਸੀਂ ਕੀ ਮਹਿਸੂਸ ਕਰੋਗੇ? ਤੁਸੀਂ ਇਹੋ ਜਿਹੇ ਗੁਆਂਢੀ ਦੇ ਜੁੱਤੀਆਂ ਹੀ ਮਾਰੋਂਗੇ। ਜਿਹੜਾ ਗੁਆਂਢੀ ਨਾਲ ਦਿਆਂ ਦੀਆਂ ਧੀਆਂ-ਭੈਣਾਂ ਵੱਲ ਮਾੜੀ ਅੱਖ ਨਾਲ ਤੱਕਦੈ, ਉਹ ਆਪਣੀਆਂ ਦਾ ਭਲਾ ਕਿੰਨਾ ਕੁ ਸਕਾ ਹੋਵੇਗਾ? ਪਿੰਡੋਂ ਬਾਹਰ ਜਾ ਕੇ ਉਹ ਕੀ-ਕੀ ਗੁੱਲ ਖਿੜਾਉਂਦਾ ਹੋਵੇਗਾ? ਕਦੇ-ਕਦੇ ਇਹੋ ਜਿਹੇ ਗੰਦੀ ਸੋਚ ਵਾਲੇ ਭੂੰਡ ਆਸ਼ਕਾਂ ਦੇ ਛਿਤਰੌਲ ਵੀ ਫਿਰ ਜਾਂਦੈ।

ਸਿਆਣੇ ਮਾਂ-ਬਾਪ ਆਪਣੇ ਬੱਚਿਆਂ ਨੂੰ ਨਿੱਕੀ ਉਮਰੇ ਸਿਖਾਉਂਦੇ ਨੇ ਕਿ ਪਿੰਡ ਦੀ ਧੀ-ਭੈਣ ਸਭ ਦੀ ਸਾਂਝੀ ਹੁੰਦੀ ਹੈ...ਜੇ ਕੋਈ ਉਸ ਵੱਲ ਮਾੜੀ ਅੱਖ ਨਾਲ ਦੇਖੇ ਤਾਂ ਉਸ ਨੂੰ ਰੋਕੀਦਾ ਹੈ...ਸਭ ਦੀਆਂ ਕੁੜੀਆਂ-ਚਿੜੀਆਂ ਨੂੰ ਆਪਣੀਆਂ ਭੈਣਾਂ ਸਮਝੀਦਾ ਹੈ...ਪਿੰਡ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨੂੰ ਤਕਾਉਣਾ ਮਰਦਾਂ ਦਾ ਕੰਮ ਨਹੀਂ ਹੁੰਦਾ...ਜਿਹੜਾ ਦੂਜਿਆਂ ਦੀਆਂ ਧੀਆਂ ਦੀ ਕਦਰ ਨਹੀਂ ਕਰਦਾ...ਉਸ ਦੇ ਆਪਣੇ ਘਰ ਵੀ ਸੰਨ੍ਹ ਲੱਗ ਜਾਂਦੀ ਏ...।' ਸਿਆਣੇ ਕਹਿੰਦੇ ਹਨ ਕਿ ਪਿੰਡ ਪਰਿਵਾਰ ਵਰਗਾ ਹੁੰਦੈ ਤੇ ਪਰਿਵਾਰ ਦੀ ਧੀ-ਭੈਣ ਦੀ ਇੱਜ਼ਤ ਬਚਾਉਣ ਲਈ ਹਰ ਹੀਲਾ ਕਰਨਾ ਚਾਹੀਦੈ।

ਪਰ ਪਤਾ ਨਹੀਂ ਕਿਉਂ ਸਾਡੇ ਬਹੁਗਿਣਤੀ ਗੀਤਘਾੜਿਆਂ ਅਤੇ ਬੇਸੁਰੇ ਗਾਇਕਾਂ ਨੂੰ ਦੂਜਿਆਂ ਦੀਆਂ ਕੁੜੀਆਂ ਸਿਰਫ਼ 'ਮਾਸ਼ੂਕਾਂ' ਲੱਗਦੀਆਂ ਨੇ। ਉਨ੍ਹਾਂ ਦੇ ਮਾਂ-ਬਾਪ ਉਨ੍ਹਾਂ ਨੂੰ ਅਕਲ ਦੀ ਗੱਲ ਸਿਖਾਉਂਦੇ ਨਹੀਂ ਜਾਂ ਉਹ ਸਿੱਖਦੇ ਨਹੀਂ, ਇਹ ਤਾਂ ਰੱਬ ਜਾਣਦੈ, ਪਰ ਉਨ੍ਹਾਂ ਦੇ ਗੀਤ ਸੁਣ ਕੇ ਇਹ ਸਪੱਸ਼ਟ ਹੋ ਜਾਂਦੈ ਇਹ ਸਿਰਫ਼ ਜੁੱਤੀਆਂ ਦੇ ਯਾਰ ਨੇ। ਇਨ੍ਹਾਂ ਦੇ ਗੀਤ ਸੁਣ ਕੇ ਮਨ ਕਰਦੈ ਕਿ ਇਨ੍ਹਾਂ ਦੇ ਨੜਿੰਨਵੇਂ ਮਾਰ ਕੇ ਗਿਣਤੀ ਭੁੱਲ ਜਾਈਏ ਤੇ ਸੌ ਹੋਣ ਤੋਂ ਪਹਿਲਾਂ ਹੀ ਮੁੜ ਪਹਿਲੀ 'ਤੇ ਆ ਜਾਈਏ। ਦੂਜਿਆਂ ਦੀਆਂ ਧੀਆਂ-ਭੈਣਾਂ ਦੇ ਲੱਕ ਇਨ੍ਹਾਂ ਨੂੰ ਲਿਮਕੇ ਦੀ ਬੋਤਲ ਵਰਗੇ ਲੱਗਦੇ ਨੇ, ਉਨ੍ਹਾਂ ਨੂੰ ਦੇਖੇ ਬਿਨਾਂ ਇਹ ਪਾਣੀ ਦੀ ਘੁੱਟ ਮੂੰਹ ਨੂੰ ਨਹੀਂ ਲਾਉਂਦੇ, ਹੁਸਨ ਦੇ ਦਗ਼-ਦਗ਼ ਕਰਦੇ ਸੂਰਜ ਕੋਲੋਂ ਇਹ ਅਜਿਹੀ ਊਰਜਾ ਪ੍ਰਾਪਤ ਕਰਨੀ ਲੋਚਦੇ ਨੇ ਕਿ ਇਨ੍ਹਾਂ ਦਾ ਮਨ ਬਾਗੋ-ਬਾਗ ਹੋ ਜਾਵੇ, ਇਹ ਚਾਹੁੰਦੇ ਨੇ ਕਿ ਗੁਆਂਢ ਦੀ ਹਰ ਕੁੜੀ, ਪਿੰਡ-ਸ਼ਹਿਰ ਦੀ ਹਰ ਧੀ-ਭੈਣ ਇਨ੍ਹਾਂ ਨੂੰ ਗਲਵੱਕੜੀ ਦਾ ਨਿੱਘ ਦੇਵੇ, ਇਨ੍ਹਾਂ ਨਾਲ ਪਿਆਰ ਦੀਆਂ ਪੀਂਘਾਂ ਝੂਟਦੀ ਰਹੇ ਅਤੇ ਕਹੇ ਕਿ ਮੈਂ ਸਿਰਫ਼ ਤੇਰੀ ਹਾਂ ਤੇ ਤੇਰੀ ਹੀ ਰਹਾਂਗੀ। ਜੇ ਕੋਈ ਇਨ੍ਹਾਂ ਨੂੰ ਨਾਂਹ ਕਰ ਦੇਵੇ ਤਾਂ ਇਹ ਧੱਕੇ ਨਾਲ ਉਸ ਨੂੰ ਚੁੱਕ ਕੇ ਲੈ ਜਾਣਗੇ, ਆਪਣੀਆਂ ਨਸਾਂ ਵੱਢ ਕੇ ਇਹ ਕੁੜੀ ਦੇ ਗੇਟ ਅੱਗੇ ਜਾਨ ਦੇ ਦੇਣਗੇ, ਇਹ ਜ਼ਹਿਰ ਪੀਣ ਤੋਂ ਨਹੀਂ ਘਬਰਾਉਣਗੇ ਤੇ ਨਹਿਰ 'ਚ ਛਾਲ ਮਾਰਨ ਲੱਗੇ ਤਾਂ ਭੋਰਾ ਵੀ ਨਹੀਂ ਸੋਚਣਗੇ।

ਇਨ੍ਹਾਂ ਲੰਡਰ ਆਸ਼ਕਾਂ ਦੇ ਕਿੱਸੇ ਗੀਤਾਂ ਵਿਚ ਤਾਂ ਸੁਣਨ ਨੂੰ ਮਿਲਦੇ ਹੀ ਨੇ, ਕਦੇ-ਕਦਾਈ ਆਲੇ ਦੁਆਲਿਓਂ ਵੀ ਪਤਾ ਲੱਗ ਜਾਂਦੈ ਕਿ ਇਨ੍ਹਾਂ ਨੇ ਗੁਆਂਢੀਆਂ ਦੀ ਕੁੜੀ ਨੂੰ ਭਰਮਾ ਲਿਆ ਸੀ ਤੇ ਜਦੋਂ ਉਸ ਦਾ ਵਿਆਹ ਕਿਤੇ ਹੋਰ ਹੋਣ ਲੱਗਾ ਤਾਂ ਇਨ੍ਹਾਂ ਨੇ ਅੜਿੱਕਾ ਪਾ ਦਿੱਤਾ। ਪਿੱਛੇ ਜਿਹੇ ਇੱਕ ਪ੍ਰਸਿੱਧ ਗਾਇਕ ਦਾ ਵੀ ਅਜਿਹਾ ਹੀ ਕਿੱਸਾ ਸਾਹਮਣੇ ਆਇਆ ਸੀ। ਗੀਤਾਂ ਵਿਚ ਤਾਂ ਉਹ ਗੁਆਂਢ ਦੀਆਂ ਕੁੜੀਆਂ ਨੂੰ 'ਬੰਦੇ ਖਾਣੀਆਂ' ਕਹਿੰਦਾ ਹੀ ਹੈ, ਅਸਲ ਜ਼ਿੰਦਗੀ ਵਿਚ ਵੀ ਸੌ ਕੁ ਗਜ਼ ਦੂਰੀ 'ਤੇ ਰਹਿੰਦੀ ਇੱਕ ਕੁੜੀ ਨਾਲ ਪਿਆਰ ਦੀ ਪੀਂਘ ਝੂਟਣ ਲੱਗ ਗਿਆ ਸੀ। ਜਦੋਂ ਕੁੜੀ ਦਾ ਰਿਸ਼ਤਾ ਕਿਤੇ ਹੋਰ ਤੈਅ ਹੋ ਗਿਆ ਤਾਂ ਉਸ ਨੇ ਕੁੜੀ ਨੂੰ ਧਮਕੀ ਦੇ ਮਾਰੀ ਸੀ। ਮਾਮਲਾ ਪੁਲਿਸ ਤੱਕ ਪਹੁੰਚ ਗਿਆ ਤਾਂ ਆਂਢ-ਗੁਆਂਢ ਉਸ ਦੇ ਖਿਲਾਫ਼ ਹੋ ਗਿਆ ਤੇ ਉਸ ਨੇ ਅੱਠ-ਦਸ ਬੰਦੇ ਵਿਚ ਪਾ ਕੇ ਮਾਮਲੇ ਨੂੰ ਰਫ਼ਾ ਦਫ਼ਾ ਕਰਾਇਆ।

ਇਹ ਸਿਰਫ਼ ਇੱਕ ਉਦਾਹਰਣ ਹੈ। ਸਾਡੇ ਕੋਲ ਅਜਿਹੀਆਂ ਹੋਰ ਵੀ ਬੜੀਆਂ ਉਦਾਹਰਣਾਂ ਨੇ, ਜਿਨ੍ਹਾਂ ਵਿਚ ਸਾਂਝੀ ਕੰਧ ਵਾਲਿਆਂ ਦੀ ਕੁੜੀ ਨਾਲ ਸਾਡੇ ਗਾਇਕਾਂ ਤੇ ਗੀਤਕਾਰਾਂ ਵਲੋਂ 'ਖੇਹ' ਖਾਣ ਦਾ ਜ਼ਿਕਰ ਹੈ। ਜਦੋਂ ਪੋਲ ਖੁੱਲ੍ਹਦੀ ਹੈ ਤਾਂ ਇਨ੍ਹਾਂ ਨੂੰ ਫ਼ਿਕਰ ਸਤਾਉਂਦਾ ਹੈ ਕਿ ਨਾਂ ਖਰਾਬ ਹੋ ਜਾਵੇਗਾ, ਸਾਡੀ ਚਿਰਾਂ ਦੀ ਮਿਹਨਤ 'ਤੇ ਪਾਣੀ ਫਿਰ ਜਾਵੇਗਾ...ਪਰ ਜੇ ਕਿਸੇ ਨੂੰ ਪਤਾ ਨਾ ਲੱਗੇ ਤਾਂ ਇਹ ਪਰਦੇ ਨਾਲ ਸਭ ਕੁੱਝ ਲਈ ਤਿਆਰ ਬਰ ਤਿਆਰ ਰਹਿੰਦੇ ਨੇ।

ਇੱਕ ਗਾਇਕ ਤਾਂ ਏਨੀ ਨੀਚ ਸੋਚ ਦਾ ਮਾਲਕ ਹੈ ਕਿ ਆਪਣੇ ਯਾਰਾਂ-ਦੋਸਤਾਂ ਕੋਲ ਤਰਕ ਦੇ ਆਧਾਰ 'ਤੇ ਕਹਿੰਦੈ, 'ਜਾਂ ਤਾਂ ਗੁਆਂਢੀਆਂ ਘਰ ਆਈ ਨੂੰਹ ਨਾਲ ਪੇਚਾ ਪਾਓ ਤੇ ਜਾਂ ਫਿਰ ਘੱਟ ਦੀ ਉਮਰ ਕੁੜੀ ਨਾਲ...ਕਿਉਂਕਿ ਵਿਆਹੀ ਨੇ ਕਿਤੇ ਜਾਣਾ ਨਹੀਂ ਹੁੰਦਾ ਤੇ ਸਦਾ ਤੁਹਾਨੂੰ ਮਿਲਦੀ-ਗਿਲਦੀ ਰਹੇਗੀ ਤੇ ਪੜ੍ਹਨ ਵਾਲੀ ਬਾਲੜੀ ਦਾ ਵਿਆਹ ਅੱਠ-ਦਸ ਸਾਲ ਰੁਕ ਕੇ ਹੋਣਾ ਹੁੰਦਾ ਹੈ, ਇਸ ਕਰਕੇ ਓਨਾ ਚਿਰ ਉਹ ਸਿਰਫ਼ ਤੁਹਾਡੀ ਹੋ ਕੇ ਰਹਿੰਦੀ ਹੈ...।'

ਸਮਝ ਨਹੀਂ ਆਉਂਦੀ ਕਿ ਜਿਹੜੇ ਗਾਇਕ ਆਪਣੇ ਗੀਤਾਂ ਵਿਚ ਗੁਆਂਢ ਵਸਦੀਆਂ ਕੁੜੀਆਂ ਨਾਲ ਇਸ਼ਕ ਪੇਚਾ ਪਾਉਣ ਦੀਆਂ ਜੁਗਤਾਂ ਦੱਸਦੇ ਨੇ, ਉਨ੍ਹਾਂ ਦੇ ਗੁਆਂਢੀਆਂ ਉਨ੍ਹਾਂ ਗਾਇਕਾਂ 'ਤੇ ਛਿੱਤਰ ਕਿਉਂ ਨਹੀਂ ਫੇਰਦੇ? ਕਿੰਨੇ ਹੀ ਗੀਤ ਹਨ ਜਿਨ੍ਹਾਂ ਵਿਚ ਸਾਹਮਣੇ ਘਰ ਵਾਲਿਆਂ ਦੀ ਕੁੜੀ ਦੀ ਗੱਲ ਕੀਤੀ ਗਈ ਜਾਂ ਆਲੇ-ਦੁਆਲੇ ਰਹਿੰਦੀ ਕੁੜੀ ਨੂੰ 'ਹੁਸਨ ਦੀ ਮੱਟੀ' ਆਖਿਆ ਗਿਆ ਹੈ, ਪਰ ਕਦੇ ਅਜਿਹੀ ਖ਼ਬਰ ਨਹੀਂ ਮਿਲੀ ਕਿ ਗੁਆਂਢੀਆਂ ਨੇ ਸਬੰਧਤ ਗੀਤਕਾਰ ਜਾਂ ਗਾਇਕ ਦੇ ਤੌਣੀ ਲਾਈ ਹੋਵੇ। ਸਗੋਂ ਵਿਆਹ-ਸ਼ਾਦੀ 'ਤੇ ਜਦੋਂ ਡੀ.ਜੇ. 'ਤੇ ਅਜਿਹਾ ਗੀਤ ਵੱਜ ਰਿਹਾ ਹੁੰਦਾ ਹੈ ਤਾਂ ਗੁਆਂਢੀ ਸਭ ਤੋਂ ਜ਼ਿਆਦਾ ਜੋਸ਼ ਨਾਲ ਨੱਚ ਰਹੇ ਹੁੰਦੇ ਨੇ, ਜਿਵੇਂ ਇਹ ਸਮਝ ਰਹੇ ਹੋਣ ਕਿ ਸਾਡੀ ਕੁੜੀ ਕਿਹੜਾ ਗਾਉਣ ਵਾਲੇ ਨੂੰ ਦਿਸਦੀ ਹੈ?

ਅਸੀਂ ਪੰਜਾਬੀ ਗ਼ੈਰਤ ਦੇ ਪੁੰਜ ਹਾਂ, ਸਾਡੀਆਂ ਉਦਾਹਰਣਾਂ ਇਤਿਹਾਸ ਦੇ ਹਰ ਪੰਨੇ 'ਤੇ ਮੌਜੂਦ ਨੇ, ਸਾਡੀਆਂ ਕੁੜੀਆਂ-ਚਿੜੀਆਂ ਵੱਲ ਜਿਹੜਾ ਮਾੜੀ ਨਿਗ੍ਹਾ ਨਾਲ ਦੇਖਦਾ ਸੀ, ਅਸੀਂ ਉਸ ਨੂੰ

## ਗੀਤ-ਸੰਗੀਤ

ਕਦੇ ਬਖਸ਼ਦੇ ਨਹੀਂ ਸਾਂ, ਭੈਣਾਂ ਦੇ ਸਿਰਾਂ ਤੋਂ ਚੁੰਨੀਆਂ ਲਾਹੁਣ ਵਾਲਿਆਂ ਨੂੰ ਅਸੀਂ ਅਜਿਹਾ ਸਬਕ ਸਿਖਾਉਂਦੇ ਸਾਂ ਕਿ ਉਨ੍ਹਾਂ ਦੀਆਂ ਆਉਂਦੀਆਂ ਪੀੜ੍ਹੀਆਂ ਵੀ ਸਭ ਨੂੰ 'ਭੈਣ-ਭੈਣ' ਕਹਿੰਦਿਆਂ ਨਹੀਂ ਸਨ ਥੱਕਦੀਆਂ, ਪਰ ਅੱਜ ਕੀ ਹੋ ਗਿਆ ਹੈ ਸਾਡੀ ਗ਼ੈਰਤ ਨੂੰ? ਅਸੀਂ ਏਨੇ ਬੇਅਕਲੇ ਕਿਉਂ ਹੋ ਗਏ ਹਾਂ ਕਿ ਗੁਆਂਢ ਵਿਚ ਵਸਦੇ ਗਾਇਕ, ਗੀਤਕਾਰ ਸਾਡੀਆਂ ਧੀਆਂ-ਭੈਣਾਂ ਦਾ ਜ਼ਿਕਰ ਕੈਸਿਟਾਂ ਵਿਚ ਕਰੀ ਜਾ ਰਹੇ ਹਨ ਤੇ ਅਸੀਂ 'ਛੱਡੋ ਪਰ੍ਹਾਂ' ਵਾਲੇ ਫਾਰਮੂਲੇ 'ਤੇ ਚੱਲ ਰਹੇ ਹਾਂ। ਗੀਤਾਂ ਵਿਚ ਪਿੰਡ ਦੀ ਕੁੜੀ ਨੂੰ ਪਿੰਡ ਦੇ ਮੁੰਡੇ ਨਾਲ ਇਸ਼ਕ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ...ਘਰਦਿਆਂ ਨੂੰ ਗੋਲੀਆਂ ਮਾਰ ਦੇਣ ਦੀ ਗੱਲ ਹੁੰਦੀ ਹੈ...ਸਾਡੀਆਂ ਭੈਣਾਂ ਨੂੰ ਕਿਹਾ ਜਾਂਦਾ ਹੈ ਕਿ ਤੁਸੀਂ ਦੁੱਧ 'ਚ ਨੀਂਦ ਦੀਆਂ ਗੋਲੀਆਂ ਪਾ ਕੇ ਟੱਬਰ ਨੂੰ ਪਿਲਾ ਦੇਣਾ ਤੇ ਪੂਰੀ ਰਾਤ ਮੇਰੀ ਬੁੱਕਲ 'ਚ ਕੱਟਣੀ...ਤੇ ਅਸੀਂ ਬੇਗ਼ੈਰਤ ਨਾ ਹੀ ਲਿਖਣ ਵਾਲੇ ਦੇ ਗਲ਼ 'ਚ ਹੱਥ ਪਾਉਂਦੇ ਹਾਂ ਤੇ ਨਾ ਹੀ ਗਾਉਣ ਵਾਲੇ ਦੇ।

ਜਿਹੜੇ ਲੋਕ ਪਿੰਡ ਦੀ ਧੀ-ਭੈਣ ਨੂੰ ਬਣਦਾ ਸਤਿਕਾਰ ਨਹੀਂ ਦਿੰਦੇ, ਉਹ ਆਪਣੀਆਂ ਸਕੀਆਂ ਭੈਣਾਂ ਜਾਂ ਆਪਣੇ ਚਾਚੇ-ਤਾਏ ਦੀਆਂ ਕੁੜੀਆਂ ਦੇ ਵੀ ਕੀ ਸਕੇ ਹੋਣਗੇ!

ਦਰਜਨਾਂ ਅਜਿਹੇ ਗੀਤਾਂ ਦੀਆਂ ਉਦਾਹਰਣਾਂ ਹਨ, ਜਿਨ੍ਹਾਂ ਵਿਚ 'ਗੁਆਂਢਣ' ਦਾ ਜ਼ਿਕਰ ਵਾਰ-ਵਾਰ ਕੀਤਾ ਗਿਆ ਹੈ...ਗੁਆਂਢਣ ਨੂੰ ਧੋਖਾ ਦੇਣ ਬਦਲੇ ਪਾਣੀ ਪੀ-ਪੀ ਭੰਡਿਆ ਗਿਆ ਹੈ...ਗੁਆਂਢਣ ਨੂੰ 'ਬੇਵਫ਼ਾ' ਕਹਿ ਕੇ ਉਸ ਨੂੰ ਨਰਕਾਂ ਵਿਚ ਵੀ ਢੋਈ ਨਾ ਮਿਲਣ ਦੀ ਗੱਲ ਕਹੀ ਗਈ ਹੈ। ਪਿੱਛੇ ਜਿਹੇ ਇੱਕ ਗਾਇਕ ਦਾ ਗੀਤ ਆਇਆ ਸੀ, 'ਆਜਾ ਆਜਾ ਨੀਂ ਪੜੋਸਣੇ...' ਤੇ ਅਸੀਂ ਇਸ ਦਾ ਅਰਥ ਭਲਾ ਕੀ ਕੱਢਿਆ? ਗਾਇਕ ਨੂੰ ਪੁੱਛ ਲਵੋ, ਉਹ ਕਹੇਗਾ, 'ਜਿਵੇਂ ਗੀਤਕਾਰ ਨੇ ਮੈਨੂੰ ਲਿਖ ਕੇ ਦਿੱਤਾ ਮੈਂ ਗਾ ਦਿੱਤਾ...।' ਜੇ ਗੀਤਕਾਰ ਨੂੰ ਪੁੱਛੀਏ ਤਾਂ ਉਹ ਕਹੇਗਾ, 'ਆਪਣੇ ਗੁਆਂਢ ਦੀਆਂ ਸਾਰੀਆਂ ਕੁੜੀਆਂ ਨੂੰ ਮੈਂ ਭੈਣਾਂ ਸਮਝਦਾ ਹਾਂ...ਇਹ ਤਾਂ ਮੈਂ ਵੈਸੇ ਹੀ ਲਿਖ ਦਿੱਤਾ...ਮੈਨੂੰ ਜਿਹੜਾ ਆਈਡੀਆ ਸੁੱਝਾ...ਮੈਂ ਉਸ ਨੂੰ ਕਾਗਜ਼ 'ਤੇ ਝਰੀਟ ਦਿੱਤਾ।'

ਪਿੱਛੇ ਜਿਹੇ ਇੱਕ ਗਾਇਕ ਨੂੰ ਸਵਾਲ ਕੀਤਾ, 'ਤੁਹਾਡਾ 'ਗੁਆਂਢਣ' ਵਾਲਾ ਗੀਤ ਬੜਾ ਮਕਬੂਲ ਹੋਇਆ ਸੀ...ਜੀਹਦੇ ਬਾਰੇ ਗਾਇਆ, ਉਹ ਤੁਹਾਡੇ ਖੱਬੇ ਘਰ ਵਾਲਿਆਂ ਦੀ ਕੁੜੀ ਸੀ, ਸੱਜੇ ਵਾਲਿਆਂ ਦੀ, ਸਾਹਮਣੇ ਵਾਲਿਆਂ ਦੀ ਜਾਂ ਪਿੱਛੇ ਰਹਿਣ ਵਾਲਿਆਂ ਦੀ...?' ਉਹ ਨੇ ਖੱਬਾ ਕੰਨ ਖੁਰਕਦਿਆਂ ਉੱਤਰ ਦਿੱਤਾ, 'ਮਾਮਲੇ ਨੂੰ ਤੂਲ ਨਹੀਂ ਦੇਣੀ ਚਾਹੀਦੀ...ਇਹ ਸਾਰਾ ਕੁੱਝ ਸਾਡੇ ਸਮਾਜ ਵਿਚ ਚੱਲ ਰਿਹੈ...ਤੇ ਜੋ ਕੁੱਝ ਹੁੰਦਾ-ਵਾਪਰਦੈ, ਉਹ ਗੀਤ ਬਣ ਜਾਂਦੈ...।' ਨਾਲ ਹੀ ਉਹਨੇ ਕਿਹਾ ਸੀ, 'ਸਾਡੇ ਆਪਣੇ ਪਿੰਡ ਵਿਚ ਬਾਹਮਣਾਂ ਦੇ ਮੁੰਡੇ ਨੇ ਜੱਟਾਂ ਦੀ ਉਸ ਕੁੜੀ ਨਾਲ ਵਿਆਹ ਕਰਾਇਆ...ਜਿਹੜੀ ਦੋ ਕੁ ਘਰ ਛੱਡ ਕੇ ਰਹਿੰਦੀ ਸੀ...ਕੁੜੀ ਛਾਲ ਮਾਰ ਕੇ ਕਦੇ ਪੇਕਿਆਂ ਦੇ ਘਰ ਵੜ ਜਾਂਦੀ ਸੀ ਤੇ ਕਦੇ ਸਹੁਰਿਆਂ ਘਰ...।' ਇਕ ਸਵਾਲ ਦਾ ਜਵਾਬ ਦੇਣ ਈ ਥਾਂ ਉਹ ਭੜਕਿਆ, 'ਤੁਹਾਨੂੰ ਤਾਂ ਵਾਲ਼ ਦੀ ਖੱਲ ਲਾਹੁਣ ਦੀ ਆਦਤ ਐ...।'




'ਚੋਰੀ ਚੋਰੀ ਕੋਠੇ ਉਤੇ ਆਜਾ ਗੋਰੀਏ ਨੀਂ ਚੰਨ ਚੜ੍ਹਿਆ...' ਗੀਤ ਦੇ ਅਰਥ ਕੱਢੋ। ਸਾਨੂੰ ਤਾਂ ਇਹੀ ਜਾਪਦੈ ਕਿ ਗਾਇਕ ਉਸ ਸਿਰਫਿਰੇ ਦੀ ਵਕਾਲਤ ਕਰ ਰਿਹੈ, ਜਿਹੜਾ ਗੁਆਂਢ ਦੀ ਕੁੜੀ ਨੂੰ ਭੈਣ ਸਮਝਣ ਦੀ ਥਾਂ ਉਸ ਨੂੰ ਚੰਨ ਦੀ ਚਾਨਣੀ ਵਿਚ ਛੱਤ 'ਤੇ ਆਉਣ ਲਈ ਕਹਿ ਰਿਹਾ ਹੈ। ਉਹ ਉਹਦੇ ਨਾਲ ਐਸੀ ਪ੍ਰੇਮ ਪੀਂਘ ਝੂਟਣੀ ਚਾਹੁੰਦਾ ਹੈ, ਜਿਹੜੀ ਅਭੁੱਲ ਹੋਵੇ। ਉਹ ਚਾਹੁੰਦਾ ਹੈ ਕਿ ਉਹਦੀ ਗੁਆਂਢਣ ਉਸ ਦੀ ਹੋ ਜਾਵੇ ਤੇ ਘਰਦਿਆਂ ਦੀ ਇੱਜ਼ਤ ਨੂੰ ਲੱਤ ਮਾਰ ਦੇਵੇ।

'ਫੋਟੋ ਖਿੱਚਣੀ ਗੁਆਂਢਣੇ ਤੇਰੀ ਨੀਂ ਕੰਧ ਉਤੇ ਰੱਖ ਕੈਮਰਾ' ਗੀਤ ਦਾ ਮਤਲਬ ਕੱਢੋ? ਜੇ ਫੋਟੋਗ੍ਰਾਫ਼ੀ ਦਾ ਸ਼ੌਕੀਨ ਗੁਆਂਢੀ ਆਸ਼ਕ ਗੁਆਂਢਣ ਕੁੜੀਆਂ ਨੂੰ ਕੈਮਰੇ 'ਚ ਕੈਦ ਕਰਨਾ ਚਾਹਵੇ ਤਾਂ ਅਸੀਂ ਉਸ ਦੀਆਂ ਵੱਖੀਆਂ ਭੰਨਾਂਗੇ ਕਿ ਨਹੀਂ? ਇਹੇ ਜਿਹੇ ਭੂੰਡ ਆਸਕ ਦੇ ਜੇ ਵੇਲੇ ਸਿਰ ਨਾ ਧਰੀਆਂ ਤਾਂ ਕੱਲ੍ਹ ਨੂੰ ਉਹ ਫੋਟੋ ਖਿੱਚਣ ਦੀ ਥਾਂ ਗੁਆਂਢਣ ਧੀ-ਭੈਣ ਨੂੰ ਬਾਹੋਂ ਫੜ ਕੇ ਵੀ ਖਿੱਚ ਸਕਦਾ ਹੈ!

'ਕੰਧ ਟੱਪ ਕੇ ਆ ਜਾਈਂ ਹਾਣਦਿਆ' ਤੇ 'ਮੁੰਡਾ ਗੁਆਂਢੀਆਂ ਦਾ ਬਨੇਰੇ ਉਤੇ ਅੱਖ ਮਾਰਦਾ' ਦੋ ਅਜਿਹੇ ਗੀਤ ਹਨ, ਜਿਨ੍ਹਾਂ ਤੋਂ ਕੁੜੀ ਦੀ ਮਾਨਸਿਕਤਾ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ। ਜਿਹੜੀ ਕੁੜੀ ਆਪਣੇ ਆਸ਼ਕ ਨੂੰ ਕਹਿੰਦੀ ਹੈ ਕਿ ਤੂੰ ਪਰਦੇ ਨਾਲ ਕੰਧ ਟੱਪ ਕੇ ਘਰ ਆ ਜਾਵੀਂ, ਉਹ ਕਿੰਨੇ ਕੁ ਸਾਫ਼-ਸੁਥਰੇ ਕਿਰਦਾਰ ਵਾਲੀ ਹੋਵੇਗੀ? ਜਿਸ ਨੂੰ ਜੰਮਣ ਵਾਲਿਆਂ ਦੀ ਇੱਜ਼ਤ ਦਾ ਖਿਆਲ ਨਹੀਂ, ਉਹ ਬੇਗਾਨੇ ਨੂੰ ਕਿੰਨਾ ਕੁ ਸਮਰਪਿਤ ਹੋਵੇਗੀ, ਇਸ ਦਾ ਅੰਦਾਜ਼ਾ ਤੁਸੀਂ ਖੁਦ ਲਗਾ ਲਵੋ। ਦੂਜੇ ਪਾਸੇ ਅੱਖ ਮਾਰਨ ਵਾਲੇ ਗੁਆਂਢੀਆਂ ਦੇ ਮੁੰਡੇ ਨੂੰ ਗੀਤ ਦਾ ਵਿਸ਼ਾ ਬਣਾਉਣ ਵਾਲੀ ਗਾਇਕਾ ਕਿੰਨੀ ਕੁ ਸਮਝਦਾਰ ਹੈ, ਇਸ ਬਾਰੇ ਵੀ ਖੁਦ ਹੀ ਸੋਚੋ। ਅੱਖ ਮਾਰਨ ਵਾਲੇ ਮੁੰਡੇ ਦੇ ਜੁੱਤੀਆਂ ਮਾਰਨ ਦੀ ਥਾਂ ਉਹ ਉਸ ਨੂੰ ਦਿਲ ਦਾ ਚੋਰ ਕਹਿ ਰਹੀ ਹੈ ਤੇ ਉਸ ਦੇ ਮਨ ਵਿਚ ਖੁਸ਼ੀਆਂ ਦੇ ਲੱਡੂ ਫੁੱਟ ਰਹੇ ਨੇ।

'ਮੇਰੀ ਨਖਰੋ ਗੁਆਂਢਣ' ਗੀਤ ਵਿਚ ਨਾਲ ਦੇ ਘਰ ਵਾਲਿਆਂ ਦੀ ਕੁੜੀ ਨੂੰ ਨਖਰਿਆਂ ਪੱਟੀ ਕਿਹਾ ਗਿਆ ਹੈ ਕਿਉਂਕਿ ਉਹ ਗਾਉਣ ਵਾਲੇ ਦੀ ਮਰਜ਼ੀ 'ਤੇ ਖਰੀ ਨਹੀਂ ਉੱਤਰ ਰਹੀ ਤੇ 'ਸਾਹਮਣੇ ਚੁਬਾਰੇ ਵਾਲੀ ਬਾਰੀ, ਕਦੇ ਅੱਧੀ ਖੁੱਲ੍ਹੇ ਕਦੇ ਸਾਰੀ' ਗੀਤ ਵਿਚ ਮੁੱਛ ਫੁੱਟ ਨੂੰ ਸਾਹਮਣੇ ਘਰ ਵਾਲਿਆਂ ਦੀ ਕੁੜੀ ਨਾਲ ਇਸ਼ਕ ਪੇਚਾ ਪਾਉਂਦਿਆਂ ਦਰਸਾਇਆ ਗਿਆ ਹੈ। ਇਹੋ ਜਿਹੇ ਗੀਤ ਸੁਣ ਕੇ ਜੇ ਅਸੀਂ ਅਣਸੁਣੇ ਕਰੀ ਜਾਵਾਂਗੇ ਤਾਂ ਨਤੀਜੇ ਕਿਹੋ ਜਿਹੇ ਨਿਕਲਣਗੇ, ਇਸ ਦਾ ਅੰਦਾਜ਼ਾ ਵੀ ਸਾਨੂੰ ਖੁਦ ਹੀ ਲਾਉਣ ਪਵੇਗਾ।

ਗ਼ੈਰਤਮੰਦ ਪੰਜਾਬੀਓ, ਕਿਉਂ ਤੁਸੀਂ ਗੱਲ ਸੁਣ ਕੇ ਅਣਸੁਣੀ ਕਰ ਰਹੇ ਓ...ਹੋਸ਼ ਕਰੋ...ਤੁਸੀਂ ਗੁਆਂਢੀ ਗੀਤਕਾਰ ਤੇ ਗਾਇਕ ਕੋਲੋਂ ਨੱਕ ਨਾਲ ਲਕੀਰਾਂ ਕਿਉਂ ਨਹੀਂ ਕਢਵਾਉਂਦੇ, ਕਿਉਂ ਤੁਸੀਂ ਇਹ ਗੱਲ ਸੋਚ ਰਹੇ ਓ ਕਿ ਇਹ ਕਿਹੜਾ ਸਾਡੀਆਂ ਕੁੜੀਆਂ ਦੇ ਨਾਂ ਲੈ-ਲੈ ਕੇ ਗੱਲਾਂ ਕਰਦੇ ਨੇ। ਜੇ ਅਸੀਂ ਇਹ ਚਾਹੁੰਦੇ ਹਾਂ ਕਿ ਸਾਡੀਆਂ ਕੁੜੀਆਂ ਵੱਲ ਕੋਈ ਮਾੜੀ ਨਿਗ੍ਹਾ ਨਾਲ ਨਾਲ ਦੇਖੇ ਤਾਂ ਦੂਜਿਆਂ ਦੀਆਂ ਭੈਣਾਂ ਦੀ ਇੱਜ਼ਤ ਕਰਨ ਲਈ ਵੀ ਅੱਗੇ ਆਓ।

*ਫੋਨ:98141-78883

## ਗੱਲੀਂ-ਬਾਤੀਂ

ਨੂੰ ਕੁਝ ਨਹੀਂ ਸਮਝਦਾ ਤੇ ਜੱਟੀ ਨੂੰ ਕੋਈ ਕੁਝ ਵੀ ਕਹੀ ਜਾਵੇ ਉਹਨੂੰ ਪ੍ਰਵਾਹ ਨਹੀਂ। ਸੱਚ ਨਹੀਂ ਕਿ ਮਿੱਟੀ ਨਾਲ ਘੁਲਣ ਵਾਲੇ ਅੰਨਦਾਤੇ ਨਾਲ ਧੱਕਾ ਹੋ ਰਿਹਾ ਹੈ ਤੇ ਇਨ੍ਹਾਂ ਗੀਤਾਂ ਨੇ ਉਹਦੀ ਔਲਾਦ ਵਿਗਾੜ ਦਿੱਤੀ ਹੈ ਤੇ ਉਹ ਸਿਰਫ ਤੇ ਸਿਰਫ ਜੱਟ ਹੋਣ ਕਰਕੇ ਸਮਾਜ ਤੋਂ ਅਲਗ ਹੋ ਰਿਹਾ ਹੈ।

ਜੱਟ ਆਤਮ ਹੱਤਿਆ ਕਿਉਂ ਕਰ ਰਹੇ ਹਨ? ਜ਼ਿੰਮੀਦਾਰ ਫਾਹੇ ਕਿਉਂ ਲੈ ਰਿਹਾ ਹੈ? ਇਸ ਵਿਸ਼ੇ 'ਤੇ ਚਾਰ ਸਤਰਾਂ ਨਹੀਂ ਬਲਕਿ ਪੀ.ਐਚ.ਡੀ. ਕੀਤੀ ਜਾ ਸਕਦੀ ਹੈ। ਅਸਲ ਵਿਚ ਵੱਡੀ ਮੱਛੀ ਛੋਟੀ ਮੱਛੀ ਨੂੰ ਨਿਗਲਣ ਦੀ ਕਹਾਵਤ ਟੁੱਟੀ ਨਹੀਂ। ਜੈਲਦਾਰੀਆਂ, ਲੰਬੜਦਾਰੀਆਂ, ਜਗੀਰਦਾਰੀਆਂ, ਵਾਲਾ ਜੱਟ ਜ਼ਿੰਮੀਦਾਰ ਵਿਕਸਤ ਹੁੰਦਾ ਗਿਆ, ਜਮੀਨ ਦੀ ਖੱਟੀ ਵੀ ਹੁੰਦੀ ਗਈ ਤੇ ਵਿਦੇਸ਼ੀ ਧਨ ਵੀ ਨਾਲ ਕਮਾਉਣ ਲੱਗਾ। ਉਹ ਬਾਣੀਏ ਵਰਗੇ ਸ਼ਾਹੂਕਾਰਾਂ ਦਾ ਇਕ ਟੋਲਾ ਬਣ ਗਿਆ। ਮੱਧ ਵਰਗ ਜਾਂ ਹੇਠਲੇ ਦਰਜੇ ਦਾ ਜ਼ਿੰਮੀਦਾਰ ਜਾਂ ਜੱਟ ਹਲ ਦਾ ਮੁੰਨਾ ਛੱਡ ਕੇ ਟਰੈਕਟਰ ਮਗਰ ਪੈ ਗਿਆ। ਜਮੀਨਾਂ ਉਤੇ ਕਰਜ਼ਾ ਚੁੱਕਿਆ ਜਾਣ ਲੱਗਾ ਤੇ ਉਧਰ ਜੱਟ ਨੇ ਜੱਟ ਢਾਹ ਲਿਆ। ਜਦੋਂ ਦੀਆਂ ਫਾਇਨਾਂਸ ਕੰਪਨੀਆਂ ਖੋਲ੍ਹ ਕੇ ਜੱਟਾਂ ਨੇ ਜੱਟਾਂ ਨੂੰ ਕਰਜ਼ਾ ਦਿੱਤਾ, ਅੰਨਦਾਤੇ ਦੀ ਜੂਨ ਨਰਕ ਬਣ ਗਈ। ਜਦੋਂ ਤੱਕ ਬਾਣੀਆ ਜਾ ਸ਼ਾਹੂਕਾਰ ਜੱਟ ਨੂੰ ਕਰਜ਼ਾ ਦੇਂਦਾ ਸੀ, ਕਦੇ ਵੀ ਜੱਟ ਨੇ ਫਾਹਾ ਨਹੀਂ ਲਿਆ ਸੀ, ਆਤਮਹੱਤਿਆ ਨਹੀਂ ਕੀਤੀ ਸੀ, ਕਿਉਂਕਿ ਜੇ ਇਕ ਫਸਲ ਮਰ ਵੀ ਗਈ ਤਾਂ ਲਾਲਾ ਘਰੇ ਆ ਕੇ ਕਹਿ ਦੇਂਦਾ ਸੀ, ਸਰਦਾਰ ਜੀ ਗੱਲ ਕਿਹੜੀ ਏ ਤੁਸੀਂ ਹੋਰ ਪੈਸੇ ਲੈ ਲਉ, ਐਤਕਾਂ ਫਸਲ ਮਰ ਗਈ ਤਾਂ ਅਗਲੀ ਵਾਰੀ ਹੋ ਜੂ ਫੇਰ ਲੈ ਲਵਾਂਗੇ। ਇਉਂ ਜੱਟ, ਬਾਣੀਆ ਤੇ ਆੜਤੀਆਂ ਕੱਠੇ ਰਹੇ। ਪਰ ਹੁਣ ਬੈਂਕਾਂ ਵਰੰਟ ਕੱਢ ਦੇਂਦੀਆਂ ਨੇ, ਪੁਲਿਸ ਘਰੇ ਗੇੜੇ ਮਾਰਦੀ ਐ, ਤੁਰਲੇ, ਫਰਲੇ, ਲੜ ਲਮਕਾਉਣ ਤੇ ਚਿੱਟੇ ਚਾਦਰੇ ਲਾਉਣ ਵਾਲਾ ਜੱਟ ਫਿਰ ਆਪਣੇ ਆਪ ਨੂੰ ਦਾਗੀ ਹੋਇਆ ਮਹਿਸੂਸ ਕਰਨ ਲੱਗ ਪੈਂਦਾ ਹੈ। ਤੇ ਹੱਦ ਤਾਂ ਫਿਰ ਉਦੋਂ ਹੁੰਦੀ ਐ ਜਦੋਂ ਫਾਇਨਾਂਸ ਕੰਪਨੀ ਵਾਲਾ ਜੱਟ ਕਰਜ਼ਾ ਵਸੂਲਣ ਜਾਂਦਾ ਹੈ। ਉਹ ਨਹੀਂ ਵੇਖਦਾ ਕਿ ਫਸਲ ਮਰ ਗਈ ਹੈ ਜਾਂ ਨਹੀਂ? ਕਿਉਂਕਿ ਉਹ ਜੱਟ ਦੀ ਕਮਜੋਰੀ ਜਾਣਦਾ ਹੈ, ਉਹ ਬਾਣੀਏ ਵਾਲੀ ਮਿੱਠੀ ਬੋਲੀ ਨਹੀਂ ਬੋਲਦਾ ਸਗੋਂ ਕਹੇਗਾ- ਪੈਸਾ ਮੋੜਨਾ ਕਿ ਨਹੀਂ ਆਹ ਰਫਲ ਵੀਹ ਦੀਂਦੀ ਐ ...ਦੀ ਲੰਘਾ ਦਿਆਂਗੇ...ਮਹੀਨੇ 'ਚ ਪੈਸੇ ਨਾ ਮੋੜੇ ਤਾਂ ਕੁੜੀ ਚੁੱਕ ਲਿਜਾਵਾਂਗਾ ਜਾਂ ਫਿਰ ਤੇਰੀ ਤੀਵੀਂ...।' ਤੇ ਫਿਰ ਆਹ ਸਥਿਤੀ ਬਣਦੀ ਹੈ ਜਦੋਂ ਫਿਰ ਜਾਂ ਤਾਂ ਸ਼ਹਿਰੋ ਸਲਫਾਸ ਲਿਆਉਣੀ ਪੈਂਦੀ ਹੈ ਜਾਂ ਫਿਰ ਸਾਫਾ ਪੱਖੇ ਨਾਲ ਬੰਨਣਾ ਪੈਂਦਾ ਹੈ।

ਦੋ ਕਾਰਨ ਹੋਰ ਨੇ ਕਿ ਜੱਟ ਨੇ ਕਰਜ਼ਾ ਚੁੱਕ ਕੇ ਜਾਂ ਤਾਂ ਪੁੱਤ ਨੂੰ ਕਾਰ ਲੈ ਦਿੱਤੀ ਐ ਜਾਂ ਵਧੀਆ ਮੋਟਰ ਸਾਈਕਲ। ਸਮਾਜ 'ਚ ਨੱਕ ਰੱਖਣ ਲਈ ਧੀ ਮੈਰਿਜ ਪੈਲਿਸ 'ਚ ਪਾਣੀ ਵਾਂਗ ਪੈਸਾ ਹੜ੍ਹਾ ਕੇ ਵਿਆਹ ਦਿੱਤੀ ਹੈ। ਤੇ ਇਨ੍ਹਾਂ ਦੋਹਾਂ ਹੀ ਸਥਿਤੀਆਂ 'ਚ ਕਰਜ਼ੇ ਦੀਆਂ ਕਿਸ਼ਤਾਂ ਮੋੜਨੀਆਂ ਅਸੰਭਵ ਹੁੰਦੀਆਂ ਹਨ। ਜਿਨ੍ਹਾਂ ਨੇ ਜਮੀਨ ਤੋਂ ਕਰਜ਼ਾ ਚੁੱਕ ਕੇ ਪੁੱਤ ਨੂੰ ਵਿਦੇਸ਼ ਭੇਜਣ ਲਈ ਏਜੰਟ ਦੀ ਜੇਬ ਭਰੀ, ਉਨ੍ਹਾਂ ਚੋਂ ਬਹੁਤਿਆਂ ਦੀਆਂ ਨਾ ਜਮੀਨਾਂ ਬਚੀਆਂ ਤੇ ਨਾ ਪੁੱਤ ਬਾਹਰ ਗਏ। ਬਲਵੰਤ ਸਿੰਘ ਰਾਮੂਵਾਲੀਆ ਤੋਂ ਪੁੱਛ ਕੇ ਵੇਖਿਓ ਵਿਦੇਸ਼ੀ ਲਾੜਿਆਂ ਹੱਥੋਂ ਜਿੰਨੀਆਂ ਵੀ ਸਤਾਈਆਂ ਧੀਆਂ ਨੇ ਉਹ ਇਨ੍ਹਾਂ ਹੀ ਮੱਧ ਵਰਗੀ ਜੱਟ ਪਰਿਵਾਰਾਂ ਦੀਆਂ ਨੇ। ਜਿਨ੍ਹਾਂ ਨੇ ਟੱਬਰ ਬਾਹਰ ਜਾਣ ਦੇ ਲਾਲਚ 'ਚ ਧੀ ਤਾਂ ਮੋਟਾ ਕਰਜ਼ਾ ਚੁੱਕ ਠੱਗ ਲਾੜੇ ਨਾਲ ਵਿਆਹ ਲਈ ਪਰ ਨਾ ਬਾਂਸ ਰਿਹਾ ਨਾ ਬੰਸਰੀ।

ਪੰਜਾਬ ਦੇ ਕਈ ਨਹੀਂ ਬਹੁਤੇ ਪਿੰਡਾਂ 'ਚ ਜੱਟ ਜਾਂ ਜ਼ਿੰਮੀਦਾਰ ਦੀ ਸਥਿਤੀ ਬੜੀ ਨਾਜ਼ੁਕ ਹੈ, ਉਹ ਨਾਂ ਦਾ ਜੱਟ ਹੋਣ ਕਰਕੇ ਕੋਈ ਸਰਕਾਰੀ ਸੁੱਖ ਸਹੂਲਤ ਨਹੀਂ ਲੈ ਸਕਦਾ। ਇਨ੍ਹਾਂ ਨੂੰ ਉਹ ਕਦੇ ਸੀਰੀ ਜਾਂ ਗੋਹਾ ਕੂੜਾ ਕਰਨ ਵਾਲੇ ਸਮਝਦਾ ਸੀ, ਉਹ ਉਹਦੇ ਤੋਂ ਕੋਹਾਂ ਅੱਗੇ ਨਿਕਲ ਗਏ ਹਨ। ਉਹ ਵਿਗੜੀ ਔਲਾਦ ਵੱਲ ਵੇਖ ਵੇਖ ਝੂਰ ਰਿਹੈ, ਜੱਟੀ ਭੱਤਾ ਲੈ ਕੇ ਕੀਹਦੇ ਲਈ ਜਾਵੇ, ਜਮੀਨ ਤਾਂ ਬਚੀ ਹੀ ਨਹੀਂ? ਗਿੱਟੇ ਲੱਗੇ ਜਾਂ ਗੋਡੇ ਪਰ ਜੱਟ ਨੂੰ ਇਕ ਤਾਂ ਪ੍ਰਬੰਧ ਨੇ ਖਾ ਲਿਆ ਤੇ ਦੂਜਾ ਗੀਤਾਂ ਦੀ ਵਿਗਾੜੀ ਔਲਾਦ ਨੇ। ਗੀਤਾਂ ਤੋਂ ਇਵੇਂ ਨਹੀਂ ਲਗਦਾ ਜਿਵੇਂ ਜੱਟ ਦੇ ਘਰ ਹੁਣ ਆਸ਼ਕ ਜਾਂ ਲਫੰਗੇ ਪੁੱਤ ਹੀ ਜੰਮਦੇ ਹੋਣ? ਲਗਦਾ ਨ੍ਹੀ ਗੀਤਾਂ ਨੇ 'ਜੱਟ ਦੀ ਜੂਨ ਫਿਰ ਬੁਰੀ ਕਰ ਦਿੱਤੀ ਹੈ?'

#

### ਸ਼ਹੀਦ ਭਗਤ ਸਿੰਘ

ਭਗਤ ਸਿੰਘ ਦਿਲ 'ਚ ਦਲੀਲ ਧਾਰਦਾ
ਝੱਲਣਾ ਨੀ ਰੋਅਬ ਗੋਰੀ ਸਰਕਾਰ ਦਾ
ਪਾਰਟੀ ਬਣਾਈ ਬਹਿ ਕੇ ਨਾਲ ਪਿਆਰ ਦੇ
ਸੂਰਮੇ ਨਾ ਕਦੇ ਜ਼ੁਲਮ ਸਹਾਰਦੇ
ਸੂਰਮਿਓਂ ਸਹੁੰਆਂ ਖਾ ਲੋ ਵੈਰੀ ਨਾ ਕੁਸਕੇ
ਭੁੰਨਣੇ ਨੇ ਗੋਰੇ ਘਰਾਂ ਵਿਚ ਘੁੱਸ-ਘੁੱਸ ਕੇ
ਸ਼ੇਰਾਂ ਦੀਆਂ ਖੱਲਾਂ ਪਾ ਕੇ ਗਿੱਦੜ ਵੰਗਾਰਦੇ
ਸੂਰਮੇ ਨਾ ਕਦੇ ਜ਼ੁਲਮ ਸਹਾਰਦੇ
ਮਿਲਣਾ ਸਕੂਨ ਓਡਵਾਇਰ ਤਾਈਂ ਵੱਢ ਬਾਈ
ਕਰਨੇ ਨੇ ਗੋਰਿਆਂ ਦੇ ਗਾਟੇ ਧੜੋਂ ਅੱਡ ਬਾਈ
ਫਿਰਦੇ ਬੇਦੋਸ਼ਿਆਂ ਨੂੰ ਧੋਖੇ ਨਾਲ ਮਾਰਦੇ
ਸੂਰਮੇ ਨਾ ਕਦੇ ਜ਼ੁਲਮਾਂ ਤੋਂ ਹਾਰਦੇ
ਕੱਫਣ ਸਿਰਾਂ 'ਤੇ ਬੰਨ੍ਹ ਚੱਕ ਲਉ ਬੰਦੂਕਾਂ ਨੂੰ
ਧਰਤੀ ਮਾਂ ਹੱਸੇ ਸੁਣ ਜ਼ਾਲਮਾਂ ਦੀ ਕੂਕਾਂ ਨੂੰ
ਗਲੀਆਂ 'ਚ ਫਿਰਦੇ ਲਗਾੜੇ ਲਲਕਾਰਦੇ
ਸੂਰਮੇ ਨਾ ਕਦੇ ਜ਼ੁਲਮ ਸਹਾਰਦੇ
ਗੋਰੀ ਸਰਕਾਰ ਕਰੀ ਹਿੰਦੋਂ ਨਾ ਜੇ ਸਾਫ ਬਈ
ਆਉਣ ਵਾਲੀ ਪੀੜੀ ਸਾਨੂੰ ਕਰੂ ਨਾ ਮਾਫ ਬਈ
ਜਰਗ ਦੇ ਭੋਲਿਆ, ਨਾ ਸੌਦੇ ਹੁਣ ਪਿਆਰ ਦੇ
ਸੂਰਮੇ ਨਾ ਕਦੇ ਜ਼ੁਲਮਾਂ ਤੋਂ ਹਾਰਦੇ।

-ਭੋਲਾ ਜਰਗ ਵਾਲਾ (ਨਿਊ ਯਾਰਕ)

ਖ਼ਾਲਸਾ ਪੰਥ

# ਦਾਤਿ ਪਿਆਰੀ ਵਿਸਰਿਆ ਦਾਤਾਰਾ

**ਅਵਤਾਰ ਸਿੰਘ (ਪ੍ਰੋ.)**



ਅਵਤਾਰ ਸਿੰਘ (ਪ੍ਰੋ.)

ਬਾਣੀ ਵਿਚ ਆਇਆ ਹੈ- "ਜੋ ਮਾਂਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ"। ਭਾਵ ਪਰਮਾਤਮਾ ਹੀ ਅਸਲ ਦਾਤਾ ਹੈ। ਜਿਸ ਸ਼ੈ ਦੀ ਵੀ, ਉਸ ਤੋਂ ਤਵੱਕੋ ਕਰੀਏ, ਉਹ ਜ਼ਰੂਰ ਪ੍ਰਾਪਤ ਹੁੰਦੀ ਹੈ। ਇਸ ਤਰਾਂ ਪ੍ਰਾਪਤ ਹੋਈ ਵਸਤੂ ਨੂੰ, ਸ਼ਰਧਾ ਭਾਵ ਵਿਚ, ਦਾਤ ਆਖਿਆ ਜਾਂਦਾ ਹੈ। ਸਿੱਖ ਸ਼ਬਦਾਵਲੀ ਵਿਚ ਅਕਾਲ ਪੁਰਖ ਲਈ ਦਾਤਾਰ ਸ਼ਬਦ ਵੀ ਇਸਤੇਮਾਲ ਕੀਤਾ ਜਾਂਦਾ ਹੈ: "ਤੂ ਦਾਤਾ ਦਾਤਾਰੁ ਤੇਰਾ ਦਿਤਾ ਖਾਵਣਾ। ਤੂ ਦਾਤਾ ਦਾਤਾਰੁ ਸਰਬ ਦੂਖ ਭੰਜਨੋ ਜੀਉ"। ਦਸਮ ਪਾਤਸ਼ਾਹ ਨੇ ਵੀ, ਅਕਾਲ ਪੁਰਖ ਨੂੰ ਅਨੇਕ ਨਾਵਾਂ ਨਾਲ ਯਾਦ ਕਰਦਿਆਂ, ਮਹਾਂ ਦਾਨੀ ਅਤੇ ਦਾਤਾ ਵੀ ਆਖਿਆ ਹੈ: "ਸੰਤਨ ਕੇ ਪ੍ਰਾਨ ਹੋ ਕਿ ਦਾਤਾ ਮਹਾਦਾਨ ਹੋ, ਭੂਪਨ ਕੇ ਭੂਪ ਹੋ ਕਿ ਦਾਤਾ ਮਹਾਦਾਨ ਹੋ"।

ਚੀਜ਼ਾਂ ਦਾ ਆਪਸੀ ਲੈਣ ਦੇਣ ਹਰ ਸਮਾਜ ਵਿਚ ਹੁੰਦਾ ਹੈ। ਬਹੁਤ ਸਾਰੀਆਂ ਵਸਤਾਂ ਅਸੀਂ ਖ਼ਰੀਦ ਲੈਂਦੇ ਹਾਂ; ਕਦੀ ਉਧਾਰ ਮੰਗ ਕੇ ਵੀ ਕੰਮ ਸਾਰਦੇ ਹਾਂ। ਜੋ ਚੀਜ਼ਾਂ ਆਪਣੇ ਪਿਆਰਿਆਂ ਨੂੰ ਭੇਟ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਨੂੰ ਅਸੀਂ ਗਿਫ਼ਟ, ਸੌਗ਼ਾਤ ਜਾਂ ਤੋਹਫ਼ਾ ਕਹਿੰਦੇ ਹਾਂ। ਪਰ, ਸੰਘਣੀ ਧਰਮ ਨਿਸ਼ਠਾ ਅਧੀਨ, ਕਿਸੇ ਵੀ ਤਰੀਕੇ ਨਾਲ਼ ਪ੍ਰਾਪਤ ਹੋਈ ਵਸਤੂ ਨੂੰ, ਅਸੀਂ ਅਕਾਲ ਪੁਰਖ ਦੀ, ਵਡਮੁਲੀ ਦਾਤ ਹੀ ਮੰਨਦੇ ਹਾਂ। ਸੌਗ਼ਾਤ ਦਾ ਆਪੋ ਵਿਚ ਅਦਾਨ-ਪ੍ਰਦਾਨ ਹੁੰਦਾ ਰਹਿੰਦਾ ਹੈ।

ਜਿਵੇਂ ਬੱਚੇ ਆਪਣੇ ਮਾਂ ਬਾਪ ਨੂੰ ਸੱਚੀਆਂ ਸੁੱਚੀਆਂ, ਮਨਮੋਹਕ ਮੁਸਕਾਨਾਂ, ਮਾਸੂਮ ਅਦਾਵਾਂ, ਤੋਤਲੇ ਬੋਲਾਂ ਤੇ ਭੋਲ਼ੀਆਂ ਸ਼ਰਾਰਤਾਂ ਦੀਆਂ ਸੌਗ਼ਾਤਾਂ ਨਾਲ ਮਾਲਾਮਾਲ ਕਰਦੇ ਹਨ ਤੇ ਮਾਂ ਪਿਉ ਲਾਡਾਂ, ਲੋਰੀਆਂ, ਚਾਵਾਂ, ਮਲਾਰਾਂ, ਝੂਟੇ ਮਾਟੇ ਤੇ ਨਿਕੀਆਂ ਨਿਕੀਆਂ ਅਣਗਿਣਤ ਪਿਆਰ ਖੇਡਾਂ ਨਾਲ ਉਨ੍ਹਾਂ ਨੂੰ ਨਿਵਾਜ਼ਦੇ ਹਨ। ਜਿਸ ਸ਼ੈ ਨਾਲ ਵੀ ਸਾਡਾ ਇਸ ਤਰ੍ਹਾਂ ਦਾ ਪਰਸਪਰ ਰਿਸ਼ਤਾ ਜੁੜਦਾ ਹੈ, ਉਹ ਸ਼ੈ ਹੀ ਅਸਲ ਵਿਚ ਰੱਬੀ ਦਾਤ ਹੁੰਦੀ ਹੈ, ਜੋ ਸਾਡੇ ਜੀਵਨ ਦੇ ਅਕੇਵੇਂ, ਉਕਤਾਹਟ ਜਾਂ ਬੋਝ ਨੂੰ ਹਲਕਾ ਫੁਲ ਕਰਕੇ, ਇਸ ਨੂੰ ਅਨੰਦਮਈ ਬਣਾਉਂਦੀ ਹੈ।

ਦਰ ਅਸਲ, ਮਨੁੱਖ ਨੂੰ ਇਸ ਜੀਵਨ ਵਿਚ ਪ੍ਰਾਪਤ ਹੋਣ ਵਾਲ਼ੀ ਹਰ ਸ਼ੈ ਹੀ, ਵਾਹਿਗੁਰੂ ਦੀ ਦਾਤ ਹੁੰਦੀ ਹੈ। ਪਰ ਮਨੁੱਖ ਦਾ ਸੁਭਾ ਇਸ ਪ੍ਰਕਾਰ ਦਾ ਹੈ, ਕਿ ਉਸ ਨੇ ਹਰ ਸ਼ੈ ਦੀ ਆਪਣੇ ਮੁਤਾਬਕ ਫ਼ਰਜ਼ੀ ਕੀਮਤ ਤੈ ਕਰ ਰੱਖੀ ਹੈ। ਜਿਹੜੀ ਵਸਤ ਦੀ ਕੀਮਤ ਉਸ ਮੁਤਾਬਕ ਵਧੇਰੇ ਜਾਂ ਉਸ ਦੀ ਪਹੁੰਚ ਤੋਂ ਪਰੇ ਹੁੰਦੀ ਹੈ, ਉਹ ਸਿਰਫ਼ ਉਸੇ ਨੂੰ ਹੀ ਦਾਤ ਅਨੁਮਾਨਦਾ ਹੈ। ਅਸੀਂ ਅਕਸਰ ਸਫ਼ਰ ਦੌਰਾਨ, ਲਗ਼ਜ਼ਰੀ ਕਾਰਾਂ ਦੇ ਸ਼ੀਸ਼ਿਆਂ 'ਤੇ "ਇਹ ਭੀ ਦਾਤ ਤੇਰੀ ਦਾਤਾਰ" ਲਿਖਿਆ ਦੇਖਦੇ ਹਾਂ। ਜਦਕਿ ਗੁਰਬਾਣੀ ਵਿਚ ਇਸ ਤੁਕ ਦਾ ਪ੍ਰਸੰਗ ਬਿਲਕੁਲ ਇਸ ਦੇ ਵਿਪਰੀਤ ਹੈ। ਉਥੇ ਤਾਂ "ਦੂਖ ਭੂਖ ਸਦ ਮਾਰ" ਨੂੰ ਦਾਤ ਆਖਿਆ ਗਿਆ ਹੈ।

ਕੇਸਰ ਸਿੰਘ ਛਿਬਰ ਬੰਸਾਵਲੀ ਨਾਮਾਂ ਦਸਾਂ ਪਾਤਸ਼ਾਹੀਆਂ ਕਾ ਵਿਚ ਲਿਖਦੇ ਹਨ, ਕਿ ਗੁਰੂ ਨਾਨਕ ਸਾਹਿਬ ਦੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਜੀ ਨੇ, ਗੁਰੂ ਅੰਗਦ ਦੇਵ ਜੀ ਨੂੰ, ਸਹਿਜ ਸੁਭਾਇ ਕੋੜ੍ਹੀ ਆਖ ਦਿਤਾ ਸੀ, ਜਿਸ ਕਰਕੇ ਗੁਰੂ ਸਾਹਿਬ ਦੇ ਪਿੰਡੇ 'ਤੇ ਕੋੜ੍ਹ ਦੇ ਦਾਗ਼ ਨਿਕਲ਼ ਆਏ ਸਨ। ਇਕ ਦਿਨ ਇਸ਼ਨਾਨ ਕਰਾਉਂਦਿਆਂ ਗੁਰੂ ਅਮਰ ਦਾਸ ਜੀ ਨੇ ਦੇਖ ਕੇ ਗੁਰਦੇਵ ਤੋਂ, ਦਾਗ਼ ਦਾ ਕਾਰਨ ਪੁਛ ਲਿਆ। ਅੱਗੋਂ ਗੁਰੂ ਅੰਗਦ ਦੇਵ ਜੀ ਨੇ ਆਖਿਆ: "ਬਚਨ ਕੀਤਾ, ਇਹ ਦਾਗ਼ ਨਹੀਂ ਜਾਂਦਾ, ਏਹੁ ਦਾਗ਼ ਹੈ, ਗੁਰਾਂ ਦੀ ਕ੍ਰਿਪਾ ਦਾ! ਅਮਰੇ ਕਹਿਆ, ਜੀ ਗੁਰਾਂ ਏਹੋ ਕ੍ਰਿਪਾ ਕੀਤੀ? ਬਚਨ ਕੀਤਾ, ਜੋ ਉਨ੍ਹਾਂ ਦਿਤੀ ਅਸਾਂ ਸੋਈ ਲੀਤੀ!"

ਸਤਿਗੁਰਾਂ ਨੇ ਗੁਰੂ ਘਰ ਵਲੋਂ ਪ੍ਰਾਪਤ ਹੋਏ ਕੋੜ੍ਹ ਦੇ ਦਾਗ਼ ਨੂੰ ਵੀ, ਗੁਰੂ ਦੀ ਦਾਤ ਕਰਕੇ ਜਾਣਨ ਦਾ, ਅਭਿਆਸ ਮੁਖੀ ਉਪਦੇਸ਼ ਦਿਤਾ। ਗੁਰੂ ਅਮਰ ਦਾਸ ਜੀ ਨੂੰ ਬੇਜੋੜ ਪ੍ਰੇਮ ਭਾਵ ਤੇ ਸੇਵਾ ਬਦਲੇ ਗੁਰੂ ਘਰ ਵਲੋਂ, ਸਾਲ ਬਾਦ, ਇਕ ਗਜ਼ ਖੱਦਰ ਮਿਲਦਾ ਸੀ। ਦੋ ਜਹਾਨ ਦੇ ਵਾਲੀ, ਕੁਲ ਕਾਇਨਾਤ ਦੇ, ਮਹਾਂ ਖ਼ਜ਼ਾਨਿਆਂ ਦੇ ਮਾਲਕ, ਦਾਤਾਰ ਪਾਤਸ਼ਾਹ ਵਲੋਂ ਪ੍ਰਾਪਤ ਹੋਏ ਗਜ਼ ਖੱਦਰ ਦੇ ਇਸ ਪ੍ਰੇਮ ਪਟੋਲ੍ਹੇ ਨੂੰ ਸਾਂਭਣ ਲਈ, ਸੀਸ ਤੋਂ ਵਧੇਰੇ ਢੁਕਵੀਂ, ਉਨ੍ਹਾਂ ਕੋਲ ਕੋਈ ਥਾਂ ਨਹੀਂ ਸੀ। ਕਿਸੇ ਅਰਸ਼ੀ ਅਗੰਮੀ ਖ਼ੁਸ਼ੀ ਦੀ ਰਉਂ ਵਿਚ, ਹਰ ਸਾਲ ਉਸੇ ਦੇ ਉਪਰ ਹੀ ਨਵਾਂ ਸਿਰੋਪਾ ਵਲੇਟ ਲੈਂਦੇ ਸਨ।

ਸਿੱਖ ਇਤਿਹਾਸ ਦਾ ਕਿਡਾ ਲਾਮਿਸਾਲ ਵਾਕਿਆ ਹੈ! ਨਵਾਬ ਕਪੂਰ ਸਿੰਘ ਨੇ, ਧਰਮ ਯੁੱਧ ਦੇ ਅਨਾਦੀ ਰੰਗ ਵਿਚ ਰੰਗੇ ਹੋਏ, ਖ਼ਾਲਸਾ ਜੀ ਦੇ ਘੋੜਿਆਂ ਦੀ ਲਿੱਦ ਚੁੱਕਣ ਦੀ ਸੇਵਾ ਦੇ ਮੁਕਾਬਲੇ, ਮੁਫ਼ਤ ਵਿਚ ਮਿਲ਼ਦੀ ਨਵਾਬੀ ਨੂੰ ਤੁੱਛ ਜਾਣਿਆਂ ਸੀ। ਪ੍ਰੋ. ਪੂਰਨ ਸਿੰਘ ਜੀ ਨੇ ਸੱਚ ਲਿਖਿਆ ਹੈ ਕਿ "ਅਸੀਂ ਲੰਗਰਾਂ ਦੇ ਭੋਰਿਆਂ 'ਤੇ ਵਾਰ ਦੇਈਏ ਪਾਤਸ਼ਾਹੀਆਂ"।

ਮਨੁੱਖ ਨੇ ਜਿਨ੍ਹਾਂ ਵਸਤਾਂ ਨੂੰ ਤੁੱਛ ਜਾਣ ਲਿਆ ਹੈ, ਗੁਰਬਾਣੀ ਵਿਚ ਉਨ੍ਹਾਂ ਨੂੰ ਅਣਮੁੱਲੀਆਂ ਦਾਤਾਂ ਆਖਿਆ ਗਿਆ ਹੈ। ਪਰ ਜਿਹੜੀਆਂ ਚੀਜ਼ਾਂ ਮਨੁੱਖ ਨੂੰ ਦਾਤ ਭਾਸਦੀਆਂ ਹਨ, ਉਨ੍ਹਾਂ ਨੂੰ ਸਤਿਗੁਰਾਂ ਨੇ ਤੁੱਛ ਆਖਿਆ ਹੈ।

ਜਿਹੜੀਆਂ ਅਨਮੋਲ ਦਾਤਾਂ ਮਨੁੱਖ ਨੂੰ ਪ੍ਰਾਪਤ ਹਨ, ਉਨ੍ਹਾਂ ਦਾ ਮਨੁੱਖ ਨੂੰ ਪਤਾ ਹੀ ਨਹੀਂ ਹੈ। ਮਹਾਨ ਲੇਖਕ ਇਬਸਨ ਦੇ ਇਕ ਨਾਟਕ ਲਿਟਲ ਯੌਲਫ਼ ਵਿਚ, ਇਕ ਅਧਰੰਗ ਦੇ ਸ਼ਿਕਾਰ ਹੋਏ ਬਾਲ ਨੂੰ, ਉਸ ਦੇ ਮਾਪੇ, ਨਿਰੋਈ ਪਰਵਰਿਸ਼, ਚੰਗੀ ਪੜ੍ਹਾਈ ਲਿਖਾਈ ਤੇ ਅਦਭੁਤ ਸੌਗਾਤਾਂ ਨਾਲ ਵਰਚਾਉਣ ਦੀ ਕੋਸ਼ਿਸ਼ ਕਰਦੇ ਹਨ। ਪਰ ਉਹ ਨੰਨ੍ਹਾਂ ਬਾਲ, ਇਨ੍ਹਾਂ ਤਮਾਮ ਗੱਲਾਂ ਨੂੰ ਤੁੱਛ ਜਾਣਦਾ ਹੋਇਆ, ਉਨ੍ਹਾਂ ਵਿਚ ਬਿਲਕੁਲ ਹੀ ਰੀਝਦਾ ਨਹੀਂ ਹੈ। ਉਸ ਦੇ ਮਨ ਵਿਚ ਮੁਕੰਮਲ ਦੇਹ ਦੀ ਅਭਿਲਾਸ਼ਾ, ਉਸ ਨੂੰ ਬੇਚੈਨ ਕਰਦੀ ਹੈ, ਜਿਸ ਦਾ ਕੋਈ ਚਾਰਾ ਉਸ ਦੇ ਮਾਪਿਆਂ ਕੋਲ ਨਹੀਂ ਹੈ।

ਪਰਮ ਪਿਤਾ ਨੇ ਆਪਣੀ ਅੰਸ਼ ਪ੍ਰਦਾਨ ਕਰਕੇ ਸਾਨੂੰ ਸੁੰਦਰ ਦੇਹ ਨਾਲ਼ ਨਿਵਾਜ਼ਿਆ ਹੈ। ਜੀਵਨ ਦਾਨ ਦੇ ਨਾਲ ਨਾਲ ਹਵਾ ਦੇ ਅਮੁੱਕ ਭੰਡਾਰ ਅਤੇ ਜਲ ਸਰੋਤ ਬਖ਼ਸ਼ਿਸ਼ ਕੀਤੇ ਹਨ। ਸਰਦੀ ਤੋਂ ਬਚਾ ਕਰਨ ਹਿਤ ਅਗਨ ਅਤੇ ਤਪਸ਼ ਦੇ ਕਹਿਰ ਤੋਂ ਬਚਣ ਲਈ ਵੰਨ-ਸੁਵੰਨੀ ਵਨਸਪਤੀ ਤੇ ਸੀਤਲ ਪੌਣਾਂ ਨਾਲ ਮਾਲਾਮਾਲ ਕੀਤਾ ਹੈ। ਝੀਲਾਂ, ਝਰਨੇ, ਜੰਗਲ, ਪਰਬਤ, ਸੂਰਜ, ਚੰਦ ਅਤੇ ਤਾਰੇ, ਬੱਦਲ਼ ਆਦਿ, ਧਰਤੀ ਅਕਾਸ਼ ਦੇ ਸੁੰਦਰ ਨਜ਼ਾਰੇ, ਨੈਣਾਂ ਨੂੰ ਤਾਜ਼ਗੀ ਬਖ਼ਸ਼ਦੇ ਹਨ। ਛੱਤੀ ਪ੍ਰਕਾਰ ਦੇ ਅੰਮ੍ਰਿਤਮਈ ਭੋਜਨ ਸਾਡੀ ਰੂਹ ਨੂੰ ਨਸ਼ਿਆਉਂਦੇ ਹਨ।

ਇਥੇ ਹੀ ਬਸ ਨਹੀਂ। ਉਸ ਪਰਵਦਗ਼ਾਰ ਨੇ ਮਨੁੱਖ ਨੂੰ ਸਗਲੀ ਕਾਇਨਾਤ ਵਿਚ, ਧਰਤੀ ਉਤੇ ਰੱਬੀ ਦਾਤਾਂ ਦੇ ਬੇਅੰਤ ਭੰਡਾਰਾਂ ਦਾ ਮਾਲਕ ਅਤੇ ਚੁਰਾਸੀ ਲੱਖ ਜੂਨਾਂ ਦਾ ਸਿਰਦਾਰ ਥਾਪਿਆ ਹੈ, ਜਿਸ ਵਲ ਗੁਰਬਾਣੀ ਵਿਚ ਕਿੰਨੇ ਸੁੰਦਰ ਇਸ਼ਾਰੇ ਹੋਏ ਹਨ "ਇਸੁ ਪਾਨੀ ਤੇ ਜਿਨਿ ਤੂ ਘਰਿਆ। ਮਾਟੀ ਕਾ ਲੇ ਦੇਹੁਰਾ ਕਰਿਆ। ਉਕਤਿ ਜੋਤਿ ਲੈ ਸੁਰਤਿ ਪਰੀਖਿਆ। ਮਾਤ ਗਰਭ ਮਹਿ ਜਿਨਿ ਤੂ ਰਾਖਿਆ। ਜਿਨਿ ਦੀਏ ਤੁਧੁ ਬਾਪ ਮਹਤਾਰੀ। ਜਿਨਿ ਦੀਏ ਭ੍ਰਾਤ ਪੁਤ ਹਾਰੀ। ਜਿਨਿ ਦੀਏ ਤੁਧੁ ਬਨਿਤਾ ਅਰੁ ਮੀਤਾ। ਜਿਨਿ ਦੀਆ ਤੁਧੁ ਪਵਨੁ ਅਮੋਲਾ। ਜਿਨਿ ਦੀਆ ਤੁਧੁ ਨੀਰੁ ਨਿਰਮੋਲਾ। ਜਿਨਿ ਦੀਆ ਤੁਧੁ ਪਾਵਕੁ ਬਲਨਾ। ਛਤੀਹ ਅੰਮ੍ਰਿਤ ਜਿਨਿ ਭੋਜਨ ਦੀਏ। ਅੰਤਰਿ ਥਾਨ ਠਹਰਾਵਨ ਕਉ ਕੀਏ। ਬਸੁਧਾ ਦੀਓ ਬਰਤਨਿ ਬਲਨਾ। ਪੇਖਨ ਕਉ ਨੇਤ੍ਰ ਸੁਨਨ ਕਉ ਕਰਨਾ। ਹਸਤ ਕਮਾਵਨ ਬਾਸਨ ਰਸਨਾ। ਚਰਨ ਚਲਨ ਕਉ ਸਿਰੁ ਕੀਨੋ ਮੇਰਾ। ਅਪਵਿਤ੍ਰ ਪਵਿਤ੍ਰੁ ਜਿਨਿ ਤੂ ਕਰਿਆ। ਸਗਲ ਜੋਨਿ ਮਹਿ ਤੂ ਸਿਰਿ ਧਰਿਆ"।

ਇਸੇ ਕਰਕੇ ਕਿਹਾ ਗਿਆ ਹੈ ਕਿ, "ਦੇਦਾ ਦੇ ਲੈਦੇ ਥਕਿ ਪਾਹਿ। ਜੁਗਾ ਜੁਗੰਤਰਿ ਖਾਹੀ ਖਾਹਿ"। ਪਰ ਮਨੁੱਖੀ ਫ਼ਿਤਰਤ ਹੈ ਕਿ ਜਿਹੜੀਆਂ ਦਾਤਾਂ, ਸਾਨੂੰ ਬਿਨਾ ਕਿਸੇ ਪ੍ਰਕਾਰ ਦੀ ਮਿਹਨਤ ਮੁਸ਼ੱਕਤ ਦੇ ਨਸੀਬ ਹੁੰਦੀਆਂ ਹਨ, ਉਨ੍ਹਾਂ ਨੂੰ ਅਸੀਂ ਗੌਲਦੇ ਤੱਕ ਨਹੀਂ। ਬਿਨਾ ਮੰਗੇ ਮਿਲੀਆਂ ਸੌਗਾਤਾਂ ਸਾਨੂੰ ਨਜ਼ਰ ਹੀ ਨਹੀਂ ਆਉਂਦੀਆਂ। ਤੁੱਛ ਚੀਜ਼ਾਂ ਦੇ ਲੋਭ ਵਿਚ, ਅਸੀਂ ਦੀਨ ਇਮਾਨ ਤਿਆਗ ਦਿੰਦੇ ਹਾਂ। ਪੰਚਮ ਪਾਤਸ਼ਾਹ ਜੀ ਸੁਖਮਨੀ ਸਾਹਿਬ ਵਿਚ ਫ਼ਰਮਾਉਂਦੇ ਹਨ, "ਦਸ ਬਸਤੂ ਲੇ ਪਾਛੈ ਪਾਵੈ। ਏਕ ਬਸਤੁ ਕਾਰਨਿ ਬਿਖੋਟਿ ਗਵਾਵੈ"। ਅਸੀਂ ਇਹ ਵੀ ਭੁੱਲ ਜਾਂਦੇ ਹਾਂ, ਕਿ ਜੇ ਉਹ, "ਏਕ ਭੀ ਨ ਦੇਇ ਦਸ ਭੀ ਹਿਰਿ ਲੇਇ। ਤਉ ਮੂੜਾ ਕਹੁ ਕਹਾ ਕਰੇਇ"। ਮਨੁੱਖ ਕੇਵਲ ਆਪਣੀ ਮੂਰਖਤਾ ਕਾਰਨ ਬਿਲਾ ਮੁਸ਼ੱਕਤ, ਮੁਫ਼ਤ ਪ੍ਰਾਪਤ ਹੋਈਆਂ ਦਾਤਾਂ ਨੂੰ ਦੇਖ ਨਹੀਂ ਪਾਉਂਦਾ। ਤੁੱਛ ਵਸਤਾਂ ਦੀ ਅਭਿਲਾਸ਼ਾ ਵਿਚ, ਤਮਾਮ ਉਮਰ, ਦੁਖੀ ਹੋ ਕੇ ਸੜਦਾ ਬਲਦਾ ਤੇ ਭੁੱਝਦਾ ਹੈ- "ਬਿਰਧਿ ਭਇਓ ਅਜਹੂ ਨਹੀ ਸਮਝੈ"।

ਪਰ, ਛਿਣ ਭੰਗਰੀਆਂ ਚੀਜ਼ਾਂ ਦੇਖ ਦੇਖ, ਮਾਣ ਕਰਦਾ ਹੋਇਆ, ਫੁਲਿਆ ਵੀ ਨਹੀਂ ਸਮਾਉਂਦਾ। ਭਗਤ ਕਬੀਰ ਜੀ ਕੇਹੇ ਸੁੰਦਰ ਢੰਗ ਨਾਲ਼ ਸੁਚੇਤ ਕਰਦੇ ਹਨ "ਕਹਾ ਨਰ ਗਰਬਸਿ ਥੋਰੀ ਬਾਤ। ਮਨ ਦਸ ਨਾਜੁ ਟਕਾ ਚਾਰਿ ਗਾਂਠੀ ਐਡੌ ਟੇਢੌ ਜਾਤੁ"। ਬਿਰਖ ਦੇ ਪੱਤੇ ਦੀ ਨਿਆਈ ਚਾਰ ਦਿਨ ਦੀ ਸਰਦਾਰੀ ਧੰਨ ਦੌਲਤਾਂ ਦੀ ਤੁਛਤਾ ਅਤੇ ਛਿਣ ਭੰਗਰਤਾ ਵਲ ਸੰਕੇਤ ਕਰਦੇ ਹੋਏ ਆਪ ਫ਼ਰਮਾਉਂਦੇ ਹਨ: "ਬਹੁਤੁ ਪ੍ਰਤਾਪੁ ਗਾਂਉ ਸਉ ਪਾਏ ਦੁਇ ਲਖ ਟਕਾ ਬਰਾਤ। ਦਿਵਸ ਚਾਰਿ ਕੀ ਕਰਹੁ ਸਾਹਿਬੀ ਜੈਸੇ ਬਨ ਹਰ ਪਾਤ"।

ਸ਼ਾਇਦ ਇਸੇ ਕਰਕੇ ਗੁਰਬਾਣੀ ਅੰਦਰ ਸਤਿਗੁਰਾਂ ਨੇ ਮਨੁੱਖ ਨੂੰ ਵਾਰ ਵਾਰ, ਮੂੜ੍ਹਮੱਤ ਅਤੇ ਮੂਰਖ ਆਖਿਆ ਹੈ, ਜਿਸ ਕਾਰਨ ਉਹ ਕੁਦਰਤ ਦੀਆਂ ਨਾਯਾਬ ਦਾਤਾਂ ਪਿਛੇ, ਛੁਪੇ ਹੋਏ ਕਾਦਰ ਨੂੰ, ਨਹੀਂ ਦੇਖ ਪਾਉਂਦਾ, "ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ"। ਤਮਾਮ ਸੌਗਾਤਾਂ ਵਿਕ੍ਰਾਲ ਵਿਕਾਰਾਂ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਸਤਿਗੁਰਾਂ ਦਾ ਫ਼ੁਰਮਾਨ ਹੈ, "ਨਾ ਕੋਊ ਲੈ ਆਇਓ ਇਹੁ ਧਨੁ ਨਾ ਕੋਊ ਲੈ ਜਾਤੁ। ਰਾਵਨ ਹੂੰ ਤੇ ਅਧਿਕ ਛਤ੍ਰਪਤਿ ਖਿਨ ਮਹਿ ਗਏ ਬਿਲਾਤ"।

ਮਨੁੱਖ ਦੀ ਦੁਰਗਤੀ ਦਾ ਕਾਰਨ ਸਿਰਫ਼ ਇਹੀ ਹੈ ਕਿ ਉਹ ਦਾਤਾਂ ਅਤੇ ਸੌਗਾਤਾਂ ਦੀ ਮਸਤੀ ਵਿਚ, ਉਸ ਦਾਤਾਰ ਨੂੰ ਵਿਸਾਰ ਦਿੰਦਾ ਹੈ, ਜਿਸ ਕਰਕੇ ਉਹ ਕੁਲ ਨੇਮਤਾਂ, ਦਾਤਾਂ, ਸੌਗਾਤਾਂ ਤੋਂ ਵਿਛੁੰਨਿਆ ਜਾਂਦਾ ਹੈ: "ਚੰਦੁ ਸੂਰਜੁ ਜਾ ਕੇ ਤਪਤ ਰਸੋਈ। ਬੈਸੰਤਰੁ ਜਾ ਕੇ ਕਪਰੇ ਧੋਈ। ਇਕੁ ਲਖੁ ਪੂਤ ਸਵਾ ਲਖੁ ਨਾਤੀ।

ਤਿਹ ਰਾਵਨ ਘਰ ਦੀਆ ਨ ਬਾਤੀ"। ਇਸੇ ਕਰਕੇ ਗੁਰਬਾਣੀ ਅਤੇ ਗੁਰਇਤਿਹਾਸ ਦਾ ਅਸਲ ਤਾਤਪਰਜ ਅਤੇ ਮਨੋਰਥ, ਮਨੁਖ ਨੂੰ, ਉਸ ਦਾਤਾਰ ਪ੍ਰਭੂ ਦੀ ਯਾਦ, ਸਿਮਰਣ ਜਾਂ ਬੰਦਗੀ ਵਿਚ, ਜੀਵਨ ਬਸਰ ਕਰਨ ਦਾ ਉਪਦੇਸ਼ ਹੈ;

"ਅਜਹੂ ਸਮਝਿ ਕਛੁ ਬਿਗਰਿਓ ਨਾਹਿਨਿ" ਵਾਰ ਵਾਰ ਆਖਿਆ ਗਿਆ ਹੈ, ਕਿਉਂਕਿ ਮਨੁੱਖ ਨੂੰ ਦਾਤ ਦੇ ਮੋਹ ਵਿਚ ਦਾਤਾਰ ਵਿਸਰ ਗਿਆ ਹੈ: "ਦਾਤਿ ਪਿਆਰੀ ਵਿਸਰਿਆ ਦਾਤਾਰਾ"।

# ਬਾਬਾ ਬਿਧੀ ਚੰਦ, ਬੋਤਾ ਸਿੰਘ ਤੇ ਗਰਜਾ ਸਿੰਘ

**ਰਘਬੀਰ ਸਿੰਘ 'ਤੀਰ'**

ਭਾਈ ਬਿਧੀ ਚੰਦ ਜੀ ਦਾ ਜਨਮ 13 ਵਿਸਾਖ, 1636 ਬਿਕਰਮੀ ਨੂੰ ਬਾਬਾ ਦੇਵਾ ਜੀ ਦੇ ਗ੍ਰਿਹਿ ਵਿਖੇ ਮਾਤਾ ਸੰਭਲੀ ਦੀ ਕੁੱਖੋਂ, ਪਿੰਡ ਛੀਨਾ ਜ਼ਿਲਾ ਅੰਮ੍ਰਿਤਸਰ (ਹੁਣ ਜ਼ਿਲਾ ਤਰਨਤਾਰਨ) ਵਿਚ ਹੋਇਆ। ਬਿਧੀ ਚੰਦ ਜੀ ਦੇ ਪਿੰਡ ਸਰਹਾਲੀ ਵਿਖੇ ਨਾਨਕੇ ਸਨ। ਉਨ੍ਹਾਂ ਦਾ ਬਚਪਨ ਆਪਣੇ ਨਾਨਕੇ ਘਰ ਹੀ ਬੀਤਿਆ, ਜਿਥੇ ਉਨ੍ਹਾਂ ਦੀ ਸੰਗਤ ਅਜਿਹੇ ਲੋਕਾਂ ਨਾਲ ਹੋ ਗਈ ਸੀ, ਜੋ ਮਾਲ-ਡੰਗਰ ਦੀ ਚੋਰੀ ਕਰਨ ਦਾ ਕੰਮ ਕਰਦੇ ਸਨ। ਚੋਰੀ ਕਰਨਾ ਹੌਲੀ-ਹੌਲੀ ਉਨ੍ਹਾਂ ਦੀ ਆਦਤ ਹੀ ਬਣ ਗਈ। ਬੇਸ਼ੱਕ ਬਿਧੀ ਚੰਦ ਦਾ ਦਿਮਾਗ਼ ਤੇਜ਼-ਤਰਾਰ, ਸਰੀਰ ਖੁੱਲ੍ਹੀ ਡੀਲ-ਡੌਲ ਵਾਲਾ ਸੀ, ਇਸ ਦੇ ਨਾਲ ਨਾਲ ਉਹ ਤਕੜੇ ਜਿਗਰੇ ਦੇ ਮਾਲਕ ਵੀ ਸਨ। ਬੇਸ਼ੱਕ ਇਸ ਕੰਮ ਵਿਚ ਜਾਨ ਜਾਣ ਦਾ ਡਰ ਵੀ ਬਣਿਆ ਰਹਿੰਦਾ ਹੈ, ਜਦੋਂ ਵਾਹਰਾਂ ਮਗਰ ਲੱਗ ਤੁਰਦੀਆਂ ਹਨ ਤਾਂ ਕਈ ਵੇਰਾਂ ਮਾਰੂ ਵੀ ਸਿੱਧ ਹੋ ਜਾਂਦੀਆਂ ਹਨ। ਫਿਰ ਵੀ ਸਮਾਜ ਵਿਚ ਇਹ ਕੰਮ ਇੱਜ਼ਤ ਵਾਲਾ ਨਹੀਂ ਸਮਝਿਆ ਜਾਂਦਾ।

ਅਜਿਹਾ ਇਕ ਵਾਰ ਬਿਧੀ ਚੰਦ ਨਾਲ ਵਾਪਰਿਆ ਵੀ ਸੀ ਜਦੋਂ ਉਹ ਕਿਸੇ ਪਿੰਡ ਤੋਂ ਮੱਝਾਂ ਚੋਰੀ ਕੱਢ ਕੇ ਲੈ ਆਇਆ ਸੀ ਅਤੇ ਵਾਹਰ ਉਸ ਦੇ ਮਗਰ ਲੱਗ ਤੁਰੀ ਸੀ। ਉਸ ਨੇ ਭੈਣੀ ਪਿੰਡ (ਹੁਣ ਚੋਹਲਾ ਸਾਹਿਬ) ਲਾਗੇ ਰੁੱਖਾਂ ਦੀ ਇਕ ਝੰਗੀ ਵਿਚਲੇ ਛੱਪੜ ਵਿਚ ਮੱਝਾਂ ਨੂੰ ਵਾੜ ਆਪ ਪਿੰਡ ਦੇ ਬਾਹਰ ਦੱਖਣ ਵਾਲੇ ਪਾਸੇ ਹਲ ਵਾਹ ਰਹੇ ਕਿਰਸਾਨ ਪਾਸ ਜਾ ਬੇਨਤੀ ਕੀਤੀ ਕਿ ਉਸ ਮਗਰ ਵਾਹਰ ਲੱਗੀ, ਜਿਸ ਤੋਂ ਉਹ ਉਸ ਨੂੰ ਬਚਾ ਲਏ। ਇਹ ਕਿਰਸਾਨ ਗੁਰੂ ਦਾ ਪਿਆਰਾ ਭਾਈ ਅਦਲੀ ਸੀ। ਉਸ ਨੇ ਵਾਹਰ ਦੇ ਪੁੱਜਣ ਤੇ ਉਨ੍ਹਾਂ ਨੂੰ ਆਪਣੀਆਂ ਮੱਝਾਂ ਛੱਪੜ ਵਿਚੋਂ ਪਹਿਚਾਨਣ ਲਈ ਕਿਹਾ। ਇੰਝ ਕਹਿੰਦੇ ਹਨ ਕਿ ਮੱਝਾਂ ਦੇ ਰੰਗ ਬਦਲ ਗਏ ਸਨ ਅਤੇ ਉਹ ਮਾਲਕਾਂ ਦੀ ਪਹਿਚਾਣ ਵਿਚ ਨਹੀਂ ਸਨ ਆ ਰਹੀਆਂ। ਭਾਈ ਅਦਲੀ ਜੀ ਨੇ ਉਨ੍ਹਾਂ ਨੂੰ ਦੱਸਿਆ ਕਿ ਇਹ ਉਨ੍ਹਾਂ ਦੀਆਂ ਹੀ ਮੱਝਾਂ ਹਨ, ਉਹ ਲੈ ਜਾਣ। ਵਾਹਰ ਦੇ ਵਾਪਸ ਜਾਣ ਪਿਛੋਂ ਭਾਈ ਬਿਧੀ ਚੰਦ ਨੂੰ ਬਾਬਾ ਅਦਲੀ ਨੇ ਇਸ ਕੰਮ ਤੋਂ ਤੌਬਾ ਕਰਨ ਅਤੇ ਗੁਰੂ ਦੇ ਲੜ ਲੱਗਣ ਦੀ ਨਸੀਅਤ ਕੀਤੀ। ਇਹ ਬਿਧੀ ਚੰਦ ਦੀ ਜ਼ਿੰਦਗੀ ਵਿਚ ਇਕ ਮੋੜ ਸੀ, ਜਿਸ ਦੇ ਅਸਰ ਹੇਠਾਂ ਬਿਧੀ ਚੰਦ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਚਲਾ ਗਿਆ ਸੀ ਅਤੇ ਅੱਗੇ ਤੋਂ ਬੁਰੇ ਕੰਮਾਂ ਤੋਂ ਤੌਬਾ ਕਰ ਚੰਗੀ ਜ਼ਿੰਦਗੀ ਜਿਊਣ ਲੱਗਾ ਸੀ ਕਿ ਅਚਾਨਕ ਇਕ ਘਟਨਾ ਵਾਪਰ ਗਈ। ਕਾਬਲ ਤੋਂ ਆ ਰਹੇ ਇਕ ਸਿੱਖ ਕਰੋੜੀ ਮੱਲ ਕੋਲੋਂ ਮੁਗਲਾਂ ਨੇ ਦੋ ਇਰਾਨੀ ਘੋੜੇ 'ਦਿਲਬਾਗ' ਅਤੇ 'ਗੁਲਬਾਗ' ਖੋਹ ਕੇ ਲਾਹੌਰ ਦੇ ਨਵਾਬ ਨੂੰ ਪੇਸ਼ ਕਰ ਦਿੱਤੇ ਸਨ, ਜਿਹੜੇ ਉਹ ਗੁਰੂ ਦਰਬਾਰ ਵਿਚ ਭੇਟਾ ਕਰਨ ਲਈ ਲੈ ਕੇ ਆ ਰਿਹਾ ਸੀ। ਇਹ ਧੱਕਾ ਸੀ ਜੋ ਬਿਧੀ ਚੰਦ ਵਰਗੇ ਸੂਰਬੀਰ ਲਈ ਵੰਗਾਰ ਬਣ ਗਿਆ ਸੀ। ਸ੍ਰੀ ਗੁਰੂ ਹਰਗੋਬਿੰਦ ਜੀ ਕੋਲੋਂ ਆਗਿਆ ਲੈ ਕੇ ਬਿਧੀ ਚੰਦ ਨੇ ਆਪਣੀ ਜੁਗਤ ਅਤੇ ਦਲੇਰੀ ਨਾਲ ਇਹ ਦੋਵੇਂ ਘੋੜੇ ਲਾਹੌਰ ਦੇ ਕਿਲੇ 'ਚੋਂ ਵਾਰੀ-ਵਾਰੀ ਕੱਢ ਲਿਆਂਦੇ ਸਨ ਅਤੇ ਗੁਰੂ ਜੀ ਨੂੰ ਆ ਪੇਸ਼ ਕੀਤੇ ਸਨ। ਗੁਰੂ ਜੀ ਦੇ ਪੰਜ ਮੁੱਖ ਜਥੇਦਾਰਾਂ ਵਿਚੋਂ ਬਿਧੀ ਚੰਦ ਇਕ ਸੀ।

ਪੱਟੀ ਸ਼ਹਿਰ ਵਿਚ 'ਭੱਠਾ ਸਾਹਿਬ' ਗੁਰਦੁਆਰਾ ਅੱਜ ਵੀ ਬਿਧੀ ਚੰਦ ਦੀ ਦਲੇਰੀ ਅਤੇ ਬਹਾਦਰੀ ਭਰੇ ਕਾਰਨਾਮਿਆਂ ਦੀ ਯਾਦ ਦਿਵਾਉਂਦਾ ਹੈ। ਇਹ ਉਹ ਸਮਾਂ ਸੀ ਜਦੋਂ ਉਸ ਨੇ ਮੁਗਲਾਂ ਦੀ ਪੱਟੀ, ਪੱਟੀ ਹੈਬਤਪੁਰ, ਜਿਸ ਨੂੰ ਨੌਂ ਲੱਖੀ ਪੱਟੀ ਵੀ ਕਿਹਾ ਜਾਂਦਾ ਸੀ, ਵਿਚੋਂ ਦੁਸ਼ਾਲੇ ਕੱਢ ਕੇ ਲੈ ਆਂਦੇ ਸਨ, ਜੋ ਗੁਰਸਿੱਖਾਂ ਕੋਲੋਂ ਪੱਟੀ 'ਚੋਂ ਲੰਘਦਿਆਂ ਇਥੋਂ ਦੇ ਮੁਗਲ ਹਾਕਮਾਂ ਦੇ ਬੰਦਿਆਂ ਨੇ ਖੋਹ ਲਏ ਸਨ। ਇਹ ਦੁਸ਼ਾਲੇ ਉਹ ਗੁਰੂ ਹਰਗੋਬਿੰਦ ਜੀ ਦੇ ਦਰਬਾਰ ਵਿਚ ਭੇਟ ਕਰਨ ਲਈ ਲੈ ਕੇ ਆ ਰਹੇ ਸਨ। ਬਿਧੀ ਚੰਦ ਦੀ ਤੀਖਣ ਬੁੱਧੀ ਅਤੇ ਦਲੇਰੀ ਹੀ ਇਸ ਜ਼ੋਖਮ ਭਰੇ ਕੰਮ ਨੂੰ ਸਰਅੰਜ਼ਾਮ ਦੇ ਸਕੀ ਸੀ। ਉਸ ਨੇ ਮੁਗਲਾਂ ਦੇ ਘਰੋਂ ਦੁਸ਼ਾਲੇ ਤਾਂ ਕੱਢ ਲਏ ਸਨ ਪਰ ਸਖ਼ਤ ਪਹਿਰਾ ਹੋਣ ਕਰਕੇ ਸ਼ਹਿਰ ਤੋਂ ਬਾਹਰ ਨਿਕਲਣਾ ਉਸ ਲਈ ਔਖਾ ਹੋ ਗਿਆ ਸੀ।

ਕੋਈ ਹੋਰ ਚਾਰਾ ਨਾ ਵੇਖ ਉਹ ਦੁਸ਼ਾਲਿਆਂ ਸਮੇਤ ਇਕ ਭਠਿਆਰੇ ਦੇ ਭੱਠ ਵਿਚ ਗੁਰੂ ਦਾ ਆਸਰਾ ਲੈ ਕੇ ਵੜ ਗਿਆ ਸੀ। ਦੱਸਦੇ ਹਨ ਕਿ ਉਸ ਸਮੇਂ ਭੱਠ ਗਰਮ ਸੀ। ਗੁਰੂ ਦਾ ਆਸਰਾ ਲੈ ਕੇ ਉਹ ਆਪਣੀ ਜਾਨ 'ਤੇ ਖੇਡ ਗਿਆ ਸੀ, ਜਿਸ ਨੂੰ ਰੱਬ ਰੱਖੇ, ਉਸ ਨੂੰ ਕੌਣ ਮਾਰੇ। ਉਹ ਸਹੀ ਸਲਾਮਤ ਰਾਤ ਦੇ ਹਨੇਰੇ ਵਿਚ ਬਚ ਨਿਕਲ ਕੇ ਦੁਸ਼ਾਲਿਆਂ ਸਮੇਤ ਗੁਰੂ ਚਰਨਾਂ ਵਿਚ ਪਹੁੰਚ ਗਿਆ ਸੀ।

ਦੱਸਿਆ ਜਾਂਦਾ ਹੈ ਕਿ ਸੁੰਦਰ ਸ਼ਾਹ ਬਿਧੀ ਚੰਦ ਦਾ ਜਿਗਰੀ ਮਿੱਤਰ ਸੀ, ਜਿਸ ਨਾਲ ਉਸ ਨੇ ਵਾਅਦਾ ਕੀਤਾ ਸੀ ਕਿ ਉਹ ਦੋਵੇਂ ਇਕੋ ਸਮੇਂ ਪ੍ਰਾਣ ਤਿਆਗਣਗੇ। ਇਹ ਸੱਚ ਹੋਇਆ ਸੀ ਅਤੇ ਭਾਦੋਂ ਸੁਦੀ 3 ਸੰਮਤ 1695 (14 ਅਗਸਤ, ਸੰਨ 1640) ਨੂੰ ਬਾਬਾ ਬਿਧੀ ਚੰਦ ਜਦੋਂ ਦੇਵ ਨਗਰ ਵਿਚ ਆਪਣੇ ਦੋਸਤ ਸੁੰਦਰ ਦਾਸ ਦੀ ਰਿਹਾਇਸ਼ਗਾਹ 'ਤੇ ਉਸ ਕੋਲ ਠਹਿਰੇ ਹੋਏ ਸਨ ਤਾਂ ਉਸ ਨੇ ਅਤੇ ਉਸ ਦੇ ਦੋਸਤ ਨੇ ਇਕੋ ਸਮੇਂ ਇਸ ਫਾਨੀ ਜਹਾਨ ਨੂੰ ਅਲਵਿਦਾ ਕਹਿ ਇਹ ਚੋਲਾ ਤਿਆਗ ਦਿੱਤਾ ਸੀ।



**ਸ਼ਹੀਦ ਬਾਬਾ ਬੋਤਾ ਸਿੰਘ ਅਤੇ ਸ਼ਹੀਦ ਬਾਬਾ ਗਰਜ਼ਾ ਸਿੰਘ ਜੀ :** ਕਹਿੰਦੇ ਨੇ ਕਿ ਗੋਲੀ ਦਾ ਨਿਸ਼ਾਨ ਮਿਟ ਜਾਂਦਾ ਹੈ ਪਰ ਬੋਲੀ ਦਾ ਨਹੀਂ। ਮੁਗਲ ਰਾਜ ਦੀ ਹਨ੍ਹੇਰੀ ਜ਼ੋਰਾਂ 'ਤੇ ਸੀ ਅਤੇ ਇਨਸਾਫ ਦਾ ਸੂਰਜ ਕਿਧਰੇ ਵੀ ਨਜ਼ਰ ਨਹੀਂ ਸੀ ਆਉਂਦਾ। ਇਸ ਕਾਲੇ ਸਮੇਂ ਹੀ ਦੋ ਸੂਰਮੇ ਸਿੰਘ ਭਾਈ ਬੋਤਾ ਸਿੰਘ ਅਤੇ ਉਸ ਦਾ ਦੋਸਤ ਭਾਈ ਗਰਜਾ ਸਿੰਘ ਜੋ ਕਿ ਮਾਝੇ ਦੇ ਪਿੰਡ ਭੜਾਣਾ ਦੇ ਰਹਿਣ ਵਾਲੇ ਸਨ, ਪੂਰਨ ਸਿਦਕਵਾਨ ਅਤੇ ਗੁਰਸਿੱਖ ਸਨ। ਉਹ ਅਕਸਰ ਹੀ ਇਕ ਦੂਸਰੇ ਦੇ ਸੰਪਰਕ ਵਿਚ ਰਹਿੰਦੇ। ਉਹ ਰਾਤਾਂ ਨੂੰ ਲੁਕ-ਲੁਕਾ ਕੇ ਅੰਮ੍ਰਿਤਸਰ ਆਉਂਦੇ ਅਤੇ ਹਰਿਮੰਦਰ ਸਾਹਿਬ ਆ ਸਰੋਵਰ ਵਿਚ ਇਸ਼ਨਾਨ ਕਰ ਜਾਂਦੇ। ਜ਼ਕਰੀਆ ਖਾਂ ਦੇ ਜ਼ੁਲਮਾਂ ਤੋਂ ਬਚਣ ਲਈ ਬੋਤਾ ਸਿੰਘ ਨੇ ਆਪਣਾ ਪਿੰਡ ਛੱਡ ਜੰਗਲਾਂ ਵਿਚ ਪਨਾਹ ਲੈ ਲਈ ਸੀ। ਉਹ ਕਦੀ ਕਦਾਈਂ ਹੀ ਨਿੱਤ ਵਰਤੋਂ ਦੀਆਂ ਚੀਜ਼ਾਂ ਲੈਣ ਲਈ ਵਸੋਂ ਵਾਲੇ ਇਲਾਕੇ ਵਿਚ ਆਇਆ ਕਰਦਾ ਸੀ।

ਇਕ ਦਿਨ ਇਕ ਜ਼ਿਮੀਂਦਾਰ ਨੇ ਉਸ ਨੂੰ ਵੇਖ ਕੇ ਉਸ 'ਤੇ ਸਿੱਖ ਹੋਣ ਦਾ ਸ਼ੱਕ ਪ੍ਰਗਟ ਕੀਤਾ। ਉਥੇ ਖਲੋਤੇ ਦੂਸਰੇ ਲੋਕਾਂ ਨੇ ਕਿਹਾ ਕਿ ਇਹ ਕੋਈ ਬਹਿਰੂਪੀਆ ਹੋਣਾ ਏ। ਜੇਕਰ ਇਹ ਸਿੱਖ ਹੁੰਦਾ ਤਾਂ ਇਸ ਤਰ੍ਹਾਂ ਲੁਕ-ਛਿਪ ਕੇ ਨਾ ਆਉਂਦਾ। ਸਿੱਖ ਤਾਂ ਜਾਨ ਤਲੀ 'ਤੇ ਰੱਖ ਕੇ ਆਉਂਦੇ ਹਨ। ਜ਼ਕਰੀਆ ਖਾਂ ਨੇ ਸਾਰੇ ਪਾਸੇ ਇਸ ਗੱਲ ਦਾ ਪ੍ਰਚਾਰ ਕੀਤਾ ਹੋਇਆ ਸੀ ਕਿ ਸਾਰੇ ਸਿੱਖ ਖ਼ਤਮ ਹੋ ਗਏ ਹਨ। ਇਸੇ ਕਰਕੇ ਉਨ੍ਹਾਂ ਲੋਕਾਂ ਨੇ ਸ਼ੱਕ ਕੀਤਾ ਸੀ ਕਿ ਇਹ ਸਿੱਖ ਨਹੀਂ ਹੋ ਸਕਦਾ। ਇਹ ਗੱਲ ਬੋਤਾ ਸਿੰਘ ਨੇ ਵੀ ਸੁਣ ਲਈ ਸੀ ਅਤੇ ਉਸ ਨੂੰ ਇਹ ਵੱਢ ਕੇ ਖਾ ਗਈ ਸੀ। ਉਸ ਨੇ ਖੁੱਲ੍ਹਾ ਸ਼ਰੇਆਮ ਵਿਚਰਨ ਦਾ ਮਨ ਬਣਾ ਲਿਆ ਸੀ।

ਨੂਰਦੀਨ ਦੀ ਸਰਾਂ, ਜਿਹੜੀ ਕਿਸੇ ਨੂਰਦੀਨ ਨਾਂ ਦੇ ਮੁਸਲਮਾਨ ਨੇ ਬਣਵਾਈ ਸੀ, ਤਰਨਤਾਰਨ ਤੋਂ ਝਬਾਲ ਵੱਲ ਜਾਂਦਿਆਂ ਪੰਜ ਕੁ ਕਿਲੋਮੀਟਰ ਦੇ ਫਾਸਲੇ 'ਤੇ ਹੈ। ਉਸ ਸਮੇਂ ਇਸ ਸਰਾਂ ਦੀ ਹਾਲਤ ਕੁਝ ਖਸਤਾ ਹੋ ਚੁੱਕੀ ਸੀ। ਬਾਬਾ ਬੋਤਾ ਸਿੰਘ ਨੇ ਉਸ 'ਤੇ ਕਬਜ਼ਾ ਕਰ, ਉਸ ਦੀ ਮੁਰੰਮਤ ਕਰਵਾ ਕੇ ਆਪਣੇ ਦੋਸਤ ਗਰਜਾ ਸਿੰਘ ਨੂੰ ਉਥੇ ਸੱਦ ਲਿਆ ਅਤੇ ਦੋਵੇਂ ਉਸ ਸਰਾਂ ਵਿਚ ਰਹਿਣ ਲੱਗ ਪਏ। ਸਮੇਂ ਦੀ ਸਰਕਾਰ ਦੇ ਬਰਾਬਰ ਆਪਣੀ ਸਰਕਾਰ ਖੜ੍ਹੀ ਕਰ ਦੇਣਾ ਇਕ ਤਰ੍ਹਾਂ ਨਾਲ ਹਕੂਮਤ ਨੂੰ ਖੁੱਲ੍ਹਾ ਚੈਲੰਜ ਸੀ। ਉਸ ਰਾਹ ਤੋਂ ਲੰਘਣ ਵਾਲਿਆਂ ਗੱਡਿਆਂ, ਖੋਤਿਆਂ ਅਤੇ ਰਾਹਗੀਰਾਂ ਤੋਂ ਰਾਹਦਾਰੀ ਇਨ੍ਹਾਂ ਦੋਵਾਂ ਨੇ ਵਸੂਲਣੀ ਸ਼ੁਰੂ ਕਰ ਦਿੱਤੀ ਸੀ।

ਉਨ੍ਹਾਂ ਦੋਹਾਂ ਨੇ ਮਜ਼ਲੂਮਾਂ ਦੇ ਮਾਲ-ਧਨ ਦੀ ਹੁਕਮਰਾਨਾਂ ਤੋਂ ਹਿਫਾਜ਼ਤ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਮਜ਼ਲੂਮਾਂ ਦੇ ਬੱਚੇ ਧਾੜਵੀਆਂ ਤੋਂ ਖੋਹ ਕੇ ਵਾਪਸ ਮਾਪਿਆਂ ਨੂੰ ਮੋੜਨੇ ਆਰੰਭ ਦਿੱਤੇ। ਜਦੋਂ ਇਹ ਚਿੱਠੀ ਲਾਹੌਰ ਦੇ ਗਵਰਨਰ ਜ਼ਕਰੀਆ ਖਾਂ ਕੋਲ ਪੁੱਜੀ ਤਾਂ ਉਹ ਲੋਹਾ-ਲਾਖਾ ਹੋ ਗਿਆ। ਉਸ ਨੇ ਇਨ੍ਹਾਂ ਦੋਹਾਂ ਨੂੰ ਫੜ੍ਹਨ ਵਾਸਤੇ ਫੌਜ ਦਾ ਇਕ ਦਸਤਾ ਭੇਜਿਆ। ਨੂਰਦੀ ਪਿੰਡ ਤੋਂ ਤਰਨਤਾਰਨ ਵਾਲੇ ਪਾਸੇ ਬਾਹਰਵਾਰ ਇਨ੍ਹਾਂ ਸੂਰਬੀਰਾਂ ਦਾ ਟਾਕਰਾ ਮੁਗਲ ਸਿਪਾਹੀਆਂ ਨਾਲ ਹੋ ਗਿਆ। ਇਨ੍ਹਾਂ ਨੇ ਮੁਗਲ ਫੌਜੀਆਂ ਨੂੰ ਕਿਹਾ ਕਿ ਉਹ ਇਕੱਲੇ ਨਾਲ ਇਕੱਲਾ ਭਿੜਨ। ਇਸ ਤਰ੍ਹਾਂ ਇਨ੍ਹਾਂ ਨੇ ਉਨ੍ਹਾਂ ਦੇ ਪੰਜ-ਛੇ ਸਿਪਾਹੀ ਮਾਰ ਦਿੱਤੇ। ਫਿਰ ਦੋ-ਦੋ ਇਕ-ਇਕ ਨਾਲ ਲੜਨ ਲੱਗੇ ਤਾਂ ਵੀ ਇਨ੍ਹਾਂ ਨੇ ਉਨ੍ਹਾਂ ਦੇ ਭਾਅ ਦੀ ਬਣਾ ਦਿੱਤੀ। ਜਦੋਂ ਬਾਕੀ ਸਾਰੇ ਸਿਪਾਹੀ ਇਕੱਠੇ ਇਨ੍ਹਾਂ 'ਤੇ ਟੁੱਟ ਪਏ ਤਾਂ ਇਨ੍ਹਾਂ ਦੋਵਾਂ ਬਹਾਦਰਾਂ ਨੇ ਆਪਸ ਵਿਚ ਪਿੱਠਾਂ ਜੋੜ ਲਈਆਂ ਅਤੇ ਏਥੇ ਜੰਮ ਕੇ ਲੜਾਈ ਹੋਈ। ਇਸ ਲੜਾਈ ਵਿਚ ਇਨ੍ਹਾਂ ਨੇ ਮੁਗਲਾਂ ਦੇ ਬਹੁਤ ਸਾਰੇ ਸਿਪਾਹੀਆਂ ਨੂੰ ਪਾਰ ਬੁਲਾ ਦਿੱਤਾ ਅਤੇ ਆਖਰ ਇਹ ਦੋਵੇਂ ਮਝੈਲ ਯੋਧੇ ਲੜਦੇ ਹੋਏ ਸ਼ਹੀਦੀ ਦਾ ਜਾਮ ਪੀ ਗਏ।

# ਪਿੰਡ ਦੀਆਂ ਭਾਈਚਾਰਕ ਸਾਂਝਾਂ

## ਰੰਗ-ਬੇਰੰਗ



**ਡਾ. ਗੁਰਨਾਮ ਕੌਰ**

ਬਜ਼ੁਰਗਾਂ ਦੀ ਯਾਦ-ਸ਼ਕਤੀ ਅਤੇ ਸੂਝ ਕਮਾਲ ਦੀ ਹੁੰਦੀ ਸੀ। ਇਸਦਾ ਅਹਿਸਾਸ ਹੁਣ ਹੁੰਦਾ ਹੈ ਜਦੋਂ ਆਪ ਉਮਰ ਦੇ ਲਹਿੰਦੇ ਪੱਖ ਵੱਲ ਜਾ ਰਹੇ ਹਾਂ। ਸਾਡੇ ਪਿੰਡ ਵਿਚ ਬਹੁਤ ਥੋੜੇ ਬਜ਼ੁਰਗ ਸਨੀ ਜੋ ਗੁਰਮੁਖੀ ਜਾਂ ਉਰਦੂ ਪੜ੍ਹ-ਲਿਖ ਲੈਂਦੇ ਸਨ। ਬਹੁਤੇ ਬਜ਼ੁਰਗਾਂ ਨੂੰ ਪੜ੍ਹਨਾ ਲਿਖਣਾ ਨਹੀਂ ਸੀ ਆਉਂਦਾ ਪਰ ਫਿਰ ਵੀ ਉਨ੍ਹਾਂ ਨੂੰ ''ਬਾਣੀ'' ਜ਼ੁਬਾਨੀ ਯਾਦ ਹੁੰਦੀ ਸੀ। ਮੈਨੂੰ ਯਾਦ ਹੈ ਜਦੋਂ ਕਪੂਰ ਸਿੰਘ (ਸੂਬੇਦਾਰ ਖਾਨਦਾਨ ਦਾ ਪੋਤਾ) ਵਾਜੇ 'ਤੇ 'ਆਸਾ ਦੀ ਵਾਰ' ਦਾ ਕੀਰਤਨ ਕਰਦਾ ਹੁੰਦਾ ਸੀ, ਸਰਵਣ ਸਿੰਘ ਢੋਲਕੀ ਵਜਾਉਂਦਾ ਹੁੰਦਾ ਸੀ ਅਤੇ ਗਿਆਨੀ ਪ੍ਰੇਮ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬੇ ਬੈਠੇ ਹੁੰਦੇ ਸੀ, ਤਾਂ ਕੀਰਤਨ ਸੁਣ ਰਹੇ ਮੇਰੇ ਬਾਪੂ ਜੀ ਅਤੇ ਰਣ ਸਿੰਘ ਬਾਬਾ (ਸਿੰਧੀਆਂ ਦਾ ਵੱਡਾ ਬਜ਼ੁਰਗ) ਵਾਰੋ ਵਾਰੀ ਆਸਾ ਦੀ ਵਾਰ ਦੇ ਸਲੋਕ ਬੋਲਦੇ ਹੁੰਦੇ ਸਨ। ਮੇਰੇ ਬਾਪੂ ਜੀ ਕੋਲ ਅੱਖਰ ਗਿਆਨ

**ਡਾ. ਗੁਰਨਾਮ ਕੌਰ**

ਨਹੀਂ ਸੀ ਫਿਰ ਵੀ ਉਨ੍ਹਾਂ ਨੇ ਜਪੁਜੀ ਸਾਹਿਬ ਦਾ ਪਾਠ ਕੰਠ ਕਰ ਰਖਿਆ ਸੀ। ਉਹ ਤੜਕੇ ਉਠ ਕੇ, ਇਸ਼ਨਾਨ ਕਰਨ ਤੋਂ ਬਾਅਦ ਪਾਠ ਅਤੇ ਅਰਦਾਸ ਕਰਕੇ ਚਾਹ-ਪਾਣੀ ਛੱਕਦੇ ਹੁੰਦੇ ਸੀ। ਉਹ ਕਈ ਸਾਲ ਲਗਾਤਾਰ ਗੁਰਦੁਆਰੇ ਦੇ ਪ੍ਰਧਾਨ ਰਹੇ ਅਤੇ ਨੌਂ ਸਾਲ ਤੱਕ ਪੈਸੇ ਦਾ ਹਿਸਾਬ-ਕਿਤਾਬ ਰੱਖਿਆ। ਉਹ ਉਂਗਲਾਂ ਤੇ ਗਿਣ ਕੇ ਸਾਰਾ ਹਿਸਾਬ ਜ਼ੁਬਾਨੀ ਕਰ ਲੈਂਦੇ ਸੀ। ਉਨ੍ਹਾਂ ਨੂੰ ਵੱਖ-ਵੱਖ ਤਰੀਕਾਂ ਯਾਦ ਹੁੰਦੀਆਂ ਸਨ। ਭਾਵੇਂ 'ਵਹੀ' ਲੱਗੀ ਹੋਈ ਸੀ ਫਿਰ ਵੀ ਕਿਸ ਦਾ ਕਿੰਨਾ ਨਿਉਂਦਾ ਹੈ ਜ਼ੁਬਾਨੀ ਯਾਦ ਹੁੰਦਾ ਸੀ। ਇਮਾਨਦਾਰੀ ਦਾ ਆਲਮ ਇਹ ਸੀ ਕਿ ਜੇ ਕਿਸੇ ਨੇ ਪੈਸੇ ਤੁੜਾਉਣੇ ਹੁੰਦੇ ਤਾਂ ਉਹ ਗੁਰੂ-ਘਰ ਦੇ ਖਜ਼ਾਨੇ ਵਿਚੋਂ ਪੈਸੇ ਨਹੀਂ ਸੀ ਤੋੜਦੇ। ਕਹਿ ਦਿੰਦੇ ਸੀ, ''ਜਾਉ ਕਿਸੇ ਹੱਟੀ ਤੋਂ ਤੁੜਾ ਲਿਆਉ।'' ਜਿਸ ਦਿਨ ਉਨ੍ਹਾਂ ਨੇ ਪ੍ਰਧਾਨਗੀ ਛੱਡੀ ਤਾਂ ਕੋਲੋਂ ਗਿਆਰਾਂ ਰੁਪਏ ਦੀ ਦੇਗ ਕਰਾਈ ਅਤੇ ਸੱਚੇ ਪਾਤਸ਼ਾਹ ਅੱਗੇ ਭਾਰ-ਮੁਕਤ ਹੋਣ ਦੀ ਸ਼ੁਕਰੀਏ ਦੀ ਅਰਦਾਸ ਕੀਤੀ।

ਕਹਿੰਦੇ ਹੁੰਦੇ ਸੀ, ''ਗੁਰਦੁਆਰੇ ਦੀ ਮਾਇਆ ਤਾਂ ਸਿੱਖ ਲਈ ਮਹੁਰਾ (ਜ਼ਹਿਰ) ਹੁੰਦੀ ਹੈ। ਅੱਜ ਕੱਲ੍ਹ ਗੁਰੂ ਕੀ ਗੋਲਕ ਤੇ ਕਬਜ਼ਾ ਕਰਨ ਲਈ ਕੀ ਕੁੱਝ ਨਹੀਂ ਹੁੰਦਾ? ਪੰਥਕ ਹਿਤਾਂ ਨੂੰ ਪਿੱਛੇ ਸੁੱਟ ਕੇ ਹਰ ਕੋਈ ਗੋਲਕ ਤੇ ਕਬਜ਼ਾ ਕਰਨ ਲਈ ਤੱਤਪਰ ਹੈ। ਕਪੂਰ ਸਿੰਘ ਨੂੰ ਜਦੋਂ ਜ਼ਿੰਮੇਵਾਰੀ ਸੰਭਾਲੀ ਗਈ ਤਾਂ ਉਹ ਬਹੁਤਾ ਸਮਾਂ ਗੁਰਦੁਆਰੇ ਦੇ ਸਾਂਝੇ ਕੰਮਾਂ 'ਤੇ ਲਾਉਂਦਾ ਸੀ। ਪੜ੍ਹਿਆ ਲਿਖਿਆ ਹੋਣ ਦੇ ਨਾਲ ਨਾਲ ਕੀਰਤਨ ਵੀ ਕਰ ਲੈਂਦਾ ਸੀ। ਇਸ ਤਰ੍ਹਾਂ ਪਾਠ, ਕੀਰਤਨ ਅਤੇ ਸਟੇਜ-ਸਕੱਤਰੀ ਤੋਂ ਲੈ ਕੇ ਸਾਰੇ ਕੰਮ ਕਰਦਾ ਸੀ। ਜਦੋਂ ਕਿਸੇ ਇੱਕ ਨੂੰ ਪਿੰਡ ਦੀ ਪੰਚਾਇਤ ਵਲੋਂ ਸੇਵਾ ਸੰਭਾਲ ਦਿੱਤੀ ਜਾਂਦੀ ਸੀ ਤਾਂ ਕੋਈ ਕਿੰਤੂ ਪ੍ਰੰਤੂ ਨਹੀਂ ਸੀ ਕਰਦਾ। ਗੁਰਦੁਆਰੇ ਵਿਚ ਗ੍ਰੰਥੀ ਸਿੰਘ ਰੱਖਣ ਤੋਂ ਲੈ ਕੇ ਹਟਾਉਣ ਤੱਕ ਪੰਚਾਇਤੀ ਫੈਸਲਾ ਕੀਤਾ ਜਾਂਦਾ ਸੀ। ਇਹੀ ਅਸਲੀ ਗੁਰੂ ਦਾ ਦਿੱਤਾ ਪੰਚ-ਪ੍ਰਧਾਨੀ ਪ੍ਰਬੰਧ ਹੈ। ਵੋਟਾਂ ਦੀ ਰਾਜਨੀਤੀ ਨੇ ਗੁਰੂ ਘਰਾਂ ਦੇ ਸੇਵਾ ਪ੍ਰਬੰਧ ਨੂੰ ਵੀ ਵਿਗਾੜ ਦਿੱਤਾ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੇੜੇ ਆ ਰਹੀਆਂ ਹਨ। ਧਾਰਮਿਕ ਸੰਸਥਾ ਦੀਆਂ ਚੋਣਾਂ ਹੋਣ ਦੇ ਬਾਵਜੂਦ ਵੀ ਚੋਣ ਲੜ ਰਹੇ ਮੈਂਬਰਾਂ ਜਿੱਤਣ ਲਈ ਹਰ ਹਰਬਾ ਵਰਤਣਗੇ। ਸ਼ਰਾਬ, ਡੋਡੇ, ਅਫੀਮ ਵੰਡਣ ਤੋਂ ਵੀ ਗੁਰੇਜ ਨਹੀਂ ਕੀਤਾ ਜਾਵੇਗਾ ਭਾਵੇਂ ਸਿੱਖੀ ਵਿਚ ਹਰ ਤਰ੍ਹਾਂ ਦੇ ਨਸ਼ੇ ਦੀ ਮਨਾਹੀ ਹੈ। ਪਿਛਲੀਆਂ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਬਾਅਦ ਅਖ਼ਬਾਰਾਂ ਵਿਚ ਅਫੀਮ, ਡੋਡੇ, ਸ਼ਰਾਬ ਵੰਡਣ ਦੀਆਂ ਖ਼ਬਰਾਂ ਵੱਡੀਆਂ ਸੁਰਖੀਆਂ ਵਿਚ ਲਗਦੀਆਂ ਰਹੀਆਂ ਸਨ। ਉਦੋਂ ਹੀ ਅਨੰਦਪੁਰ ਸਾਹਿਬ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਵਿਚ ਅੱਠਵੀਂ ਤੋਂ ਬਾਹਰਵੀਂ ਤੱਕ ਦੀਆਂ ਲੜਕੀਆਂ ਦਾ ਗੁਰਮਤਿ ਕੈਂਪ ਲੱਗਿਆ ਸੀ। ਕੈਂਪ ਦੀ ਇੰਚਾਰਜ ਮਾਤਾ ਗੰਗਾ ਗਰਲਜ਼ ਕਾਲਜ, ਮੰਜੀ ਸਾਹਿਬ ਦੀ ਪ੍ਰਿੰਸੀਪਲ ਸੀ ਜਿਸ ਨੇ ਮੈਨੂੰ ਅਤੇ ਇਕ ਹੋਰ ਪ੍ਰੋਫੈਸਰ ਨੂੰ ਕੈਂਪ ਦੇ ਉਦਘਾਟਨੀ ਸਮਾਰੋਹ ਲਈ ਸੱਦਿਆ। ਉਥੇ ਹੀ ਸ਼੍ਰੋਮਣੀ ਕਮੇਟੀ ਦਾ ਫਲਾਇੰਗ ਸਕੁਐਡ ਕਿਸੇ ਦੀ ਸ਼ਿਕਾਇਤ 'ਤੇ ਗੁਰਦੁਆਰਾ ਸਾਹਿਬ ਚੈਕਿੰਗ ਲਈ ਆਇਆ ਹੋਇਆ ਸੀ। ਸਕੁਐਡ ਨਾਲ ਆਏ ਇਕ ਮੈਂਬਰ ਨੇ ਉਦਘਾਟਨੀ ਸਮਾਰੋਹ ਵਿਚ ਨਸ਼ਿਆਂ ਦੇ ਖ਼ਿਲਾਫ ਬੜਾ ਧੂੰਆਂ-ਧਾਰ ਭਾਸ਼ਣ ਝਾੜਿਆ। ਲੜਕੀਆਂ ਨੂੰ ਕਹਿਣ ਲੱਗਿਆ, ''ਬੱਚੀਉ ਹੁਣ ਸਾਡੀ ਤੁਹਾਡੇ 'ਤੇ ਹੀ ਆਸ ਹੈ। ਘਰ ਵਿਚ, ਬਾਹਰ ਨਸ਼ਿਆਂ ਦੇ ਖ਼ਿਲਾਫ਼ ਡਟ ਜਾਉ।'' ਭਾਸ਼ਣ ਦਿੰਦੇ ਸਾਰ ਉਹ ਚਲਾ ਗਿਆ। ਉਸਤੋਂ ਬਾਅਦ ਮੈਂ ਬੋਲਣਾ ਸੀ। ਉਦਘਾਟਨ ਪਿੱਛੋਂ ਅਸੀਂ 'ਚਾਹ' ਤੇ ਇਕੱਠੇ ਹੋਏ ਤਾਂ ਮੈਂ ਉਸ ਭਲੇਮਾਣਸ ਨੂੰ ਪੁੱਛਿਆ ਕਿ ''ਤੁਸੀਂ ਆਪਣੇ ਭਾਸ਼ਣ ਵਿਚ ਤਾਂ ਬੜਾ ਨਸ਼ਿਆਂ ਦੇ ਖਿਲਾਫ਼ ਬੋਲੇ ਹੋ ਪਰ ਹੁਣੇ ਚੋਣਾਂ ਵੇਲੇ ਕਿਉਂ ਮੈਂਬਰਾਂ ਨੇ ਖੁਲ੍ਹੇ ਦਿਲ ਨਾਲ ਸ਼ਰਾਬ ਅਤੇ ਭੁੱਕੀ ਵਗੈਰਾ ਵੰਡੀ? ਕੀ ਇਹ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਸ਼ੋਭਾ ਦਿੰਦਾ?'' ਕਹਿੰਦਾ, ''ਬੀਬੀ ਜੀ ਚੋਣਾਂ ਵਿਚ ਸ਼ਰਾਬ ਅਤੇ ਭੁੱਕੀ ਵੰਡਣੀ ਉਮੀਦਵਾਰ ਦੀ ਮਜ਼ਬੂਰੀ ਹੁੰਦੀ ਹੈ।'' ਇਹ ਹੈ ਸਾਡੇ ਸ਼੍ਰੋਮਣੀ ਕਮੇਟੀ ਮੈਂਬਰਾਂ ਦਾ ਕਿਰਦਾਰ।

ਪੁਰਾਣੇ ਬਜ਼ੁਰਗ ਕੰਮ ਕਰਨ ਨੂੰ ਬੁਰਾ ਨਹੀਂ ਸੀ ਸਮਝਦੇ ਸਗੋਂ ਬੰਦੇ ਦਾ ਭਾਗ ਸਮਝਦੇ ਸੀ। ਬਾਬਾ ਉਦੋਂ ਖੇਤੀਬਾੜੀ ਦੇ ਨਾਲ ਨਾਲ ਚੌਕੀਦਾਰਾਂ ਵੀ ਕਰਦਾ ਸੀ। ਉਹ ਚੰਗਾ ਖਾਸਾ ਰੋਅਬ ਵਾਲਾ ਬਜ਼ੁਰਗ ਸੀ। ਰਾਤ ਨੂੰ ਹੋਕਾ ਦਿੰਦਿਆਂ ਉਸ ਦੀ ਆਵਾਜ਼ ਦੂਰ-ਦੂਰ ਤੱਕ ਸੁਣਦੀ ਸੀ। ਪੁਰਾਣੇ ਬਜ਼ੁਰਗ ਪੈਦਲ ਹੀ ਕਈ ਕਈ ਮੀਲ ਦਾ ਸਫਰ ਕੱਢ ਦਿੰਦੇ ਸੀ। ਕਈ ਵਾਰ ਸੁਨੇਹੇ ਦੇਣ ਵੀ ਪੈਦਲ ਹੀ ਚਲੇ ਜਾਂਦੇ ਸੀ। ਕਹਿੰਦੇ ਹਨ ਇਕ ਵਾਰ ਤਹਿਸੀਲਦਾਰ ਨੇ ਬਾਬੇ ਨੂੰ ਰੁੱਕਾ ਦੇ ਕੇ ਕਿਸੇ ਦੂਰ ਦੇ ਪਿੰਡ ਭੇਜਿਆ। ਬਰਸਾਤ ਦਾ ਮੌਸਮ ਸੀ। ਬਾਬਾ ਹੱਥ ਵਿਚ ਆਪਣਾ ਖੂੰਡਾ ਫੜ ਕੇ ਅਤੇ ਮੋਢੇ ਤੇ ਤਹਿ ਕੀਤਾ ਖੇਸ ਸੁੱਟ ਕੇ ਸੁਵੱਖਤੇ ਹੀ ਤੁਰ ਪਿਆ। ਇਕ ਪਿੰਡ ਦੇ ਬਾਹਰਵਾਰ ਖੇਤਾਂ ਕੋਲੋਂ ਲੰਘ ਰਿਹਾ ਸੀ ਤਾਂ ਮੀਂਹ ਉਤਰ ਪਿਆ। ਰਾਹ ਦੇ ਪਾਸੇ ਨਾਲ ਖੇਤਾਂ ਵਿਚ ਖੂਹ ਤੇ ਬਣੇ ਕੱਚੇ ਕੋਠੇ, ਵਲ ਹੋ ਲਿਆ। ਆਸ-ਪਾਸ ਦੇ ਖੇਤਾਂ ਵਿਚ ਮੱਕੀ ਗੁੱਡ ਰਹੇ ਲੋਕਾਂ ਨੇ ਹਾਕਾਂ ਮਾਰੀਆਂ, ''ਬਾਬਾ ਉਧਰ ਨਾ ਜਾਈਂ।'' ਪਰ ਬਾਬਾ ਮੀਂਹ ਤੋਂ ਬਚਣ ਲਈ ਕੋਠੇ ਵਿਚ ਜਾ ਵੜਿਆ। ਅੱਗੋਂ ਕਾਲਾ ਨਾਗ ਫਣ ਫ਼ੈਲਾਈ ਬਾਬੇ ਵਲ ਉਲਰਿਆ। ਬਾਬੇ ਨੇ ਝੱਟ-ਪੱਟ ਮੋਢੇ ਤੋਂ ਖੇਸ ਲਾਹ ਕੇ ਸੱਪ ਦੇ ਫਣ ਤੇ ਸੁੱਟਿਆ ਅਤੇ ਖੂੰਡੇ ਨਾਲ ਮਾਰਨਾ ਸ਼ੁਰੂ ਕਰ ਦਿੱਤਾ। ਆਲੇ ਦੁਆਲਿਉਂ ਖੇਤਾਂ ਵਿਚੋਂ ਲੋਕ ਭੱਜੇ ਆਏ ਇਹ ਦੇਖਣ ਲਈ ਕਿ ਸ਼ਾਇਦ ਬਾਬੇ ਦੀ ਕਹਾਣੀ ਨਾਗ ਨੇ ਖਤਮ ਕਰ ਦਿੱਤੀ ਹੈ ਪਰ ਬਾਬੇ ਨੇ ਨਾਗ ਫੁੰਡ ਲਿਆ ਸੀ। ਖੂਹ ਵਾਲੇ ਬੜੇ ਖੁਸ਼ ਹੋਏ ਅਤੇ ਆਲੇ-ਦੁਆਲੇ ਦੇ ਲੋਕ ਵੀ। ਉਨ੍ਹਾਂ ਨੇ ਬਾਬੇ ਨੂੰ ਇਨਾਮ ਦਿੱਤਾ ਜਿਸ ਨੇ ਜ਼ਹਿਰੀ ਅਤੇ ਹੰਕਾਰੇ ਹੋਏ ਨਾਗ ਤੋਂ ਉਨ੍ਹਾਂ ਦਾ ਖਹਿੜਾ ਛੁਡਾ ਦਿੱਤਾ ਸੀ।

ਅੱਜ-ਕਲ੍ਹ ਜੇ ਕਿਸੇ ਦੇ ਘਰ ਅਚਾਨਕ



ਕੈਂਚੀ ਨਾਲ ਕੱਪੜੇ ਕੱਟੇ ਜਾਣ, ਅਚਾਨਕ ਅੱਗ ਲੱਗਣ ਜਾਂ ਇੱਟਾਂ-ਰੋੜੇ, ਢੇਲੇ ਵੱਜਣ ਦੀ ਘਟਨਾ ਵਾਪਰੇ ਤਾਂ ਝੱਟ ਤਰਕਸ਼ੀਲ ਸੁਸਾਇਟੀ ਵਾਲੇ ਪਹੁੰਚ ਜਾਂਦੇ ਹਨ ਮਰਜ਼ ਦਾ ਖੁਰਾ ਨੱਪਣ ਲਈ। ਪਹਿਲਾਂ ਤਰਕਸ਼ੀਲਾਂ ਦੀ ਕੋਈ ਹੋਂਦ ਨਹੀਂ ਸੀ ਹੁੰਦੀ। ਉਦੋਂ ਨਦੀਣ ਮਾਰਨ ਲਈ ਮੱਕੀਆਂ ਕਣਕਾਂ 'ਤੇ ਦੁਆਈ ਵੀ ਨਹੀਂ ਸੀ ਛਿੜਕੀ ਜਾਂਦੀ ਅਤੇ ਲੋਕ ਆਪ ਹੀ ਗੁੱਡਦੇ ਹੁੰਦੇ ਸੀ। ਸ਼ਾਇਦ ਇਸੇ ਲਈ ਭਾਦੋਂ ਦੇ ਮਹੀਨੇ ਮੱਕੀ ਗੁੱਡਣ ਤੋਂ ਇਹ ਅਖਾਣ ਬਣਿਆ ਸੀ ਕਿ ਭਾਦੋਂ ਦੀ ਧੁੱਪ ਦੇ ਮਾਰੇ ਜੱਟਾਂ ਦੇ ਪੁੱਤ ਸਾਧ ਹੋ ਜਾਂਦੇ ਹਨ। ਸਾਡੇ ਪਿੰਡ ਦਾ ਵੀ 'ਜੀਤ' ਕਈ ਸਾਲ ਸਾਧ ਬਣ ਕੇ ਬਾਹਰ ਘੁੰਮਦਾ ਰਿਹਾ ਫਿਰ ਅਚਾਨਕ ਪਿੰਡ ਆ ਕੇ ਖੇਤ ਵਿਚ ਕੁਟੀਆ ਬਣਾ ਲਈ। ਲੋਕ ਉਸ ਕੋਲ ਜਾਣ-ਆਉਣ ਲੱਗ ਪਏ। ਪਿੰਡ ਵਿਚ ਇਹ ਵੀ ਗੱਲ ਧੁੰਮ ਗਈ ਕਿ ਉਹ ਜ਼ਨਾਨੀਆਂ ਦੇ ਮੱਥੇ ਨਹੀਂ ਲਗਦਾ ਇਸ ਲਈ ਏਨੇ ਸਾਲ ਬਾਅਦ ਵੀ ਆਪਣੀ ਮਾਂ ਨੂੰ ਨਹੀਂ ਮਿਲਿਆ। ਉਸਨੇ ਇਕ ਗਾਂ ਵੀ ਰੱਖ ਲਈ ਜੋ ਪਿੰਡ ਦੀਆਂ ਗੱਲੀਆਂ ਵਿਚ 'ਪੇੜਾ' ਲੈਣ ਲਈ ਘੁੰਮਦੀ ਰਹਿੰਦੀ ਅਤੇ ਇਕ ਮਿਸਤਰੀ ਦੇ ਕਾਰਖਾਨੇ ਅੱਗੇ ਲੱਗੀ ਮਸ਼ੀਨ ਮੂਹਰੇ ਕੁਤਰ ਕੇ ਰੱਖੇ ਪੱਠੇ ਰੋਜ਼ ਹੀ ਖਾ ਜਾਂਦੀ। ਇਕ ਦਿਨ ਮਿਸਤਰੀ ਨੇ ਚੁੱਕ ਕੇ ਉਸ ਦੇ ਫੌਹੜਾ ਮਾਰਿਆ। ਰਾਤ ਨੂੰ ਜਦੋਂ ਮਿਸਤਰੀ ਸੁੱਤੇ ਪਏ ਸੀ ਤਾਂ ਉਨ੍ਹਾਂ ਦੇ ਇੱਟਾਂ ਰੋੜੇ, ਮਿੱਟੀ ਦੇ ਢੇਲੇ ਅਤੇ ਹੋਰ ਕਈ ਕੁੱਝ ਵੱਜਣ ਲੱਗ ਪਿਆ। ਉਹ ਉਠ ਕੇ ਕਾਰਖਾਨੇ ਜਾ ਕੇ ਪੈ ਗਏ। ਉਥੇ ਵੀ ਇਹੀ ਕੁੱਝ ਹੋਣ ਲੱਗ ਪਿਆ। ਦਿਨ ਚੜ੍ਹੇ ਸਾਰੇ ਪਿੰਡ ਵਿਚ ਗੱਲ ਧੁੰਮ ਗਈ। ਅਸੀਂ ਬੱਚੇ ਵੀ ਸਕੂਲੋਂ ਦੇਖਣ ਗਏ ਅਤੇ ਨਾਲ ਹੀ ਡਰੀ ਵੀ ਜਾਂਦੇ ਸੀ, ਪਰ ਰੋੜੇ ਸੱਚੀਂ ਵੱਜ ਰਹੇ ਸੀ। ਫਿਰ ਕਿਸੇ ਨੇ ਕਿਹਾ ਸਾਧ ਦੀਆਂ ਮਿੰਨਤਾਂ ਕਰੋ। ਵਿਚਾਰੇ ਜਾ ਕੇ ਸਾਧ ਦੇ ਪੈਰੀਂ ਪਏ ਤਾਂ ਉਨ੍ਹਾਂ ਦੀ ਖਲਾਸੀ ਹੋਈ। ਛੇ ਕੁ ਮਹੀਨੇ ਕੁਟੀਆ ਵਿਚ ਕੱਟ ਕੇ ਉਹ ਆਪਣੀ ਮਾਂ ਕੋਲ ਜੱਦੀ ਘਰ ਵਿਚ ਆ ਗਿਆ ਅਤੇ ਆਪਣਾ ਘਰ ਵਸਾਉਣ ਦੀ ਕੋਸ਼ਿਸ਼ ਵੀ ਕੀਤੀ। ਇਹੋ ਜਿਹੀਆਂ ਅਲੋਕਾਰੀਆਂ ਗੱਲਾਂ ਹਰ ਪਿੰਡ ਵਿਚ ਵਾਪਰਦੀਆਂ ਰਹਿੰਦੀਆਂ ਹਨ।

ਪੰਡਤ ਬਾਲਕ ਰਾਮ ਦੇ ਘਰਵਾਲੀ ਹੀਰਾ ਦੇਈ ਪੰਡਤਾਣੀ ਬਹੁਤ ਹੀ ਤਿੱਖੇ ਨੈਣ-ਨਕਸ਼ਾਂ ਵਾਲੀ ਗੋਰੀ ਚਿੱਟੀ ਬਜ਼ੁਰਗ ਔਰਤ ਸੀ ਜੋ ਸਮੇਂ ਸਮੇਂ ''ਸਤਨਾਰਾਇਣ'' ਦੀ ਕਥਾ ਆਪਣੇ ਘਰ ਕਰਵਾਉਂਦੀ ਹੁੰਦੀ ਸੀ। ਕਥਾ ਕਰਨ ਉਪਰੰਤ ਠਾਕਰਾਂ ਨੂੰ ਪੰਜੀਰੀ ਅਤੇ ਦੁੱਧ-ਪਾਣੀ ਵਿਚ ਤੁਲਸੀ ਦੇ ਪੱਤੇ ਪਾ ਕੇ ਭੋਗ ਲਗਾਇਆ ਜਾਂਦਾ ਸੀ। ਫਿਰ ਇਹ ਚਰਨਾਮਤ ਅਤੇ ਭੋਗ ਸਭ ਨੂੰ ਵੰਡਿਆ ਜਾਂਦਾ ਸੀ। ਬਿਨਾ ਕਿਸੇ ਵਿਤਕਰੇ ਦੇ ਗਲੀ-ਗੁਆਂਢ ਦੀਆਂ ਸਾਰੀਆਂ ਔਰਤਾਂ ਕਥਾ ਸੁਣਨ ਆਉਂਦੀਆਂ, ਉਵੇਂ ਹੀ ਜਿਵੇਂ ਗੁਰਦੁਆਰੇ ਸਾਲਾਨਾ ਜੋੜ ਮੇਲੇ ਤੇ ਸਭ ਮਾਈ-ਭਾਈ ਪਹੁੰਚਦੇ ਸੀ। ਵਿਸਾਖੀ 'ਤੇ ਗਲੀ ਗੁਆਂਢ ਦੀਆਂ ਸਾਰੀਆਂ ਔਰਤਾਂ ਇਕੱਠੀਆਂ ਹੋ ਕੇ ਗੁਰਦੁਆਰੇ ਵਾਲੀ ਢਾਬ ਤੇ ਇਸ਼ਨਾਨ ਕਰਨ ਜਾਂਦੀਆਂ ਸਨ। ਦਾਦੀ ਲੱਛਮੀ, ਪੰਡਤ ਨੱਥੂ ਰਾਮ ਦੀ ਘਰ ਵਾਲੀ, ਬਹੁਤ ਹੀ ਮਿਲਣਸਾਰ ਤੇ ਖੁਸ਼ ਮਿਜਾਜ਼ ਔਰਤ ਸੀ। ਜਦੋਂ ਕਿਸੇ ਨਵੇਂ ਪੈਦਾ ਹੋਏ ਬੱਚੇ ਦੀ ਮਾਂ ਨੂੰ ਚੌਂਕੇ ਚੜ੍ਹਾਉਣਾ ਹੁੰਦਾ ਸੀ ਤਾਂ ਦਾਦੀ ਲੱਛਮੀ ਨੂੰ ਸੁਨੇਹਾ ਭੇਜਿਆ ਜਾਂਦਾ। ਉਹ ਆਪ ਆ ਕੇ ਚੌਂਕਾ ਚੜ੍ਹਾਉਣ ਦੀਆਂ ਰਸਮਾਂ ਕਰਦੀ। ਜਦੋਂ ਸਾਡੇ ਪਿੰਡ ਸਕੂਲ ਖੁਲ੍ਹਿਆ ਤਾਂ ਉਨ੍ਹਾਂ ਨੇ ਆਪਣੀ ਵਿਚਕਾਰਲੀ ਲੜਕੀ ਨੂੰ, ਜੋ ਦਿੱਲੀ ਆਪਣੇ ਵੱਡੇ ਭਰਾ-ਭਰਜਾਈ ਕੋਲ ਪੜ੍ਹਦੀ ਸੀ, ਹਟਾ ਕੇ ਪਿੰਡ ਦੇ ਸਕੂਲ ਦਾਖਲ ਕਰਾ ਦਿੱਤਾ। ਪਿੰਡ ਦੀਆਂ ਛੋਟੀਆਂ-ਵੱਡੀਆਂ ਕੁੜੀਆਂ ਗਲੀ-ਗੁਆਂਢ ਵਿਚ ਆਪਸ ਵਿਚ ਸਹੇਲੀਆਂ ਹੁੰਦੀਆਂ ਸੀ। ਮੇਰੀ ਵੀ, ਮੈਥੋਂ ਵੱਡੀ ਹੋਣ ਦੇ ਬਾਵਜੂਦ ਉਹ ਸਹੇਲੀ ਸੀ। ਗਰਮੀ ਦੀਆਂ ਛੁੱਟੀਆਂ ਵਿਚ ਅਸੀਂ ਉਨ੍ਹਾਂ ਦੀ ਡਿਉਢੀ ਵਿਚ ਬੈਠ ਕੇ ਚਾਦਰਾਂ 'ਤੇ ਕਢਾਈ ਕਰਨੀ ਤਾਂ ਦਾਦੀ ਨੇ ਸਾਡੇ ਕੋਲ ਚਰਖਾ ਡਾਹ ਲੈਣਾ। ਚਰਖਾ ਕੱਤਦਿਆਂ ਸਾਨੂੰ ਕਈ ਤਰ੍ਹਾਂ ਦੀਆਂ ਸਿੱਖਿਆਦਾਇਕ ਪੁਰਾਤਨ ਕਹਾਣੀਆਂ ਸੁਣਾਉਣੀਆਂ। ਉਨ੍ਹਾਂ ਦੇ ਸਾਹਮਣੇ ਹੀ ਬਚਨ ਪਾਧੇ ਦਾ ਘਰ ਸੀ ਜਿਸਦੀ ਮਾਂ ਨੂੰ ਅਸੀਂ ਸਭ ਭੂਆ ਕਹਿੰਦੇ ਹੁੰਦੇ ਸੀ। ਘੁੰਗਰਾਲੀ ਉਸ ਦੇ ਪੇਕੇ ਸੀ। ਉਦੋਂ ਸਾਨੂੰ ਸਮਝ ਨਹੀਂ ਸੀ ਲਗਦੀ ਹੁੰਦੀ ਕਿ ਪਾਧੇ ਅਤੇ ਪੰਡਿਤ ਵਿਚ ਕੀ ਫ਼ਰਕ ਹੁੰਦਾ ਹੈ। ਹਰ ਇਕ ਦੀ ਬਰਾਤ ਚੜ੍ਹਨ ਵੇਲੇ ਮੱਥਾ ਟਿਕਾਉਣ ਲਈ ਲੱਡੂਆਂ ਦੀ ਥਾਲੀ ਬਚਨ ਪਾਧੇ ਕੋਲ ਫੜੀ ਹੁੰਦੀ ਸੀ। ਹੌਲੀ ਹੌਲੀ ਪਤਾ ਲੱਗਿਆ ਕਿ ਵਿਆਹ ਵੇਲੇ 'ਫੇਰੇ' ਕਰਾਉਣ ਵਾਲੇ ਪੰਡਿਤ 'ਪਾਧੇ' ਸਦਾਉਂਦੇ ਹਨ ਅਤੇ ਹਰ ਪੰਡਿਤ ਨੂੰ ਫੇਰੇ ਕਰਾਉਣ ਦਾ ਅਧਿਕਾਰ ਨਹੀਂ ਹੁੰਦਾ। ਅੱਜ ਜ਼ਮਾਨਾ ਬਦਲ ਗਿਆ ਹੈ ਅਤੇ ਨਾਲ ਹੀ ਪੁਰਾਣਾ ਕੀਮਤ-ਪ੍ਰਬੰਧ ਵੀ ਬਦਲ ਗਿਆ ਹੈ। ਪੁਰਾਣੇ ਜ਼ਮਾਨੇ ਵਿਚ ਵਿਧਵਾ ਹੋ ਜਾਣ ਤੇ ਜਾਂ ਕਿਸੇ ਕਾਰਨ ਵਿਆਹ ਟੁੱਟ ਜਾਣ ਤੇ ਕੁੜੀਆਂ ਦਾ ਦੁਬਾਰਾ, ਖਾਸ ਕਰਕੇ ਪੰਡਤਾਂ ਦੀਆਂ ਕੁੜੀਆਂ ਦਾ ਦੁਬਾਰਾ ਵਿਆਹ ਨਹੀਂ ਸੀ ਕਰਦੇ। ਮੈਂ ਬਚਨ ਪਾਧੇ ਦੀ ਭੈਣ ਵਿਦਿਆ, ਪੰਡਤ ਕੇਵਲ ਰਾਮ ਦੀ ਇਕ ਧੀ, ਜਿਸਦਾ ਇਕ ਪੁੱਤਰ ਵੀ ਸੀ ਅਤੇ ਪਿੰਡ ਦੀਆਂ ਇੱਕ ਦੋ ਹੋਰ ਕੁੜੀਆਂ ਨੂੰ (ਜੋ ਉਦੋਂ ਕਾਫੀ ਉਮਰ ਦੀਆਂ ਔਰਤਾਂ ਸਨ) ਆਪਣੇ ਪੇਕੀਂ ਸਾਰਾ ਦਿਨ ਕੰਮਾਂ ਵਿਚ ਜੁੱਟ ਕੇ ਜ਼ਿੰਦਗੀ ਲੰਘਾਉਂਦੇ ਦੇਖਿਆ, ਜਿਸਨੇ ''ਕੁੜੀਆਂ'' ਹੋਣ ਪ੍ਰਤੀ ਕਈ ਤਰ੍ਹਾਂ ਦੇ ਭੈ ਮਨ ਵਿਚ ਪੈਦਾ ਕੀਤੇ। ਇਨ੍ਹਾਂ ਭੈਆਂ ਨੇ ਹੀ ਪੜ੍ਹਨ ਦੀ ਅਤੇ ਜਦੋਜਹਿਦ ਕਰਨ ਦੀ ਪ੍ਰੇਰਨਾ ਦਿੱਤੀ।

ਅੱਜ ਪਿੰਡਾਂ ਵਿਚੋਂ ਬਹੁਤੇ ਭਾਈਚਾਰੇ ਸ਼ਹਿਰਾਂ ਵਿਚ ਜਾ ਵੱਸੇ ਹਨ। ਮਸਲਨ ਓਝਾ ਪਰਿਵਾਰ ਦਾ ਕੋਈ ਵੀ ਮੈਂਬਰ ਪਿੰਡ ਨਹੀਂ ਰਹਿੰਦਾ। ਜਿੰਨਾ ਚਿਰ ਉਨ੍ਹਾਂ ਦੇ ਮਾਤਾ ਜੀ ਜਿਉਂਦੇ ਰਹੇ ਉਹ ਪਿੰਡ ਆਪਣੇ ਪੁੱਤਰਾਂ ਸਮੇਤ ਆਪਣਾ 'ਘਰ' ਦੇਖਣ ਆਉਂਦੇ ਰਹੇ। ਹੁਣ ਸ੍ਰੀ ਆਰ.ਪੀ. ਓਝਾ ਉਦੋਂ ਪਿੰਡ ਆਏ ਸੀ (ਬਹੁਤ ਸਾਲ ਦੀ ਗੱਲ ਹੈ) ਜਦੋਂ ਉਨ੍ਹਾਂ ਨੇ ਪਿੰਡ ਦਾ ਸਕੂਲ ਅਪਗ੍ਰੇਡ ਕਰਾ ਕੇ ਬਾਰ੍ਹਵੀਂ ਤੱਕ ਕੀਤਾ ਸੀ। ਪਿੰਡ ਦੇ ਸਕੂਲ ਵਿਚ ਉਨ੍ਹਾਂ ਦੇ ਸਨਮਾਨ ਵਿਚ ਵੱਡਾ ਸਮਾਗਮ ਕੀਤਾ ਗਿਆ ਸੀ। ਇਸੇ ਤਰ੍ਹਾਂ ਪੰਡਤ ਨੱਥੂ ਰਾਮ ਦੇ ਲੜਕੇ ਦਿੱਲੀ ਨੌਕਰੀਆਂ ਕਰਦੇ ਉਥੇ ਹੀ ਵੱਸ ਗਏ ਅਤੇ ਪਿਛਲੀ ਉਮਰ ਵਿਚ ਮਾਂ-ਬਾਪ ਨੂੰ ਵੀ ਨਾਲ ਲੈ ਗਏ ਅਤੇ ਮਕਾਨ ਵੇਚ ਗਏ। ਮਿਸਤਰੀਆਂ ਦੇ ਕੁੱਝ ਘਰ ਸਮਰਾਲੇ ਅਤੇ ਲੁਧਿਆਣੇ ਜਾ ਵੱਸੇ। ਪਿੰਡ ਦੀਆਂ ਬਜ਼ੁਰਗ ਦਾਦੀਆਂ ਮਾਂਵਾਂ ਨੇ ਪਿੰਡ ਦੀ ਭਾਈਚਾਰਕ ਸਾਂਝ ਵਿਚ ਬੜਾ ਯੋਗਦਾਨ ਪਾਇਆ ਹੈ ਜਿਸਦੀ ਗੱਲ ਫੇਰ ਕਰਾਂਗੇ।

## ਜਨਮ ਦਿਨ ਖਾਲਸੇ ਦਾ

ਜਨਮ ਦਿਨ ਕਿਵੇਂ ਮਨਾਈਏ ਖਾਲਸੇ ਦਾ, ਏਥੇ ਸਾਧਾਂ ਦੀ ਹੋਈ ਭਰਮਾਰ ਦੇਖੋ।
ਖਾਲਸਾ ਭਾਲਿਆਂ ਲੱਭਦਾ ਕੋਈ-ਕੋਈ, ਚੇਲੇ ਚਪਟਿਆਂ ਦੀ ਹੋਈ ਭਰਮਾਰ ਦੇਖੋ।

ਮੇਰੇ ਪਾਤਸ਼ਾਹ ਸਿਖਾਇਆ ਸੀ ਸਾਦਾ ਜੀਵਨ, ਏਥੇ ਬੰਗਲੇ, ਕੋਠੀਆਂ ਤੇ ਸਾਧਾਂ ਦੀ ਕਾਰ ਦੇਖੋ।
ਹੂਟਰ ਵੱਜਦੇ ਬੱਤੀਆਂ ਲਾਲ ਲਾਈਆਂ, ਕਰਦੇ ਫਿਰਦੇ ਸਿੱਖੀ ਦਾ ਏਹ ਪ੍ਰਚਾਰ ਦੇਖੋ।

ਕਹਿਣ ਬੀਬੀਆਂ, ਰੱਖਦੇ ਮਾੜੀ ਅੱਖ, ਉਤੇ, ਕਰਦੇ ਭੈਣਾਂ ਦਾ ਕਿਨਾ ਏਹ ਸਤਿਕਾਰ ਦੇਖੋ।
ਰੰਗਰਲੀਆਂ ਮਨਾਉਂਦੇਂ ਅੰਦਰ ਵੜ੍ਹ ਕੇ, ਮੂਹਰੇ ਪਹਿਰੇ 'ਤੇ ਖੜਾ ਸੇਵਾਦਾਰ ਦੇਖੋ।

ਜਿਹੜੇ ਤਖਤ ਤੋਂ ਸਾਜਿਆ ਸੀ ਖਾਲਸੇ ਨੂੰ, ਉਸ ਤਖਤ ਦਾ ਅੱਜ ਕੀ ਸਤਿਕਾਰ ਦੇਖੋ।
ਅਕਾਲ ਤਖਤ ਨੂੰ ਵੀ ਨੀਵਾਂ ਦਿਖਾ ਦਿਤਾ, ਕੱਢਦੇ ਹੁਕਮ ਕਿਸੇ ਕੋਨੇ 'ਚੋਂ ਜਥੇਦਾਰ ਦੇਖੋ।

ਮੰਨਦੇ ਹੁਕਮ ਆਪ ਝੂਠੀ ਸਰਕਾਰ ਦਾ ਜੀ, ਕਹਾਉਦੇਂ ਸੰਗਤ ਦੇ ਆਪ ਸੇਵਾਦਾਰ ਦੇਖੋ।
ਜੀਅ ਮੇਰਾ ਵੀ ਕਰੇ ਕਿ ਮੈਂ ਸਾਧ ਬਣਜਾਂ, ਲੋਕੀਂ ਕਰਨਗੇ ਬੱਗੇ ਵਾਲੇ ਦੀ ਜੈ-ਜੈ ਕਾਰ ਦੇਖੋ।

*ਲਖਵਿੰਦਰ ਸਿੰਘ ਮੱਟੂ*
*ਡੇਅਟਨ, ਓਹਾਇਓ*
*ਫੋਨ: 513-300-4020*

## ਸੰਪਾਦਕ ਦੀ ਡਾਕ

### ਦਸਵੀਂ ਵਰ੍ਹੇਗੰਢ ਦੇ ਸਮਾਗਮ 'ਤੇ ਵਧਾਈ

ਸੰਪਾਦਕ ਜੀ,

ਸਾਡੇ ਹਰਮਨ ਪਿਆਰੇ ਹਫਤਾਵਾਰੀ ਅਖਬਾਰ ਪੰਜਾਬ ਟਾਈਮਜ਼ ਦੀ ਦਸਵੀਂ ਵਰ੍ਹੇਗੰਢ ਦੇ ਸਮਾਗਮ 'ਤੇ ਸਾਡੇ ਵਲੋਂ ਬਹੁਤ ਬਹੁਤ ਵਧਾਈ। ਇਸ ਅਖਬਾਰ ਨੇ ਇਨ੍ਹਾਂ ਸਾਲਾਂ ਵਿਚ ਪੰਜਾਬੀ ਹਫਤਾਵਾਰੀ ਅਖਬਾਰਾਂ ਵਿਚੋਂ ਜਿਸ ਤਰ੍ਹਾਂ ਆਪਣਾ ਨਿਵੇਕਲਾ ਕੱਦ ਕੱਢਿਆ ਹੈ ਉਸ ਲਈ ਆਪ ਵਧਾਈ ਦੇ ਪਾਤਰ ਹੋ। ਸਰੀਰਕ ਰੋਗ ਕਰਕੇ ਬੇਸ਼ਕ ਆਪ ਜੀ ਦੀ ਹੱਥੀਂ ਕੰਮ ਕਰਨ ਦੀ ਸਮਰਥਾ ਘਟ ਗਈ ਹੈ ਪਰ ਮੈਨੂੰ ਇਹ ਕਹਿਣ ਵਿਚ ਜ਼ਰਾ ਵੀ ਸੰਕੋਚ ਨਹੀਂ ਕਿ ਆਪ ਜੀ ਦੀ ਸੂਝਵਾਨ ਅਤੇ ਉਸਾਰੂ ਸੋਚ ਕਰਕੇ ਪੰਜਾਬੀ ਮਾਂ ਬੋਲੀ ਦਾ ਇਹ ਸਪਤਾਹਿਕ ਪੱਤਰ ਪਾਠਕਾਂ ਦੀ ਪਹਿਲੀ ਪਸੰਦ ਬਣ ਗਿਆ ਹੈ। ਆਸ ਕਰਦਾ ਹਾਂ ਕਿ ਆਪ ਦੀ ਅਗਵਾਈ ਹੇਠ ਇਸ ਅਖਬਾਰ ਵਿਚ ਪਾਠਕਾਂ ਨੂੰ ਇਸੇ ਤਰ੍ਹਾਂ ਬਲਕਿ ਇਸ ਤੋਂ ਵੀ ਵਧੀਆ ਲਿਖਤਾਂ ਅਤੇ ਮਜ਼ਮੂਨ ਪੜ੍ਹਨ ਨੂੰ ਮਿਲਦੇ ਰਹਿਣਗੇ। ਜੋ ਕੁਝ ਪੰਜਾਬ ਟਾਈਮਜ਼ ਵਿਚ ਪੜ੍ਹਨ ਨੂੰ ਮਿਲਦਾ ਹੈ ਮੇਰੀ ਸਮਝ ਵਿਚ ਉਸ ਦਾ ਕੋਈ ਹੋਰ ਪੱਤਰ ਸਾਨੀ ਨਹੀਂ। ਨਿਜੀ ਤੌਰ 'ਤੇ ਹਰ ਹਫਤੇ ਮੈਨੂੰ ਜਦ ਤੱਕ ਪੰਜਾਬ ਟਾਈਮਜ਼ ਪੜ੍ਹਨ ਨੂੰ ਮਿਲ ਨਾ ਜਾਵੇ ਤਸੱਲੀ ਨਹੀਂ ਹੁੰਦੀ। ਜਦੋਂ ਪੱਤਰ ਮਿਲਦਾ ਹੈ ਤਾਂ ਸਰੀਰਕ ਤੌਰ 'ਤੇ ਜਿੰਨੀ ਮਰਜ਼ੀ ਥਕਾਵਟ ਹੋਵੇ ਮੈਂ ਪੜ੍ਹੇ ਬਿਨਾ ਨਹੀਂ ਰਹਿ ਸਕਦਾ ਅਤੇ ਪੜ੍ਹਨ ਉਪਰੰਤ ਦਿਮਾਗ ਨੂੰ ਵੱਡੀ ਰਾਹਤ ਮਿਲਦੀ ਹੈ। ਵਾਹਿਗੁਰੂ ਅੱਗੇ ਅਰਦਾਸ ਹੈ ਕਿ ਆਪ ਜੀ ਦੀ ਜੀਵਨ ਸਾਥਣ ਤੋਂ ਵੀ ਅਕਾਲ ਪੁਰਖ ਵਲੋਂ ਸ਼ਕਤੀ ਮਿਲਦੀ ਰਹੇ ਅਤੇ ਉਹ ਆਪ ਦੇ ਮੋਢੇ ਨਾਲ ਮੋਢਾ ਜੋੜ ਕੇ ਪੰਜਾਬ ਟਾਈਮਜ਼ ਨੂੰ ਹੋਰ ਅੱਗੇ ਵਧਾਉਣ ਲਈ ਘਾਲਣਾ ਘਲਦੇ ਰਹਿਣ।

*-ਹੀਰਾ ਸਿੰਘ ਸੈਣੀ, ਸ਼ਿਕਾਗੋ*

---

### ਮਸ਼ਕਰੀਆਂ ਤੇ ਫੁਲਝੜੀਆਂ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੀ ਚੜ੍ਹਦੀ ਕਲਾ ਲਈ ਦੁਆ ਕਰਦੇ ਹਾਂ। ਮੈਂ ਸ. ਤਰਲੋਚਨ ਸਿੰਘ ਦੁਪਾਲਪੁਰ ਦੇ ਲੇਖ ਬਹੁਤ ਧਿਆਨ ਨਾਲ ਪੜ੍ਹਦਾ ਹਾਂ ਅਤੇ ਹਮੇਸ਼ਾ ਹੀ ਉਨ੍ਹਾਂ ਦੀਆਂ ਲਿਖਤਾਂ ਦੀ ਬੇਸਬਰੀ ਨਾਲ ਉਡੀਕ ਕਰਦਾ ਹਾਂ। ਲਿਖਤੁਮ ਕਾਲਮ ਬਹੁਤ ਹੀ ਜਾਣਕਾਰੀ ਅਤੇ ਪ੍ਰੇਰਨਾ ਭਰਪੂਰ ਹੁੰਦਾ ਹੈ ਪਰ ਹੁਣ ਉਨ੍ਹਾਂ ਨੇ 'ਮਸ਼ਕਰੀਆਂ' ਕਰਨੀਆਂ ਸ਼ੁਰੂ ਕਰ ਦਿੱਤੀਆਂ ਹਨ ਜੋ ਕਿ ਮੇਰੇ ਮੁਤਾਬਕ ਉਨ੍ਹਾਂ ਦੇ ਇਸ ਲਿਖਤੁਮ ਵਾਲੇ ਪੰਨੇ ਲਈ ਢੁਕਵੀਂਆਂ ਨਹੀਂ ਹਨ। ਇਸ ਵਾਰ ਉਨ੍ਹਾ ਨੇ 'ਫੁਲਝੜੀ' ਛੱਡ ਦਿੱਤੀ ਤਾਂ ਮੈਨੂੰ ਇਹ ਖੱਤ ਲਿਖਣਾ ਪਿਆ। ਮੈਨੂੰ ਸ. ਦੁਪਾਲਪੁਰ ਤੋਂ 'ਮਸ਼ਕਰੀਆਂ' ਅਤੇ 'ਫੁਲਝੜੀਆਂ' ਦੀ ਜ਼ਰਾ ਵੀ ਉਮੀਦ ਨਹੀਂ ਸੀ। ਮੈਂ ਉਨ੍ਹਾਂ ਦੀਆਂ ਲਿਖਤਾਂ ਬਾਕੀ ਪਰਿਵਾਰ ਨਾਲ ਹਮੇਸ਼ਾ ਸਾਂਝੀਆਂ ਕਰਦਾ ਹਾਂ। ਉਮੀਦ ਹੈ ਕਿ ਦੁਪਾਲਪੁਰ ਜੀ ਇਸ ਵੱਲ ਜ਼ਰੂਰ ਧਿਆਨ ਦੇਣਗੇ। ਪੰਜਾਬ ਟਾਈਮਜ਼ ਸਾਡਾ ਮਨਪਸੰਦ ਅਖਬਾਰ ਹੈ। ਇਸ ਦੀ ਤਰੱਕੀ ਲਈ ਹਮੇਸ਼ਾ ਦੁਆ ਕਰਾਂਗੇ।

*-ਇੰਦਰਜੀਤ ਸਿੰਘ ਪਿਟਸਬਰਗ ਕੈਲੀਫੋਰਨੀਆ।*

ਮਾਝੇ ਦੇ ਰੰਗ

# ਮਝੈਲਾਂ ਦੇ ਰੋਮ-ਰੋਮ 'ਚ ਰਚੀ ਹੈ ਪ੍ਰਾਹੁਣਚਾਰੀ

**ਰਘੁਵੀਰ ਸਿੰਘ ਤੀਰ**

ਦਰਿਆ ਬਿਆਸ ਅਤੇ ਰਾਵੀ ਦੇ ਵਿਚਕਾਰਲੇ ਇਲਾਕੇ ਨੂੰ 'ਮਾਝਾ' ਕਿਹਾ ਜਾਂਦਾ ਹੈ। ਇਸ ਇਲਾਕੇ ਦੀ ਆਬਾਦੀ ਅਤੇ ਜ਼ਮੀਨ ਦੂਸਰਿਆਂ ਭਰਾਵਾਂ ਨਾਲੋਂ ਥੋੜ੍ਹੀ ਹੈ। ਇਸ ਵਿਚ ਅੰਮ੍ਰਿਤਸਰ ਜ਼ਿਲ੍ਹੇ ਦਾ ਹੀ ਹਿੱਸਾ ਸੀ, ਆਉਂਦੇ ਹਨ। ਮਾਝੇ ਦਾ ਪਸਾਰ ਇਨ੍ਹਾਂ ਤਿੰਨ ਜ਼ਿਲ੍ਹਿਆਂ ਅੰਦਰ ਹੀ ਹੈ। ਗੁਰਦਾਸਪੁਰ ਜ਼ਿਲੇ ਅੰਦਰ ਕਾਦੀਆਂ, ਹਰਚੋਵਾਲ, ਕਾਹਨੂੰਵਾਨ ਅਤੇ ਸ੍ਰੀ ਹਰਗੋਬਿੰਦਪੁਰ ਦਾ ਇਲਾਕਾ 'ਰਿਆੜਕੀ' ਅਖਵਾਉਂਦਾ ਹੈ ਜਿੱਥੋਂ ਦੇ ਮਾਂਹ ਕਦੇ ਬਹੁਤ ਹੀ ਮਸ਼ਹੂਰ ਹੁੰਦੇ ਸਨ। ਗੁਰਦਾਸਪੁਰ ਜ਼ਿਲ੍ਹੇ ਦਾ ਹੇਠਲਾ ਇਲਾਕਾ ਜੋ ਕਿ ਅੰਮ੍ਰਿਤਸਰ ਨਾਲ ਲਗਦਾ ਹੈ ਭਾਵ ਬਟਾਲਾ, ਡੇਰਾ ਬਾਬਾ ਨਾਨਕ ਕਲਾਨੌਰ ਆਦਿ ਬੋਲੀ ਦੇ ਆਧਾਰ 'ਤੇ ਗੂੜ੍ਹ ਮਾਝੇ ਦਾ ਹਿੱਸਾ ਹੈ। ਗੁਰਦਾਸਪੁਰ ਦਾ ਉਪਰਲਾ 'ਧਾਰ ਬਲਾਕ' ਦਾ ਇਲਾਕਾ ਬੋਲੀ ਦੇ ਆਧਾਰ 'ਤੇ ਮਾਝੇ ਤੋਂ ਆਪਣੇ ਆਪ ਨੂੰ ਨਿਖੇੜਦਾ ਹੈ, ਪਰ ਇਸਦਾ ਇਹ ਮਤਲਬ ਨਹੀਂ ਕਿ ਗੁਰਦਾਸਪੁਰ ਮਾਝਾ ਨਹੀਂ ਹੈ। ਪਠਾਨਕੋਟ ਦੀ ਅੱਧ-ਪਚੱਧੀ, ਗੁਰਦਾਸਪੁਰ, ਬਟਾਲਾ ਤੇ ਡੇਰਾ ਬਾਬਾ ਨਾਨਕ ਦੀਆਂ ਤਹਿਸੀਲਾਂ ਮਾਝੇ ਦਾ ਉੱਤਰੀ ਹਿੱਸਾ ਹੈ ਜਦੋਂਕਿ ਖੇਮਕਰਨ ਅਤੇ ਪੱਟੀ ਇਹਦਾ ਦੱਖਣੀ ਭਾਗ ਹੈ ਜਿਸਨੂੰ 'ਖਾਰਾ ਮਾਝਾ' ਕਿਹਾ ਜਾਂਦਾ ਹੈ। ਇਸ ਤਰ੍ਹਾਂ ਅੰਮ੍ਰਿਤਸਰ, ਤਰਨਤਾਰਨ ਅਤੇ ਗੁਰਦਾਸਪੁਰ ਜ਼ਿਲ੍ਹੇ ਮਾਝੇ ਦੀ ਸਰ ਜ਼ਮੀਨ ਹੈ। ਤਰਨਤਾਰਨ ਵਿਚ ਪੈਣ ਵਾਲਾ ਇਲਾਕਾ ਮਾਝੇ ਦਾ ਗੜ੍ਹ ਜਾਂ ਮਾਝੇ ਦੀ ਧੁਰੀ ਮੰਨਿਆ ਜਾਂਦਾ ਹੈ।

ਮਾਝੇ ਵਿਚ ਵਸਣ ਵਾਲੇ ਲੋਕ 'ਮਝੈਲ' ਅਖਵਾਉਂਦੇ ਹਨ। ਇਹ ਹੱਡਾਂ-ਪੈਰਾਂ ਦੇ ਖੁੱਲ੍ਹੇ, ਸੁਹਣੀ ਡੀਲ-ਡੌਲ, ਖੁੱਲ੍ਹਾ ਖਾਣ-ਪੀਣ ਦੇ ਆਦੀ, ਸੱਜਣਾਂ ਦੇ ਸੱਜਣ ਅਤੇ ਦੁਸ਼ਮਣਾਂ ਲਈ ਦੁਸ਼ਮਣ ਸੁਭਾਓ ਰੱਖਣ ਵਾਲੇ ਲੋਕ ਹਨ। ਇਨ੍ਹਾਂ ਦੀ ਦੋਸਤੀ ਦੀ ਤੁਲਨਾ ਤੂਤ ਦੇ ਮੋਛੇ ਨਾਲ ਹੁੰਦੀ ਹੈ ਜੋ ਛੇਤੀ ਕੀਤਿਆਂ ਨਹੀਂ ਟੁੱਟਦਾ। ਜੇਕਰ ਇਨ੍ਹਾਂ ਦੀ ਦੋਸਤੀ ਦਾ ਇਹ ਆਲਮ ਹੈ ਤਾਂ ਦੁਸ਼ਮਣੀ ਦਾ ਵੀ ਕੀ ਕਹਿਣਾ! ਇਹ ਵੀ ਸਿਰੇ ਦੀ ਹੁੰਦੀ ਹੈ। ਇਨ੍ਹਾਂ ਦਾ ਵੈਰ ਝੋਟੇ ਵਰਗਾ ਹੁੰਦਾ ਹੈ। ਇਹ ਵੈਰੀ ਲਈ ਦਿਲੋਂ ਵੈਰ ਨਹੀਂ ਭੁਲਾਉਂਦੇ ਸਗੋਂ ਇਹ ਵੈਰ ਕਈ ਪੀੜ੍ਹੀਆਂ ਤੱਕ ਚੱਲਦਾ ਹੈ ਅਤੇ ਟੱਬਰਾਂ ਦੇ ਟੱਬਰ ਖਾ ਜਾਂਦਾ ਹੈ। ਇਹ ਹੱਥਕੜੀਆਂ ਅਤੇ ਬੇੜੀਆਂ ਵਿਚ ਬੱਝੇ ਜਦੋਂ ਕਚਹਿਰੀਆਂ ਵਿਚ ਤਰੀਕਾਂ ਭੁਗਤਣ ਆਉਂਦੇ ਹਨ ਤਾਂ ਇਹ ਇਨ੍ਹਾਂ ਛਣਕਦੀਆਂ ਹੱਥਕੜੀਆਂ ਅਤੇ ਬੇੜੀਆਂ ਨੂੰ ਆਪਣਾ ਗਹਿਣਾ ਦਸਦੇ ਹਨ। ਇਨ੍ਹਾਂ ਦਾ ਅੱਖੜ ਸੁਭਾਅ ਅਤੇ ਮੌਤ ਨੂੰ ਮਖੌਲ ਕਰਨ ਦੀ ਆਦਤ ਹੀ ਇਨ੍ਹਾਂ ਨੂੰ ਦੂਸਰਿਆਂ ਨਾਲੋਂ ਨਿਖੇੜਦੀ ਹੈ।

ਮਾਝੇ ਦੇ ਮਝੈਲ ਨਾਲ ਕੌਣ ਮੱਥਾ ਲਾਊਗਾ?
ਨਾਲ ਇਹਦੇ ਖਹਿ ਕਿੱਦਾਂ ਸੁੱਕਾ ਜਾਊਗਾ?
ਹੱਸ ਹੱਸ ਦੇਸ਼ ਲਈ ਇਹ ਜਾਨਾਂ ਵਾਰਦੇ,
ਸੱਚੀ ਗੱਲ ਕਹਾਂ ਇਹ ਭੁੱਖੇ ਪਿਆਰ ਦੇ।
ਮਾਝੇ ਤੋਂ ਹੈ 'ਤੀਰ' ਵਾਰੀ ਸਦਕੇ,
ਮਾਝੇ ਦੇ ਮਝੈਲ ਸਦਾ ਰਹਿਣ ਵੱਸਦੇ।''

ਮਾਝੇ ਦੀ ਪ੍ਰਹੁਣਾਚਾਰੀ ਵੀ ਕਮਾਲ ਦੀ ਹੈ। ਪਿੰਡ ਵਿਚ ਇਕ ਦਾ ਪ੍ਰਾਹੁਣਾ ਸਾਰੇ ਪਿੰਡ ਦਾ ਪ੍ਰਾਹੁਣਾ ਹੁੰਦਾ ਹੈ। ਜੇ ਕੋਈ ਰਾਹਗੀਰ ਕਿਸੇ ਦਾ ਘਰ ਪੁੱਛ ਲਵੇ ਤਾਂ ਇਹ ਮਝੈਲ ਲੋਕ ਪਹਿਲਾਂ ਉਸ ਦੀ ਜਲ-ਪਾਣੀ ਨਾਲ ਸੇਵਾ ਕਰਦੇ ਹਨ ਫਿਰ ਆਪ ਨਾਲ ਜਾ ਕੇ ਜਾਂ ਕੋਈ ਆਦਮੀ ਉਸ ਨਾਲ ਭੇਜ ਕੇ ਉਸ ਨੂੰ ਥਾਂ ਸਿਰ ਪਹੁੰਚਾਉਣ ਵਿਚ ਆਪਣੀ ਇੱਜ਼ਤ ਅਤੇ ਮਾਣ ਸਮਝਦੇ ਹਨ। ਮੇਲੇ ਅਤੇ ਮਝੈਲ ਦਾ ਨਹੁੰ ਮਾਸ ਦਾ ਰਿਸ਼ਤਾ ਹੈ। ਜਿੱਥੇ ਮਝੈਲ ਕਿਸਾਨ ਆਪਣੀ ਖੇਤੀ ਦੀ ਸਾਂਭ ਸੰਭਾਲ ਲਈ ਆਪਣਾ ਪਸੀਨਾ ਮਿੱਟੀ ਵਿਚ ਡੋਲ੍ਹਦਾ ਹੈ ਉੱਥੇ ਵਿਹਲੇ ਵੇਲੇ ਉਹ ਮੇਲਿਆਂ ਦੀਆਂ ਰੌਣਕਾਂ ਮਾਨਣੋ ਵੀ ਪਿੱਛੇ ਨਹੀਂ ਰਹਿੰਦਾ। ਸ਼ਾਇਦ ਕਵੀ ਧਨੀ ਰਾਮ 'ਚਾਤ੍ਰਿਕ' ਨੇ ਇਸੇ ਵੇਲੇ ਦਾ ਚਿੱਤਰ ਆਪਣੀ ਕਵਿਤਾ ''ਮੇਲੇ ਵਿਚ ਜੱਟ'' ਵਿਚ ਖਿੱਚਿਆ ਹੈ:

''ਤੂੜੀ ਤੰਦ ਸਾਂਭ ਹਾੜ੍ਹੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਮੀਹਾਂ ਦੀ ਉਡੀਕ ਤੇ ਸਿਆੜ ਕੱਢ ਕੇ,
ਮਾਲ ਟਾਂਡਾ ਸਾਂਭਣੇ ਨੂੰ ਚੂਹੜਾ ਛੱਡ ਕੇ।
ਪੱਗ-ਝੱਗਾ-ਚਾਦਰਾ ਨਵਾਂ ਸਵਾਏ ਕੇ,
ਸੰਮਾਂ ਵਾਲੀ ਡਾਂਗ ਉਤੇ ਤੇਲ ਲਾਏ ਕੇ।
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ ਜੱਟ ਮੇਲੇ ਆ ਗਿਆ।''

ਸਮੁੱਚੇ ਤੌਰ 'ਤੇ ਪੰਜਾਬ ਕਿਰਸਾਣੀ ਪ੍ਰਧਾਨ ਸੂਬਾ ਹੈ। ਸ਼ਹਿਰੀਕਰਨ ਨੇ ਬੇਸ਼ਕ ਪਿੰਡਾਂ ਦੀ ਵਸੋਂ ਨੂੰ ਸ਼ਹਿਰਾਂ ਵਲ ਖਿੱਚਿਆ ਹੈ ਪਰ ਅਜੇ ਵੀ ਦੁਆਬੇ ਮਾਲਵੇ ਵਾਂਗ ਇੱਥੋਂ ਦੀ ਜ਼ਿਆਦਾ ਵਸੋਂ ਪਿੰਡਾਂ ਵਿਚ ਹੀ ਵਸਦੀ ਹੈ ਅਤੇ ਕਿਰਸਾਣੀ ਨਾਲ ਹੀ ਜੁੜੀ ਹੋਈ ਹੈ। ਮਾਝੇ ਦੀ ਜ਼ਮੀਨ ਬਹੁਤ ਹੀ ਉਪਜਾਊ ਹੈ ਜਿਸਨੂੰ ਸਿੰਜਣ ਲਈ ਨਹਿਰੀ ਪਾਣੀ ਅਤੇ ਪਹਿਲਾਂ ਖੂਹਾਂ ਦੀ ਵਰਤੋਂ ਕੀਤੀ ਜਾਂਦੀ ਰਹੀ ਹੈ। ਖੂਹਾਂ ਦੇ ਪਾਣੀ ਨਾਲ ਸਿੰਜੀ ਜਾਣ ਵਾਲੀ ਜ਼ਮੀਨ 'ਚਾਹੀ' ਅਖਵਾਉਂਦੀ ਹੈ। ਇਸ ਇਲਾਕੇ ਵਿਚ ਵਗਣ ਵਾਲੀਆਂ ਮੁੱਖ ਨਹਿਰਾਂ ਅਪਰ ਬਾਰੀ ਦੁਆਬ ਅਤੇ ਲੋਅਰ ਬਾਰੀ ਦੁਆਬ ਹਨ ਜੋ ਮਾਧੋਪੁਰ ਤੋਂ ਨਿਕਲਦੀਆਂ ਹਨ। ਮਿਸਰ ਦੀ ਨੀਲ ਨਦੀ ਵਾਂਗ ਅਪਰ ਬਾਰੀ ਦੁਆਬ ਅੰਮ੍ਰਿਤਸਰ ਵਿਚੋਂ ਦੀ ਵੱਗਦੀ ਹੋਈ ਪੈਲੀਆਂ ਨੂੰ ਸਿੰਜਦੀ ਹੈ ਜਦਕਿ ਲੋਅਰ ਬਾਰੀ ਦੁਆਬ ਗੁਰਦਾਸਪੁਰ, ਡੇਰਾ ਬਾਬਾ ਨਾਨਕ, ਫਤਿਹਗੜ੍ਹ ਚੂੜੀਆਂ ਦੇ ਇਲਾਕੇ ਦਾ ਸਿੰਚਾਈ ਸਰੋਤ ਹੈ।

ਚਾਹੀ ਵਾਹੀ ਦੇ ਤਾਂ ਸਮੇਂ ਹੀ ਲੱਦ ਗਏ ਹਨ ਜਦੋਂ ਪਹੁ-ਫੁਟਾਲੇ ਤੋਂ ਪਹਿਲਾਂ ਹੀ ਬਲਦਾਂ ਦੇ ਗਲ਼ ਪਈਆਂ ਮਹੇਲਾਂ ਦੀ ਮਿੱਠੀ ਮਧੁਰ ਆਵਾਜ਼ ਕੰਨੀਂ ਪਿਆ ਕਰਦੀ ਸੀ ਅਤੇ ਹਾਲੀ ਜ਼ਮੀਨ ਵਾਹ ਕੇ ਪਿੰਡ ਵਲ ਮੂੰਹ ਚੁੱਕ ਝਾਕਿਆ ਕਰਦੇ ਸਨ ਕਿ ਕਦੋਂ ਸਵਾਣੀ ਉਨ੍ਹਾਂ ਲਈ ਭੱਤਾ ਲੈ ਕੇ ਆਵੇਗੀ। ਮਸ਼ੀਨੀਕਰਨ ਨੇ ਤਾਂ ਵਾਹੀ ਦਾ ਮੁਹਾਂਦਰਾ ਹੀ ਬਦਲ ਕੇ ਰੱਖ ਦਿੱਤਾ ਹੈ। ਮਸ਼ੀਨਾਂ ਨੇ ਤਾਂ ਬੈਲਾਂ ਦੀਆਂ ਜੋੜੀਆਂ, ਮਹੇਲਾਂ, ਖੂਹ ਦੀਆਂ ਟਿੰਡਾਂ ਦਾ ਕਲ-ਕਲ ਕਰਦਾ ਵਗਦਾ ਪਾਣੀ, ਖੂਹ ਦੇ ਕੁੱਤੇ ਦੀ ਟਿੱਕ-ਟਿੱਕ, ਚਾਟੀ ਵਿਚ ਪਾਈ ਮਧਾਣੀ ਦੀ ਘੁੰਮਕਾਰ ਸਭ ਭੂਤ ਕਾਲ ਦੀਆਂ ਕਿਤਾਬੀ ਗੱਲਾਂ ਬਣਾ ਕੇ ਰੱਖ ਦਿੱਤੀਆਂ ਹਨ ਜੋ ਦਾਦੇ ਅਤੇ ਦਾਦੀਆਂ ਆਪਣੇ ਪੋਤਰਿਆਂ-ਦੋਹਤਰਿਆਂ ਨੂੰ ਪਰੀ ਲੋਕ ਦੀਆਂ ਕਹਾਣੀਆਂ ਵਾਂਗ ਸੁਣਾਇਆ ਕਰਨਗੇ। ਮਾਝੇ ਦੀ ਵਾਹੀ ਵਿਚ ਪਹਿਲਾਂ ਕਮਾਦ, ਕਪਾਹ ਅਤੇ ਕਣਕ ਮੁੱਖ ਫਸ਼ਲਾਂ ਸਨ ਪਰ ਹੁਣ ਝੋਨਾ ਅਤੇ ਕਣਕ ਹੀ ਮੁੱਖ ਫਸਲਾਂ ਰਹਿ ਗਈਆਂ ਹਨ। ਖੂਹਾਂ ਦੀ ਥਾਂ ਹੁਣ ਟਿਊਬਵੈਲਾਂ (ਬੰਬੀਆਂ) ਨੇ ਮੱਲ ਲਈ ਹੈ। ਪਸ਼ੂਆਂ ਲਈ ਪੱਠੇ ਕੁਤਰਨ ਦਾ ਕੰਮ ਕਦੀ ਕਸਰਤ ਹੁੰਦਾ ਸੀ ਪਰ ਹੁਣ ਤਾਂ ਬਿਜਲੀ ਦਾ ਬਟਨ ਦੱਬਿਆ ਤੇ ਪੱਠਿਆਂ ਦਾ ਕੁਤਰਾ ਹੋ ਗਿਆ।

ਜਾਤ ਬਰਾਦਰੀਆਂ ਉਪਰੋਂ ਬਣ ਕੇ ਨਹੀਂ ਸਨ ਆਈਆਂ। ਇਹ ਸਾਡੇ ਸਮਾਜ ਦੀ ਹੀ ਦੇਣ ਹਨ। ਮਨੂੰ ਸਿਮਰਤੀ ਅਨੁਸਾਰ ਮੁੱਖ ਤੌਰ 'ਤੇ ਇਹ ਵੰਡ ਚਹੁੰ ਵਰਣਾਂ-ਬ੍ਰਾਹਮਣ, ਖੱਤਰੀ, ਵੈਸ਼ ਅਤੇ ਸੂਦਰ ਵਿਚ ਕੀਤੀ ਗਈ ਸੀ। ਇਹ ਜਾਤ ਵੰਡ ਨਹੀਂ ਸੀ ਸਗੋਂ ਇਹ ਤਾਂ ਕੰਮ ਵੰਡ ਸੀ ਜੋ ਅੱਗੇ ਚੱਲ ਕੇ ਲੋਹੇ 'ਤੇ ਲਕੀਰ ਵਰਗੀ ਹੋ ਗਈ ਅਤੇ ਆਪਸੀ ਭਿੰਨਤਾ ਦਾ ਰੂਪ ਧਾਰ ਗਈ ਹੈ। ਇਸੇ 'ਚੋਂ ਭੇਦ ਭਾਵ ਦਾ ਬੀਜ ਪੁੰਗਰਿਆ। ਊਚ-ਨੀਚ ਅਤੇ ਦੁਰਕਾਰ ਵਰਗੀ ਲਾਹਨਤ ਵੀ ਇਸੇ ਰੂੜੀਵਾਦੀ ਵਿਚਾਰਧਾਰਾ ਦੀ ਹੀ ਦੇਣ ਹਨ। ਇਨ੍ਹਾਂ ਵਰਣਾਂ ਦਾ ਕੰਮ ਵਿੱਦਿਆ ਛੋਟੇ-ਮੋਟੇ (ਸਫਾਈ ਦਾ ਕੰਮ ਜਾਂ ਕਾਮੇ ਲੋਕ ਜਿਨ੍ਹਾਂ ਨੂੰ ਮਗਰੋਂ ਨੀਵੀਆਂ ਜਾਤਾਂ ਦਾ ਕਿਹਾ ਜਾਣ ਲੱਗਾ) ਕੰਮ ਕਰਨਾ ਸੀ। ਅਸਲ ਵਿਚ ਇਹ ਕੰਮ ਵੰਡ ਤੋਂ ਵੱਧ ਕੁਝ ਵੀ ਨਹੀਂ ਸੀ ਪਰ ਸਮੇਂ ਦੇ ਫੇਰ ਨੇ ਇਹ ਤ੍ਰੇੜ ਐਡੀ ਵੱਡੀ ਕਰ ਦਿੱਤੀ ਕਿ ਇਹ ਪਾੜਾ ਵਧਦਾ ਹੀ ਗਿਆ ਅਤੇ ਨੀਵੀਆਂ ਜਾਤਾਂ ਲਈ ਇੱਕ ਸਰਾਪ ਬਣ ਗਿਆ। ਮਾਝੇ ਵਿਚ ਵੱਖ-ਵੱਖ ਜਾਤਾਂ, ਗੋਤਾਂ ਅਤੇ ਬਰਾਦਰੀਆਂ ਦੇ ਲੋਕ ਵੱਸਦੇ ਹਨ ਜਿਨ੍ਹਾਂ ਵਿਚ ਜਿਆਦਾ ਵਸੋਂ ਜੱਟਾਂ ਦੀ ਹੈ। ਜੱਟਾਂ ਵਿਚ ਰੰਧਾਵਾ, ਢਿੱਲੋਂ, ਕਾਹਲੋਂ, ਰਿਆੜ, ਮੱਲ੍ਹੀ, ਬਾਜਵਾ, ਭੁੱਲਰ ਆਦਿ ਗੋਤ ਹਨ। ਗੋਇੰਦਵਾਲ ਦੇ ਇਲਾਕੇ ਦੇ ਆਲੇ-ਦੁਆਲੇ ਕੰਬੋਅ ਬਰਾਦਰੀ ਦੇ ਲੋਕ ਵੱਸਦੇ ਹਨ, ਜਿਹੜੇ ਬਹੁਤ ਹੀ ਮਿਹਨਤੀ ਅਤੇ ਕਮਾਊ ਕਿਸਮ ਦੇ ਲੋਕ ਹਨ। ਇਨ੍ਹਾਂ ਬਾਰੇ ਮਸ਼ਹੂਰ ਹੈ:

''ਕੁਕੜ, ਕਾਂ ਕੰਬੋਅ ਕਬੀਲਾ ਪਾਲਦਾ।
ਜੱਟ, ਮਹਿਆਂ ਸੰਸਾਰ ਕਬੀਲਾ ਗਾਲਦਾ।''




ਅੰਮ੍ਰਿਤਸਰ ਅਤੇ ਤਰਨਤਾਰਨ ਜ਼ਿਲ੍ਹੇ ਵਿਚ ਜੱਟਾਂ ਦੇ ਬੱਲ, ਖਹਿਰਾ, ਢਿੱਲੋਂ, ਮਾਨ, ਗਿੱਲ, ਭੈਲ, ਭੁੱਲਰ ਗੋਤ ਹਨ। ਖਡੂਰ ਸਾਹਿਬ ਦਾ ਇਲਾਕਾ, ਜੋ ਪਹਿਲਾਂ ਖਹਿਰਿਆ ਦਾ ਖਡੂਰ ਅਖਵਾਉਂਦਾ ਸੀ, ਦੇ ਆਲੇ ਦੁਆਲੇ ਖਹਿਰਾ ਗੋਤ ਦੇ ਲੋਕ ਵੱਸਦੇ ਹਨ। ਜੱਟਾਂ ਤੋਂ ਬਿਨਾਂ ਮਾਝੇ ਵਿਚ ਹੋਰ ਵੀ ਬਰਾਦਰੀਆਂ ਵੱਸਦੀਆਂ ਹਨ।

ਰਾਮਗੜ੍ਹੀਆ ਬਰਾਦਰੀ-ਲਗਪਗ ਸਾਰੇ ਪੰਜਾਬ ਵਿਚ ਹੀ ਇਸ ਬਰਾਦਰੀ ਦੇ ਲੋਕ ਵਸਦੇ ਹਨ ਪਰ ਜਿਆਦਾ ਕਰਕੇ ਇਸ ਬਰਾਦਰੀ ਦੇ ਲੋਕ ਜ਼ਿਲ੍ਹਾ ਅੰਮ੍ਰਿਤਸਰ ਅਤੇ ਤਰਨਤਾਰਨ ਵਿਚ ਵੱਸਦੇ ਹਨ। ਇਸ ਬਰਾਦਰੀ ਦਾ ਸਿੱਖ ਧਰਮ, ਰਾਜਨੀਤੀ, ਭਵਨ ਕਲਾ, ਚਿੱਤਰ ਕਲਾ, ਸੁਧਾਰ ਲਹਿਰਾਂ ਅਤੇ ਸਵਤੰਤਰਤਾ ਸੰਗਰਾਮ ਵਿਚ ਵੱਡਾ ਯੋਗਦਾਨ ਰਿਹਾ ਹੈ। ਕੋਈ ਅਜਿਹਾ ਸੰਗਰਾਮ ਨਹੀਂ ਹੋਵੇਗਾ ਜਿਸ ਵਿਚ ਇਸ ਕੌਮ ਦੇ ਮਰਜੀਵੜਿਆਂ ਨੇ ਆਪਾ ਨਾ ਵਾਰਿਆ ਹੋਵੇ। ਜੱਸਾ ਸਿੰਘ ਰਾਮਗੜ੍ਹੀਆ ਵਰਗੇ ਜਰਨੈਲ (ਰਾਮਗੜ੍ਹੀਆ ਮਿਸਲ) ਜਿਸ ਦੀ ਰਾਜਧਾਨੀ ਸ੍ਰੀ ਹਰਗੋਬਿੰਦਪੁਰ ਸੀ ਅਤੇ ਜਿਸ ਦੇ ਜਾਹੋ-ਜਲਾਲ ਦੀਆਂ ਧੁੰਮਾਂ ਚਾਰੇ ਪਾਸੇ ਸਨ, ਨੂੰ ਕੌਣ ਨਹੀਂ ਜਾਣਦਾ। ਇਸ ਬਰਾਦਰੀ ਦੇ ਗੋਤ-ਬਮਰਾਹ, ਭੂਈ, ਵਿਰਦੀ, ਕਲਸੀ, ਪਨੇਸਰ, ਢਿੱਲੋਂ, ਸੱਗੂ, ਭੁੱਲਰ, ਮਠਾੜੂ, ਸੰਧੂ, ਭੋਗਲ, ਸੌਂਧ, ਮਾਨ, ਨਾਗੀ, ਸਹਿੰਬੀ, ਜੰਡੂ ਆਦਿ ਹਨ।

**ਅਰੋੜਾ ਬਰਾਦਰੀ**-ਇਸ ਬਰਾਦਰੀ ਦੀ ਵਸੋਂ ਜ਼ਿਆਦਾ ਕਰਕੇ ਸ਼ਹਿਰਾਂ ਵਿਚ ਹੈ। ਤਰਨਤਾਰਨ ਸ਼ਹਿਰ ਵਿਚ ਇਸ ਬਰਾਦਰੀ ਦੇ ਬਹੁਤ ਲੋਕ ਵੱਸਦੇ ਹਨ। ਇਹ ਲੋਕ ਕਾਫੀ ਅਮੀਰ ਹਨ ਅਤੇ ਇਨ੍ਹਾਂ ਦਾ ਮੁੱਖ ਪੇਸ਼ਾ ਵਿਉਪਾਰ ਹੈ।

**ਮਹਾਸ਼ੇ**-ਇਸ ਬਰਾਦਰੀ ਵਿਚ ਸੈਣੀ ਅਤੇ ਰਾਜਪੂਤ ਗੋਤਾਂ ਦੇ ਲੋਕ ਆਉਂਦੇ ਹਨ, ਜਿਹੜੇ ਜ਼ਿਲ੍ਹਾ ਗੁਰਦਾਸਪੁਰ ਦੇ ਪਠਾਨਕੋਟ ਦੇ ਇਲਾਕੇ ਵਿਚ ਵਸਦੇ ਹਨ।

**ਮਜ਼ਬੀ ਸਿੱਖ**-ਇਨ੍ਹਾਂ ਦੀ ਜ਼ਿਆਦਾ ਵਸੋਂ ਤਰਨਤਾਰਨ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਹੈ। ਇਹ ਜਿਆਦਾ ਕਰਕੇ ਜਿਮੀਦਾਰਾਂ ਨਾਲ ਵਾਹੀਜੋਤੀ ਦਾ ਕੰਮ ਕਰਦੇ ਹਨ ਪਰ ਅੱਜਕੱਲ੍ਹ ਇਨ੍ਹਾਂ ਦੇ ਬੱਚੇ ਪੜ੍ਹ-ਲਿਖ ਕੇ ਚੰਗੀਆਂ ਨੌਕਰੀਆਂ 'ਤੇ ਲੱਗੇ ਹੋਏ ਹਨ। ਲਗਦਾ ਹੈ ਜਿਵੇਂ ਇਨ੍ਹਾਂ ਨੇ ਜੱਟ ਦਾ ਜੂਲਾ ਆਪਣੇ ਗਲੋਂ ਲਾਹ ਦੇਣ ਦੀ ਧਾਰ ਲਈ ਹੈ।

**ਪੰਡਿਤ, ਖੱਤਰੀ ਅਤੇ ਬਾਣੀਏ**-ਮਾਝੇ ਵਿਚ ਇਨ੍ਹਾਂ ਦੀ ਵਸੋਂ ਆਟੇ ਵਿਚ ਲੂਣ ਬਰਾਬਰ ਹੀ ਹੈ। ਇਹ ਜ਼ਿਆਦਾ ਕਰਕੇ ਮਾਲਵੇ ਵਿਚ ਵੱਸਦੇ ਹਨ।

**ਰਾਅ ਸਿੱਖ**-ਇਸ ਬਰਾਦਰੀ ਵਿਚ ਲੁਬਾਣੇ ਅਤੇ ਸੈਣੀ ਗੋਤ ਨਾਲ ਸਬੰਧਤ ਲੋਕ ਹਨ ਜਿਹੜੇ ਦਰਿਆ ਰਾਵੀ ਦੇ ਕੰਢਿਆਂ ਦੇ ਨਾਲ ਨਾਲ ਜ਼ਿਲ੍ਹਾ ਗੁਰਦਾਸਪੁਰ ਦੇ ਸ੍ਰੀ ਹਰਗੋਬਿੰਦਪੁਰ ਦੇ ਇਲਾਕੇ ਵਿਚ ਵਸਦੇ ਹਨ।

**ਮਾਝੇ ਦਾ ਪਹਿਰਾਵਾ:** ਕਿਸੇ ਦੀ ਪਹਿਚਾਣ ਕਰਨ ਲਈ ਤਿੰਨ ਚੀਜ਼ਾਂ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ-ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ। ਭਾਵ ਕਿਸੇ ਦੀ ਚਾਲ, ਬੋਲਚਾਲ ਅਤੇ ਪਹਿਰਾਵਾ। ਮਝੈਲ ਦੀ ਪਹਿਚਾਣ ਇਨ੍ਹਾਂ ਤਿੰਨ ਗੱਲਾਂ ਦੇ ਆਧਾਰ 'ਤੇ ਕਰਦਿਆਂ ਸਾਹਮਣੇ ਆਉਂਦਾ ਹੈ ਕਿ ਉਹ ਬੜੀ ਮਟਕ ਨਾਲ ਤੁਰਦਾ ਹੈ, ਉਸ ਦੀ ਤੋਰ ਵਿਚ ਹਾਥੀ ਵਰਗੀ ਮਸਤੀ ਵੇਖਣ ਨੂੰ ਮਿਲਦੀ ਹੈ, ਸਰੀਰਕ ਜ਼ੋਰ ਦਾ ਵਿਉਂ ਅਤੇ ਕਮਾਇਆ ਹੋਇਆ ਜੁੱਸਾ ਉਸਨੂੰ ਦੂਸਰਿਆਂ ਨਾਲੋਂ ਨਿਖੇੜਦਾ ਹੈ। ਬੋਲਚਾਲ ਵਿਚ ਉਹ ਦੂਸਰੇ ਨੂੰ ਪਿਆਰ ਨਾਲ ''ਭਾਊ'' ਕਹਿ ਕੇ ਬਲਾਉਂਦਾ ਹੈ ਜਿਸ ਦਾ ਅਰਥ ਹੈ-ਭਰਾ। ਉਸਦਾ ਪਹਿਰਾਵਾ ਸ਼ਮਲੇ ਵਾਲੀ ਪੱਗ, ਤਰੀਜ਼ਾਂ ਵਾਲਾ ਗਲ ਕੁੜਤਾ, ਤੇੜ ਧੂਵਾਂ ਚਾਦਰਾ ਅਤੇ ਹੱਥ ਵਿਚ ਫੜ੍ਹਿਆ ਕੋਕਿਆਂ ਵਾਲਾ ਖੂੰਡਾ ਦੂਰੋਂ ਦੱਸ ਦਿੰਦਾ ਹੈ ਕਿ ਇਹ ਮਝੈਲ ਹੈ।

**ਮਾਝੇ ਦੀ ਬੋਲੀ:** ਉਂਜ ਤਾਂ ਕਿਹਾ ਜਾਂਦਾ ਹੈ ਕਿ ਬੋਲੀ ਹਰ ਬਾਰ੍ਹਾਂ ਕੋਹਾਂ 'ਤੇ ਬਦਲ ਜਾਂਦੀ ਹੈ ਤੇ ਇਹ ਸੱਚ ਵੀ ਹੈ। ਤਰਨਤਾਰਨ ਦਾ ਇਲਾਕਾ ਮਾਝੇ ਦੀ ਧੁਰੀ ਮੰਨਿਆ ਜਾਂਦਾ ਹੈ। ਇੱਥੋਂ ਦੇ ਲੋਕ ਟਕਸਾਲੀ ਪੰਜਾਬੀ ਬੋਲੀ ਬੋਲਦੇ ਹਨ। ਇਨ੍ਹਾਂ ਦੀ ਬੋਲੀ ਵੀ ਇਨ੍ਹਾਂ ਦੇ ਸੁਭਾ ਵਾਂਗ ਖੁੱਲ੍ਹੀ-ਡੁੱਲ੍ਹੀ ਅਤੇ ਪਿਆਰੀ ਹੈ। ਜ਼ਿਲ੍ਹਾ ਗੁਰਦਾਸਪੁਰ ਦਾ ਉੱਪਰਲਾ ਇਲਾਕਾ (ਧਾਰ ਬਲਾਕ) ਬੋਲੀ ਦੇ ਆਧਾਰਤ ਆਪਣੇ ਆਪ ਨੂੰ ਮਾਝੇ ਨਾਲੋਂ ਵੱਖਰਾ ਕਰਦਾ ਹੈ। ਇਸ ਇਲਾਕੇ ਦੀ ਬੋਲੀ ਨੇ ਪਹਾੜੀ ਬੋਲੀ ਦਾ ਅਸਰ ਕਬੂਲਿਆ ਜਾਪਦਾ ਹੈ। ਮਝੈਲ ਆਮ ਕਰਕੇ ਦੂਸਰੇ ਇਲਾਕੇ ਦੀ ਬੋਲੀ ਦੇ ਸ਼ਬਦਾਂ ਨਾਲੋਂ ਵੱਖ ਬੋਲਦੇ ਹਨ। ਮਿਸਾਲ ਵਜੋਂ:

1. ਸਾਈਕਲ ਨੂੰ ਸ਼ੈਕਲ
2. ਹਜਾਰਾ ਸਿੰਘ ਨੂੰ ਜਾਰ੍ਹਾ ਸਿਹੁੰ
3. ਘਰਵਾਲੀ ਨੂੰ ਬੁੱਢੀ
4. ਸਾਈਕਲ ਦੀ ਚੈਨ ਨੂੰ ਮਾਹਲ
5. ਤੇਰੇ ਪੱਲੇ ਕੀ ਹੈ ਨੂੰ ਤੇਰੇ ਮੁੱਢ ਕੀ ਏ।

ਆਦਿ ਸ਼ਬਦ ਮਝੈਲਾਂ ਦੀ ਬੋਲੀ ਦਾ ਮੁੱਖ ਅੰਗ ਰਹੇ ਹਨ। ਆਧੁਨਿਕ ਯੁਗ ਵਿਗਿਆਨ ਦਾ ਯੁਗ ਹੈ, ਵਿੱਦਿਆ ਦਾ ਯੁੱਗ ਹੈ ਜਿਸ ਵਿਚ ਨੌਜਵਾਨ ਪੀੜ੍ਹੀ ਪੜ੍ਹ-ਲਿਖ ਗਈ ਹੈ ਜਿਸ ਕਰਕੇ ਉਨ੍ਹਾਂ ਦੀ ਬੋਲੀ ਵਿਚੋਂ ਇਹ ਲਫਜ਼ ਅਲੋਪ ਹੁੰਦੇ ਜਾ ਰਹੇ ਹਨ। ਰੋਜ਼ਾਨਾ ਦੀ ਬੋਲ ਬਾਣੀ ਵਿਚ ਠੇਠਤਾ ਤੇ ਸੁਧਤਾ ਨੇ ਥਾਂ ਲੈ ਲਈ ਹੈ। ਪੁਰਾਣੇ ਲੋਕਾਂ ਦੇ ਇਨ੍ਹਾਂ ਭੋਲੇ-ਭਾਅ ਬੋਲੇ ਜਾਣ ਵਾਲੇ ਸ਼ਬਦਾਂ ਨੂੰ ਤਾਂ ਹੁਣ ਕੰਨ ਤਰਸਦੇ ਹਨ।

**ਮਾਝੇ ਦਾ ਪਸੂ ਧਨ:** ਮਾਝੇ ਦੇ ਵਸਨੀਕ ਖੁੱਲ੍ਹਾ ਖਾਣ-ਪੀਣ ਦੇ ਸ਼ੌਕੀਨ ਹੋਣ ਕਰਕੇ ਘਰਾਂ ਵਿਚ ਲਵੇਰਾ ਰੱਖਣ ਦੇ ਆਦੀ ਹਨ। ਪੁਰਾਣੇ ਸਮਿਆਂ ਵਿਚ ਘਰਾਂ ਵਿਚ ਮੱਝਾ-ਗਾਂਵਾਂ ਦੀ ਬਹੁਤਾਤ ਸੀ ਪਰ ਹੁਣ ਇਸਦਾ ਰੁਝਾਨ ਘਟਦਾ ਜਾ ਰਿਹਾ ਹੈ। ਕਿਸਾਨ ਲਵੇਰਾ ਰੱਖਣ ਦੇ ਆਦੀ ਹਨ। ਕਿਰਸਾਣੀ ਪੇਸ਼ੇ ਵਿਚ ਫਸਲ ਬੀਜਣਾ, ਖੂਹ ਗੇੜਨੇ, ਗਹਾਈ ਦਾ ਕੰਮ, ਫਸਲ ਦੀ ਖੇਤਾਂ 'ਚੋਂ ਢੋਅ-ਢੁਆਈ ਵਰਗੇ ਕੰਮ ਮੁੱਖ ਕੰਮ ਸਨ ਜਿਸ ਲਈ ਡੰਗਰਾਂ ਦੀ ਲੋੜ ਪੈਂਦੀ ਸੀ। ਇਸ ਗੱਲ ਦੀ ਪੂਰਤੀ ਲਈ ਝੋਟੇ, ਬਲਦ ਅਤੇ ਊਠ ਦੀ ਲੋੜ ਸੀ। ਪਸੂ ਧਨ ਦੀ ਲੋੜ ਘਟ ਜਾਣ ਦਾ ਮੁੱਖ ਕਾਰਨ ਮਸ਼ੀਨੀਕਰਨ ਹੈ ਪਰ ਇਸ ਦਾ ਇਹ ਮਤਲਬ ਨਹੀਂ ਕਿ ਇਹ ਧਨ ਪੂਰਨ ਤੌਰ 'ਤੇ ਅਲੋਪ ਹੋ ਗਿਆ ਹੈ। ਅਜੇ ਵੀ ਘਰਾਂ ਵਿਚ ਗਾਂਵਾਂ-ਮੱਝਾਂ ਦੁੱਧ ਦੀ ਲੋੜ ਪੂਰੀ ਕਰਨ ਲਈ ਰੱਖੀਆਂ ਜਾਂਦੀਆਂ ਹਨ। ਹੁਣ ਵੀ ਅੰਮ੍ਰਿਤਸਰ ਅਤੇ ਤਰਨਤਾਰਨ ਦੀਆਂ ਮਾਲ ਮੰਡੀਆਂ ਵਿਚ ਵਿਸਾਖੀ, ਦੀਵਾਲੀ ਅਤੇ ਮੱਸਿਆ 'ਤੇ ਪਸੂਆਂ ਦੀ ਖਰੀਦ-ਵੇਚ ਹੁੰਦੀ ਹੈ ਅਤੇ ਲੋੜਵੰਦ ਡੰਗਰ ਖਰੀਦਦੇ-ਵੇਚਦੇ ਹਨ।

**ਮਾਝੇ ਦੇ ਰੁੱਖ:** 'ਇੱਕ ਰੁੱਖ ਸੌ ਸੁੱਖ' ਇੱਕ ਅਟੱਲ ਸੱਚਾਈ ਹੈ। 'ਆਮ ਕੇ ਆਮ, ਗੁਠਲੀਓਂ ਕੇ ਦਾਮ' ਵਾਲੀ ਕਹਾਵਤ ਉਸ ਬਾਬੇ ਦੀ ਯਾਦ ਤਾਜ਼ਾ ਕਰਵਾ ਦਿੰਦੀ ਹੈ ਜਿਸਨੇ ਅੰਬ ਖਾ ਕੇ ਗੁਠਲੀਆਂ ਇਸ ਆਸ ਨਾਲ ਬੀਜ ਦਿੱਤੀਆਂ ਸਨ ਕਿ ਇਸ 'ਚੋਂ ਨਿਕਲਣ ਵਾਲੇ ਅੰਬਾਂ ਦੇ ਬੂਟਿਆਂ ਤੇ ਲੱਗਣ ਵਾਲੇ ਅੰਬ ਉਸ ਦੇ ਪੁੱਤ-ਪੋਤਰੇ ਖਾਣਗੇ। ਹਰਿਆਲੀ ਪੱਖੋਂ ਮਾਝਾ ਪੂਰੀ ਤਰ੍ਹਾਂ ਧਨਵਾਨ ਰਿਹਾ ਹੈ। ਇਸ ਇਲਾਕੇ ਵਿਚ ਟਾਹਲੀ, ਜਾਮਣ, ਕਿੱਕਰ, ਬੇਰੀ, ਅੰਬ, ਤੂਤ (ਸ਼ਾਇਦ ਇਸੇ ਕਰਕੇ ਹੁਣ ਵੀ ਗੀਤਾਂ ਵਿਚ ਸ਼ਾਇਰ ਲੋਕ ਤੂਤਾਂ ਵਾਲੇ ਖੂਹ ਦੀ ਗੱਲ ਕਰਦੇ ਹਨ), ਸ਼ਹਿਤੂਤ, ਨਿੰਮ ਆਦਿ ਬਹੁਤ ਰੁੱਖ ਹੁੰਦੇ ਸਨ। ਸਭ ਤੋਂ ਪਹਿਲਾਂ ਮੁਰੱਬੇਬੰਦੀ ਦੀ ਕੁਹਾੜੀ ਇਨ੍ਹਾਂ ਰੁੱਖਾਂ 'ਤੇ ਏਨੀ ਬੇਰਹਿਮੀ ਨਾਲ ਚੱਲੀ ਕਿ ਵੰਡ ਸਮੇਂ ਖੇਤਾਂ ਵਿਚ ਆਉਣ ਵਾਲੇ ਰੁਖ ਇਸ ਦੀ ਭੇਟ ਚੜ੍ਹ ਗਏ। ਹੋਰ ਰੁੱਖ ਲਾਉਣ ਦਾ ਰੁਝਾਨ ਵੀ ਫਿੱਕਾ ਪੈਂਦਾ ਗਿਆ। ਘਰਾਂ ਵਿਚ ਬਾਲਣ, ਫਰਨੀਚਰ, ਬੂਹੇ ਬਾਰੀਆਂ ਦੀ ਲੋੜ ਪੂਰੀ ਕਰਨ ਲਈ ਰੁੱਖ ਵੱਢੀਦੇ ਰਹੇ ਅਤੇ ਗਿਣਤੀ ਘਟਦੀ ਗਈ। ਅੱਜ ਹਾਲ ਇਹ ਹੈ ਕਿ ਇਸ ਇਲਾਕੇ ਵਿਚੋਂ ਟਾਹਲੀ, ਕਿਕਰ, ਨਿੰਮ, ਅੰਬ, ਜਾਮਣ ਅਤੇ ਇੱਥੋਂ ਤੱਕ ਕਿ ਬੇਰੀਆਂ ਵੀ ਅਲੋਪ ਹੋ ਗਈਆਂ ਹਨ। ਕਦੀ ਤਰਨਤਾਰਨ ਇਲਾਕੇ ਦੇ ਪਿੰਡ ਪੰਡੋਰੀ ਦੇ ਬੇਰ ਬਹੁਤ ਮਸ਼ਹੂਰ ਹੁੰਦੇ ਸਨ ਕਿਉਂਕਿ ਉੱਥੇ ਬੇਰੀਆਂ ਬਹੁਤ ਹੁੰਦੀਆਂ ਸਨ। ਬਾਜ਼ਾਰਾਂ ਵਿਚ ਹੋਕੇ ਲੱਗਿਆ ਕਰਦੇ ਸਨ-''ਬੇਰ ਪੰਡੋਰੀ ਦੇ। ਮਿੱਠੇ ਤੇ ਸ਼ਹਿਦ ਬੇਰ ਪੰਡੋਰੀ ਦੇ। ਲੱਡੂ ਬੇਰ ਪੰਡੋਰੀ ਦੇ।''

**ਮਾਝੇ ਦੇ ਰਸਮੋ-ਰਿਵਾਜ਼:** ਵੈਸੇ ਤਾਂ ਸਾਰੇ ਪੰਜਾਬ ਵਿਚ ਹੀ ਰਸਮੋ-ਰਿਵਾਜ ਆਪਸ ਵਿਚ ਮੇਲ ਖਾਂਦੇ ਹਨ ਪਰ ਫਿਰ ਵੀ ਮਾਝੇ ਦੀ ਆਪਣੇ ਰਸਮੋ-ਰਿਵਾਜ਼ਾਂ ਪ੍ਰਤੀ ਰੀਝ ਵੱਖ ਹੀ ਹੈ। ਪਹਿਲੇ ਸਮਿਆਂ ਵਿਚ ਪਿੰਡ ਆਈ ਹੋਈ ਬਰਾਤ ਇਕ ਖਾਸ ਘਰ ਦੀ ਨਹੀਂ ਸੀ ਹੁੰਦੀ ਸਗੋਂ ਇਹ ਸਾਰੇ ਪਿੰਡ ਦੀ ਸਾਂਝੀ ਸਮਝੀ ਜਾਂਦੀ ਸੀ। ਬਰਾਤਾਂ ਨੂੰ ਦੋ-ਦੋ, ਤਿੰਨ-ਤਿੰਨ ਦਿਨ ਰੱਖਿਆ ਜਾਂਦਾ ਸੀ। ਵਾਰੀ ਵਾਰੀ ਪਿੰਡ ਦੇ ਮੁਹਤਬਰ ਆਦਮੀ ਬਰਾਤ ਦੀ ਟਹਿਲ-ਸੇਵਾ ਦੀ ਜ਼ਿੰਮੇਵਾਰੀ ਆਪਣੇ 'ਤੇ ਲੈ ਲੈਣ ਵਿਚ ਫ਼ਖਰ ਮਹਿਸੂਸ ਕਰਦੇ ਸਨ। ਇਹ ਉਨ੍ਹਾਂ ਦਾ ਆਪਸੀ ਪਿਆਰ ਅਤੇ ਭਾਈਚਾਰੇ ਦਾ ਪ੍ਰਤੀਕ ਹੁੰਦਾ ਸੀ। ਪਿਛਲੇ ਸਮਿਆਂ ਵਿਚ ਜ਼ਿਆਦਾ ਕਰਕੇ ਜੰਞਾਂ ਘੋੜੀਆਂ 'ਤੇ ਜਾਇਆ ਕਰਦੀਆਂ ਸਨ। ਘੋੜੀਆਂ ਦੇ ਦਾਣੇ-ਪੱਠੇ ਦਾ ਪ੍ਰਬੰਧ ਪਿੰਡ ਵਾਲਿਆਂ ਵਲੋਂ ਹੀ ਕੀਤਾ ਜਾਂਦਾ ਸੀ। ਜੰਞ ਵਿਚ ਹਥਿਆਰ (ਬੰਦੂਕਾਂ ਆਦਿ) ਲੈ ਕੇ ਆਉਣ ਦਾ ਰਿਵਾਜ਼ ਸੀ। ਹੁਣ ਕਾਰਾਂ, ਮੋਟਰਾਂ, ਮੋਟਰ ਸਾਈਕਲਾਂ, ਬੱਸਾਂ ਨੇ ਤਾਂ ਘੋੜੀਆਂ 'ਤੇ ਜੰਞਾਂ ਜਾਣ ਦੀ ਗੱਲ ਨੂੰ ਪਰੀ ਦੇਸ਼ ਦੀਆਂ ਕਹਾਣੀਆਂ ਵਰਗਾ ਬਣਾ ਦਿੱਤਾ ਹੈ, ਜਦੋਂ ਕੋਈ ਰਾਜ ਕੁਮਾਰ ਘੋੜੇ ਤੇ ਚੜ੍ਹ ਕੇ ਦੂਸਰੇ ਦੇਸ਼ ਦੀ ਰਾਜ ਕੁਮਾਰੀ ਵਿਆਹੁਣ ਜਾਂਦਾ ਹੁੰਦਾ ਸੀ।

ਪਿੰਡ ਦੀ ਧੀ ਸਾਰੇ ਪਿੰਡ ਦੀ ਧੀ ਅਤੇ ਜਵਾਈ ਸਾਰੇ ਪਿੰਡ ਦਾ ਜਵਾਈ ਸਮਝਿਆ ਜਾਂਦਾ ਸੀ। ਕਾਹਲ, ਆਪੋ-ਧਾਪੀ ਅਤੇ ਖ਼ੁਦਗਰਜੀ ਨੇ ਇਸ ਮਿਠਾਸ ਨੂੰ ਚੱਟ ਹੀ ਲਿਆ ਲਗਦਾ ਹੈ। ਮਾਝਾ ਵੀ ਇਸ ਮਾਰ ਤੋਂ ਬਚ ਨਹੀਂ ਸਕਿਆ। ਲੜਕੇ-ਲੜਕੀ ਦੇ ਵਿਆਹ ਸਮੇਂ ਵਟਣਾ ਲਾਉਣਾ, ਸੁਹਾਗ ਦੇ ਗੀਤ ਗਾਉਣਾ, ਘੋੜੀਆਂ ਗਾਉਣਾ, ਜਾਗੋ ਕੱਢਣੀ, ਨਾਨਕਿਆਂ-ਦਾਦਕਿਆ ਵਲੋਂ ਇਕ ਦੂਸਰੇ ਨੂੰ ਸਿੱਠਣੀਆਂ ਦੇਣੀਆਂ ਅਤੇ ਜੰਞ ਬੰਨ੍ਹਣੀ ਵਿਆਹ ਦੇ ਸਮੇਂ ਨੂੰ ਹੋਰ ਵੀ ਮਿੱਠਾ ਅਤੇ ਖੁਸ਼ਗਵਾਰ ਬਣਾ ਦਿੰਦਾ ਸੀ। ਅਫਸੋਸ! ਇਸ ਮਿਠਾਸ ਵਿਚ ਹੁਣ ਡਿਸਕੋ ਦਾ ਰੌਲਾ ਆ ਵੜਿਆ ਹੈ ਜਿਸ ਨੇ ਸਾਡੇ ਰੀਤੀ ਰਿਵਾਜ਼ਾਂ ਦੀ ਜੜ੍ਹ ਹੀ ਪੁੱਟ ਸੁੱਟੀ ਹੈ।

ਵਿਆਹ ਸਮੇਂ ਮਿਲਣੀ ਕਰਨੀ, ਬਰਾਤ ਉੱਤੋਂ ਪੈਸੇ ਸੁੱਟਣਾ ਮਾਝੇ ਦੀਆਂ ਰੀਤਾਂ ਦਾ ਇੱਕ ਵਿਲੱਖਣ ਅੰਗ ਹੈ। ਮਝੈਲ ਉਦੋਂ ਤੱਕ ਵਿਆਹ ਜਾਣਾ ਹੀ ਨਹੀਂ ਸਮਝਦਾ ਜਦੋਂ ਤੱਕ ਹੱਥ ਵਿਚ ਬੰਦੂਕ ਲੈ ਕੇ ਦੋ ਚਾਰ ਫਾਇਰ ਨਹੀਂ ਕਰ ਲੈਂਦਾ। ਇਕ ਦੂਸਰੇ ਨੂੰ ਸੈਂਟ ਲਾ ਕੇ ਹਰ ਕੋਈ ਆਪਣੀ ਸਰਦਾਰੀ ਦਾ ਰੋਹਬ ਵੀ ਪਾਉਣੋ ਨਹੀਂ ਟਲਦਾ। ਇਸ ਨਜ਼ਾਰੇ ਨੂੰ ਮਨ ਵਿਚ ਯਾਦ ਕਰਦਿਆਂ ਪ੍ਰੋ. ਮੋਹਨ ਸਿੰਘ ਦੀਆਂ ਇਹ ਸਤਰਾਂ ਯਾਦ ਆਉਂਦੀਆਂ ਹਨ:

*(ਬਾਕੀ ਅਗਲੇ ਸਫੇ 'ਤੇ)*

# ਦੁਸ਼ਮਣ ਦੀਆਂ ਗੋਡਣੀਆਂ ਲਵਾਉਣ ਵਾਲਾ ਜਰਨੈਲ-ਸ਼ਾਮ ਸਿੰਘ ਅਟਾਰੀ

ਸ. ਸ਼ਾਮ ਸਿੰਘ ਦੇ ਵੱਡੇ-ਵਡੇਰੇ ਜੈਸਲਮੇਰ (ਰਾਜਸਥਾਨ) ਦੇ ਰਹਿਣ ਵਾਲੇ ਸਨ। ਸੰਨ 1735 ਵਿਚ ਉਹ ਰਾਜਸਥਾਨ ਤੋਂ ਪਲਾਇਨ ਕਰਕੇ ਮਾਲਵੇ ਵਿਚ ਜਗਰਾਓਂ ਨੇੜੇ ਪਿੰਡ 'ਕਾਉਂਕੇ' ਵਿਚ ਆ ਵੱਸੇ। ਸਿੱਖ ਮਿਸਲਾਂ ਦੇ ਸਮੇਂ ਇਸ ਪਰਿਵਾਰ ਦੇ ਦੋ ਸਰਦਾਰ ਗੌਹਰ ਸਿੰਘ ਅਤੇ ਹੇਰ ਸਿੰਘ ਆਪਣੇ ਦੂਸਰੇ ਸਾਥੀਆਂ ਨਾਲ ਮਾਝੇ ਵਿਚ ਆ ਗਏ ਸਨ ਅਤੇ ਇਥੇ ਵੀ ਉਨ੍ਹਾਂ ਨੇ 'ਕਾਉਂਕੇ' ਨਾਂ ਦਾ ਇਕ ਪਿੰਡ ਵਸਾ ਲਿਆ ਸੀ। ਦੱਸਦੇ ਹਨ ਕਿ ਬੈਰਾਗੀ ਸਾਧੂਆਂ ਦੇ ਕਹਿਣ 'ਤੇ ਸ. ਗੌਹਰ ਸਿੰਘ ਨੇ ਇਕ ਪੁਰਾਣੇ ਥੇਹ 'ਤੇ ਜਾ ਡੇਰੇ ਲਾਏ ਅਤੇ ਉਥੇ ਉਚੀ ਅਟਾਰੀ (ਮਕਾਨ) ਪਾ ਲਈ ਸੀ। ਉਚੇ ਉਚੇ ਅਟਾਰੀਆਂ ਵਰਗੇ ਮਕਾਨਾਂ ਦੇ ਨਾਂ 'ਤੇ ਹੀ ਇਸ ਪਿੰਡ ਦਾ ਨਾਮ 'ਅਟਾਰੀ' ਮਸ਼ਹੂਰ ਹੋ ਗਿਆ ਸੀ। ਇਸ ਪਿੰਡ ਵਿਚ ਰਹਿਣ ਵਾਲੇ ਸਰਦਾਰ 'ਅਟਾਰੀ ਵਾਲੇ ਸਰਦਾਰ' ਅਖਵਾਉਣ ਲੱਗੇ। ਸ਼ਾਮ ਸਿੰਘ ਦੇ ਬਜ਼ੁਰਗ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਭਰਤੀ ਹੋ ਕੇ ਚੰਗੇ ਰੁਤਬਿਆਂ 'ਤੇ ਪਹੁੰਚ ਗਏ ਸਨ। ਸ਼ਾਮ ਸਿੰਘ ਦਾ ਪਿਤਾ ਸ. ਨਿਹਾਲ ਸਿੰਘ, ਭੰਗੀ ਮਿਸਲ ਦੇ ਸਰਦਾਰ ਸਾਹਿਬ ਸਿੰਘ ਕੋਲ ਨੌਕਰ ਸੀ।

ਸੰਨ 1795 ਤੋਂ 1798 ਦੇ ਸਮੇਂ ਅੰਦਰ ਅਫਗਾਨਾਂ ਨੇ ਸਾਹਿਬ ਸਿੰਘ ਤੋਂ ਗੁਜਰਾਤ ਦਾ ਇਲਾਕਾ ਖਾਲੀ ਕਰਵਾਉਣ ਲਈ ਸਾਹਿਬ ਸਿੰਘ ਨਾਲ ਕਈ ਲੜਾਈਆਂ ਲੜੀਆਂ। ਇਨ੍ਹਾਂ ਲੜਾਈਆਂ ਵਿਚ ਅਫਗਾਨ ਬਹੁਤ ਹੀ ਬਹਾਦਰੀ ਨਾਲ ਲੜੇ ਪਰ ਉਨ੍ਹਾਂ ਨੂੰ ਹਰ ਵਾਰ ਹਾਰ ਦਾ ਮੂੰਹ ਵੇਖਣਾ ਪਿਆ ਸੀ। ਅੰਤ ਅਹਿਮਦ ਸ਼ਾਹ ਨੂੰ ਸਿੰਘਾਂ ਨੇ ਮਾਰ ਮੁਕਾਇਆ ਸੀ। ਇਨ੍ਹਾਂ ਲੜਾਈਆਂ ਵਿਚ ਸ. ਨਿਹਾਲ ਸਿੰਘ ਬਹੁਤ ਹੀ ਬਹਾਦਰੀ ਨਾਲ ਲੜਿਆ ਅਤੇ ਆਪਣੀ ਬਹਾਦਰੀ ਦੇ ਜੌਹਰ ਵਿਖਾਏ। ਇਸ ਪਿਛੋਂ ਨਿਹਾਲ ਸਿੰਘ, ਸਾਹਿਬ ਸਿੰਘ ਦੀ ਨੌਕਰੀ ਛੱਡ ਕੇ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਕਮਾਂਡਰ ਵਜੋਂ ਭਰਤੀ ਹੋ ਗਿਆ। ਉਸ ਨੇ ਹਰ ਵੱਡੀ ਲੜਾਈ ਵਿਚ ਹਿੱਸਾ ਲਿਆ, ਖਾਸ ਕਰਕੇ ਕਸੂਰ ਦੀ ਜਿੱਤ ਸਮੇਂ ਅਤੇ ਮੁਲਤਾਨ 'ਤੇ ਚੜ੍ਹਾਈ ਸਮੇਂ ਉਸ ਨੇ ਵਿਸ਼ੇਸ਼ ਕਰਕੇ ਬਹਾਦਰੀ ਦੇ ਜੌਹਰ ਵਿਖਾਏ।

ਸ. ਨਿਹਾਲ ਸਿੰਘ ਦੇ ਮਹਾਰਾਜਾ ਰਣਜੀਤ ਸਿੰਘ ਕੋਲ ਨੌਕਰੀ ਵਿਚ ਹੁੰਦਿਆਂ ਹੀ ਸ. ਸ਼ਾਮ ਸਿੰਘ ਅਟਾਰੀ ਵੀ ਮਹਾਰਾਜਾ ਰਣਜੀਤ ਸਿੰਘ ਕੋਲ ਨੌਕਰੀ ਵਿਚ ਆ ਚੁੱਕਾ ਸੀ। ਬਹਾਦਰ ਪਿਤਾ ਦੇ ਹੋਣਹਾਰ ਸਪੂਤ ਨੂੰ ਪਿਤਾ ਨੇ ਘੋੜ-ਅਸਵਾਰੀ, ਤਲਵਾਰਬਾਜ਼ੀ, ਤੀਰ-ਅੰਦਾਜ਼ੀ ਅਤੇ ਲੜਾਈ ਦੇ ਢੰਗ-ਤਰੀਕਿਆਂ ਬਾਰੇ ਜਾਣੂ ਹੀ ਨਹੀਂ ਸੀ ਕਰਵਾਇਆ ਸਗੋਂ ਇਸ ਵਿਚ ਨਿਪੁੰਨ ਵੀ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ ਦੀ ਫੌਜ ਵਿਚ ਹੁੰਦਿਆਂ ਮਹਾਰਾਜਾ ਦੀ ਪਾਰਖੂ ਅੱਖ ਨੇ ਭਾਂਪ ਲਿਆ ਸੀ ਕਿ ਇਹ ਨਿਧੜਕ ਯੋਧਾ ਸਿੱਖ ਰਾਜ ਦੀ ਮਜ਼ਬੂਤੀ ਲਈ ਆਪਣੇ ਪਿਤਾ ਵਾਂਗ ਹੀ ਇਕ ਹੀਰਾ ਸਾਬਤ ਹੋਵੇਗਾ। ਪਿਤਾ ਦੇ ਹੁੰਦਿਆਂ ਹੀ ਸ਼ਾਮ ਸਿੰਘ ਨੂੰ ਇਨਾਮ ਵਜੋਂ ਇਕ ਹੀਰਿਆਂ ਜੜ੍ਹੀ ਕਲਗੀ ਮਹਾਰਾਜੇ ਵਲੋਂ ਮਿਲੀ ਸੀ। ਪਿਤਾ ਦੀ ਮੌਤ ਪਿਛੋਂ ਸੁਖੋ ਇਲਾਕੇ ਦੇ 50,000 ਰੁਪਏ ਸਾਲਾਨਾ ਜਾਗੀਰ ਦਾ ਵਾਰਿਸ ਸ਼ਾਮ ਸਿੰਘ ਬਣ ਗਿਆ ਸੀ। ਸੰਨ 1818 ਵਿਚ ਸ਼ਾਮ ਸਿੰਘ ਦੇ ਪਿਤਾ ਦਾ ਦਿਹਾਂਤ ਹੋ ਗਿਆ। ਪਹਿਲੀ ਲੜਾਈ ਵਿਚ ਸ਼ਾਮ ਸਿੰਘ ਨੇ ਆਪਣੀ ਬਹਾਦਰੀ ਦੇ ਜੌਹਰ ਦਿਖਾਏ ਸਨ। ਮੁਲਤਾਨ ਦੀ ਲੜਾਈ ਸਮੇਂ ਮਹਾਰਾਜਾ ਰਣਜੀਤ ਸਿੰਘ ਵਲੋਂ 'ਭੰਗੀਆਂ ਦੀ ਤੋਪ' ਲੜਾਈ ਵਿਚ ਭੇਜੀ ਗਈ ਸੀ, ਜਿਸ ਵਿਚ ਇਕ ਮਣ ਦਾ ਗੋਲਾ ਪੈਂਦਾ ਸੀ। ਦੋਹਾਂ ਪਾਸਿਆਂ ਤੋਂ ਘਮਸਾਣ ਦਾ ਯੁੱਧ ਹੋਇਆ। ਸਿੰਘਾਂ ਨੇ ਸ਼ਹਿਰ 'ਤੇ ਤਾਂ ਕਬਜ਼ਾ ਕਰ ਲਿਆ ਸੀ ਪਰ ਕਿਲ੍ਹਾ ਸਰ ਨਹੀਂ ਸੀ ਹੋ ਸਕਿਆ, ਜਿਸ ਵਿਚ 20,000 ਗਾਜ਼ੀ ਨਵਾਜ ਮੁਜ਼ੱਫਰ ਖਾਨ ਦੀ ਕਮਾਨ ਹੇਠ ਲੜ ਰਹੇ ਸਨ। ਇਸ ਲੜਾਈ ਦਾ ਹਾਲ ਮੁਣਸ਼ੀ ਗੁਲਾਮ ਜ਼ੀਲਾਨੀ ਨੇ 'ਜੰਗਨਾਮਾ ਮੁਲਤਾਨ' ਵਿਚ ਇਸ ਤਰ੍ਹਾਂ ਲਿਖਿਆ ਹੈ:

"ਮੈਂ ਸਿੱਖਾਂ ਵਾਲਾ ਭੇਸ ਬਣਾ ਕੇ ਕੈਂਪ ਵਿਚ ਮੁਜ਼ੱਫਰ ਖਾਨ ਦੇ ਸੂਹੀਏ ਵਜੋਂ ਫਿਰ-ਤੁਰ ਰਿਹਾ ਸੀ। 2 ਜੂਨ, 1818 ਈ. ਨੂੰ ਜਦੋਂ ਮੈਂ ਰੋਜ਼ ਦੀ ਤਰ੍ਹਾਂ ਆਪਣੀ ਡਿਊਟੀ 'ਤੇ ਨਿਕਲਿਆ ਤਾਂ ਅਚਾਨਕ ਇਕ ਪਾਸਿਓਂ ਮੈਨੂੰ ਕੁਝ ਸ਼ੋਰ-ਸ਼ਰਾਬਾ ਸੁਣਾਈ ਦਿੱਤਾ। ਮੈਂ ਜਦੋਂ ਰੌਲੇ ਵਾਲੀ ਥਾਂ 'ਤੇ ਪੁੱਜਾ ਤਾਂ ਕੀ ਵੇਖਦਾ ਹਾਂ ਕਿ 12-13 ਸਿੰਘ ਆਪਸ ਵਿਚ ਝਗੜ ਰਹੇ ਸਨ ਅਤੇ ਕਹਿ ਰਹੇ ਸਨ ਕਿ ਮੈਂ ਪਹਿਲਾਂ, ਮੈਂ ਪਹਿਲਾਂ। ਅੱਗੇ ਹੋ ਕੇ ਵੇਖਿਆ ਤਾਂ ਮੈਂ ਡਿੱਠਾ ਕਿ 'ਭੰਗੀਆਂ ਵਾਲੀ ਤੋਪ' ਦਾ ਇਕ ਪਹੀਆ ਟੁੱਟ ਚੁੱਕਾ ਸੀ। ਕਿਲ੍ਹੇ ਦੀ ਦੀਵਾਰ ਤੋੜਨ ਦੀ ਸਮਰਥਾ ਕੇਵਲ ਇਸੇ ਹੀ ਤੋਪ ਵਿਚ ਸੀ। ਤੋਪਚੀ ਦੀ ਤਜਵੀਜ਼ ਅਨੁਸਾਰ ਵਾਰੀ ਵਾਰੀ ਪਹੀਏ ਦੀ ਥਾਂ ਆਪਣੇ ਮੋਢੇ ਡਾਹੁਣੇ ਪ੍ਰਵਾਨ ਕਰ ਲਏ ਤੇ



ਇਕ ਦੂਜੇ ਤੋਂ ਅੱਗੇ ਹੋ ਕੇ ਮੋਢੇ ਡਾਹ ਸ਼ਹੀਦੀਆਂ ਪਾਉਣ ਲੱਗੇ। ਸਿੰਘਾਂ ਦੀ ਇਸ ਲਾਸਾਨੀ ਕੁਰਬਾਨੀ ਸਦਕਾ ਤੋਪ ਗੋਲੇ ਦਾਗਦੀ ਰਹੀ ਤੇ ਕਿਲ੍ਹੇ ਦੀ ਦੀਵਾਰ ਢਾਹੁਣ ਵਿਚ ਸਫਲ ਹੋ ਗਈ। ਦੀਵਾਰ ਢਹਿਣ ਦੀ ਦੇਰ ਸੀ ਕਿ ਅਕਾਲੀ ਫੂਲਾ ਸਿੰਘ ਦੀ 'ਅਕਾਲੀ ਫੌਜ' ਟੁੱਟੀ ਥਾਂ ਤੋਂ ਟੱਪ ਕੇ ਅੰਦਰ ਜਾ ਵੜੀ ਅਤੇ ਦੁਸ਼ਮਣ ਨਾਲ ਹੱਥੋ-ਹੱਥੀ ਲੜਾਈ ਵਿਚ ਜੂਝ ਕੇ ਫਤਿਹ ਪ੍ਰਾਪਤ ਕੀਤੀ।"

ਇਸ ਲੜਾਈ ਵਿਚ ਨਵਾਬ ਆਪਣੇ ਦੋ ਪੁੱਤਰਾਂ ਸਮੇਤ ਮਾਰਿਆ ਗਿਆ। ਸ. ਸ਼ਾਮ ਸਿੰਘ ਅਟਾਰੀ ਇਸ ਲੜਾਈ ਵਿਚ ਬਹੁਤ ਹੀ ਬਹਾਦਰੀ ਨਾਲ ਲੜਿਆ। ਉਸ ਦੇ ਮੋਢੇ 'ਤੇ ਕਿਰਪਾਨ ਦਾ ਫੱਟ ਲੱਗਾ ਪਰ ਉਹ ਫਿਰ ਵੀ ਲੜਦਾ ਰਿਹਾ। ਇਸ ਘਟਨਾ ਦਾ ਪਤਾ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਲੱਗਾ ਤਾਂ ਉਹ ਗਦ-ਗਦ ਹੋ ਉਠੇ। ਮਹਾਰਾਜੇ ਦੇ ਮਨ ਵਿਚ ਸ. ਸ਼ਾਮ ਸਿੰਘ ਲਈ ਹੋਰ ਵੀ ਇੱਜ਼ਤ ਵਧ ਗਈ ਸੀ।

ਸ. ਹਰੀ ਸਿੰਘ ਨਲੂਏ ਤੇ ਸ਼ਾਮ ਸਿੰਘ ਦੀ ਸਾਂਝੀ ਸੂਝ-ਬੂਝ ਅਤੇ ਬਹਾਦਰੀ ਸਦਕਾ ਸਿੰਘਾਂ ਨੇ 'ਸ਼ੁਪਈਆ' ਦੇ ਮੈਦਾਨ ਵਿਚ ਅਫਗਾਨਾਂ ਵਿਰੁਧ ਜਿੱਤ ਪ੍ਰਾਪਤ ਕੀਤੀ, ਜਿਸ ਨਾਲ ਸਾਰਾ ਕਸ਼ਮੀਰ ਸਿੱਖ ਰਾਜ ਵਿਚ ਸ਼ਾਮਲ ਹੋ ਗਿਆ ਸੀ। ਇਸ ਜਿੱਤ ਦੀ ਖੁਸ਼ੀ ਵਿਚ ਤਿੰਨ ਦਿਨ ਅੰਮ੍ਰਿਤਸਰ ਵਿਚ ਦੀਪਮਾਲਾ ਕੀਤੀ ਗਈ ਅਤੇ ਸ. ਸ਼ਾਮ ਸਿੰਘ ਅਟਾਰੀ ਨੂੰ ਇਕ ਸੁੰਦਰ ਅਤੇ ਕੀਮਤੀ ਪੁਸ਼ਾਕ ਮਹਾਰਾਜਾ ਨੇ ਇਨਾਮ ਵਜੋਂ ਭੇਂਟ ਕੀਤੀ ਸੀ।

ਸ. ਸ਼ਾਮ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਪੋਤਰੇ ਅਤੇ ਖੜਕ ਸਿੰਘ ਦੇ ਸਪੁੱਤਰ ਕੰਵਰ ਨੌਨਿਹਾਲ ਸਿੰਘ ਨਾਲ ਆਪਣੀ ਲੜਕੀ 'ਨਾਨਕੀ' ਦੀ 1835 ਈ. ਵਿਚ ਮੰਗਣੀ ਕੀਤੀ ਅਤੇ 1837 ਈ. ਵਿਚ ਸ਼ਾਦੀ ਕਰ ਦਿੱਤੀ ਸੀ। ਇਹ ਸ਼ਾਦੀ ਬਹੁਤ ਹੀ ਠਾਠ-ਬਾਠ ਨਾਲ ਕੀਤੀ ਗਈ ਸੀ ਅਤੇ ਦਿਲ ਖੋਲ੍ਹ ਕੇ ਦਾਨ-ਪੁੰਨ ਵੀ ਕੀਤਾ ਗਿਆ ਸੀ। ਮਹਾਰਾਜਾ ਨਾਲ ਕੁੜਮਾਚਾਰੀ ਕਰਕੇ ਸ਼ਾਮ ਸਿੰਘ ਦਾ ਸ਼ਾਹੀ ਦਰਬਾਰ ਵਿਚ ਹੋਰ ਵੀ ਸਤਿਕਾਰ ਵਧ ਗਿਆ ਸੀ।

ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਪਿਛੋਂ ਮਹਾਰਾਜਾ ਸ਼ੇਰ ਸਿੰਘ ਨੇ ਸੰਨ 1841 ਵਿਚ ਸ਼ਾਹ ਸੁਜਾਹ ਦੇ ਪਰਿਵਾਰ ਅਤੇ ਕੈਪਟਨ ਜਾਰਜ ਬ੍ਰਾਡਫੁੱਟ ਨੂੰ ਪੰਜਾਬ ਵਿਚੋਂ ਲੰਘਾ ਕੇ ਅਫਗਾਨਿਸਤਾਨ ਤਕ ਸਹੀ ਸਲਾਮਤ ਪਹੁੰਚਾਉਣ ਦੀ ਜ਼ਿੰਮੇਵਾਰੀ ਸ. ਸ਼ਾਮ ਸਿੰਘ ਨੂੰ ਸੌਂਪੀ ਸੀ। ਇਸ ਕਾਫਲੇ ਵਿਚ ਸ਼ਾਹ ਸੁਜਾਹ ਦੇ ਪਰਿਵਾਰ ਦੀਆਂ 600 ਔਰਤਾਂ, ਕੁਝ ਨੌਕਰ ਅਤੇ ਕੀਮਤੀ ਸਾਜੋ ਸਾਮਾਨ ਸੀ, ਜਿਸ ਦੀ ਰਾਖੀ ਲਈ ਅੰਗਰੇਜ਼ਾਂ ਵਲੋਂ ਬ੍ਰਾਡਫੁੱਟ ਨੂੰ ਨਿਯੁਕਤ ਕੀਤਾ ਗਿਆ ਸੀ। ਇਹ ਕਾਫਲਾ ਅੰਗਰੇਜ਼ਾਂ ਦੇ ਇਲਾਕੇ ਲੁਧਿਆਣਾ ਤੋਂ ਚੱਲ ਕੇ ਕਾਬੁਲ ਪੁੱਜਾ। ਰਸਤੇ ਵਿਚ ਬ੍ਰਾਡਫੁੱਟ ਨੇ ਕਈ ਤਰ੍ਹਾਂ ਨਾਲ ਸ. ਸ਼ਾਮ ਸਿੰਘ ਨੂੰ ਉਕਸਾ ਕੇ ਖਿਝ ਦਿਵਾਉਣ ਦੀ ਕੋਸ਼ਿਸ਼ ਕੀਤੀ ਪਰ ਸ਼ਾਮ ਸਿੰਘ ਨੇ ਸ਼ਾਂਤਚਿੱਤ ਰਹਿ ਕੇ ਬੜੀ ਹੀ ਸਿਆਣਪ ਅਤੇ ਕੁਸ਼ਲਤਾ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹਿਆ ਸੀ।

ਮਹਾਰਾਜਾ ਸ਼ੇਰ ਸਿੰਘ ਦੇ ਦਰਬਾਰ ਵਿਚ ਉਸ ਦੇ ਮੁਖ ਮੰਤਰੀ ਧਿਆਨ ਸਿੰਘ ਡੋਗਰਾ, ਲਹਿਣਾ ਸਿੰਘ ਅਤੇ ਅਜੀਤ ਸਿੰਘ ਸੰਧਾਵਾਲੀਆ ਦੀਆਂ ਕੂਟ ਚਾਲਾਂ ਨੇ 15.9.1843 ਨੂੰ ਮਹਾਰਾਜਾ ਸ਼ੇਰ ਸਿੰਘ ਨੂੰ ਕਤਲ ਕਰਵਾ ਦਿੱਤਾ ਅਤੇ ਇਸ ਪਿਛੋਂ ਨਾਬਾਲਗ ਦਲੀਪ ਸਿੰਘ ਨੂੰ ਤਖ਼ਤ 'ਤੇ ਬਿਠਾ ਦਿੱਤਾ ਜਿਸ ਦਾ ਮੁੱਖ ਮੰਤਰੀ ਧਿਆਨ ਸਿੰਘ ਡੋਗਰੇ ਦਾ ਪੁੱਤਰ ਹੀਰਾ ਸਿੰਘ ਡੋਗਰਾ ਬਣ ਗਿਆ ਸੀ। ਉਹ ਇਸ ਅਹੁਦੇ ਲਈ ਲੰਮੇ ਸਮੇਂ ਤੋਂ ਤਰਲੋਮੱਛੀ ਹੋ ਰਿਹਾ ਸੀ। ਹੁਣ ਹਾਲ ਇਹ ਸੀ ਕਿ ਇਹ ਦਰਬਾਰ ਕਤਲੋਗਾਰਦ ਦਾ ਅਖਾੜਾ ਬਣ ਗਿਆ ਸੀ। ਸੁਚੇਤ ਸਿੰਘ ਨੂੰ ਵੀ ਫੌਜੀਆਂ ਹੱਥੋਂ ਕਤਲ ਕਰਵਾ ਦਿੱਤਾ ਗਿਆ ਅਤੇ ਸਿੱਖ ਫੌਜੀਆਂ ਕੋਲੋਂ ਸੰਤ ਬਾਬਾ ਬੀਰ ਸਿੰਘ ਜੀ ਨੌਰੰਗਾਬਾਦ ਵਾਲਿਆਂ ਨੂੰ ਤੋਪ ਦੇ ਗੋਲੇ ਨਾਲ ਉਡਵਾ ਦਿੱਤਾ ਗਿਆ ਅਤੇ ਹੋਰ ਨਿੱਜੀ ਵਿਰੋਧੀਆਂ ਨੂੰ ਵੀ ਕਤਲ ਕਰਵਾ ਦਿੱਤਾ ਗਿਆ ਸੀ। ਇਸ ਘਿਨਾਉਣੇ ਕੰਮ ਲਈ ਲੋਕਾਂ ਨੇ ਮਹਾਰਾਜੇ ਨੂੰ ਲਾਹਨਤਾਂ ਪਾਈਆਂ ਪਰ ਹੀਰਾ ਸਿੰਘ ਇਨ੍ਹਾਂ ਫੌਜੀਆਂ ਨੂੰ ਇਨਾਮ ਦੇ ਕੇ ਆਪਣੇ ਨਾਲ ਰੱਖਣ ਵਿਚ ਸਫਲ ਰਿਹਾ। ਇਸ ਘਟਨਾ ਤੋਂ ਪਹਿਲਾਂ ਸ. ਸ਼ਾਮ ਸਿੰਘ ਆਪਣੇ ਲੜਕੇ ਦੇ ਅਕਾਲ ਚਲਾਣੇ 'ਤੇ ਅਟਾਰੀ ਗਿਆ ਹੋਇਆ ਸੀ।

ਸ਼ਾਹੀ ਦਰਬਾਰ ਵਿਚ ਪਾਟੋਧਾੜ ਦਾ ਮਾਹੌਲ ਵੇਖ ਕੇ ਸ. ਸ਼ਾਮ ਸਿੰਘ ਆਪਣੇ ਆਪ ਨੂੰ ਦਰਬਾਰ ਦੇ ਰਾਜਸੀ ਮਾਮਲਿਆਂ ਤੋਂ ਦੂਰ ਹੀ ਰੱਖਣ ਲੱਗ ਪਿਆ। ਸ. ਅਟਾਰੀ ਤਾਂ ਸਿੱਖ ਰਾਜ ਨੂੰ ਪ੍ਰਫੁੱਲਤ ਹੁੰਦਾ ਵੇਖਣਾ ਚਾਹੁੰਦਾ ਸੀ ਪਰ ਦਰਬਾਰ ਵਿਚ ਡੋਗਰਿਆਂ ਦੀ ਭੈੜੀ ਨੀਅਤ ਅਤੇ ਪੰਜਾਬ ਵਿਚ ਡੋਗਰਾ ਰਾਜ ਸਥਾਪਤ ਕਰਨ ਦੀਆਂ ਚਾਲਾਂ ਤੋਂ ਉਹ ਦੁਖੀ ਸੀ। ਕੇਵਲ ਡੋਗਰੇ ਹੀ ਨਹੀਂ, ਅੰਗਰੇਜ਼ ਵੀ ਪੰਜਾਬ ਨੂੰ ਆਪਣੇ ਅਧੀਨ ਕਰਨ ਲਈ ਯਤਨਸ਼ੀਲ ਸਨ।

ਡੋਗਰਿਆਂ ਦੀਆਂ ਚਾਲਾਂ ਸਿੱਖ ਰਾਜ ਨੂੰ ਦਿਨ-ਬ-ਦਿਨ ਖੋਖਲਾ ਕਰੀ ਜਾ ਰਹੀਆਂ ਸਨ। ਸ. ਸ਼ਾਮ ਸਿੰਘ ਵੀ ਹੀਰਾ ਸਿੰਘ ਦੇ ਇਸ ਨੀਚ ਕਾਰੇ ਤੋਂ ਦੁਖੀ ਸੀ। 12 ਦਸੰਬਰ, 1844 ਈ. ਦਾ ਦਿਨ ਹੀਰਾ ਸਿੰਘ ਲਈ ਮਨਹੂਸ ਸਿੱਧ ਹੋਇਆ ਜਦੋਂ ਮਹਾਰਾਣੀ ਜਿੰਦਾ ਨਾਬਾਲਗ ਦਲੀਪ ਸਿੰਘ ਨੂੰ ਨਾਲ ਲੈ ਕੇ ਫੌਜਾਂ ਵਿਚ ਆ ਪਹੁੰਚੀ ਤੇ ਕਿਹਾ, "ਖਾਲਸਾ ਜੀ! ਜੇਕਰ ਪੰਜਾਬ ਦਾ ਬਾਦਸ਼ਾਹ ਦਲੀਪ ਸਿੰਘ ਹੈ ਤਾਂ ਉਹ ਮੇਰੀ, ਮੇਰੇ ਭਰਾ ਅਤੇ ਦੂਸਰੇ ਸਿੱਖ ਸਰਦਾਰਾਂ ਦੀ ਸਲਾਹ ਨਾਲ ਰਾਜ ਕਰੇਗਾ। ਜੇਕਰ ਅਸਲ ਬਾਦਸ਼ਾਹ ਉਹ ਨਹੀਂ ਤਾਂ ਮੇਰਾ ਬੱਚਾ ਅੱਜ ਹੀ ਅਜਿਹੀ ਬਾਦਸ਼ਾਹਤ ਨੂੰ ਠੋਕਰ ਮਾਰਦਾ ਹੈ।"

ਸਿੱਖ ਫੌਜੀਆਂ ਨੇ ਜੈਕਾਰਿਆਂ ਦੀ ਗੂੰਜ ਵਿਚ ਦਲੀਪ ਸਿੰਘ ਦੇ ਹੱਕ ਵਿਚ ਆਪਣੀ ਪ੍ਰਵਾਨਗੀ ਦੀ ਮੋਹਰ ਲਾ ਦਿੱਤੀ। ਜਦੋਂ ਹੀਰਾ ਸਿੰਘ ਨੂੰ ਇਸ ਦੀ ਖ਼ਬਰ ਲੱਗੀ ਤਾਂ ਉਸ ਨੇ ਆਪਣੇ ਨਿੱਜੀ ਸਲਾਹਕਾਰ ਪੰਡਿਤ ਜੱਲ੍ਹੇ ਨਾਲ ਸਲਾਹ ਮਸ਼ਵਰਾ ਕਰਕੇ ਜੰਮੂ ਵਲ ਭੱਜ ਨਿਕਲਿਆ ਅਤੇ ਜਾਂਦਾ ਹੋਇਆ ਆਪਣੇ ਨਾਲ ਲਾਹੌਰ ਦਾ ਖਜ਼ਾਨਾ ਵੀ ਲੈ ਗਿਆ ਸੀ। ਇਸ ਤਰ੍ਹਾਂ ਉਹ ਡੋਗਰੇ ਫੌਜੀਆਂ ਵਿਚ ਜਾ ਰਲਿਆ ਸੀ। ਜਦੋਂ ਸ. ਸ਼ਾਮ ਸਿੰਘ ਅਟਾਰੀ ਨੂੰ ਇਹ ਸਭ ਪਤਾ ਲੱਗਾ ਤਾਂ ਉਸ ਨੇ ਸਿੱਖ ਫੌਜੀਆਂ ਨਾਲ ਉਸ ਦਾ ਪਿੱਛਾ ਕੀਤਾ। ਹੀਰਾ ਸਿੰਘ ਲਿਆਂਦਾ ਹੋਇਆ ਧਨ ਡੋਗਰਾ ਫੌਜੀਆਂ ਵਿਚ ਸੁੱਟ ਆਪਣੀ ਜਾਨ ਬਚਾ ਕੇ ਭੱਜ ਨਿਕਲਿਆ ਸੀ ਪਰ ਸ਼ਾਮ ਸਿੰਘ ਦੀ ਕਮਾਨ ਹੇਠ ਲੜ ਰਹੇ ਸਿੱਖ ਬਹਾਦਰ ਫੌਜੀਆਂ ਦੀ ਮਾਰ 'ਚੋਂ ਦੋਵੇਂ ਹੀ ਨਾ ਬਚ ਸਕੇ ਅਤੇ ਸਦਾ ਦੀ ਨੀਂਦ ਸੁਆ ਦਿੱਤੇ ਗਏ।

ਸ. ਸ਼ਾਮ ਸਿੰਘ ਅਟਾਰੀ ਰਾਜਸੀ ਮਾਮਲਿਆਂ ਵਿਚ ਆਮ ਕਰਕੇ ਕੋਈ ਰੁਚੀ ਨਹੀਂ ਸੀ ਰੱਖਦਾ। ਡੋਗਰਿਆਂ ਵਿਰੁਧ ਤਲਵਾਰ ਸ. ਅਟਾਰੀ ਨੇ ਇਸ ਕਰਕੇ ਚੁੱਕੀ ਸੀ ਕਿ ਉਹ ਸਿੱਖ ਰਾਜ ਨੂੰ ਹੜੱਪਣਾ ਚਾਹੁੰਦੇ ਸਨ। ਉਧਰ ਅੰਗਰੇਜ਼ ਡੋਗਰਿਆਂ ਨੂੰ ਆਪਣਾ ਹੱਥ ਠੋਕਾ ਬਣਾ ਕੇ ਇਹ ਕਾਰਜ ਸਿੱਧ ਕਰਨਾ ਚਾਹੁੰਦੇ ਸਨ। ਗੁਲਾਬ ਸਿੰਘ, ਤੇਜਾ ਸਿੰਘ ਅਤੇ ਲਾਲ ਸਿੰਘ ਨਮਕਹਰਾਮੀ ਡੋਗਰਿਆਂ ਨੇ ਸਿੱਖ ਫੌਜ ਦੇ ਭੇਦ ਅੰਗਰੇਜ਼ਾਂ ਨੂੰ ਦਿੱਤੇ ਸਨ। ਅੰਗਰੇਜ਼ਾਂ ਨੇ ਸਤਲੁਜ ਦੀ ਸੰਧੀ ਤੋੜ ਕੇ ਸਿੰਘਾਂ ਦੇ ਇਲਾਕੇ ਵਿਚ ਆਣ ਪੈਰ ਧਰਿਆ ਸੀ। ਸਿੰਘਾਂ ਦੀਆਂ ਅੰਗਰੇਜ਼ਾਂ ਨਾਲ ਪੰਜ ਲੜਾਈਆਂ ਹੋਈਆਂ, ਜਿਨ੍ਹਾਂ ਵਿਚ ਮੁਦਕੀ ਦੀ ਲੜਾਈ, ਫੇਰੂ ਸ਼ਾਹ ਦੀ ਲੜਾਈ, ਬੱਦੋਵਾਲ ਦੀ ਲੜਾਈ, ਆਲੀਵਾਲ ਦੀ ਲੜਾਈ ਤੇ ਸਭਰਾਵਾਂ ਦੀ ਲੜਾਈ ਸ਼ਾਮਲ ਹਨ।

ਇਹ ਲੜਾਈਆਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਹੀ ਸ. ਸ਼ਾਮ ਸਿੰਘ ਆਪਣੇ ਪੁੱਤਰ ਕਾਹਨ ਸਿੰਘ ਦੀ ਸ਼ਾਦੀ ਦੇ ਸੰਬੰਧ ਵਿਚ ਲੁਧਿਆਣੇ ਜ਼ਿਲੇ ਦੇ ਪਿੰਡ 'ਕਕਰਾਲੇ' ਗਏ ਹੋਏ ਸਨ। ਲਾਹੌਰ ਤੋਂ ਨੌਕਰੀ ਛੱਡ ਕੇ ਉਹ ਵਾਪਸ ਅਟਾਰੀ ਆ ਗਏ। ਲਾਹੌਰ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਪਿਛੋਂ ਹੋਈਆਂ ਘਟਨਾਵਾਂ ਤੋਂ ਉਹ ਬਹੁਤ ਦੁਖੀ ਸਨ। ਆਪਹੁਦਰੇ ਫੌਜੀਆਂ ਦੀਆਂ ਮਨਮਾਨੀਆਂ ਕਾਰਨ ਸ਼ਾਮ ਸਿੰਘ ਨੇ ਨੌਕਰੀ ਛੱਡ ਦਿੱਤੀ। ਜਦੋਂ ਸ਼ਾਮ ਸਿੰਘ ਨੂੰ ਅੰਗਰੇਜ਼ਾਂ ਦੇ ਹਮਲੇ ਦਾ ਪਤਾ ਲੱਗਾ ਤਾਂ ਉਹ ਪਿੰਡ 'ਕਕਰਾਲੇ' ਤੋਂ ਅਟਾਰੀ ਵਾਪਸ ਆ ਗਏ ਸਨ।

ਫੇਰੂ ਸ਼ਾਹ ਦੀ ਹੋਈ ਹਾਰ ਪਿਛੋਂ ਰਾਣੀ ਜਿੰਦਾਂ ਨੇ ਸ਼ਾਮ ਸਿੰਘ ਨੂੰ ਇਸ ਤਰ੍ਹਾਂ ਦਾ ਸੁਨੇਹਾ ਭੇਜਿਆ, "ਸਰਦਾਰ ਜੀ! ਹੁਣ ਤੁਸੀਂ ਹੀ ਸਿੱਖ ਰਾਜ ਦੇ ਬਚਾਓ ਲਈ ਕੁਝ ਕਰ ਸਕਦੇ ਹੋ। ਆਓ ਅਤੇ ਸਿੱਖ ਫੌਜ ਦੀ ਕਮਾਨ ਸੰਭਾਲੋ।" ਇਹ ਰੁੱਕਾ ਪੜ੍ਹ ਕੇ ਸਰਦਾਰ ਦਾ ਖੂਨ ਖੌਲ ਉਠਿਆ। ਉਹ ਮੋਰਚੇ 'ਤੇ ਪਹੁੰਚ ਗਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅਰਦਾਸਾ ਕਰਕੇ ਫੌਜ ਦੇ ਸਾਹਮਣੇ ਪ੍ਰਣ ਲਿਆ ਕਿ ਜੇਕਰ ਸਿੱਖ ਫੌਜ ਹਾਰੀ ਤਾਂ ਸ਼ਾਮ ਸਿੰਘ ਅਟਾਰੀ ਜਿਊਂਦਾ ਵਾਪਸ ਘਰ ਨਹੀਂ ਆਵੇਗਾ। 10 ਫਰਵਰੀ 1846 ਨੂੰ ਅੰਗਰੇਜ਼ਾਂ ਅਤੇ ਸਿੰਘਾਂ ਵਿਚ ਘਮਸਾਣ ਦਾ ਯੁਧ ਹੋਇਆ।

ਅੰਗਰੇਜ਼ਾਂ ਦੇ ਅਚਾਨਕ ਬੋਲੇ ਹੋਏ ਹੱਲੇ ਅਤੇ ਗੱਦਾਰ ਡੋਗਰੇ ਤੇਜਾ ਸਿੰਘ ਦੇ ਕੀਤੇ ਧਰੋਹ ਨਾਲ ਸਿੱਖ ਫੌਜਾਂ ਦੇ ਪੈਰ ਉਖੜ ਗਏ। ਤੇਜਾ ਸਿੰਘ ਨੇ ਦਰਿਆ ਸਤਲੁਜ 'ਤੇ ਬਣੇ ਹੋਏ ਬੇੜੀਆਂ ਦਾ ਪੁਲ ਵੀ ਤੁੜਵਾ ਦਿੱਤਾ ਤਾਂ ਜੋ ਆਪਣੇ ਪਿਆਰੇ ਪੰਜਾਬ ਲਈ ਲੜਦੇ ਹੋਏ ਸਿੰਘ ਫੌਜੀ ਦਰਿਆ ਪਾਰ ਨਾ ਕਰ ਸਕਣ। ਗੱਦਾਰਾਂ ਦੀ ਗੱਦਾਰੀ ਰੰਗ ਲਿਆਈ। ਦੁਸ਼ਮਣ ਨੇ ਸ. ਸ਼ਾਮ ਸਿੰਘ ਅਟਾਰੀ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸਰਦਾਰ ਛਾਤੀ ਵਿਚ ਛੇ ਗੋਲੀਆਂ ਖਾ ਕੇ ਆਪਣੇ ਘੋੜੇ ਤੋਂ ਢਹਿ ਪਿਆ ਅਤੇ ਆਪਣੇ ਪਿਆਰੇ ਪੰਜਾਬ ਦੀ ਰਾਖੀ ਕਰਦਾ ਹੋਇਆ ਕੁਰਬਾਨ ਹੋ ਗਿਆ।

*('ਮਾਝਾ ਦਰਸ਼ਨ' ਵਿਚੋਂ)*

# ਮਾਝੇ ਦੇ ਰੰਗ

"ਕਿੱਥੇ ਨੇ ਉਹ ਸਾਲੂ ਸੂਹੇ, ਕਿੱਥੇ ਨੇ ਉਹ ਖਿੰਦੇ ਬੂਹੇ?
ਚੁੱਕ ਅੱਡੀਆਂ ਪੰਜਾ ਲਾਇਆ, ਕੁੜੀਆਂ ਗਾਏ ਸੋਹਲੇ।"

**ਮਾਝੇ ਦੇ ਤਿਉਹਾਰ ਅਤੇ ਤੀਆਂ (ਸਾਵੇਂ):** ਦੁਆਬੇ-ਮਾਲਵੇ ਦੀ ਤਰ੍ਹਾਂ ਮਾਝੇ ਵਿਚ ਵੀ ਕੁੜੀਆਂ-ਚਿੜੀਆਂ ਅਤੇ ਸੱਜ ਵਿਆਹੀਆਂ ਸਾਵਣ ਦੇ ਮਹੀਨੇ ਤੀਆਂ ਵਿਚ ਜਾਣਾ ਲੋਚਦੀਆਂ ਹਨ। ਨਵ-ਵਿਆਹੀਆਂ ਦੇ ਮਾਪੇ ਆਪਣੀਆਂ ਲੜਕੀਆਂ ਨੂੰ ਪਹਿਲੇ ਸਾਵਣ ਪੇਕੇ ਘਰ ਲੈ ਆਉਂਦੇ ਹਨ। ਤੀਆਂ 'ਤੇ ਬਣ-ਠਣ ਕੇ ਜਾਣਾ ਹਰ ਲੜਕੀ ਦੀ ਰੀਝ ਹੁੰਦੀ ਹੈ।

ਸਾਵਿਆਂ ਵਿਚ ਉਹ ਆਪਣੀਆਂ ਸਖੀਆਂ-ਸਹੇਲੀਆਂ ਨਾਲ ਦਿਲ ਖੋਲ੍ਹ ਕੇ ਆਪਣੇ ਸਹੁਰੇ ਘਰ ਦੀਆਂ, ਪਤੀ ਦੀਆਂ, ਜੇਠ-ਜਠਾਣੀ ਦੀਆਂ ਸਿਫਤਾਂ ਜਾਂ ਚੁਗਲੀਆਂ ਕਰਦੀਆਂ ਹਨ। ਤੀਆਂ ਵਿਚ ਇਕੱਠੇ ਹੋਣ ਦੀ ਥਾਂ ਪਿੰਡ ਤੋਂ ਬਾਹਰ ਕਿਸੇ ਛੱਪੜ ਕੰਢੇ ਹੁੰਦੀ ਹੈ ਜਿੱਥੇ ਪਿੱਪਲਾਂ-ਬੋਹੜਾਂ 'ਤੇ ਪਈਆਂ ਪੀਂਘਾਂ ਤੇ ਜਵਾਨੀ ਦਾ ਜ਼ੋਰ, ਪੱਤੇ ਤੋੜ ਕੇ ਆਪਣੀ ਜਵਾਨੀ ਦਾ ਪ੍ਰਦਰਸ਼ਨ ਕਰਦਾ ਹੈ।

ਸਾਵਣ ਦੇ ਮਹੀਨੇ ਤੀਆਂ (ਸਾਵਿਆਂ) ਸਮੇਂ ਖੀਰ ਅਤੇ ਪੂੜੇ ਪਕਾਉਣੇ ਇੱਕ ਸੁਗਾਤ ਸਮਝੀ ਜਾਂਦੀ ਹੈ। ਸ਼ਾਲਾ! ਇਹ ਰੀਝਾਂ ਸਦਾ ਜਵਾਨ ਰਹਿਣ।

ਪੰਜਾਬੀਆਂ ਨੂੰ ਮੇਲੇ-ਮਸਾਧੇ ਅਤੇ ਤਿਉਹਾਰ ਮਨਾਉਣ ਦਾ ਬਹੁਤ ਸ਼ੌਕ ਹੈ। ਤਰਨਤਾਰਨ ਦੀ ਮੱਸਿਆ ਜਾਣਾ ਮਝੈਲਾਂ ਲਈ ਵਿਆਹ ਵਰਗਾ ਦਿਨ ਹੁੰਦਾ ਹੈ। ਉਹ ਆਪਣੇ ਸਾਰੇ ਕੰਮ ਛੱਡ ਕੇ ਮੱਸਿਆ ਜਾਣਾ ਨਹੀਂ ਭੁੱਲਦੇ। ਕਈ ਲੋਕਾਂ ਨੇ ਤਾਂ ਮੱਸਿਆ ਸੁੱਖੀ ਹੁੰਦੀ ਹੈ ਜਿਨ੍ਹਾਂ ਨੂੰ ਉਹ ਹਰ ਕੀਮਤ 'ਤੇ ਦਰਬਾਰ ਸਾਹਿਬ ਤਰਨਤਾਰਨ ਆ ਇਸ਼ਨਾਨ ਕਰ ਪੂਰਾ ਕਰਦੇ ਹਨ। ਇਵੇਂ ਹੀ ਅੰਮ੍ਰਿਤਸਰ ਦੀ ਦੀਵਾਲੀ ਅਤੇ ਵਿਸਾਖੀ ਜਗਤ ਪ੍ਰਸਿੱਧ ਹੈ। ਦੀਵਾਲੀ ਅਤੇ ਵਿਸਾਖੀ ਮੌਕੇ ਪਸ਼ੂਆਂ ਦੀ ਭਾਰੀ ਮੰਡੀ ਲਗਦੀ ਹੈ। ਅੰਮ੍ਰਿਤਸਰ ਦੀ ਦੀਵਾਲੀ ਬਾਰੇ ਤਾਂ ਮਸ਼ਹੂਰ ਹੈ-

"ਦਾਲ ਰੋਟੀ ਘਰ ਦੀ, ਦੀਵਾਲੀ ਅੰਬਰਸਰ ਦੀ।"

**ਮਾਝੇ ਦੀਆਂ ਆਨਾਜ ਮੰਡੀਆਂ:** ਸਮੁੱਚੇ ਤੌਰ 'ਤੇ ਪੰਜਾਬ ਸਾਰੇ ਦੇਸ਼ ਦਾ ਅੰਨਦਾਤਾ ਹੈ। ਮਾਝੇ ਦੀਆਂ ਅੱਜ ਕੱਲ੍ਹ ਬੀਜੀਆਂ ਜਾਣ ਵਾਲੀਆਂ ਮੁੱਖ ਫਸਲਾਂ ਕਣਕ ਅਤੇ ਝੋਨਾ ਹੀ ਰਹਿ ਗਈਆਂ ਹਨ। ਬੇਸ਼ਕ ਮਾਝੇ ਦੇ ਕੁਝ ਇਲਾਕੇ ਵਿਚ ਜਿੱਥੇ ਖੰਡ ਮਿੱਲਾਂ ਹਨ ਉੱਥੇ ਕਮਾਦ ਵੀ ਬੀਜਿਆ ਜਾਂਦਾ ਹੈ ਪਰ ਕਮਾਦ ਹੇਠਲਾ ਰਕਬਾ ਘੱਟਦਾ ਜਾ ਰਿਹਾ ਹੈ। ਮਾਝੇ ਦੇ ਤਿੰਨ ਜ਼ਿਲ੍ਹੇ ਹਨ ਜਿਨ੍ਹਾਂ ਦੀਆਂ ਮੁੱਖ ਅਨਾਜ ਮੰਡੀਆਂ ਹੇਠ ਲਿਖੇ ਅਨੁਸਾਰ ਹਨ-

**ਅੰਮ੍ਰਿਤਸਰ:** ਭਗਤਾਂਵਾਲਾ, ਰਈਆ, ਅਜਨਾਲਾ, ਰਮਦਾਸ, ਮਜੀਠਾ, ਵੇਰਕਾ, ਜੈਂਤੀਪੁਰ ਅਤੇ ਜੰਡਿਆਲਾ ਗੁਰੂ।

**ਤਰਨਤਾਰਨ:** ਤਰਨਤਾਰਨ, ਪੱਟੀ, ਖਡੂਰ ਸਾਹਿਬ, ਭਿੱਖੀਵਿੰਡ, ਝਬਾਲ, ਅਟਾਰੀ, ਗੋਇੰਦਵਾਲ।

**ਗੁਰਦਾਸਪੁਰ:** ਗੁਰਦਾਸਪੁਰ, ਬਟਾਲਾ, ਕਾਦੀਆਂ, ਡੇਰਾ ਬਾਬਾ ਨਾਨਕ, ਸ੍ਰੀ ਹਰਗੋਬਿੰਦਪੁਰ, ਕੋਟਲੀ ਸੂਰਤ ਮੱਲ੍ਹੀ, ਦੀਨਾ ਨਗਰ, ਪਠਾਨਕੋਟ।

**ਮਝੈਲ ਅਤੇ ਪਰਵਾਸ:** ਮਾਝੇ ਦੀਆਂ ਦੋ ਕੌਮਾਂ ਜੱਟ ਅਤੇ ਮਜ੍ਹਬੀ ਸਿੱਖਾਂ ਨੇ ਅੰਗਰੇਜ਼ੀ ਰਾਜ ਸਮੇਂ ਫੌਜ ਵਿਚ ਭਰਤੀ ਹੋ ਕੇ ਦੇਸ਼ ਦੀ ਰੱਖਿਆ ਦੇ ਕੰਮ ਵਿਚ ਪੂਰਾ ਸਹਿਯੋਗ ਦਿੱਤਾ ਸੀ। ਫੌਜ 'ਚੋਂ ਸੇਵਾ ਮੁਕਤ ਹੋ ਕੇ ਇਹ ਮਝੈਲ ਹੀ ਸਨ ਜਿਨ੍ਹਾਂ ਨੇ ਆਪਣੀ ਰੋਜ਼ੀ-ਰੋਟੀ ਲਈ ਆਪਣੀਆਂ ਮੁਹਾਰਾਂ ਬਾਹਰਲੇ ਮੁਲਕਾਂ-ਮਲਾਇਆ, ਸਿੰਗਾਪੁਰ, ਮਾਲਟਾ, ਫਿਜੀ, ਅਫਰੀਕਾ ਅਤੇ ਅਮਰੀਕਾ ਵਲ ਮੋੜ ਪਰਵਾਸ ਨੂੰ ਜਨਮ ਦਿੱਤਾ ਸੀ। ਕਿਉਂਕਿ ਇਹ ਲੋਕ ਜ਼ਿਆਦਾ ਪੜ੍ਹੇ-ਲਿਖੇ ਨਹੀਂ ਸਨ ਇਸ ਕਰਕੇ ਉਥੇ ਇਹ ਲੋਕ ਜ਼ਿਆਦਾਤਰ ਚੌਕੀਦਾਰਾ ਹੀ ਕਰਦੇ ਸਨ। ਇਨ੍ਹਾਂ ਲੋਕਾਂ ਨੇ ਵਿਦੇਸ਼ਾਂ ਵਿਚ ਗੁਰਦੁਆਰੇ ਉਸਾਰੇ। ਗਦਰੀ ਬਾਬਿਆਂ ਵਿਚ ਬਾਬਾ ਸੋਹਣ ਸਿੰਘ ਜੀ ਭਕਨਾ, ਬਾਬਾ ਗੁਰਦਿਤ ਸਿੰਘ, ਬਾਬਾ ਵਸਾਖਾ ਸਿੰਘ, ਪੰਡਿਤ ਸੋਹਣ ਲਾਲ ਪਾਠਕ, ਮਦਨ ਲਾਲ ਢੀਂਗਰਾ ਸਾਰੇ ਹੀ ਮਾਝੇ ਦੇ ਸਨ।

ਮਝੈਲ ਦੇ ਹੱਥ ਵਿਚ ਤੇਲ ਨਾਲ ਚੋਪੜੀ ਸੰਮਾਂ ਵਾਲੀ ਡਾਂਗ, ਕੋਕਿਆਂ ਨਾਲ ਮੜ੍ਹਿਆ ਖੂੰਡਾ, ਧਰਤੀ ਹੂੰਝਦਾ ਹੋਇਆ ਤੇੜ ਬੰਨ੍ਹਿਆਂ ਚਾਦਰਾ ਅਤੇ ਕੰਨ 'ਤੇ ਛੱਡਿਆ ਹੋਇਆ ਸ਼ਮਲਾ ਉਸਨੂੰ ਹੋਰਨਾਂ ਸਭਨਾ ਨਾਲੋਂ ਨਿਖੇੜਦਾ ਹੈ। ਅਜਿਹੀ ਦਿੱਖ ਵਿਚ ਜਦੋਂ ਹਵਾ ਨਾਲ ਉਸ ਦੀ ਤੇੜ ਬੰਨ੍ਹੀਂ ਹੋਈ ਚਾਦਰ ਉੱਡ ਕੇ ਇੱਕ ਪਾਸੇ ਹੁੰਦੀ ਹੈ ਤਾਂ ਉਸ ਦੇ ਪੱਟਾਂ ਦੀਆਂ ਛੱਲੀਆਂ 'ਤੇ ਪਈਆਂ ਹੋਈਆਂ ਮੋਰਨੀਆਂ ਉਡ ਜਾਣ ਨੂੰ ਕਾਹਲੀਆਂ ਜਾਪਦੀਆਂ ਹਨ। ਮਝੈਲ ਘਰ ਦੀ ਸ਼ਰਾਬ ਪੀਣੀ, ਬੱਕਰੇ ਵੱਢਣੇ ਅਤੇ ਫਿਰ ਖੁਸ਼ੀ ਵਿਚ ਬੱਕਰੇ ਬੁਲਾਉਣੇ ਆਪਣੀ ਸ਼ਾਨ ਸਮਝਦੇ ਹਨ। ਘਰ ਆਏ ਹੋਏ ਪ੍ਰਾਹੁਣੇ ਦੀ ਸੇਵਾ ਸ਼ਰਾਬ ਅਤੇ ਕਬਾਬ ਨਾਲ ਨਾ ਹੋਵੇ ਤਾਂ ਉਹ ਇਸ ਨੂੰ ਸੇਵਾ ਹੀ ਨਹੀਂ ਸਮਝਦੇ। ਅਫਸੋਸ!

ਨਸ਼ਿਆਂ ਦੀ ਮਾਰ ਕਾਰਨ ਖੂੰਡੇ ਹੁਣ ਤੁਰਨ ਲਈ ਖੂੰਡੀਆਂ ਵਿਚ ਵਟਦੇ ਜਾ ਰਹੇ ਹਨ। ਹੁਣ ਪਹਿਲਾਂ ਵਰਗਾ ਸਰੂ ਵਰਗਾ ਮਝੈਲ ਨਹੀਂ ਰਿਹਾ। ਉਹ ਦੁੱਧ ਵਲ ਪਿੱਛਾ ਕਰ ਚਾਹ ਦਾ ਦੀਵਾਨਾ ਹੈ। ਕਸਰਤ ਕਰਨੀ ਤਾਂ ਦੂਰ ਦੀ ਗੱਲ ਉਹਨੂੰ ਬੈੱਡ-ਟੀ ਤੋਂ ਬਿਨਾਂ ਬਿਸਤਰੇ 'ਚੋਂ ਉੱਠਣਾ ਵੀ ਔਖਾ ਲਗਦਾ ਹੈ। ਝੋਨੇ ਦੀ ਬਿਜਾਈ ਨੇ ਧਰਤੀ ਦੇ ਪਾਣੀ ਦਾ ਤਲ ਬਹੁਤ ਹੀ ਹੇਠਾਂ ਲੈ ਆਂਦਾ ਹੈ ਜਿਸ ਕਰਕੇ ਡਰ ਹੈ ਕਿ ਕਿਧਰੇ ਇਹ ਹਰਿਆ ਭਰਿਆ ਮਾਝਾ ਰੇਗਿਸਤਾਨ ਹੀ ਨਾ ਬਣ ਜਾਵੇ। ਅਜੋਕੇ ਮਝੈਲ ਮੁੰਡੇ ਹੁਣ ਹਲਾਂ ਦੀ ਜੰਘੀ ਨਹੀਂ ਫੜ੍ਹਦੇ ਸਗੋਂ ਉਹ ਮੋਟਰ ਸਾਈਕਲਾਂ ਦੇ ਹੈਂਡਲਾਂ ਦੇ ਸ਼ੁਕੀਨ ਹੋ ਗਏ ਹਨ। ਕਿਰਸਾਨੀ ਵਲ ਰੁਝਾਨ ਨਾ ਹੋ ਕੇ ਉਨ੍ਹਾਂ ਦਾ ਰੁਝਾਨ ਵਿਦੇਸ਼ਾਂ ਵਲ ਹੋ ਰਿਹਾ ਹੈ। ਮਹਿੰਗੀਆਂ ਕੀਟਨਾਸ਼ਕ ਦਵਾਈਆਂ, ਸਪਰੇਆਂ, ਖਾਦਾਂ ਦਾ ਬੋਝ ਕਿਰਸਾਨੀ ਦਾ ਕਚੂਮਰ ਕੱਢੀ ਜਾ ਰਿਹਾ ਹੈ। ਇਸ ਮਾਝੇ ਦਾ ਕੀ ਬਣੇਗਾ ਸੋਚ ਕੇ ਮਨ ਵਿਚ ਇਕ ਚੀਸ ਜਿਹੀ ਉੱਠਦੀ ਹੈ। ਰੱਬ ਭਲਾ ਕਰੇ!

"ਤਾਰੂ ਪੰਜ ਦਰਿਆ ਦਾ ਡੁੱਬ ਰਿਹਾ ਪਿਆਲੇ।"

ਰਿਹਾ ਹੋਵਾਂ ਤਾਂ ਤੁਰੀ ਵੀ ਜਾਨਾਂ। ਪਰ ਉਦੋਂ ਨੀਂਦ ਨੇ ਬੋਲਤੀ ਬੰਦ ਕਰ ਦਿੱਤੀ।" ਮੈਂ: "ਹੁਣ ਇਸ ਵੇਲੇ ਲੱਗਦਾ 'ਟੂ-ਇਨ ਵੰਨ' ਵਾਲੀ ਸਥਿਤੀ ਹੈ।" ਉਹ ਕਹਿੰਦਾ: "ਉੱਕਾ ਨਾਰਮਲ ਹੈ ਇਹ ਮੇਰੇ ਲਈ, ਫ਼ਿਕਰ ਨਾ ਕਰੋ। ਏਥੇ ਜ਼ਿੰਦਗੀ ਏਦਾਂ ਹੀ ਚਲਦੀ ਹੈ।" ਮੈਂ: "ਕਿੱਦਾਂ ਦੀ ਹੈ ਇਹ ਜ਼ਿੰਦਗੀ?" ਉਹ ਚੁੱਪ ਰਹਿੰਦਾ, ਤੁਰੀ ਜਾਂਦਾ, ਮੈਂ ਉਹਦੇ ਨਾਲ ਤੁਰ ਰਿਹਾਂ।

ਸਟੇਸ਼ਨ ਦੇ ਬਾਹਰ ਨਿਕਲਦੇ ਹਾਂ ਤਾਂ ਉਹ ਦਸਦਾ: "ਓਹ ਸਾਹਮਣੇ ਮੇਰੇ ਨਿੱਕੇ ਭਰਾ ਦੀ 'ਫਿਸ਼ ਐਂਡ ਚਿੱਪਸ' ਦੁਕਾਨ ਹੈ। ਇਹ ਐਤਵਾਰ ਦੁਕਾਨ ਖੋਲ੍ਹਦਾ, ਟੂਰਿਸਟ ਸੀਜ਼ਨ ਹੈ। ਇਹ ਜਰਮਨੀ 'ਚ ਨੌਂ ਸਾਲ ਰਿਹਾ। ਦੋ ਹਜ਼ਾਰ ਪੌਂਡ ਦੇ ਕੇ ਲੌਰੀ ਰਾਹੀਂ ਸਮਗਲ ਹੋ ਕੇ ਏਥੇ ਪੁੱਜਾ। ਏਥੋਂ ਦੀ ਕੁੜੀ ਨਾਲ ਵਿਆਹ ਕੀਤਾ, ਪੱਕਾ ਹੋ ਗਿਆ। ਹੁਣ ਮੇਰੇ ਵਾਂਗ 'ਫਿੱਸ਼ ਐਂਡ ਚਿੱਪਸ' ਦੀ ਦੁਕਾਨ ਕਰਦਾ, ਚੰਗੀ ਚਲਦੀ ਹੈ, ਖੁਸ਼ ਹੈ।" ਮੈਂ: "ਤੂੰ ਖੁਸ਼ ਏਂ ਜਾਂ ਸੁੱਤਾ ਹੋਇਆ ਏਂ? ਸਾਊਥਾਲ 'ਚ ਤੂੰ ਕਿਹਾ ਇਹਦਾ ਜੁਆਬ ਤੂੰ ਬ੍ਰਾਈਟਨ 'ਚ ਦੇਵੇਂਗਾ।"

ਦਰਸ਼ਨ: "ਰੱਜ ਕੇ ਖੁਸ਼ ਹਾਂ। ਖੁਸ਼ ਨਾ ਹੋ ਕੇ ਮਰਨਾ। ਮੈਂ ਉਨ੍ਹਾਂ ਹਿਪੋਕ੍ਰੇਟਾਂ 'ਚੋਂ ਨਹੀਂ ਜੋ ਅੰਬ ਚੂਪੀ ਵੀ ਜਾਂਦੇ ਨੇ ਤੇ ਖੱਟੇ ਵੀ ਕਹੀ ਜਾਂਦੇ ਨੇ। ਏਥੇ ਆ ਕੇ ਸਾਰੇ ਚੰਗੇ ਰਹਿੰਦੇ ਨੇ। ਪੰਜ ਛੇ ਲੱਖ ਖਰਚ ਕਰਕੇ ਜਿਹੜਾ ਪੁੱਜਦਾ ਹਰੇਕ ਬੰਦਾ ਉਹਨੂੰ ਵਧਾਈਆਂ ਦੇਂਦਾ ਕਿ ਮੋਰਚਾ ਫਤਿਹ ਕਰ ਲਿਆ, ਉਹ ਨਾਖੁਸ਼ ਕਿਵੇਂ ਰਹਿ ਸਕਦਾ? ਮਾਂ-ਬਾਪ, ਭੈਣ ਭਰਾ, ਆਪਣਾ ਘਰ, ਪਿੰਡ, ਪੰਜਾਬ ਤੋਂ ਦੂਰੀ ਹੋ ਜਾਂਦੀ ਹੈ, ਜਿਹਦਾ ਹੁਣ ਕੋਈ ਮਤਲਬ ਨਹੀਂ ਰਿਹਾ। ਕੀ ਪਿਆ ਉੱਥੇ ਜਿਸ ਨੂੰ ਆਮ ਬੰਦਾ 'ਮਿਸ' ਕਰੇ? ਤੁਸੀਂ ਪ੍ਰੋਫੈਸਰ ਹੋ, ਤੁਸੀਂ ਏਥੇ ਆ ਕੇ ਚੰਡੀਗੜ੍ਹ 'ਮਿਸ' ਕਰੋਗੇ; ਜਸਵੰਦ ਦੀਦ ਜਲੰਧਰ ਦੂਰਦਰਸ਼ਨ 'ਚ ਡਾਇਰੈਕਟਰ ਹੈ, ਉਹ ਛੱਡ ਕੇ ਏਥੇ ਆਵੇ ਤਾਂ ਪਿਛਾਂਹ 'ਮਿਸ' ਕਰੇਗਾ। ਲਿਟਲ ਹੈਪਟਨ 'ਚ ਮੇਰੀ ਦੁਕਾਨ ਹੈ, ਉੱਥੇ ਇਕ ਡਾਕਟਰ ਆਇਆ ਪੰਜਾਬ ਤੋਂ, ਬੜਾ ਔਖਾ ਰਿਹਾ। ਅਸੀਂ ਕਿੰਨੇ ਮੁੰਡੇ ਨਕੋਦਰ 'ਚ ਪੜ੍ਹਦੇ ਸੀ, ਕਿਸੇ ਨੂੰ ਭਵਿੱਖ 'ਚ ਕੁਝ ਦਿੱਸਦਾ ਨਜ਼ਰ ਨਹੀਂ ਸੀ ਆਉਂਦਾ। ਦਸ ਅਸੀਂ ਮੁੰਡੇ, ਸਾਰੇ ਇਕੱਠੇ ਨਿਕਲੇ ਉੱਥੋਂ। ਦੌੜ ਆਏ ਨਕੋਦਰੋਂ, ਪੰਜਾਬ ਤੋਂ। ਅਸੀਂ ਉਹੋ ਜਿਹੀ ਲਾਈਫ ਨਹੀਂ ਦੇਖੀ ਜਿਹਨੂੰ 'ਮਿਸ' ਕਰੀਏ। ਸਾਨੂੰ ਕੋਈ ਦੁਬਿਧਾ ਨਹੀਂ। ਆਪਣਾ ਪ੍ਰੀਤਮ ਸਿੱਧੂ ਹੈ। ਮੋਹਾਲੀ 'ਚ ਕੋਠੀ ਬਣਾ ਲਈ ਬੜੇ ਚਾਅ ਨਾਲ, ਪਰ ਪੁਤ-ਪੋਤੇ ਇੰਗਲੈਂਡ 'ਚ। ਦੁਬਿਧਾ ਉਹਨੂੰ ਹੋ ਸਕਦੀ ਹੈ। ਪਿਛਾਂਹ ਤੋਂ ਅਸੀਂ ਕੀ ਲੈਣਾ? ਸਮਾਂ ਬੀਤ ਰਿਹਾ, ਸਾਡੇ ਲਈ ਪਿਛਾਂਹ ਸਿਮਟ ਜਾਣਾ, ਕੁਝ ਸਾਲਾਂ ਦੀ ਗੱਲ ਹੈ।"

ਅਸੀਂ ਇਕ ਰੈਸਤਰਾਂ 'ਚ ਜਾ ਬੈਠਦੇ ਹਾਂ। ਉਹ ਮੇਰੇ ਲਈ ਬੀਅਰ ਦਾ ਵੱਡਾ ਗਿਲਾਸ ਲਿਆਂਦਾ, ਆਪਣੇ ਲਈ ਨਿੱਕਾ। ਸਾਡੇ ਦੁਆਲੇ ਸੈਲਾਨੀਆਂ ਦੀ ਭੀੜ ਹੈ। ਭੀੜ ਬਾਹਰ ਬੀਚ ਵਲ ਜਾਂਦੀ ਸਟ੍ਰੀਟ 'ਤੇ ਵੀ ਹੈ। ਬੀਅਰ ਦਾ ਗਿਲਾਸ ਉਹਦੇ ਸਾਹਮਣੇ ਪਿਆ, ਉਹਨੇ ਅਜੇ ਤੱਕ ਬੁੱਲ੍ਹਾਂ ਨੂੰ ਨਹੀਂ ਲਾਇਆ। ਸ਼ਾਇਦ ਉਹਨੂੰ ਗਿਲਾਸ ਦਿੱਸ

**ਏਥੇ ਆ ਕੇ ਸਾਰੇ ਚੰਗੇ ਰਹਿੰਦੇ ਨੇ। ਪੰਜ-ਛੇ ਲੱਖ ਖਰਚ ਕਰਕੇ ਜਿਹੜਾ ਪੁੱਜਦਾ ਹਰੇਕ ਬੰਦਾ ਉਹਨੂੰ ਵਧਾਈਆਂ ਦੇਂਦਾ ਕਿ ਮੋਰਚਾ ਫਤਿਹ ਕਰ ਲਿਆ, ਉਹ ਨਾਖੁਸ਼ ਕਿਵੇਂ ਰਹਿ ਸਕਦਾ? ਮਾਂ-ਬਾਪ, ਭੈਣ ਭਰਾ, ਆਪਣਾ ਘਰ, ਪਿੰਡ, ਪੰਜਾਬ ਤੋਂ ਦੂਰੀ ਹੋ ਜਾਂਦੀ ਹੈ, ਜਿਹਦਾ ਹੁਣ ਕੋਈ ਮਤਲਬ ਨਹੀਂ ਰਿਹਾ। ਕੀ ਪਿਆ ਉੱਥੇ ਜਿਸ ਨੂੰ ਆਮ ਬੰਦਾ 'ਮਿਸ' ਕਰੇ? ਤੁਸੀਂ ਪ੍ਰੋਫੈਸਰ ਹੋ, ਤੁਸੀਂ ਏਥੇ ਆ ਕੇ ਚੰਡੀਗੜ੍ਹ 'ਮਿਸ' ਕਰੋਗੇ; ਜਸਵੰਦ ਦੀਦ ਜਲੰਧਰ ਦੂਰਦਰਸ਼ਨ 'ਚ ਡਾਇਰੈਕਟਰ ਹੈ, ਉਹ ਛੱਡ ਕੇ ਏਥੇ ਆਵੇ ਤਾਂ ਪਿਛਾਂਹ 'ਮਿਸ' ਕਰੇਗਾ।**

ਨਹੀਂ ਰਿਹਾ। ਸ਼ਾਇਦ ਉਹ ਸੁੱਤਾ ਹੋਇਆ। ਬੀਅਰ ਪੀਂਦਾ ਮੈਂ ਬਾਹਰ ਆਉਂਦੇ-ਜਾਂਦੇ ਚਿਹਰੇ ਦੇਖਦਾਂ। ਉਹ ਨਾ ਬੀਅਰ ਪੀ ਰਿਹਾ, ਨਾ ਕਿਤੇ ਦੇਖ ਰਿਹਾ। ਮੈਂ ਆਖਦਾਂ "ਤੂੰ ਕਿੱਥੇ ਬੈਠਾਂ? ਕਿੱਥੇ ਗ਼ਾਇਬ ਹੈਂ? ਤੂੰ ਨਾ ਦਰਸ਼ਨ ਲੱਗਦਾਂ ਨਾ ਬੁਲੰਦਵੀ ਦਿੱਸਦਾਂ।" ਇਹ ਡਾਇਲਾਗ ਮੇਰੀ ਫਿਰਕੀ 'ਚੋਂ ਉੱਛਲਦਾ ਪਰ ਮੇਰੀ ਜ਼ੁਬਾਨ ਤੱਕ ਪੁੱਜਦਿਆਂ ਸੈਂਸਰ ਹੋ ਜਾਂਦਾ।

ਉਹ ਕਹਿੰਦਾ: "ਏਥੇ ਸਾਡੀਆਂ ਸਮੱਸਿਆਵਾਂ ਖ਼ੁਦ ਦੀਆਂ ਸਹੇੜੀਆਂ ਹੋਈਆਂ। ਮੈਂ ਦਿਨ ਭਰ ਕੰਮ ਕਰਦਾ ਥੱਕ ਜਾਨਾਂ। ਸੋਚਦਾਂ, ਦੁਪਹਿਰ ਬਾਦ ਦੋ ਘੰਟੇ ਦੁਕਾਨ ਬੰਦ ਕਰ ਦਿਆ ਕਰਾਂ। ਫਿਰ 'ਸੇਲ' ਬਾਰੇ ਲਾਲਚ ਹੋਣ ਲੱਗਦਾ। ਕਿੰਨਾ ਕੁਝ ਜੋ ਕਰਨਾ ਚਾਹੀਦਾ ਉਹਦੇ ਬਾਰੇ ਸੋਚੀਦਾ ਪਰ ਕਰੀਦਾ ਨਹੀਂ। ਕਈ ਰਸਾਲੇ ਆਉਂਦੇ ਨੇ, ਖੋਲ੍ਹਣ ਦੀ ਵਿਹਲ ਨਹੀਂ।" ਫਿਰ ਦੱਸਦਾ: "ਦੁਕਾਨ ਲੈ ਕੇ ਮੈਂ ਫੱਸ ਗਿਆਂ। ਹੁਣ ਵੇਚਣੇ ਲਗਾ ਦਿੱਤੀ ਹੈ। ਕਾਗਜ਼ੀ ਕਾਰਵਾਈ ਕਰਦਿਆਂ ਸਾਲ ਗੁਜ਼ਰ ਜਾਣਾ। ਚਿੱਤ 'ਚ ਆਉਂਦਾ, ਚਲੋ ਚੰਗਾ, ਉਨੀਂ ਦੇਰ ਕਮਾਈ ਆਈ ਜਾਂਦੀ ਹੈ। ਅਸੀਂ ਲੋਭ ਦੇ ਪੱਟੇ ਹੋਏ ਹਾਂ; ਲੋਭ ਨੇ ਸਾਨੂੰ ਮਾਰ ਦੇਣਾ, ਬਾਕੀ ਔਰਾਈਟ ਐ।"

ਅਸੀਂ ਬੀਚ 'ਤੇ ਜਾ ਬੈਠਦੇ ਹਾਂ। ਆਲੇ-ਦੁਆਲੇ ਬਹੁਤ ਲੋਕ ਆ ਜਾ ਰਹੇ ਹਨ। ਕੁਝ ਥੱਕ-ਟੁੱਟ ਕੇ ਬੈਠੇ ਹੋਏ ਹਨ। ਮੈਂ ਦਰਸ਼ਨ ਨੂੰ ਆਖਦਾਂ ਆਪਣੇ ਮੁੱਢ ਬਾਰੇ ਬੋਲ। ਉਹ ਕਹਿੰਦਾ: "ਸਾਡੀ ਗੋਤ ਧੰਜਲ ਹੈ, ਪਿਤਾ ਤਖਾਣਾ ਕੰਮ ਕਰਦਾ ਸੀ। ਗਰੀਬੀ ਸੀ, ਪਰ ਬਚਪਨ ਬਹੁਤ ਖੁਸ਼ੀ ਦਾ ਗੁਜ਼ਰਿਆ; ਘਰ 'ਚ ਵੱਡਾ ਹੋਣ ਕਰਕੇ ਮੇਰੇ ਕੋਲ ਸਭ ਸਹੂਲਤਾਂ ਸਨ।"

ਦੇਸ ਕਿਵੇਂ ਛੱਡਿਆ?

ਨਕੋਦਰ ਕਾਲਜ 'ਚ ਪੜ੍ਹਦਿਆਂ ਅਸੀਂ ਗੱਲਾਂ ਕਰਦੇ ਪੰਜਾਬ 'ਚ ਤਾਂ ਸਾਡਾ ਕੁਝ ਨਹੀਂ ਬਣਨਾ; 10 ਮੁੰਡਿਆਂ ਰਲ ਕੇ ਫੈਸਲਾ ਕੀਤਾ ਕਿਸੇ ਤਰੀਕੇ ਵਿਦੇਸ਼ ਨਿਕਲਿਆ ਜਾਵੇ। ਅਸੀਂ ਦਸੇ ਮੁੰਡੇ ਇਕੱਠੇ ਸੜਕ ਰਾਹੀਂ ਯੂਨਾਨ ਦੀ ਰਾਜਧਾਨੀ ਏਥਨਜ਼ ਪੁੱਜੇ; ਰਾਹ 'ਚ ਅਫਗਾਨਿਸਤਾਨ, ਇਰਾਨ, ਤੁਰਕੀ, ਬਲਗਾਰੀਆ ਗਾਹਿਆ; ਅਜੀਬੋ-ਗਰੀਬ ਤਜੁਰਬੇ ਹੋਏ। ਇਹਦੇ ਬਾਰੇ ਮੈਂ ਸਫ਼ਰਨਾਮਾ ਲਿਖਿਆ, ਕੱਚਾ ਡਰਾਫਟ ਅੱਧ-ਪਚੱਧਾ ਲਿਖਿਆ ਪਿਆ, ਕਿੰਨੇ ਸਾਲਾਂ ਹੋ ਗਏ, ਮੁਕੰਮਲ ਕਰਨ ਦਾ ਵਕਤ ਨਹੀਂ ਮਿਲਿਆ।"

ਉਹ ਕਹਿੰਦਾ: "ਯੂਨਾਨ 'ਚ ਇਕ ਟਾਪੂ ਹੈ ਸਕਾਲਾਰੋਪੋ; ਉੱਥੇ ਦੋ ਮਹੀਨੇ ਉਸਾਰੀ ਦਾ ਕੰਮ ਕੀਤਾ। ਸਿਰ ਸੁੱਟ ਕੇ ਦਿਨ ਰਾਤ ਕੰਮ ਕਰਨਾ। ਹੋਰ ਮੁੰਡੇ ਗੋਰੀਆਂ ਦੇ ਮਗਰ ਜਾਂਦੇ, ਮੈਂ ਕਿਸੇ ਕੁੜੀ ਦੇ ਚੱਕਰ 'ਚ ਨਹੀਂ ਪਿਆ। ਬਾਦ ਵਿਚ ਛੇ-ਸੱਤ ਮਹੀਨੇ ਕੰਮ ਕੀਤਾ। ਫਿਰ ਇਕ ਸਮੁੰਦਰੀ ਜਹਾਜ਼ 'ਚ ਕੰਮ ਮਿਲ ਗਿਆ। ਚਾਰ ਸਾਲ ਜਹਾਜ਼ ਕਈ ਥਾਵਾਂ 'ਤੇ ਘੁੰਮਦਾ ਰਿਹਾ ਤੇ ਮੈਂ ਇਕੱਲੀ ਜਾਨ, ਆਪਣਾ ਕੋਈ ਨਾ। ਜਹਾਜ਼ 'ਚ ਕਈ ਮਾੜੇ ਤਜੁਰਬੇ ਹੋਏ। ਸਾਡੇ ਬੌਸ ਦਾ ਵਤੀਰਾ ਬਹੁਤ ਮਾੜਾ ਸੀ। ਪਾਕਿਸਤਾਨੀ ਕਾਮੇ ਮੁੰਡਿਆਂ ਨੇ ਜਹਾਜ਼ 'ਤੇ ਦੁਰ-ਵਿਹਾਰ ਤੇ ਉਜਰਤ ਨਾ ਦੇਣ ਕਾਰਨ ਜਹਾਜ਼ ਦੇ ਬੌਸ 'ਤੇ ਮੁਕੱਦਮਾ ਪਾ ਦਿੱਤਾ, ਜਦ ਜਹਾਜ਼ ਇਟਲੀ ਪੁੱਜਾ ਉਦੋਂ। ਬੜੇ ਉਦਾਸੀ ਵਾਲੇ ਦਿਨ ਸਨ ਉਹ। ਪੂਰਾ ਮਹੀਨਾ ਜਹਾਜ਼ ਖੜਾ ਰਿਹਾ। ਇਟਲੀ ਦੇ ਲੋਕਾਂ ਨੇ ਸਾਡੇ ਕਾਮਿਆਂ ਦਾ ਬੜਾ ਸਾਥ ਦਿੱਤਾ। ਉੱਥੋਂ ਦੇ ਵਕੀਲ ਨੇ ਮੁਫ਼ਤ ਕੇਸ ਲੜਿਆ। ਇਹ 1975 ਤੋਂ 1978 ਤੱਕ ਦਾ ਸਮਾਂ ਸੀ। ਜਹਾਜ਼ ਵਾਲਿਆਂ ਨੇ ਸਾਨੂੰ 4 ਹਜ਼ਾਰ ਦੇ ਕੇ ਛੁਟਕਾਰਾ ਪਾਇਆ।"

ਵਲਾਇਤ ਪੁੱਜਣ ਬਾਰੇ ਦਰਸ਼ਨ ਕਹਿੰਦਾ: "1978 'ਚ ਅਜੇ ਮੈਂ ਜਹਾਜ਼ 'ਚ ਕੰਮ ਕਰਦਾ ਸੀ ਕਿ ਮੇਰੀ ਇੰਗਲੈਂਡ 'ਚ ਵਰਦਿੰਗ 'ਚ ਰਹਿੰਦੇ ਇਕ ਪਰਿਵਾਰ ਦੀ ਕੁੜੀ ਨਾਲ ਕੁੜਮਾਈ ਹੋ ਗਈ। ਮੇਰੀ ਵੱਡੀ ਭੈਣ ਏਥੇ ਸੀ।

ਮੈਂ ਇੰਗਲੈਂਡ ਆਉਣ ਲਈ ਅਰਜ਼ੀ ਭਰਨੀ ਸੀ, ਸੋਚਿਆ ਇੰਡੀਆ ਜਾ ਕੇ ਅਰਜ਼ੀ ਪਾਉਣ ਨਾਲੋਂ ਵਿਦੇਸ਼ 'ਚ ਕਿਤੋਂ ਪਾਉਣ ਨਾਲ ਗੱਲ ਸੌਖਿਆਂ ਬਣੇਗੀ। ਮੈਂ ਸਾਈਪ੍ਰਸ 'ਚ ਜਾ ਕੇ 'ਚੀਜ਼' ਬਣਾਉਣ ਵਾਲੀ ਫੈਕਟਰੀ 'ਚ ਕੰਮ 'ਤੇ ਲੱਗ ਗਿਆ। ਉਜਰਤ ਚੰਗੀ ਨਹੀਂ ਸੀ, ਜਲਦੀ 'ਛੈਂਡ-ਅੱਪ' ਹੋ ਗਿਆ। ਫਿਰ ਉਹੀ ਯੂਨਾਨੀ ਸਮੁੰਦਰੀ ਜਹਾਜ਼ ਵਾਲੀ ਕੰਪਨੀ 'ਚ ਜਾ ਕੰਮ ਕੀਤਾ। ਵਿਆਹ ਕਰਵਾਉਣ ਇੰਗਲੈਂਡ ਪੁੱਜਣਾ ਸੀ, ਪਰ ਯੂ.ਕੇ. ਅੰਬੈਸੀ ਵਾਲੇ ਟਾਲਮ-ਟੋਲ ਕਰਦੇ ਰਹੇ, ਤਿੰਨ ਸਾਲ ਗੁਜ਼ਰ ਗਏ। ਉਦੋਂ ਮੇਰਾ ਜਹਾਜ਼ ਫਰਾਂਸ 'ਚ ਸੀ ਜਦ ਸਾਈਪ੍ਰਸ 'ਚ ਯੂ. ਕੇ. ਅੰਬੈਸੀ ਵਾਲਿਆਂ ਵੀਜ਼ਾ ਦਿੱਤਾ। 1981 'ਚ ਮੈਂ ਏਥੇ ਆਇਆ ਤੇ ਵਿਆਹ ਕੀਤਾ।"

ਸੁਆਲ: "ਏਹੋ ਜਿਹੀ ਬਲਾਈਂਡ ਮੈਰਿਜ ਬਾਰੇ ਤੇਰਾ ਅਨੁਭਵ ਕੀ ਕਹਿੰਦਾ?"

ਦਰਸ਼ਨ: "ਆਪਣੇ ਬੰਦੇ, ਜਿੱਥੇ ਵੀ ਹੋਣ, ਵਹੁਟੀ 'ਤੇ ਰੋਅਬ ਪਾਉਣਾ ਚਾਹੁੰਦੇ ਹਨ। ਪਰ ਏਥੇ ਵਿਆਹ ਕਰਵਾਉਣ 'ਚ ਫ਼ਰਕ ਹੈ। ਏਥੇ ਕੋਈ ਦੂਜੇ ਨਾਲ ਮਿਲ ਕੇ ਚਲਣ ਲਈ ਤਿਆਰ ਨਹੀਂ ਹੁੰਦਾ। ਸਾਰੇ ਆਪਣੇ ਬਾਰੇ ਸੋਚਦੇ ਨੇ। ਬੱਚੇ ਵੀ ਕੋਆਪ੍ਰੇਟ ਨਹੀਂ ਕਰਦੇ। ਜੇ ਇਸ ਗੱਲ ਦੀ ਸਮਝ ਆ ਜਾਵੇ ਤਾਂ ਗੁਜ਼ਰ ਹੋ ਸਕਦੀ ਹੈ।"

ਸੁਆਲ: "ਹੁਣ ਇਹ ਦੱਸ, ਤੂੰ ਆਪਣਾ ਹੁਲੀਆ ਏਨਾ ਕਿਉਂ ਵਿਗਾੜ ਰੱਖਿਆ? ਗੱਲਾਂ ਤੂੰ ਏਨੀਆਂ ਸਿਆਣੀਆਂ ਕਰਦਾਂ, ਪਰ ਚਿਹਰੇ ਤੋਂ ਲੱਗਦਾ ਜਿਵੇਂ ਤੰਤ ਸੁੱਕ ਰਹੇ ਨੇ; ਤੇਰਾ ਚਿਹਰਾ ਉਨੀਂਦਰੇ ਦੀ ਮਾਰ ਹੇਠ ਦਿੱਸਦਾ। ਆਪਣੇ 'ਤੇ ਅਤਿਆਚਾਰ ਕਰਨ ਦਾ ਹੱਕ ਤੂੰ ਕਿੱਥੋਂ ਲਿਆ?"

ਉਹ ਹਲਕਾ ਜਿਹਾ ਮੁਸਕਰਾਉਂਦਾ: "ਜਿਵੇਂ ਤੁਹਾਨੂੰ ਦੱਸਿਆ ਮੈਂ ਦਿਨ ਭਰ ਕੰਮ 'ਚ ਖੁੱਭਾ ਰਹਿਨਾਂ। ਕਿੰਨੇ ਦਿਨ ਮੈਂ ਰੋਟੀ ਨਹੀਂ ਖਾਂਦਾ। ਕੋਕ ਪੀਵੀ ਜਾਈਦਾ, ਭੁੱਖ ਮਰ ਜਾਂਦੀ ਹੈ। ਪੇਟ ਦੇ ਸੱਜੇ ਹਿੱਸੇ 'ਚ ਦਰਦ ਰਹਿੰਦੀ ਹੈ। ਸੋਚਦਾਂ ਰੈਸਤਰਾਂ ਢਾਈ ਤੋਂ ਪੰਜ ਬੰਦ ਕਰ ਦਿਆ ਕਰਾਂ, ਰੋਟੀ ਖਾਵਾਂ, ਆਰਾਮ ਕਰਾਂ, ਪਰ ਨਹੀਂ...ਇਹ ਕਦੇ ਨਹੀਂ ਹੋ ਸਕਣਾ। ਏਥੇ ਬੰਦੇ ਬੜੇ ਅਸੁਰੱਖਿਅਤ ਨੇ।"

"ਅਸੁਰੱਖਿਆ ਦੀ ਭਾਵਨਾ ਤਾਂ ਜ਼ਿਹਨੀ ਬਿਮਾਰੀ ਹੈ। ਲਿਖਣ ਵਾਲਿਆਂ ਦਾ ਕੀ ਹਾਲ ਹੈ, ਉਹ ਕਿੰਨੇ ਕੁ ਸ਼ਿਕਾਰ ਨੇ ਇਸ ਬਿਮਾਰੀ ਤੋਂ?"

ਦਰਸ਼ਨ ਕਹਿੰਦਾ: "ਲੇਖਕ ਇਸ ਬਿਮਾਰੀ ਦੇ ਜ਼ਿਆਦਾ ਸ਼ਿਕਾਰ ਨੇ। ਮੁਕਤ ਹੋਣ ਲਈ ਲੇਖਕ ਬਣਦੇ ਨੇ, ਪਰ ਵੱਧ ਅਸੁਰੱਖਿਅਤ ਹੋਈ ਜਾਂਦੇ ਨੇ। ਸਵਰਨ ਚੰਦਨ ਇਹਦੀ ਮਿਸਾਲ ਹੈ। ਕਿੰਨੇ ਨਾਵਲ ਲਿਖ ਬੈਠਾ, ਨਿਤ ਚਰਚਾ ਕਰਵਾਂਦਾ, ਆਪਣਾ ਗਰੁਪ ਬਣਾਇਆ ਹੋਇਆ, ਪਰ ਚੈਨ ਨਹੀਂ। ਹਰ ਥਾਂ ਪ੍ਰਧਾਨਗੀ ਚਾਹੀਦੀ ਹੈ; ਕਹੋ ਤਾਂ ਲੜਨ ਨੂੰ ਪੈਂਦਾ।"

ਸੁਆਲ: "ਹਰਜੀਤ ਅਟਵਾਲ ਵੀ ਖ਼ੂਬ ਲਿਖਦਾ, ਦਰਸ਼ਨ ਧੀਰ... । ਅਸੁਰੱਖਿਆ ਨੇ ਸੈਲਫ-ਪ੍ਰਮੋਸ਼ਨ ਦੀ ਬਿਮਾਰੀ ਨੂੰ ਜਨਮ ਦਿੱਤਾ।" ਉਹ ਕਹਿੰਦਾ: "ਚੈਨ ਕਿਸੇ ਨੂੰ ਨਹੀਂ...।" ਸੁਆਲ: "ਯਾਨਿ ਕਿ ਲਿਖਣ ਵਾਲੇ ਆਪ ਪਾਤਰ ਬਣੇ ਬੈਠੇ ਨੇ।" ਉਹ: "ਇਹਦਾ ਨਿਰਣਾ ਇੰਟਰਨੈਸ਼ਨਲ ਬੌਧਿਕੀ ਮਖੌਟਿਆਂ ਨੇ ਕਰਨਾ। ਤੁਹਾਡੇ ਵਰਗੇ ਡਾਕਟਰਾਂ ਨੂੰ ਇਸ ਸਥਿਤੀ ਦਾ ਫ਼ਾਇਦਾ, ਜਾਂ ਅਖ਼ਬਾਰਾਂ ਵਾਲਿਆਂ ਨੂੰ। ਸੰਕਟ ਨੂੰ ਵੱਡੇ ਪੱਧਰ 'ਤੇ ਦੇਖਣਾ ਚਾਹੀਦਾ।" ਮੈਂ ਉਹਦੇ ਕੋਲੋਂ ਜਾਣਨਾ ਚਾਹੁਨਾਂ ਸੰਕਟ ਬਾਰੇ। ਉਹ: "ਜਿਵੇਂ ਆਮ ਬੰਦੇ ਨੂੰ ਘਰ ਬਣਾ ਕੇ ਤਸੱਲੀ ਨਹੀਂ ਹੁੰਦੀ। ਜਿਹੜਾ ਘਰ ਖਰੀਦਦਾ, ਕੁਝ ਦੇਰ ਬਾਦ ਉਹੀ ਨਿੱਕਾ ਦਿੱਸਣ ਲੱਗਦਾ। ਵੱਡਾ ਘਰ ਖਰੀਦਣ ਦੀ ਤਿਆਰੀ ਹੁੰਦੀ ਹੈ, ਫਿਰ ਹੋਰ...। ਇੰਡੀਆ ਜਾਂਦਾ ਤਾਂ ਸੋਚਦਾ ਇਕ ਘਰ ਉੱਥੇ ਵੀ ਹੋਣਾ ਚਾਹੀਦਾ। ਏਦਾਂ ਕਰਦਿਆਂ ਕੂਚ ਕਰ ਜਾਂਦਾ।" ਸੁਆਲ: "ਏਥੇ ਆਪਣਾ ਬੰਦਾ ਜਿਉਂਦਾ ਕਦ ਹੈ?" ਦਰਸ਼ਨ: "ਜੁਆਬ ਤੁਹਾਡੇ ਕੋਲ ਹੋਣਾ। ਬੌਧਿਕੀ ਮਖੌਟਾ ਪਹਿਨੀ ਏਨੇ ਬੰਦਿਆਂ ਨੂੰ ਮਿਲਦੇ ਹੋ, ਪਤਾ ਲੱਗ ਗਿਆ ਹੋਣਾ। ਮੈਂ ਤਦ ਹੀ ਮਖੌਟਾ ਨਹੀਂ ਪਹਿਨਦਾ। ਨਹੀਂ ਤਾਂ ਬੰਦਾ ਉਨ੍ਹਾਂ ਸੁਆਲਾਂ ਦਾ ਜੁਆਬ ਲੱਭਣ ਲੱਗਦਾ ਜਿਹਦਾ ਉੱਤਰ ਉਹਦੇ ਕੋਲ ਨਹੀਂ ਹੁੰਦਾ। ਬੰਦਾ ਤਾਂ ਆਪ ਸੁਆਲ ਬਣਿਆ ਪਿਆ। ਮੁੱਕਦੀ ਗੱਲ ਇਹ ਹੈ: ਆਪਣੇ ਬੰਦੇ ਜੋ ਹਨ ਉਹ ਦਿੱਸਣਾ ਨਹੀਂ ਚਾਹੁੰਦੇ। ਲੇਖਕ ਵੀ ਬੰਦੇ ਹੀ ਨੇ।"

ਦੂਜੇ ਦਿਨ ਸਵੇਰੇ ਮੈਂ ਵਾਪਿਸ ਆਉਣ ਲਈ ਤਿਆਰ ਹਾਂ। ਦਰਸ਼ਨ ਕਹਿੰਦਾ, "ਥੋੜ੍ਹੀ ਦੂਰ ਲਿਟਲ ਹੈਂਪਟਨ ਨਾਂ ਦੀ ਜਗ੍ਹਾ ਜਿੱਥੇ ਮੇਰੀ ਦੁਕਾਨ ਹੈ, ਤੁਸੀਂ ਉੱਥੋਂ ਲੰਡਨ ਲਈ ਗੱਡੀ ਫੜ ਲੈਣਾ।" ਉਹਦਾ ਕਹਿਣਾ ਮੈਨੂੰ ਚੰਗਾ ਲੱਗਦਾ। ਉਹਦੀ 'ਫਿੱਸ਼-ਐਂਡ-ਚਿੱਪਸ' ਦੁਕਾਨ ਦੇਖ ਲਵਾਂਗਾ; ਤੁਰਨ ਤੋਂ ਪਹਿਲਾਂ ਤਲੀ ਹੋਈ ਮੱਛੀ ਖਾਵਾਂਗਾ, ਇਹਦੀਆਂ ਕੀਮਤੀ ਗੱਲਾਂ ਸੁਣਾਂਗਾ।

ਰਾਹ 'ਚ ਉਹ ਹੌਲੀ ਹੌਲੀ ਬੋਲਦਾ: "ਮੇਰੀ ਬੇਟੀ ਗ੍ਰੈਜੂਏਟ ਹੈ, ਅਮਰੀਕਨ ਐਕਸਪ੍ਰੈੱਸ 'ਚ ਪਾਰਟ-ਟਾਈਮ ਕੰਮ ਕਰਦੀ ਹੈ, ਉਹਦੀ ਪਾਕਿਟ ਮਨੀ ਬਣ ਜਾਂਦੀ ਹੈ। ਵੱਡਾ ਮੁੰਡਾ ਤੇਜ਼ ਦਿਮਾਗ ਵਾਲਾ, ਜ਼ਹੀਨ ਹੈ। ਸਾਨੂੰ ਤੇ ਉਹਦੇ ਟੀਚਰਾਂ ਨੂੰ ਇਹੀ ਫ਼ਿਕਰ ਰਹਿੰਦਾ ਰਿਹਾ ਕਿਤੇ ਡਰੱਗਾਂ 'ਤੇ ਨਾ ਲੱਗ ਜਾਏ। ਉਹੀ ਗੱਲ ਹੋਈ ਜਿਹਦਾ ਡਰ ਸੀ। ਕੈਨੇਬੀਜ਼ ਲੈਣੀ ਸ਼ੁਰੂ ਕਰ ਦਿੱਤੀ। ਬੜੀ ਟੈਂਸ਼ਨ ਹੋਈ। ਮੈਂ ਉਹਨੂੰ ਕਿਹਾ ਕੋਈ ਗਰਲ ਫਰੈਂਡ ਬਣਾ, ਸ਼ਾਇਦ ਆਦਤ ਬਦਲ ਜਾਵੇ। ਉਹਨੇ ਗੋਰੀ ਫਰੈਂਡ ਬਣਾਈ; ਕੁੜੀ ਨੇ ਡਰੱਗ ਦੀ ਆਦਤ ਹਟਾ ਦਿੱਤੀ। ਕ੍ਰਿਸ਼ਮਾ ਵਾਪਰ ਗਿਆ। ਛੋਟਾ ਮੁੰਡਾ 14 ਸਾਲਾਂ ਦਾ। ਉਹਨੂੰ ਇੰਡੀਅਨ ਹੋਣ ਦਾ ਬੜਾ ਫ਼ਖ਼ਰ ਹੈ।

ਗੱਲ 'ਚ ਖੰਡਾ ਕ੍ਰਿਪਾਨ ਦਾ ਲੋਗੋ ਪਾਉਂਦਾ। ਉਹਨੇ ਢੋਲ ਵਜਾਣਾ ਸਿਖਿਆ। ਪਰ ਜ਼ਿਹਨੀ ਤੌਰ 'ਤੇ ਬੱਚੇ ਹੁਣ ਏਥੋਂ ਦੇ ਨੇ। ਘਰ 'ਚ ਪੰਜਾਬੀ ਬੋਲੋ, ਕੋਈ ਫ਼ਾਇਦਾ ਨਹੀਂ, ਐਵੇਂ ਸਤਹੀ ਤਬਦੀਲੀ ਆ ਜਾਂਦੀ ਹੈ, ਵਕਤੀ। ਅੰਦਰੋਂ ਇਹ ਗੋਰੇ ਨੇ। ਬੇਟੀ ਕੱਲ੍ਹ ਲੰਡਨ ਗਈ, ਰਾਤ ਆਈ। ਹੁਣ ਵੱਡਾ ਮੁੰਡਾ ਕਹਿੰਦਾ ਮੈਂ ਹੌਲੀਡੇਅ 'ਤੇ ਜਾਣਾ, ਸੌ ਪੌਂਡ ਦੇ ਕੇ ਆਇਆਂ। ਦੁਕਾਨ 'ਤੇ ਮੇਰੇ ਪਾਸ ਮੁੰਡਾ ਆਉਂਦਾ ਮੰਗਲਵਾਰ ਕੰਮ ਕਰਨ ਤੇ ਕੁੜੀ ਵੀਰਵਾਰ ਆਉਂਦੀ ਹੈ। ਹੋਰਾਂ ਨੂੰ ਮੈਂ ਸਾਢੇ ਚਾਰ ਪੌਂਡ ਘੰਟੇ ਦੇ ਦੇਨਾਂ; ਇਹ ਜ਼ਿਆਦਾ ਲੈਂਦੇ ਨੇ। ਇਨ੍ਹਾਂ ਦਾ ਬਹੁਤ ਖਰਚਾ: ਕਾਰ-ਪੈਟਰੋਲ, ਮੋਬਾਈਲ ਦਾ ਬਿੱਲ, ਹੋਰ ਖਾਣਾ-ਪੀਣਾ। ਇਨ੍ਹਾਂ ਨੂੰ ਕੰਮ ਕਰਨਾ ਪੈਂਦਾ। ਸਾਰੇ ਆਪਣੇ ਆਪ 'ਚ ਖੁੱਭੇ ਹੋਏ ਨੇ, ਦੂਜੇ ਕਿਸੇ ਬਾਰੇ ਕੋਈ ਨਹੀਂ ਸੋਚਦਾ...ਏਦਾਂ ਦੀ ਹੈ ਏਥੇ ਪਰਿਵਾਰਕ ਜ਼ਿੰਦਗੀ।"

ਫਿਰ ਉਹ ਕਹਿੰਦਾ: "ਸਭ ਤੋਂ ਵੱਧ ਫ਼ਿਕਰ ਬੱਚਿਆਂ ਦੇ ਡਰੱਗਾਂ 'ਤੇ ਲੱਗਣ ਦਾ ਰਹਿੰਦਾ। ਮੇਰੀ ਵਾਈਫ ਦੀ ਮਾਸੀ ਦਾ ਮੁੰਡਾ ਡਰੱਗਾਂ ਕਰਕੇ ਮਰ ਗਿਆ। ਕੈਨੇਬੀਜ਼ ਦਾ ਹੁੰਦਾ ਇਹ ਹੈ ਕਿ ਥੋੜ੍ਹੀ ਨਾਲ ਸ਼ੁਰੂ ਹੁੰਦੀ ਹੈ, ਫਿਰ ਜ਼ਿਆਦਾ ਤੇਜ਼ ਅਸਰ ਵਾਲੀ ਲੈਣ 'ਤੇ ਦਿਲ ਕਰਦਾ...ਇਹਦਾ ਅਗਲਾ ਪੜਾਅ ਹੈ ਕਿ ਗੈਸ ਲੈਣੀ ਪੈਂਦੀ ਹੈ। ਉਹ ਮੁੰਡਾ ਗੈਸ 'ਤੇ ਸੀ। ਕਬਰਾਂ 'ਚ ਚਲਾ ਗਿਆ। ਕਹਿੰਦਾ: ਕਬਰਾਂ 'ਚ ਮੈਨੂੰ ਫਰਿਸ਼ਤੇ ਦਿੱਸਦੇ ਆ। ਫਾਹਾ ਲੈ ਕੇ ਮਰ ਗਿਆ।"

ਅਸੀਂ ਨਿੱਕੇ ਸ਼ਹਿਰ ਲਿਟਲ ਹੈਂਪਟਨ ਪੁੱਜਦੇ ਹਾਂ। ਬੜਾ ਚੁੱਪ ਸ਼ਹਿਰ ਹੈ ਇਹ। ਸਭ ਕੁਝ ਸਾਫ਼ ਸੁਥਰਾ, ਬੇਆਵਾਜ਼। ਵਲਾਇਤੀ ਸ਼ਹਿਰਾਂ 'ਚ ਗਾਹ ਕਿਉਂ ਨਹੀਂ ਪੈਂਦਾ? ਲੋਕ ਬੇਆਵਾਜ਼ ਕਿਉਂ ਹਨ?

# ਧਰਮਾਂ ਦੇ ਨਾਂ 'ਤੇ ਵੱਜਦੀ ਠੱਗੀ

**ਰਮੇਸ਼ ਭਾਰਦਵਾਜ**

ਠੱਗਾਂ ਦਾ ਕੋਈ ਧਰਮ ਨਹੀਂ ਹੁੰਦਾ, ਇਹ ਪ੍ਰਚੱਲਤ ਧਾਰਨਾ ਹੈ ਪਰ ਭਾਰਤ ਵਰਗੇ ਬਹੁ-ਭਾਸ਼ੀ, ਬਹੁ-ਧਰਮੀ ਦੇਸ਼ ਵਿਚ ਧਰਮ ਨੂੰ ਆਧਾਰ ਬਣਾ ਕੇ ਠੱਗੀ ਮਾਰਨ ਵਾਲਿਆਂ ਦੀ ਕੋਈ ਘਾਟ ਨਹੀਂ। ਠੱਗਾਂ ਦੇ ਹਲ ਨਹੀਂ ਸਗੋਂ ਜ਼ੁਬਾਨ ਚੱਲਦੀ ਹੈ। ਠੱਗੇ ਵਿਅਕਤੀ ਮਹਿਜ਼ ਆਪਣੀ ਕਿਸਮਤ ਨੂੰ ਕੋਸਦੇ ਰਹਿ ਜਾਂਦੇ ਹਨ। ਲਗਭਗ 38 ਵਰ੍ਹੇ ਪਹਿਲਾਂ ਵਾਪਰੀ ਇਕ ਅਜਿਹੀ ਹੀ ਠੱਗ ਦੀ ਘਟਨਾ ਮੇਰੇ ਮਨ 'ਚ ਹਰ ਰੋਜ਼ ਫ਼ਿਲਮ ਦੀ ਰੀਲ ਵਾਂਗ ਘੁੰਮਦੀ ਹੈ।

ਘਟਨਾ 1972 ਦੀ ਹੈ। ਉਸ ਵੇਲੇ ਹਰੇਕ ਘਰ ਵਿਚ ਮੱਝ, ਗਾਂ ਪਾਲਣ ਦਾ ਰੁਝਾਨ ਹੁੰਦਾ ਸੀ। ਮੈਨੂੰ ਇਮਤਿਹਾਨਾਂ ਮਗਰੋਂ ਛੁੱਟੀਆਂ ਸਨ। ਮੇਰਾ ਇਕ ਫੁੱਫੜ ਮੱਝਾਂ ਦਾ ਚੰਗਾ ਪਾਰਖੂ ਸੀ ਜਿਸ ਕਰਕੇ ਮੈਂ ਹਰ ਰੋਜ਼ ਸਾਈਕਲ 'ਤੇ ਉਸਨੂੰ ਖਿੱਚ ਕੇ ਵੱਖ-ਵੱਖ ਪਿੰਡਾਂ 'ਚ ਮੱਝਾਂ ਦੇਖਣ ਲਈ ਲੈ ਕੇ ਜਾਂਦਾ ਪਰ ਉਸਦੇ ਕੋਈ ਮੱਝ ਪਸੰਦ ਨਾ ਆਉਂਦੀ। ਮੇਰੀਆਂ ਅੱਧੀਆਂ ਛੁੱਟੀਆਂ ਇਸੇ ਭਾਲ 'ਚ ਲੰਘ ਗਈਆਂ। ਘਰ ਅੰਦਰ ਦੁੱਧ ਦੀ ਤੋਟ ਕਰਕੇ ਘਰੇ ਛੇਤੀ ਮੱਝ ਖਰੀਦ ਕੇ ਲਿਆਉਣ ਨੂੰ ਆਖਦੇ। ਕਿਸੇ ਨੇ ਦੱਸ ਪਾਈ ਕਿ ਬੁਢਲਾਡੇ ਦੀ ਮਾਲ ਮੰਡੀ ਵਿਚ ਚੰਗੀ ਮੱਝ ਮਿਲ ਜਾਵੇਗੀ। ਮੈਨੂੰ ਆਪਣੇ ਫੁੱਫੜ ਨੂੰ 40 ਕਿਲੋਮੀਟਰ ਸਾਈਕਲ 'ਤੇ ਖਿੱਚ ਕੇ ਲਿਜਾਣਾ ਪਿਆ। ਉੱਥੇ ਵਿਦਿਆਰਥੀਆਂ ਦੀ ਹੜਤਾਲ ਹੋਣ ਕਰਕੇ ਪੁਲਿਸ ਪੜ੍ਹਨ ਵਾਲੇ ਮੁੰਡਿਆਂ ਨੂੰ ਘੇਰ-ਘੇਰ ਕੇ ਕੁੱਟ ਰਹੀ ਸੀ। ਮੈਂ ਮਾਲਮੰਡੀ 'ਚ ਵੜ ਕੇ ਜਾਨ ਬਚਾਈ। ਪਸ਼ੂ ਮੰਡੀ 'ਚ ਵੜਦੇ ਹੀ ਦੇਖਿਆ ਕਿ ਇਕ ਚੰਗੀ ਝੋਟੀ ਦੇ ਦੁਆਲੇ ਇਕੱਠ ਹੋ ਰਿਹਾ ਸੀ। ਇਕ ਦੇਸੀ ਵਿਅਕਤੀ ਮੁਸਲਮਾਨ ਦਿੱਖ ਵਾਲੇ ਵਿਅਕਤੀ ਨਾਲ ਝਗੜਦਾ ਹੋਇਆ ਕਹਿ ਰਿਹਾ ਸੀ, 'ਮੈਂ ਉਸਨੂੰ ਮੱਝ ਨੀ ਦੇਣੀ, ਜੱਟ ਭਾਈ ਚਾਹੇ ਪੰਜਾਹ ਘੱਟ ਦੇ ਦੇਵੇ।' ਅੱਗੇ ਉਹ ਕਹਿ ਰਿਹਾ ਸੀ ਕਿ ਆਹ ਚੱਕ ਪੈਸੇ ਮੈਨੂੰ ਮੱਝ ਦੇ ਤੈਂ ਧਰਮ ਤੋਂ ਕੀ ਲੈਣਾ, ਆਪਣੇ ਪੈਸੇ ਚੱਕ ਮੈਨੂੰ ਗੱਡੀ ਭਰਨ ਦੇ।' ਉਹ ਲਗਾਤਾਰ ਬਹਿਸ ਕਰ ਰਹੇ ਸਨ ਕਿ ਇਕ ਦੁਕਾਨਦਾਰ ਜਿਹਾ ਲੱਗਦਾ ਬੰਦਾ ਆ ਕੇ ਕਹਿਣ ਲੱਗਿਆ-ਮੇਰੀ ਬਾਲਟੀ ਦਿਓ ਮੈਨੂੰ ਲੋੜ ਐ ਨਹੀਂ ਮੈਂ ਦੁੱਧ ਡੋਲ੍ਹ ਦੇਣਾ ਹੈ। ਮੈਂ ਪਸ਼ੂਆਂ ਬਾਬਤ ਨਾ-ਸਮਝ ਸੀ। ਪਸ਼ੂਆਂ ਦਾ ਮਾਹਿਰ ਮੇਰਾ ਫੁੱਫੜ ਜਾ ਕੇ ਪੁੱਛਣ ਲੱਗਿਆ ਕਿ ਕੀ ਗੱਲ ਹੋਗੀ ਭਾਈ। "ਹੋਣੀ ਕੀ ਐ ਸਰਦਾਰ ਜੀ, ਇਸਨੇ ਸਾਈ ਦੇ ਕੇ ਧਾਰ ਕੱਢ ਲੀ। ਹੁਣ ਮੈਨੂੰ ਉਹਦੇ ਬਾਰੇ ਪਤਾ ਲੱਗਿਆ, ਮੈਂ ਨੀ ਇਸਨੂੰ ਦਿੰਦਾ ਮੱਝ ਕਿਉਂਕਿ ਇਹ ਤਾਂ ਘੱਟ ਦਿੰਦੇ ਹਨ।"



ਇਕ ਦੋ ਨੇ ਹਾਂ 'ਚ ਹਾਂ ਮਿਲਾਈ। ਕਦੇ ਇਕ-ਦੂਜੇ ਨੂੰ ਗਾਲ੍ਹਾਂ ਤੇ ਦੁੱਧ ਡੋਲ੍ਹਣ ਦੀ ਧਮਕੀ ਨੇ ਮੇਰੇ ਫੁੱਫੜ 'ਤੇ ਅਜਿਹਾ ਅਸਰ ਪਾਇਆ ਕਿ ਉਸਨੇ 950 ਰੁਪਏ ਦੇ ਕੇ ਮੱਝ ਲੈ ਲਈ ਤੇ ਉਨ੍ਹਾਂ ਨੇ ਪਰਚੀ ਵੀ ਨਾ ਕੱਟਣ ਦਿੱਤੀ।

ਮੱਝ ਲੈ ਕੇ ਅਸੀਂ ਦੋਵੇਂ ਖੁਸ਼ੀ-ਖੁਸ਼ੀ ਵਾਪਸ ਚਲ ਪਏ ਤਾਂ 10 ਕੁ ਕਿਲੋਮੀਟਰ ਤੁਰਨ ਮਗਰੋਂ ਮੱਝ ਦਾ ਕੱਟਰੂ ਰਾਹ 'ਚ ਹੀ ਮਰ ਗਿਆ। ਇਕੱਲੀ ਮੱਝ ਲੈ ਕੇ ਜਦੋਂ ਅਸੀਂ ਆਥਣੇ ਅਲੀਸ਼ੇਰ ਪਹੁੰਚੇ ਤਾਂ ਧਾਰ ਕੱਢਣ ਲੱਗੇ ਤਾਂ ਪਤਾ ਲੱਗਾ ਕਿ ਮੱਝ ਦੇ ਅਗਲੇ ਦੋ ਥਣ ਕੰਮ ਹੀ ਨਹੀਂ ਕਰਦੇ ਸਨ। ਮੈਨੂੰ ਸਮਝ ਆਉਣ ਲੱਗ ਗਈ ਸੀ ਕਿ ਠੱਗਾਂ ਨੇ ਧਰਮ ਦਾ ਆਸਰਾ ਲੈ ਕੇ ਮੱਝਾਂ ਦੇ ਪਾਰਖੂ ਫੁੱਫੜ ਨੂੰ ਠੱਗ ਲਿਆ ਹੈ। ਉਨ੍ਹਾਂ ਨੇ ਕੱਟਰੂ ਵੀ ਕਿਸੇ ਹੋਰ ਮੱਝ ਦਾ ਲਾ ਦਿੱਤਾ ਜੋ ਭੁੱਖ ਨਾਲ ਹੀ ਮਰ ਗਿਆ।

ਅਗਲੇ ਦਿਨ ਜਦੋਂ ਅਸੀਂ ਮੱਝ ਲੈ ਕੇ ਲਹਿਰੇ ਪਹੁੰਚੇ ਤਾਂ ਘਰ ਵਾਲਿਆਂ ਨੂੰ ਸੱਪ ਸੁੰਘ ਗਿਆ। ਬਥੇਰੇ ਡਾਕਟਰਾਂ ਨੂੰ ਦਿਖਾਇਆ ਪਰ ਜਮਾਂਦਰੂ ਮਰੇ ਥਣ ਕਿੱਥੋਂ ਚਾਲੂ ਹੋਣ। ਮੇਲਾ ਤਿੰਨ ਦਿਨ ਚੱਲਣ ਕਰਕੇ ਅਗਲੇ ਦਿਨ ਠੱਗਾਂ ਨੂੰ ਭਾਲਣ ਵੀ ਗਏ ਪਰ ਗੱਲ ਨਾ ਬਣੀ। ਇਸ ਘਟਨਾ ਨੇ ਮੇਰੇ ਮਨ 'ਤੇ ਐਨਾ ਅਸਰ ਕੀਤਾ ਕਿ ਮੈਂ ਹਰ ਚੀਜ਼ ਨੂੰ ਤਰਕ ਤੇ ਵਿਗਿਆਨ ਦੀ ਕਸਵੱਟੀ 'ਤੇ ਤੋਲਣ ਮਗਰੋਂ ਹੀ ਖਰੀਦਣ ਲੱਗਿਆ।

ਅਜਿਹੀ ਹੀ ਇਕ ਧਰਮ ਨਾਲ ਜੁੜੀ ਘਟਨਾ ਵੀ ਮੇਰੇ ਜ਼ਹਿਨ ਦਾ ਹਿੱਸਾ ਹੈ। ਮੇਰੇ ਬਜ਼ੁਰਗ ਵੀ ਜਾਤ-ਪਾਤ ਵਿਚ ਯਕੀਨ ਨਹੀਂ ਕਰਦੇ ਸਨ। ਬਜ਼ੁਰਗਾਂ ਨੇ ਕਦੇ ਪੰਡਤ ਹੋਣ ਦੇ ਬਾਵਜੂਦ ਪੰਡਤਾਂ ਦੀ ਪ੍ਰਵਾਹ ਨਹੀਂ ਸੀ ਕੀਤੀ। ਸਾਡੇ ਘਰ ਇਕ ਦਲਿਤ ਪਰਿਵਾਰ ਨਾਲ ਸਬੰਧਤ ਵਿਅਕਤੀ ਦੀ ਪਰਿਵਾਰਕ ਸਾਂਝ ਸੀ। ਇਕ ਵਿਆਹ ਸਮੇਂ ਸਾਡੇ ਭਾਈਚਾਰੇ ਨੇ ਉਸ 'ਤੇ ਇਤਰਾਜ਼ ਕੀਤਾ ਕਿ ਜਾਂ ਉਹ ਆਉਣਗੇ ਜਾਂ ਅਸੀਂ। ਬਜ਼ੁਰਗਾਂ ਨੇ ਕਿਹਾ ਕਿ ਉਹ ਤਾਂ ਪਰਿਵਾਰਕ ਮੈਂਬਰ ਵਾਂਗ ਹੈ, ਆਉਣਾ ਨਾ ਆਉਣਾ ਤੁਹਾਡੀ ਮਰਜ਼ੀ। ਉਹ ਰੁਸੇਵੇਂ ਵਜੋਂ ਕੁਝ ਦਿਨ ਨਹੀਂ ਆਏ।

ਇਕ ਵਾਰ ਲਹਿਰਾ ਤੋਂ ਪੱਖੋ ਕਲਾਂ (ਬਰਨਾਲਾ) ਮੱਝ ਛੱਡਣ ਜਾਣਾ ਸੀ। ਉਦੋਂ ਵਾਹਨ ਨਹੀਂ ਸੀ ਸਗੋਂ ਪੈਦਲ ਹੀ ਲੈ ਕੇ ਜਾਂਦੇ ਸਨ। ਭੀਖੀ ਕੋਲ ਪਹੁੰਚ ਕੇ ਸਾਨੂੰ ਆਥਣ ਹੋ ਗਿਆ ਤਾਂ ਉਸਨੇ ਕਿਹਾ ਮੱਤੀ ਪਿੰਡ ਠਹਿਰਦੇ ਹਾਂ। ਉਸ ਦੇ ਸਹੁਰੇ ਉੱਥੇ ਹਨ। ਅਸੀਂ ਆਥਣ ਨੂੰ ਮੱਤੀ ਪਿੰਡ ਪਹੁੰਚ ਗਏ। ਉਸਦੇ ਸਹੁਰੇ ਵਾਲਿਆਂ ਨੂੰ ਮੇਰੇ 'ਬ੍ਰਾਹਮਣਾਂ ਦਾ ਮੁੰਡਾ' ਹੋਣ ਬਾਰੇ ਪਤਾ ਲੱਗਣ 'ਤੇ ਉਨ੍ਹਾਂ ਪਿੰਡ ਦੇ ਪੰਡਤਾਂ ਤੇ ਸਰਪੰਚ ਦੇ ਘਰ ਰਹਿਣ ਤੇ ਰੋਟੀ ਖਾਣ ਦਾ ਪ੍ਰਬੰਧ ਕਰ ਦਿੱਤਾ ਪਰ ਮੈਂ ਕਿਸੇ ਦੇ ਵੀ ਜਾਣ ਨੂੰ ਜਵਾਬ ਦੇ ਦਿੱਤਾ। ਉਸਦੇ ਸਹੁਰਿਆਂ ਨੇ ਸਾਗ, ਮੱਕੀ ਦੀ ਰੋਟੀ ਤੋਂ ਇਲਾਵਾ ਨਵੇਂ ਬਿਸਤਰੇ ਸਾਡੇ ਲਈ ਵਿਛਾ ਦਿੱਤੇ। ਮੈਂ ਥਕਾਵਟ ਹੋਣ ਕਰਕੇ ਚੰਗੀ ਨੀਂਦ ਸੁੱਤਾ। ਅਗਲੇ ਦਿਨ ਪੱਖੋ ਕਲਾਂ ਭੂਆ ਕੋਲ ਪਹੁੰਚੇ। ਉਹ ਬਹੁਤ ਖੁਸ਼ ਹੋਈ। ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਰਾਤ ਮੀਰ ਆਲਮ ਦੇ ਘਰ ਕੱਟੀ ਤਾਂ ਉਹ ਚੁੱਪ ਹੀ ਹੋ ਗਈ। ਫਿਰ ਕਦੇ ਮੈਨੂੰ ਗੰਗਾ ਜਲ ਨਾਲ ਨਹਾਉਣ ਜਾਂ ਹਰਿਦੁਆਰ ਜਾ ਕੇ ਨਹਾਉਣ ਦੀਆਂ ਮੱਤਾਂ ਦੇਣ ਲੱਗੀ। ਇਨ੍ਹਾਂ ਘਟਨਾਵਾਂ ਨੇ ਧਰਮ ਪ੍ਰਤੀ ਮੇਰਾ ਨਜ਼ਰੀਆ ਬਦਲ ਕੇ ਰੱਖ ਦਿੱਤਾ। ਅੱਜ ਵੀ ਮੈਂ ਕਦੇ ਧਾਰਮਿਕ ਸਥਾਨਾਂ 'ਤੇ ਨਹੀਂ ਜਾਂਦਾ, ਨਾ ਹੀ ਮੱਥਾ ਟੇਕਦਾਂ ਪਰ ਕਿਰਤ ਕਰਨ ਵਾਲੇ ਨੂੰ ਸਲਾਮ ਜ਼ਰੂਰ ਕਰਦਾ ਹਾਂ।

# ਮੈਂ ਜੱਟ ਯਮੂਲਾ ਪਗਲਾ ਦੀਵਾਨਾ, ਓ ਰੱਬਾ...

ਹਿੰਦੀ ਫਿਲਮਾਂ ਦੇ 'ਹੀ ਮੈਨ' ਧਰਮਿੰਦਰ ਦਾ ਜਲਵਾ ਅੱਜ ਵੀ ਓਨਾ ਹੀ ਹੈ ਜਿੰਨਾ ਕਈ ਸਾਲ ਪਹਿਲਾਂ ਸੀ। ਮਨਦੀਪ ਸਿੰਘ (32) ਨੇ ਧਰਮਿੰਦਰ ਨੂੰ ਫਿਲਮਾਂ ਵਿਚ ਹੀ ਦੇਖਿਆ ਸੀ, ਜਦੋਂ ਉਸਨੂੰ ਪਤਾ ਲੱਗਿਆ ਕਿ ਉਹ ਅੱਜ-ਕੱਲ੍ਹ ਆਪਣੇ ਪੁੱਤਰਾਂ ਨਾਲ ਇਥੇ ਇਕ ਫਿਲਮ ਦੀ ਸੂਟਿੰਗ ਸਬੰਧੀ ਆਏ ਹਨ ਤਾਂ ਉਹ ਆਪਣੀ ਦਿਲਰੂਪ ਤੇ ਛੇ ਮਹੀਨਿਆਂ ਦੀ ਬੱਚੀ ਨਾਲ ਵੈਨਕੂਵਰ ਤੋਂ ਇਥੇ ਸਿਰਫ ਧਰਮ ਭਾਅ ਜੀ ਦੇ ਦੀਦਾਰ ਕਰਨ ਲਈ ਪੁੱਜ ਗਿਆ। ਹੁਣ ਤੁਸੀਂ ਆਪ ਹੀ ਦੱਸੋ ਕਿ ਇਸ ਪੰਜਾਬ ਦੇ ਪੁੱਤਰ ਦੀ ਮਕਬੂਲੀਅਤ ਘਟੀ ਹੈ?

ਪਟਿਆਲਾ ਵਿਚ ਪਿਛਲੇ ਹਫਤੇ ਅਫਵਾਹ ਫੈਲ ਗਈ ਸੀ ਕਿ ਧਰਮਿੰਦਰ ਨੂੰ ਦਿਲ ਦਾ ਦੌਰਾ ਪੈ ਗਿਆ ਹੈ। ਉਸ ਹੋਟਲ ਦੇ ਬਾਹਰ ਲੋਕਾਂ ਦੀ ਭੀੜ ਜਮ੍ਹਾ ਹੋ ਗਈ, ਜਿੱਥੇ ਉਹ ਠਹਿਰੇ ਹੋਏ ਸਨ। ਧਰਮਿੰਦਰ ਦੇ ਪੁੱਤਰ ਆਪਣੇ ਪਿਤਾ ਨੂੰ ਜਾਂਚ ਲਈ ਪੀ.ਜੀ.ਆਈ. ਲੈ ਗਏ, ਸਿਰਫ ਨਸ ਵਿਚ ਖਿਚਾਅ ਦੀ ਸ਼ਿਕਾਇਤ ਸੀ। ਫਿਲਮ ਨਿਰਦੇਸ਼ਕ ਸਮੀਰ ਕਾਰਨਿਕ ਮੁਤਾਬਕ ਇਹ ਗਰਮ ਧਰਮ ਪੀ.ਜੀ.ਆਈ. ਤੋਂ ਪਰਤ ਕੇ ਸੂਟਿੰਗ ਵਿਚ ਜੁਟ ਗਏ।



ਧਰਮਿੰਦਰ ਨੂੰ ਖੂਬਸੂਰਤੀ ਕੁਦਰਤ ਨੇ ਬਖਸ਼ੀ ਹੋਈ ਹੈ। ਇਸੇ ਕਰਕੇ ਕਦੇ ਦਲੀਪ ਕੁਮਾਰ ਨੇ ਮਜ਼ਾਕ ਵਿਚ ਉਸ ਨੂੰ ਕਿਹਾ ਸੀ ਕਿ ਉਹ ਰੱਬ ਕੋਲ ਸ਼ਿਕਾਇਤ ਕਰਨਗੇ ਕਿ ਉਨ੍ਹਾਂ ਨੂੰ ਧਰਮਿੰਦਰ ਵਰਗਾ ਖੂਬਸੂਰਤ ਕਿਉਂ ਨਹੀਂ ਬਣਾਇਆ। ਧਰਮ ਭਾਜੀ ਦੇ ਨੇੜਲੇ ਤਾਂ ਆਪਣੇ ਇਸ ਯਾਰ ਬੇਲੀ ਦੀ ਪੂਜਾ ਕਰਦੇ ਹਨ। ਰਜ਼ਾ ਮੁਰਾਦ ਮੁਤਾਬਕ, ਉਹ ਬਹੁਤ ਭਾਵੁਕ ਹਨ। ਬਿਲਕੁਲ ਬੱਚੇ ਵਾਂਗ। ਇੰਨੇ ਜਾਨਦਾਰ ਦੇ ਸ਼ਾਨਦਾਰ ਹੋਣ ਦੇ ਬਾਵਜੂਦ ਧਰਮਿੰਦਰ ਨੂੰ 1997 ਤਕ ਕੋਈ ਫਿਲਮ ਫੇਅਰ ਐਵਾਰਡ ਨਹੀਂ ਮਿਲਿਆ। ਉਦੋਂ ਉਨ੍ਹਾਂ ਨੂੰ ਲਾਈਫ ਟਾਈਮ ਅਚੀਵਮੈਂਟ ਐਵਾਰਡ ਮਿਲਿਆ।

ਧਰਮਿੰਦਰ ਦਾ ਵਿਆਹ 19 ਸਾਲ ਦੀ ਉਮਰ ਵਿਚ ਹੋਇਆ ਸੀ। ਫਿਲਮਾਂ ਤੇ ਕੁਝ ਸਮੇਂ ਲਈ ਸਿਆਸਤ ਵਿਚ ਆਉਣ ਮਗਰੋਂ ਵਿਵਾਦ ਵੀ ਉਨ੍ਹਾਂ ਨਾਲ ਜੁੜੇ ਰਹੇ। ਮਜ਼ਾਕ ਕਰਨ ਦੀ ਉਨ੍ਹਾਂ ਦੀ ਆਦਤ, ਨਕਲ ਉਤਾਰਨ ਦੀ ਸਮਰੱਥਾ ਤੇ ਦਰਿਆਦਿਲੀ ਨੇ ਲੋਕਾਂ ਨੂੰ ਉਨ੍ਹਾਂ ਦਾ ਮੁਰੀਦ ਬਣਾ ਦਿੱਤਾ।

ਫਰਵਰੀ ਵਿਚ ਸੰਘਣੀ ਧੁੰਦ ਕਾਰਨ ਉਸ ਦਿਨ ਉਨ੍ਹਾਂ ਦਾ ਜਹਾਜ਼ ਨਹੀਂ ਉਤਰ ਸਕਿਆ, ਜਿਸ ਦਿਨ ਫਿਲਮ ਦੀ ਸੂਟਿੰਗ ਲਈ 40 ਕੋਰਸ ਨ੍ਰਿਤਕਾ ਨੇ ਪਟਿਆਲਾ ਪੁੱਜਣਾ ਸੀ। ਫਿਲਮ ਨਿਰਦੇਸ਼ਕ ਸਮੀਰ ਘਬਰਾ ਗਏ, ਕਿਉਂਕਿ ਸੂਟਿੰਗ ਰੱਦ ਹੋਣ ਕਾਰਨ ਉਨ੍ਹਾਂ ਨੂੰ ਮਾਲੀ ਨੁਕਸਾਨ ਝੱਲਣਾ ਪੈਂਦਾ ਪਰ ਧਰਮਿੰਦਰ ਨੇ ਨਾਚ ਵਾਲੇ ਦ੍ਰਿਸ਼ ਨੂੰ ਛੱਡ ਕੇ ਆਪਣੇ ਦੋ ਪੁੱਤਰਾਂ ਨਾਲ ਹੋਰ ਦ੍ਰਿਸ਼ਾਂ ਦੀ ਸੂਟਿੰਗ ਕਰਵਾ ਦਿੱਤੀ।

ਫਿਟਨੈਸ ਦੇ ਸ਼ੌਕੀਨ ਧਰਮਿੰਦਰ 74 ਸਾਲ ਦੇ ਨਹੀਂ ਲਗਦੇ। ਉਹ ਸਵੇਰੇ ਬੈਡਮਿੰਟਨ ਖੇਡਦੇ ਹਨ। ਹੋਟਲ ਦੇ ਮੁਲਾਜ਼ਮ ਸਤੀਸ਼ ਹਿਰਾਨੀ ਮੁਤਾਬਕ ਧਰਮਿੰਦਰ ਹਰ ਰੋਜ਼ ਦੋ ਘੰਟੇ ਕਸਰਤ ਕਰਦੇ ਹਨ। ਮੂੰਗੀ ਦੀ ਦਾਲ, ਮੇਥੀ ਤੇ ਹਰੀਆਂ ਸਬਜ਼ੀਆਂ ਛਕਦੇ ਹਨ।

ਧਰਮਿੰਦਰ 'ਯਮ੍ਹਲਾ ਪਗਲਾ ਦੀਵਾਨਾ' ਨਾਲ ਫਿਲਮਾਂ ਵਿਚ ਅੱਧੀ ਸਦੀ ਮਨਾਉਣ ਲਈ ਤਿਆਰ ਹਨ। ਇਹ ਫਿਲਮ ਦਸੰਬਰ ਵਿਚ ਰਿਲੀਜ਼ ਹੋਵੇਗੀ।

ਪੀ.ਜੀ.ਆਈ. ਤੋਂ ਆਉਣ ਮਗਰੋਂ ਹੋਟਲ ਦੇ ਬਾਹਰ ਖੜ੍ਹੇ ਪ੍ਰਸ਼ੰਸਕਾਂ ਨੂੰ ਕਿਹਾ, ''ਮੈਂ ਪੰਜਾਬ ਦਾ ਹਾਂ ਤੇ ਮੈਨੂੰ ਕੁਝ ਨਹੀਂ ਹੋ ਸਕਦਾ।''

# ਮਾਂ-ਧੀ ਪਹਿਲੀ ਵਾਰ ਸੁਨਹਿਰੀ ਪਰਦੇ 'ਤੇ

ਫ਼ਿਲਮ ਕਲਾਕਾਰ ਸ਼ਰਮੀਲਾ ਟੈਗੋਰ ਆਪਣੀ ਲੜਕੀ ਸੋਹਾ ਖ਼ਾਨ ਨਾਲ ਪਹਿਲੀ ਵਾਰ ਕਿਸੇ ਫ਼ਿਲਮ ਵਿਚ ਨਜ਼ਰ ਆਏਗੀ।

'ਲਾਈਫ ਗੋਜ਼ ਆਨ' ਨਾਂ ਦੀ ਫ਼ਿਲਮ ਵਿਚ ਓਮਪੁਰੀ ਅਤੇ ਗਰੀਸ਼ ਕਰਨਾਡ ਵਰਗੇ ਕਲਾਕਾਰ ਵੀ ਦਿਖਾਈ ਦੇਣਗੇ। ਇਹ ਇਕ ਅਜਿਹੀ ਔਰਤ ਦੀ ਕਹਾਣੀ ਹੈ, ਜਿਸ ਦੀ ਜ਼ਿੰਦਗੀ ਆਪਣੀ ਲੜਕੀ ਅਤੇ ਪਤੀ ਵਿਚਾਲੇ ਘਿਰੀ ਹੋਈ ਹੈ ਅਤੇ ਹਾਲਾਤ ਬਦਲਣ ਨਾਲ ਉਨ੍ਹਾਂ ਰਿਸ਼ਤਿਆਂ ਵਿਚ ਕਿਵੇਂ-ਕਿਵੇਂ ਮੋੜ ਆਉਂਦੇ ਹਨ, ਉਸ ਨੂੰ ਬੜੀ ਖੂਬਸੂਰਤੀ ਨਾਲ ਦਿਖਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਫ਼ਿਲਮ ਵਿਚ ਸੋਹਾ ਅਲੀ ਖ਼ਾਨ ਪਹਿਲੀ ਵਾਰ ਪਰਦੇ 'ਤੇ ਆਪਣੀ ਮਾਂ ਨਾਲ ਕੰਮ ਕਰਦੀ ਦਿਖਾਈ ਦੇਵੇਗੀ, ਜਦਕਿ ਸ਼ਰਮੀਲਾ ਦੇ ਪਤੀ ਦੀ ਭੂਮਿਕਾ ਨਿਭਾਈ ਹੈ ਗਰੀਸ਼ ਕਰਨਾਡ ਨੇ।



ਫ਼ਿਲਮ ਦੇ ਵਿਸ਼ੇ ਬਾਰੇ ਸ਼ਰਮੀਲਾ ਕਹਿੰਦੀ ਹੈ ਕਿ ਮੈਨੂੰ ਇਸ ਫ਼ਿਲਮ ਦੀ ਸਭ ਤੋਂ ਵੱਡੀ ਖਾਸੀਅਤ ਇਸ ਦੀ ਸਾਦਗੀ ਲੱਗੀ ਹੈ। ਕਿਸ ਤਰ੍ਹਾਂ ਨਾਲ ਰਿਸ਼ਤਿਆਂ ਵਿਚ ਉਤਰਾਅ-ਚੜ੍ਹਾਅ ਆਉਂਦੇ ਹਨ ਅਤੇ ਕਿਵੇਂ ਕੋਈ ਇਨਸਾਨ ਉਨ੍ਹਾਂ ਦਾ ਸਾਹਮਣਾ ਕਰਦਾ ਹੈ, ਇਹ ਉਸ ਵਿਚ ਬੜੀ ਖੂਬਸੂਰਤੀ ਨਾਲ ਦਿਖਾਇਆ ਗਿਆ ਹੈ।

ਸ਼ਰਮੀਲਾ ਕਾਫੀ ਘੱਟ ਫ਼ਿਲਮਾਂ ਕਰਦੀ ਹੈ ਅਤੇ ਕਾਫੀ ਸੋਚ-ਸਮਝ ਕੇ ਭੂਮਿਕਾ ਚੁਣਦੀ ਹੈ। ਉਨ੍ਹਾਂ ਕਿਹਾ ਕਿ ਉਹ ਰਵਾਇਤੀ ਭੂਮਿਕਾ ਬਿਲਕੁਲ ਨਹੀਂ ਕਰਨਾ ਚਾਹੁੰਦੀ। ਕੋਈ ਅਜਿਹੀ ਭੂਮਿਕਾ, ਜਿਸ ਵਿਚ ਉਸ ਨੇ ਕੇਵਲ ਮਾਂ ਦੀ ਭੂਮਿਕਾ ਨਿਭਾਉਣੀ ਹੈ, ਉਹ ਇਹ ਭੂਮਿਕਾ ਨਹੀਂ ਕਰਦੀ। ਸ਼ਰਮੀਲਾ ਨੇ ਕਿਹਾ ਕਿ ਅਜਿਹੇ ਵੇਲੇ ਜਦ ਫ਼ਿਲਮਾਂ ਵਿਚ ਹਰੇਕ ਥਾਂ ਵਧੀਆ ਹੀ ਦਿਖਾਈ ਜਾ ਰਹੀ ਹੈ, ਤਕਨੀਕ ਆਧੁਨਿਕ ਹੋ ਗਈ ਹੈ, ਉਸ ਤਰ੍ਹਾਂ ਇਸ ਫ਼ਿਲਮ ਦੀ ਸਾਦਗੀ ਤੁਹਾਡੇ ਦਿਲ ਨੂੰ ਟੁੰਬਦੀ ਹੈ ਅਤੇ ਜਿਸ ਤਰ੍ਹਾਂ ਦੇ ਭਾਵ ਉਭਰਦੇ ਹਨ, ਉਹ ਮੈਨੂੰ ਬੇਹੱਦ ਚੰਗੇ ਲੱਗੇ ਹਨ। ਇਸ ਲਈ ਮੈਂ ਇਹ ਫ਼ਿਲਮ ਰੱਖੀ ਹੈ। ਆਪਣੀ ਲੜਕੀ ਸੋਹਾ ਨਾਲ ਪਹਿਲੀ ਵਾਰ ਫ਼ਿਲਮ ਵਿਚ ਕੰਮ ਕਰਨ ਦੇ ਅਨੁਭਵ ਬਾਰੇ ਸ਼ਰਮੀਲਾ ਕਹਿੰਦੀ ਹੈ ਕਿ ਜੋ ਵੀ ਕਿਰਦਾਰ ਅਸੀਂ ਨਿਭਾਉਂਦੇ ਹਾਂ, ਉਹ ਡਾਇਰੈਕਟਰ ਦੇ ਕਹਿਣ ਅਨੁਸਾਰ ਹੀ ਕਰਨਾ ਹੁੰਦਾ ਹੈ।

ਦੂਜੇ ਪਾਸੇ ਸੋਹਾ ਆਪਣੀ ਮਾਂ ਨਾਲ ਪਹਿਲੀ ਵਾਰ ਕੰਮ ਕਰਕੇ ਕਾਫੀ ਖੁਸ਼ ਹੈ, ਪਰ ਕਿੱਸ ਕਰਦੇ ਵੇਲੇ ਉਹ ਥੋੜ੍ਹੀ ਨਰਵਸ ਜ਼ਰੂਰ ਹੋਈ ਸੀ। ਉਸ ਨੇ ਕਿਹਾ ਕਿ ਮੇਰੀ ਮਾਂ ਕਾਫੀ ਸਫਲ ਅਤੇ ਮਸ਼ਹੂਰ ਕਲਾਕਾਰ ਹੈ, ਉਨ੍ਹਾਂ ਦਾ ਤਜਰਬਾ ਵੀ 58 ਸਾਲ ਦਾ ਹੈ।

# ਪਾਕਿਸਤਾਨ ਦੇ ਦਰਸ਼ਕ ਵੀ ਕਰੀਨਾ ਕਪੂਰ 'ਤੇ ਲੱਟੂ

ਬਾਲੀਵੁੱਡ ਦੀ ਧੜਕਣ ਕਰੀਨਾ ਕਪੂਰ 'ਤੇ ਪਾਕਿਸਤਾਨ ਵੀ ਫਿਦਾ ਹੈ। ਤਦੇ ਤਾਂ ਕਰਾਚੀ ਦੇ ਸੈਂਕੜੇ ਬਿਲਬੋਰਡਾਂ 'ਤੇ ਉਹ ਹੀ ਉਹ ਹੈ, ਦੂਜਾ ਕੋਈ ਨਹੀਂ। ਪਾਕਿਸਤਾਨ ਦੀ ਇਕ ਮੁੱਖ ਕੱਪੜਾ ਨਿਰਮਾਤਾ ਕੰਪਨੀ ਫਿਰਦੌਸ ਲਾਅਨ ਨੇ ਆਪਣੇ ਇਸ਼ਤਿਹਾਰ ਵਿਚ ਇਸ ਅਦਾਕਾਰਾ ਨੂੰ 30 ਲੱਖ ਰੁਪਏ 'ਚ ਲਿਆ ਹੈ।



ਕੰਪਨੀ ਦੇ ਬੁਲਾਰੇ ਨੇ ਦੱਸਿਆ ਕਿ ਇਸ 'ਚ ਕੁਝ ਵੀ ਗੈਰ-ਕਾਨੂੰਨੀ ਨਹੀਂ। ਅਸੀਂ ਆਪਣੀ ਕੰਪੇਨ 'ਚ ਸ਼ਾਮਲ ਹੋਣ ਲਈ ਉਸਨੂੰ ਪੇਸ਼ਕਸ਼ ਕੀਤੀ, ਜੋ ਕਰੀਨਾ ਨੇ ਸਵੀਕਾਰ ਕਰ ਲਈ। ਇਸ ਦੀ ਸੂਟਿੰਗ ਦੁਬਈ 'ਚ ਹੋਈ ਹੈ ਅਤੇ ਇਸ਼ਤਿਹਾਰ 'ਚ ਬੇਬੋ ਕੰਪਨੀ ਦੇ ਕੱਪੜਿਆਂ ਦੇ ਅਨੇਕਾਂ ਡਿਜ਼ਾਈਨ ਪਾਈ ਦਿਖ ਰਹੀ ਹੈ। ਕੰਪਨੀ ਦਾ ਕਹਿਣਾ ਹੈ ਕਿ ਉਸ ਨੂੰ ਭਾਰਤੀ ਅਦਾਕਾਰਾ ਨੂੰ ਆਪਣੀ ਐਡ ਵਿਚ ਇਸ ਕਰਕੇ ਲਿਆ ਕਿਉਂਕਿ ਉਹ ਪਾਕਿਸਤਾਨ ਵਿਚ ਵੀ ਕਾਫੀ ਮਕਬੂਲ ਹੈ।

ਪ੍ਰੈਸਟੀਜ਼ ਕਮਿਊਨੀਕੇਸ਼ਨ ਨੇ ਦੱਸਿਆ ਕਿ ਉਹ ਪਾਕਿਸਤਾਨੀ ਐਡ ਏਜੰਸੀ ਲਈ ਤਾਜ਼ੀ ਹਵਾ ਦੀ ਤਾਕ 'ਚ ਹੈ। ਇਸ ਤੋਂ 4 ਸਾਲ ਪਹਿਲਾਂ ਇਕ ਪਾਕਿਸਤਾਨੀ ਕੰਪਨੀ ਨੇ ਸੁਪਰ ਸਟਾਰ ਅਮਿਤਾਭ ਬੱਚਨ ਦਾ ਆਪਣੇ ਇਕ ਕੁਇਜ਼ ਸ਼ੋਅ 'ਚ ਇਸਤੇਮਾਲ ਕੀਤਾ ਸੀ ਪਰ ਇਸ ਦੇ ਲੀ ਲੋਕਾਂ ਨੇ ਉਸ ਦੀ ਸ਼ਿਕਾਇਤ ਸਥਾਨਕ ਪ੍ਰਕਾਸ਼ਨ ਨੂੰ ਕਰ ਦਿੱਤੀ। ਬੱਚਨ ਦੀ ਤਸਵੀਰ ਨੂੰ ਬਿਨਾ ਇਜਾਜ਼ਤ ਵਰਤੋਂ 'ਚ ਲਿਆਂਦਾ ਗਿਆ ਸੀ।

# ਕੇਵਲ ਪ੍ਰਿਯੰਕਾ ਚੋਪੜਾ ਜਾਣਦੀ ਹੈ ਕੈਟਰੀਨਾ ਤੇ ਰਣਬੀਰ ਦਾ ਸਕਰੀਨ ਤੋਂ ਬਾਹਰਲਾ ਰਾਜ਼

ਰਣਬੀਰ ਕਪੂਰ-ਕੈਟਰੀਨਾ ਕੈਫ ਦੀ ਕਹਾਣੀ ਜਾਰੀ ਹੈ। ਜਿਹੜੀ ਪ੍ਰੇਮਕਥਾ 'ਅਜਬ ਪ੍ਰੇਮ ਕੀ ਗਜ਼ਬ ਕਹਾਣੀ' ਦੇ ਸੈਟ ਤੋਂ ਸ਼ੁਰੂ ਹੋਈ ਸੀ, ਉਹ 'ਰਾਜਨੀਤੀ' ਦੌਰਾਨ ਵੀ ਜਾਰੀ ਹੈ। ਭਾਵੇਂ ਅੱਧ ਵਿਚਾਲੇ ਰਣਬੀਰ ਦੀ ਗਰਲਫ੍ਰੈਂਡ ਦੀਪਿਕਾ ਪਾਦੂਕੋਣ ਦੇ ਆਉਣ ਨਾਲ ਪਾਰਾ ਕੁਝ ਹੇਠਾਂ ਆ ਗਿਆ ਸੀ। ਉਸ ਸਮੇਂ ਭਾਵੇਂ ਕੈਟਰੀਨਾ ਸਲਮਾਨ ਖਾਨ ਨਾਲ ਸੀ ਪਰ ਹੁਣ ਉਹ ਦੋਵੇਂ 'ਇਕੱਲੇ' ਹਨ। ਹੈਰਾਨੀ ਦੀ ਗੱਲ ਹੈ ਕਿ ਉਹ ਇਕ-ਦੂਜੇ ਲਈ ਆਪਣੀਆਂ ਭਾਵਨਾਵਾਂ ਬਾਰੇ ਜ਼ਿਆਦਾ ਖੁੱਲ੍ਹੇ ਕਿਉਂ ਨਹੀਂ। ਪਿਛਲੇ ਸਾਲ ਨਵੇਂ ਸਾਲ ਦੌਰਾਨ ਇਕ ਰਸਾਲੇ ਨੇ ਖ਼ਬਰ ਦਿੱਤੀ ਸੀ ਕਿ ਕਿਵੇਂ ਕੈਟ ਰਣਬੀਰ ਕੋਲ ਅਮਰੀਕਾ ਨੂੰ ਉਡਾਰੀ ਮਾਰ ਗਈ ਸੀ।



ਜਿਥੇ ਉਹ ਸਾਜਿਦ ਨਾਡੀਆਡਵਾਲਾ ਦੀ 'ਅਨਜਾਨਾ ਅਨਜਾਨੀ' ਲਈ ਸੂਟਿੰਗ ਕਰ ਰਿਹਾ ਸੀ। ਜਦੋਂ ਉਸ ਨੂੰ ਆਪਣਾ ਰਾਜ਼ ਖੁੱਲ੍ਹ ਜਾਣ ਦਾ ਪਤਾ ਲੱਗਾ ਤਾਂ ਉਸ ਨੇ ਦਾਅਵਾ ਕੀਤਾ ਕਿ ਛੁੱਟੀਆਂ ਲਈ ਆਪਣੇ ਪਰਿਵਾਰ ਕੋਲ ਲੰਡਨ ਵਿਚ ਸੀ, ਫਿਰ ਉਹ ਕਾਹਲੀ ਵਿਚ ਲੰਡਨ ਆ ਗਈ, ਜਿਥੇ ਉਸ ਦਾ ਕਿਸੇ ਸਮੇਂ ਘਰ ਸੀ। ਉਸ ਨੇ ਯਕੀਨੀ ਬਣਾਇਆ ਕਿ ਹਰੇਕ ਨਾਲ ਲੈਂਡਲਾਈਨ ਤੋਂ ਗੱਲ ਕਰ ਰਹੀ ਸੀ ਤਾਂ ਕਿ ਹਰੇਕ ਨੂੰ (ਖਾਸ ਕਰਕੇ ਸਲਮਾਨ ਨੂੰ) ਇਹ ਸਾਬਤ ਕਰ ਸਕੇ ਕਿ ਉਹ ਲੰਡਨ ਵਿਚ ਸੀ। ਭਾਵੇਂ ਕੈਟ ਘਰ ਵਾਪਸ ਆ ਗਈ ਪਰ ਰਣਬੀਰ ਉਥੇ ਹੋਰ ਢਾਈ ਮਹੀਨੇ ਟਿਕਿਆ ਰਿਹਾ। ਨਵੇਂ ਪ੍ਰੇਮੀਆਂ ਲਈ ਜੁਦਾਈ ਬੜੀ ਦੁਖਦਾਈ ਸੀ, ਜਿਹੜੀ ਦੱਸਦੀ ਹੈ ਕਿ ਕੈਟ ਕੁਝ ਹੋਰ ਵਾਰ ਵੀ ਰਣਬੀਰ ਨੂੰ ਮਿਲਣ ਅਮਰੀਕਾ ਗਈ ਸੀ। ਉਸ ਦਾ ਇਹ ਯਕੀਨੀ ਬਣਾਉਣ ਦਾ ਯਤਨ ਸੀ ਕਿ ਉਹ ਸੈਟ ਤੋਂ ਦੂਰ ਕਦੇ ਗਈ ਹੀ ਨਹੀਂ ਅਤੇ ਕਿਸੇ ਨੇ ਵੀ ਉਸ ਨੂੰ ਉਥੇ ਦੇਖਿਆ ਨਹੀਂ। ਸਿਰਫ ਇਕ ਰਾਤ ਤੋਂ ਬਿਨਾਂ ਜਦੋਂ ਉਸ ਦਾ ਸਾਹਮਣਾ ਫਿਲਮ ਦੀ ਨਾਇਕਾ ਪ੍ਰਿਯੰਕਾ ਚੋਪੜਾ ਨਾਲ ਹੋ ਗਿਆ ਸੀ। ਉਹ ਕੁਝ ਡਰ ਗਈ ਸੀ ਅਤੇ ਪਹਿਲੀ ਚੀਜ਼ ਜਿਹੜੀ ਉਸ ਦੇ ਦਿਮਾਗ ਵਿਚ ਆਈ ਸੀ, ਹੁਣ ਇਹ ਖ਼ਬਰ ਸਾਰੇ ਥਾਈਂ ਫੈਲ ਜਾਵੇਗੀ। ਕਿਉਂਕਿ ਦੋਵੇਂ ਐਕਟ੍ਰਿਸਾਂ ਦੀ ਆਪਸ ਵਿਚ ਬੋਲਬਾਣੀ ਨਹੀਂ ਸੀ, ਤਾਂ ਉਸ ਨੇ ਆਪਣੇ ਪ੍ਰੇਮੀ ਨੂੰ ਕਿਹਾ ਸੀ ਕਿ ਉਸ ਨਾਲ ਗੱਲ ਕਰਕੇ ਮਨਾਵੇ ਕਿ ਉਨ੍ਹਾਂ ਦਾ ਰਾਜ਼ ਨਾ ਖੋਲ੍ਹੇ। ਫਿਰ ਹੁਣ ਫ਼ਿਲਮ ਦੀ ਯੂਨਿਟ ਆ ਜਾਣ 'ਤੇ ਅਜਿਹਾ ਕੋਈ ਰਾਜ਼ ਨਹੀਂ ਰਿਹਾ। ਵਾਪਸੀ ਪਿਛੋਂ ਰਣਬੀਰ ਅਕਸਰ ਕੈਫ ਦੇ ਘਰ ਜਾਂਦਾ ਹੈ। ਇਸ ਜੋੜੀ ਨੇ ਹੁਣ ਇਕੱਠਿਆਂ ਤੀਜੀ ਫ਼ਿਲਮ ਸਾਈਨ ਕੀਤੀ ਹੈ।

# ਭਾਰਤੀਆਂ ਨੂੰ ਸਮਝਣ ਦਾ ਜ਼ਰੀਆ ਨੇ ਹਿੰਦੀ ਫ਼ਿਲਮਾਂ

''ਆਸਟ੍ਰੇਲੀਆ ਤੇ ਭਾਰਤ ਵਿਚਾਲੇ ਦੁਵੱਲੇ ਹਾਂਦਰੂ ਸੰਬੰਧ ਵਧਾਉਣ 'ਚ ਸਿਨੇਮਾ ਵੱਡੀ ਭੂਮਿਕਾ ਨਿਭਾਅ ਸਕਦਾ ਹੈ, ਖਾਸ ਕਰ ਬਾਲੀਵੁੱਡ ਫ਼ਿਲਮਾਂ ਇਸ ਦਿਸ਼ਾ 'ਚ ਅਹਿਮ ਕਾਰਜ ਕਰ ਸਕਦੀਆਂ ਹਨ, ਕਿਉਂਕਿ ਇਹ ਤਾਂ ਬਾਤ ਹੀ ਦਿਲ ਦੀ ਪਾਉਂਦੀਆਂ ਹਨ।'' ਇਹ ਕਹਿਣਾ ਹੈ ਰਾਣੀ ਮੁਖਰਜੀ ਦਾ, ਜੋ 2010 ਭਾਰਤੀ ਫ਼ਿਲਮ ਮੇਲੇ 'ਬਾਲੀਵੁੱਡ ਐਂਡ ਬਿਔਂਡ' 'ਚ ਮੁੱਖ ਮਹਿਮਾਨ ਬਣ ਕੇ ਸਿਡਨੀ ਗਈ ਸੀ। ਰਾਣੀ ਅਨੁਸਾਰ ਸਿਨੇਮਾ ਵੱਖ-ਵੱਖ ਸੱਭਿਆਚਾਰਾਂ ਦਾ ਪ੍ਰਗਟਾਵਾ ਹੁੰਦਾ ਹੈ ਤੇ ਭਾਰਤੀ ਫ਼ਿਲਮਾਂ ਤਾਂ ਆਪਣੇ ਸਭਿਆਚਾਰ, ਰਵਾਇਤਾਂ, ਮਾਨਵੀ ਰਿਸ਼ਤਿਆਂ ਤੇ ਦਿਲ ਨਾਲ ਹੀ ਸੰਬੰਧਤ ਹਨ। ਇਸ ਕਰਕੇ ਜਦੋਂ ਆਸਟ੍ਰੇਲੀਆਈ ਲੋਕ ਭਾਰਤੀ ਫ਼ਿਲਮਾਂ ਦੇਖਦੇ ਹਨ ਤਾਂ ਉਹ ਭਾਰਤੀਆਂ ਬਾਰੇ ਵਧੀਆ ਤਰ੍ਹਾਂ ਜਾਣ ਸਕਣਗੇ ਤੇ ਇਸ ਨਾਲ ਦੋਵੇਂ ਧਿਰਾਂ ਨੂੰ ਇਕ-ਦੂਜੇ ਨੂੰ ਬਿਹਤਰ ਢੰਗ ਨਾਲ ਸਮਝਣ 'ਚ ਮਦਦ ਮਿਲੇਗੀ। ਜਦੋਂ ਉਹਨੂੰ ਪੁੱਛਿਆ ਗਿਆ ਕਿ ਕੀ ਨਸਲਵਾਦ 'ਤੇ ਬਣਨ ਵਾਲੀ ਕਿਸੇ ਫ਼ਿਲਮ 'ਚ ਉਹ ਕੰਮ ਕਰਨਾ ਚਾਹੇਗੀ, ਤਾਂ ਉਹਨੇ ਕਿਹਾ ਕਿ ਅਦਾਕਾਰ ਵਜੋਂ ਉਹ ਕਿਸੇ ਵੀ ਚੰਗੀ ਫ਼ਿਲਮ 'ਚ ਕੰਮ ਕਰਨਾ ਚਾਹੇਗੀ। ਜੇਕਰ ਫ਼ਿਲਮ 'ਚ ਉਹਦੀ ਭੂਮਿਕਾ ਚੰਗੀ ਹੈ ਤੇ ਨਸਲਵਾਦ ਸੰਬਧੀ ਬਣ ਰਹੀ ਇਹ ਫ਼ਿਲਮ ਲੋਕ ਮਨ ਬਦਲ ਸਕਦੀ ਹੈ, ਤਾਂ ਉਹ ਜ਼ਰੂਰ ਇਸ 'ਚ ਕੰਮ ਕਰਨਾ ਚਾਹੇਗੀ। ਉਹ ਦੱਸਦੀ ਹੈ ਕਿ ਫ਼ਿਲਮਾਂ 'ਚ ਕੰਮ ਕਰਦਿਆਂ ਉਹ ਸਮਾਜਿਕ ਜ਼ਿੰਮੇਵਾਰੀ ਵੀ ਸਮਝਦੀ ਹੈ।



'ਬਲੈਕ' 'ਚ ਆਪਣੀ ਗੂੰਗੀ, ਬੋਲੀ ਤੇ ਦ੍ਰਿਸ਼ਟੀਹੀਣ ਲੜਕੀ ਦੀ ਭੂਮਿਕਾ ਸੰਬੰਧੀ ਗੱਲਬਾਤ ਕਰਦਿਆਂ ਉਹਨੇ ਕਿਹਾ ਕਿ ਇਸ ਨਾਲ ਬਹੁਤੇ ਲੋਕ ਜ਼ਰੂਰ ਹੀ ਅਜਿਹੇ ਲੋਕਾਂ ਦੀ ਦੁਨੀਆਂ ਤੋਂ ਜਾਣੂ ਹੋਏ ਹੋਣਗੇ। ਉਹਨੇ ਕਿਹਾ ਕਿ ਅਜਿਹੇ ਊਣੇ ਲੋਕਾਂ ਨੂੰ ਹਮਦਰਦੀ ਦੀ ਲੋੜ ਨਹੀਂ ਹੁੰਦੀ, ਬਲਕਿ ਇਨ੍ਹਾਂ ਤੋਂ ਬੜਾ ਕੁਝ ਸਿੱਖਿਆ ਜਾ ਸਕਦਾ ਹੈ। 'ਬਲੈਕ' ਤੇ 'ਦਿਲ ਬੋਲੇ ਹੜਿੱਪਾ' ਨਾਲ ਸਿਡਨੀ 'ਚ ਸ਼ੁਰੂ ਹੋਏ ਫ਼ਿਲਮ ਫੈਸਟੀਵਲ 'ਚ ਰਾਣੀ ਦੀਆਂ ਕੁਝ ਵਿਸ਼ੇਸ਼ ਫ਼ਿਲਮਾਂ ਦੇ ਨਾਲ-ਨਾਲ ਬਾਲੀਵੁੱਡ ਦੀਆਂ ਹਿੱਟ ਫ਼ਿਲਮਾਂ, ਕੁਝ ਚੰਗੀਆਂ ਖੇਤਰੀ ਫ਼ਿਲਮਾਂ ਤੇ ਦਸਤਾਵੇਜ਼ੀ ਫ਼ਿਲਮਾਂ ਦਿਖਾਈਆਂ ਗਈਆਂ ਹਨ। ਉਹਨੂੰ 'ਦਿਲ ਬੋਲੇ ਹੜਿੱਪਾ' ਬੜੀ ਵਿਲੱਖਣ ਫ਼ਿਲਮ ਲੱਗਦੀ ਹੈ, ਜਿਸ 'ਚ ਉਹਨੇ ਬੰਦਿਆਂ ਵਾਂਗ ਵਰਤਾਓ ਕਰਨਾ ਸੀ। ਬੰਗਾਲੀ ਹੋਣ ਕਾਰਨ ਕੀ ਉਹਨੂੰ ਸਰਦਾਰ ਦੀ ਭੂਮਿਕਾ ਨਿਭਾਉਣ 'ਚ ਕੋਈ ਦਿੱਕਤ ਆਈ? ਦੇ ਜਵਾਬ 'ਚ ਰਾਣੀ ਨੇ ਦੱਸਿਆ ਕਿ ਪੰਜਾਬੀਆਂ ਤੇ ਬੰਗਾਲੀਆਂ ਦਾ ਤਾਂ ਮੇਲ ਹੀ ਕਮਾਲ ਦਾ ਹੁੰਦਾ ਹੈ। ਇਨ੍ਹਾਂ 'ਚ ਵਿਆਹ ਵੀ ਬੜੇ ਸਫਲ ਰਹਿੰਦੇ ਹਨ। ਰਾਣੀ ਨੇ ਖੁਲਾਸਾ ਕੀਤਾ ਕਿ ਜਨਮ ਵੇਲੇ ਉਹ ਇਕ ਪੰਜਾਬੀ ਬੱਚੇ ਨਾਲ ਬਦਲ ਗਈ ਸੀ ਤੇ ਉਹਦੀ ਮਾਂ ਨੂੰ ਉਹਨੂੰ ਲੈਣ ਲਈ ਲੜਨਾ ਪਿਆ ਸੀ। ਬਲੌਰੀ ਅੱਖਾਂ ਵਾਲੀ ਅਦਾਕਾਰਾ ਨੇ ਕਿਹਾ ਕਿ ਜੇ ਉਹ ਬਾਲੀਵੁੱਡ 'ਚ ਨਾ ਹੁੰਦੀ ਤਾਂ ਸਾੜੀ ਲਾ ਕੇ ਪਤੀ ਲਈ ਰੋਟੀਆਂ ਲਾਹ ਰਹੀ ਘਰੇਲੂ ਗ੍ਰਹਿਣੀ ਹੁੰਦੀ ਤੇ ਦੋ ਬੱਚਿਆਂ ਦੀ ਮਾਂ ਹੁੰਦੀ।

ਇਸ ਵੇਲੇ ਉਹ ਦਿੱਲੀ 'ਚ ਮਾਰੀ ਗਈ ਮਾਡਲ ਜੈਸਿਕਾ ਲਾਲ ਦੀ ਕਹਾਣੀ 'ਤੇ ਆਧਾਰਤ 'ਨੋ ਵੰਨ ਕਿੱਲਡ ਜੈਸਿਕਾ' ਲਈ ਆਸਵੰਦ ਹੈ, ਜਿਸ 'ਚ ਉਹ ਪੱਤਰਕਾਰ ਦੀ ਭੂਮਿਕਾ 'ਚ ਹੈ।

# ਗਦਰੀ ਬਾਬਿਆਂ ਦਾ ਇਤਿਹਾਸਕ ਅਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

1930 South Grant Street, Stockton CA 95206 (A Historical Land Mark of CA)

# 12ਵਾਂ ਮਹਾਨ ਨਗਰ ਕੀਰਤਨ

## 18 ਅਪਰੈਲ 2010

(ਦਿਨ ਐਤਵਾਰ)

# ਵਿਸਾਖੀ ਪੁਰਬ




ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 18 ਅਪਰੈਲ 2010 ਦਿਨ ਐਤਵਾਰ ਨੂੰ ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖ਼ਾਲਸੇ ਦਾ 311ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ 'ਤੇ ਫ਼ਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

□ 26 ਫ਼ਰਵਰੀ ਦਿਨ ਸ਼ੁਕਰਵਾਰ ਤੋਂ ਅਖੰਡ ਪਾਠਾਂ ਦੀ ਲੜੀ ਪ੍ਰਾਰੰਭ ਹੈ ਜੀ। □ 15 ਮਾਰਚ ਦਿਨ ਸੋਮਵਾਰ ਤੋਂ ਹਰ ਰੋਜ਼ ਸ਼ਾਮਾਂ ਦੇ ਦੀਵਾਨ ਸਜਿਆ ਕਰਨਗੇ। ਜਿਸ ਵਿੱਚ ਭਾਈ ਲਖਵਿੰਦਰ ਸਿੰਘ ਜੀ ਸੰਗਤਾਂ ਨੂੰ ਕਥਾ ਨਾ.ਲ ਨਿਹਾਲ ਕਰਿਆ ਕਰਨਗੇ। □ 2 ਅਪਰੈਲ ਤੋਂ ਪ੍ਰਸਿੱਧ ਰਾਗੀ ਜਥੇ (ੳ) ਭਾਈ ਸੁਰਿੰਦਰ ਸਿੰਘ ਜੀ ਜੋਧਪੁਰੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾ.ਲੇ ਤੇ (ਅ) ਭਾਈ ਸੁਖਜੀਵਨ ਸਿੰਘ ਜੀ ਹਜ਼ੂਰੀ ਰਾਗੀ ਜਥਾ ਕੀਰਤਨ ਕਰਿਆ ਕਰਨਗੇ। □ 2 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਢਾਡੀ ਭਾਈ ਬਲਵੰਤ ਸਿੰਘ ਜੀ ਪ੍ਰੇਮੀ ਦਾ ਜਥਾ ਢਾਡੀ-ਵਾਰਾਂ ਨਾ.ਲ ਨਿਹਾਲ ਕਰਿਆ ਕਰਨਗੇ। □ 4 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ (ਲੁਧਿਆਣੇ ਵਾ.ਲੇ) ਅਤੇ ਬਾਬਾ ਬਖਸ਼ੀਸ਼ ਸਿੰਘ ਜੀ ਦਮਦਮੀ ਟਕਸਾਲ ਵਾ.ਲੇ (ਹਜ਼ੂਰੀ ਕਥਾਕਾਰ) ਸੰਗਤਾਂ ਨੂੰ ਕਥਾ ਸਰਵਣ ਕਰਾਇਆ ਕਰਨਗੇ। □ ਅੰਮ੍ਰਿਤ ਸੰਚਾਰ: 17 ਅਪਰੈਲ ਦਿਨ ਸਨਿਚਰਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ ਅਭਿਲਾਖੀ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਨਾਮ ਬਾਬਾ ਬਖਸ਼ੀਸ਼ ਸਿੰਘ ਜੀ (209-625-7500) ਜਾਂ ਭਾਈ ਕੁਲਦੀਪ ਸਿੰਘ ਜੀ (209-423-7982) ਨੂੰ ਲਿਖਾਵਾਓ ਜੀ। ਕਕਾਰਾਂ ਦੀ ਸੇਵਾ ਗੁਰੂਘਰ ਵਲੋਂ ਕੀਤੀ ਜਾਵੇਗੀ। □ 11 ਅਪਰੈਲ ਦਿਨ ਐਤਵਾਰ ਨੂੰ ਦਸਤਾਰ ਦਿਵਸ ਮਨਾਉਂਦੇ ਹੋਏ ਦਸਤਾਰਾਂ ਮੁਫ਼ਤ ਵੰਡੀਆਂ ਜਾਣਗੀਆਂ। □ ਨਿਸ਼ਾਨ ਸਾਹਿਬ ਦੇ ਚੋ.ਲੇ ਦੀ ਸੇਵਾ 17 ਅਪਰੈਲ ਦਿਨ ਸਨਿਚਰਵਾਰ ਸਵੇਰੇ 9 ਵਜੇ ਭਾਈ ਪਾਲ ਸਿੰਘ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ। □ 17 ਅਪਰੈਲ ਨੂੰ ਸ਼ਾਮ ਦੇ ਦੀਵਾਨ 6 ਵਜੇ ਤੋਂ 11:30 ਵਜੇ ਤੱਕ ਸਜਣਗੇ ਜਿਸ ਵਿਚ ਪੰਥਕ ਵਿਚਾਰਾਂ ਕਰਨ ਲਈ ਸਮੂਹ ਪੰਥਕ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। □ ਨਗਰ ਕੀਰਤਨ ਵਾ.ਲੇ ਦਿਨ (18 ਅਪਰੈਲ) ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ San Joaquin Fairgrounds. (1658 S. Airport Way, Stockton,CA) ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। □ ਸਿਕਿਓਰਿਟੀ ਦੇ ਖਾਸ ਪ੍ਰਬੰਧ ਕੀਤੇ ਗਏ ਹਨ। □ 3 ਅਪਰੈਲ ਤੋਂ ਸ਼ਾਮ ਦੇ ਦੀਵਾਨਾਂ ਦਾ ਸਿੱਧਾ ਪ੍ਰਸਾਰਣ ਰੇਡੀਓ ਗੀਤ-ਸੰਗੀਤ ਤੋਂ ਕੀਤਾ ਜਾਵੇਗਾ।

- ਫਲੋਟਾਂ ਬਾਰੇ ਭਾਈ ਗੁਲਵਿੰਦਰ ਸਿੰਘ (ਭਿੰਦਾ) (209-487-3699) ਤੇ ਭਾਈ ਹਰਨੇਕ ਸਿੰਘ ਅਟਵਾ.ਲ (209-351-5965) ਨਾ.ਲ ਸੰਪਰਕ ਕਰੋ ਜੀ।
- ਦੁਕਾਨਾਂ ਤੇ ਸਟਾਲਾਂ ਲਈ ਜਸਵੀਰ ਸਿੰਘ ਗੁਰਾਇਆ (209-649-6053) ਤੇ ਰਾਮ ਸਿੰਘ ਮੰਡੇਰ (209-423-5977) ਨਾ.ਲ ਸੰਪਰਕ ਕਰੋ ਜੀ।
- ਸੰਗਤ ਆਪਣੀ ਸੁਰੱਖਿਆ ਦੀ ਆਪ ਜ਼ਿੰਮੇਵਾਰ ਹੋਵੇਗੀ।

**ਦਾਸ: ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ (ਗੁਰੂ-ਘਰ ਸਟਾਕਟਨ)**

ਭਾਈ ਮਨਜੀਤ ਸਿੰਘ ਉਪ.ਲ (ਪ੍ਰਧਾਨ)
(209) 649-2767
ਭਾਈ ਮੱਖਣ ਸਿੰਘ (ਮੀਤ ਪ੍ਰਧਾਨ)
(209) 642-5757

ਭਾਈ ਜਤਿੰਦਰ ਸਿੰਘ ਪੰਮਾ (ਸਕੱਤਰ)
(209) 993-7954
ਭਾਈ ਅਮਰਜੀਤ ਸਿੰਘ ਤੂੰਗ (ਮੀਤ ਸਕੱਤਰ)
(209) 954-2881

ਭਾਈ ਗੁਰਬਖ਼ਸ਼ ਸਿੰਘ (ਖ਼ਜਾਨਚੀ)
(209) 470-7006
ਭਾਈ ਰਣਜੀਤ ਸਿੰਘ ਚੰਦੋਵਾ.ਲੀਆ (ਮੀਤ ਖ਼ਜਾਨਚੀ)
(209) 649-3993

ਉਪੱਰ ਬਾਬਾ ਥੱਲੇ ਕਾਬਾ ਉਹ ਦੇਖੋ ਆ ਗਿਆ ਆਪਣਾ ਪੰਜਾਬੀ ਢਾਬਾ

# ANDERSON TRAVEL PLAZA

**INDIA GRILL**

**COWBOY LIQUOR**

ਸਸਤਾ ਡੀਜ਼ਲ

TCH COMDATA

CLEAN RESTROOM & SHOWER

CHESTER'S

Silver Spur Restaurant
Fresh Mexican Grill

ਇਥੇ ਖਾਓ ਵੀ ਤੇ ਲੈ ਕੇ ਵੀ ਜਾਓ ਸੰਪਰਕ ▶ 405-885-0752

**Choctaw Rd (Exit 166), I-40 Oklahoma**

# ਐਂਡਰਸਨ ਟਰੈਵਲ ਪਲਾਜ਼ਾ




ਨਹਾਓ-ਧੋਵੋ, ਅਰਾਮ ਕਰੋ, ਰੋਟੀ ਪਾਣੀ ਛਕੋ ਤੇ ਕੰਮ 'ਤੇ ਜਾਓ







ਟਰੱਕਰ ਭਰਾਵਾਂ ਲਈ ਖੁਸ਼ਖਬਰੀ

ਆਈ-40 'ਤੇ
ਓਕਲਹੋਮਾ 'ਚ
ਖੁਲ੍ਹ ਗਿਆ ਹੈ






**ਪੰਜਾਬੀ ਢਾਬਾ**

ਪੰਜਾਬੀ ਭਰਾਵਾਂ ਲਈ ਖਾਸ

**ਸਹੂਲਤਾਂ**

ਪੰਜਾਬੀ ਢਾਬਾ
ਸਸਤਾ ਡੀਜ਼ਲ
ਲਿਕਰ ਸਟੋਰ



## Anderson Travel Plaza

Choctaw Rd (Exit 166)
I-40 Oklahoma

**Ph:405-885-0752**